# ਚਿਰਾਗ

ਜੁਲਾਈ-ਦਸੰਬਰ 2014

**July -December 2014**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

ISSN 2349-3658

# ਚਿਰਾਗ਼



## ਅਫ਼ਜ਼ਲ ਤੌਸੀਫ਼ ਵਿਸ਼ੇਸ਼ ਅੰਕ

50/- 89-90 ਜੁਲਾਈ- ਦਿਸੰਬਰ 2014

# ਚਿਰਾ.ਗ ਤਿਮਾਹੀ


**ਸੰਪਾਦਕ ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ
ਪ੍ਰਤੀਨਿਧ- ਗਿਆਨ ਸਿੰਘ ਬਿਲਗਾ (ਯੂ.ਐਸ.ਏ.), ਨਵਤੇਜ ਸਿੰਘ (ਕੈਨੇਡਾ)


## ਤਤਕਰਾ


ਟੁੱਟਦੀ ਜੁੜਦੀ ਆਸ ਦੀ ਡੋਰੀ - ਨਾਵਲਿਟ -1

ਦਿਲਗੀਰ ਸਿੰਘ - ਕਹਾਣੀ - 70

ਪੋਸਟ ਮਾਰਟਮ ਰਿਪੋਰਟ - ਕਹਾਣੀ - 77

ਉਹਨੇ ਆਖਿਆ ਸੀ - ਕਹਾਣੀ - 90

ਅ.ਫ਼ਜ਼ਲ ਤੌਸੀ.ਫ਼ ਦੀਆਂ ਨਜ਼ਮਾਂ - 106

ਅੰਮ੍ਰਿਤਾ ਪ੍ਰੀਤਮ ਨਾਲ ਸਾਢੇ ਚਾਰ ਦਿਹਾੜੇ - ਮੁਲਾਕਾਤ - 115

ਅੰਮ੍ਰਿਤਾ ਨੇ ਗੱਲ ਪੁੱਛੀ, ਅਸਾਂ ਦੱਸੀ - 123

ਦਿੱਲੀ ਵਿਚ ਦੋਸਾਂਝ ਨਾਲ ਝੜਪ - ਮੁਲਾਕਾਤ - 127

ਕਹਾਣੀ ਬਾਰੇ ਗੱਲਾਂ - 133

ਦੂਸਰੇ ਆਦਮ ਦੀ ਬੇਟੀ - ਮੁਲਾਕਾਤ - 136

ਭਗਤ ਸਿੰਘ ਯੁਗਾਂ ਤੱਕ ਜਿਉਂਦਾ ਰਹੇਗਾ - 144

ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਪੰਜਾਬੀ ਜ਼ੁਬਾਨ - 148

'ਮੈਂ ਮਰੀਅਮ ਹੁੰਦੀ, ਆਪਣਾ ਪੁੱਤ ਆਪੇ ਜੰਮ ਲੈਂਦੀ' - 152

ਪੁਸਤਕ ਪ੍ਰਾਪਤੀ - 160



Postal Address:
Harbhajan Singh Hundal,
V.Fattu Chak,
P.O. Dhilwan
Distt. Kapurthala -144804
(Pb.) India
Phone No. **01822-273188**
(M) **99150-42242**


| ਚੰਦਿਆਂ ਦਾ ਵੇਰਵਾ | |
|---|---|
| ਦੇਸ਼ ਵਾਰਸ਼ਿਕ | : 100 ਰੁ. |
| ਇਕ ਪਰਚਾ | : 25 ਰੁ. |
| ਸੰਸਥਾਵਾਂ (ਵਾਰਸ਼ਿਕ) | : 120 ਰੁ. |
| ਯੂਰੋਪ | : 12 ਪੌਂਡ |
| ਅਮਰੀਕਾ | : 14 ਡਾਲਰ |
| ਕੈਨੇਡਾ | : 16 ਡਾਲਰ |


**Website : www.lokdharapanjabi.com, e-mail : kjskurukshetra@yahoo.com**



**ਚੰਦਾ ਸਿਰ.ਫ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96
ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।



ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।



ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
282 -ਢੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ - 3 ਅਗਸਤ 2014




# ਟੁੱਟਦੀ ਜੁੜਦੀ ਆਸ ਦੀ ਡੋਰੀ

ਪ੍ਰਗਤੀਸ਼ੀਲ ਸਾਹਿਤ ਦੇ ਇਤਿਹਾਸ ਵਿਚ ਅਫ਼ਜ਼ਲ ਤੌਸੀਫ਼ ਬਹੁਤ ਹੀ ਉੱਚੇ ਸਥਾਨ ਦੀ ਹੱਕਦਾਰ ਹੈ। ਕਹਾਣੀ, ਨਾਵਲਿਟ, ਜੀਵਨੀ, ਰਾਜਸੀ ਤੇ ਸਮਾਜੀ ਮਸਲਿਆਂ ਉੱਤੇ ਆਧਾਰਿਤ ਲਿਖਤਾਂ ਅਤੇ ਕਾਲਮ-ਨਵੀਸੀ ਦੇ ਖੇਤਰ ਵਿਚ ਉਹਨਾਂ ਦੀਆਂ ਰਚਨਾਤਮਿਕ ਅਤੇ ਆਲੋਚਨਾਤਮਿਕ ਲਿਖਤਾਂ ਉੱਚੇ ਸਤਿਕਾਰ ਦੀਆਂ ਹੱਕਦਾਰ ਹਨ। ਹਥਲਾ ਨਾਵਲਿਟ ਉਹਨਾਂ ਦੇ ਉਰਦੂ ਕਹਾਣੀ-ਸੰਗ੍ਰਹਿ 'ਲਾਵਾਰਸ' ਵਿਚੋਂ ਲਿਆ ਗਿਆ ਹੈ। ਇਸ ਲਿਖਤ ਤੋਂ ਪਹਿਲਾਂ ਉਰਦੂ ਵਿਚ ਉਹਨਾਂ ਦੀਆਂ ਸੋਲਾਂ ਕਿਤਾਬਾਂ ਛਪ ਚੁੱਕੀਆਂ ਹਨ। 'ਹਨ੍ਹੇਰਿਆਂ ਦਾ ਸਫ਼ਰ', 'ਹਾਰੀ ਰਿਪੋਰਟ ਤੋਂ ਆਖ਼ਰੀ ਫੈਸਲੇ ਤੀਕ', 'ਜ਼ਮੀਨ ਉੱਤੇ ਪਰਤ ਆਉਣ ਦਾ ਦਿਨ+, 'ਚੋਣ ਲੋਕ-ਰਾਜ ਤੇ ਮਾਰਸ਼ਲ-ਲਾਅ', 'ਗੁਲਾਮ ਨਾ ਹੋ ਜਾਵੇ ਪੂਰਬ', 'ਸੋਵੀਅਤ ਯੂਨੀਅਨ ਦੀ ਆਖਰੀ ਆਵਾਜ਼', 'ਲਿਲੀਆ ਸਾਜਿਸ਼ ਕੇਸ', 'ਸ਼ਹਿਰ ਦੇ ਹੰਝੂ', 'ਕੌੜਾ ਸੱਚ', 'ਮੇਰੀ ਦੁਨੀਆਂ ਮੇਰੀ ਜ਼ਿੰਦਗੀ', 'ਲਾਵਾਰਸ', 'ਗੁਜਰੇ ਥੇ ਹਮ ਜਹਾਂ ਸੇ' ਆਦਿ ਲਿਖਤਾਂ ਕਾਬਿਲੇ ਜ਼ਿਕਰ ਹਨ। ਪੰਜਾਬੀ ਤੇ ਹਿੰਦੀ ਵਿਚ ਵੀ ਉਹਨਾਂ ਦੀਆਂ ਢੇਰ ਸਾਰੀਆਂ ਕਹਾਣੀਆਂ ਤੇ ਸਵੈ-ਜੀਵਨੀ ਛਪ ਚੁੱਕੀ ਹੈ। 'ਰੋਜ਼ਾਨਾ ਜੰਗ', 'ਪਾਕਿਸਤਾਨ', 'ਦਿਨ ' ਅਤੇ 'ਖਬਰਾਂ' ਆਦਿ ਅਖਬਾਰਾਂ ਵਿਚ ਉਹਨਾਂ ਦੇ ਹਜ਼ਾਰ ਦੇ ਕਰੀਬ ਕਾਲਮ ਛਪ ਚੁੱਕੇ ਹਨ।

ਹਥਲਾ ਨਾਵਲਿਟ ਉਹਨਾਂ ਦੇ ਮਾਰਸ਼ਲ-ਲਾ ਦੇ ਦਿਨਾਂ ਵਿਚ ਝੱਲੇ ਕਸ਼ਟਾਂ ਦੀ ਸਵੈ-ਜੀਵਨੀ ਮੂਲਕ ਲਿਖਤ ਹੈ। ਅੱਜ ਤੌਸੀਫ਼ ਚੜ੍ਹਦੇ ਤੇ ਲਹਿੰਦੇ ਦੋਹਾਂ ਪੰਜਾਬਾਂ ਵਿਚ ਵਿਦਰੋਹ ਤੇ ਉਮੀਦ ਦਾ ਚਿੰਨ੍ਹ ਬਣ ਚੁੱਕੀ ਹੈ। ਅਜਿਹੀ ਲੇਖਿਕਾ ਦੀ ਪ੍ਰਤਿਭਾ ਨੂੰ ਸੱਤ ਸਲਾਮਾਂ!

- ਹਰਭਜਨ ਸਿੰਘ ਹੁੰਦਲ

ਕਾਂਡ-1

## ਟੁੱਟਦੀ ਜੁੜਦੀ ਆਸ ਦੀ ਡੋਰੀ

**ਅ.ਫ਼ਜ਼ਲ ਤੌਸੀ.ਫ਼** (ਪਾਕਿਸਤਾਨ)

ਉਸਦੀ ਜ਼ਿੰਦਗੀ ਪ੍ਰਗਟ ਤੌਰ ਤੇ ਇਕ ਪੁਰਾਣੀ ਫੁਲਕਾਰੀ ਵਰਗੀ ਲੱਗਦੀ ਸੀ। ਖੱਦਰ ਦੇ ਕੱਪੜੇ ਉੱਤੇ ਰੇਸ਼ਮ ਦੀ ਕਢਾਈ, ਜੋ ਕਿਸੇ ਪੰਜਾਬਣ ਦੇ ਹੱਥ ਨੇ, ਸਗੋਂ ਹੁਨਰਮੰਦ ਹੱਥ ਨੇ ਮਿਹਨਤ ਨਾਲ ਕੀਤੀ ਹੋਵੇਗੀ। ਫੁਲਕਾਰੀ ਦੇ ਫੁੱਲ-ਪੱਤੇ ਕਲਾਸੀਕਲ ਨਮੂਨੇ ਦੇ ਸਨ। ਜੋ ਕਿਸੇ ਵੀ ਦੌਰ ਵਿਚ ਨਵੇਂ ਨਹੀਂ ਹੁੰਦੇ, ਸਗੋਂ ਆਊਟ-ਡੇਟਡ (ਪੁਰਾਣੇ) ਵੀ ਨਹੀਂ

ਹੁੰਦੇ। ਕੋਈ ਵੀ ਜਾਣਦਾ ਹੈ ਕਿ ਉਸ ਫੁਲਕਾਰੀ ਵਿਚ ਕਈ ਟਾਂਕੇ ਵਿਚ ਲੱਗੇ ਹਨ, ਕਿਉਂਕਿ ਉਹ ਕਿਸੇ ਨੂੰ ਵੀ ਆਪਣੇ ਬਹੁਤ ਕਰੀਬ ਨਹੀਂ ਆਉਣ ਦਿੰਦੀ ਸੀ ਤੇ ਦਰਦ ਦੇ ਹਰ ਦਾਗ਼ ਉੱਤੇ ਜ਼ਿੰਦਗੀ ਦੀ ਗੁਲਕਾਰੀ ਕਰਦੇ ਹੋਏ ਰੰਗਦਾਰ ਧਾਗੇ ਨੂੰ ਥੋੜ੍ਹਾ ਜਿਹਾ ਮੈਲਾ ਕਰ ਲੈਂਦੀ ਕਿ ਪੁਰਾਣੇ ਦੇ ਨਾਲ ਠੀਕ ਰਲ ਜਾਵੇ। ਆਪਣੇ ਚਿਹਰੇ ਉੱਤੇ ਮੇਕ-ਅੱਪ ਉਹ ਸਿਰਫ਼ ਉਸੇ ਦਿਨ ਕਰਦੀ, ਜਿਸ ਦੀ ਪਹਿਲੀ ਰਾਤ ਬਹੁਤ ਰੋਈ ਹੁੰਦੀ। ਕਾਲਜ ਤੋਂ ਛੁੱਟੀ ਉਹ ਉਸੇ ਦਿਨ ਲੈਂਦੀ, ਜਿਸ ਦਿਨ ਉਸਨੂੰ ਲੱਗਦਾ ਕਿ ਅੰਦਰਲੀ ਹਾਲਤ ਛੁਪਾਇਆ ਨਹੀਂ ਛੁਪੇਗੀ। ਫਿਰ ਛੁੱਟੀ ਦਾ ਦਿਨ ਅੱਧਾ-ਅੱਧਾ ਵੰਡਿਆ ਜਾਂਦਾ। ਰਜਾਈ ਵਿਚ ਵੜ ਕੇ ਰੋਣ ਦਾ ਕੋਟਾ ਪੂਰਾ ਹੁੰਦੇ ਹੀ, ਉਹ ਉੱਠ ਕੇ ਸੂਈ ਧਾਗਾ ਕੱਢਦੀ ਤੇ ਆਪਣੀ ਫੁਲਕਾਰੀ ਦੇ ਨਵੇਂ ਸੁਰਾਗ਼ਾਂ ਉੱਤੇ ਰਫ਼ੂ ਦਾ ਕੰਮ ਕਰਨ ਲੱਗਦੀ।

ਅਗਲਾ ਦਿਨ ਬਹੁਤ ਚੰਗਾ ਹੁੰਦਾ। ਜਮਾਤ ਵਿਚ ਲੈਕਚਰ ਤੋਂ ਬਿਨਾਂ ਵਿਦਿਆਰਥੀਆਂ ਨਾਲ ਬੜੀਆਂ ਆਸ ਭਰੀਆਂ ਗੱਲਾਂ ਹੁੰਦੀਆਂ। ਚੰਗੇ ਕੱਪੜੇ ਪਾ ਕੇ ਭੈੜਾ ਪੜ੍ਹਾਉਣ ਵਾਲਿਆਂ ਨਾਲ ਉਹੀ ਨੋਕ-ਝੋਕ, ਉਹੀ ਨੁਕਤਾਚੀਨੀ ਵਾਲੀਆਂ ਗੱਲਾਂ ਅਤੇ ਕਾਲਜ ਦੇ ਅਵਾਮ ਅਰਥਾਤ ਨੌਕਰਾਂ ਤੇ ਛੋਟੇ ਕਲਰਕਾਂ ਨਾਲ ਵੱਧਦੀ ਮਹਿੰਗਾਈ ਅਤੇ ਬੁਰੇ ਹਾਕਮਾਂ ਦੇ ਖਿਲਾਫ਼ ਥੋੜ੍ਹੀ ਜਿਹੀ ਗੱਲਬਾਤ ਵਿਚ ਸਮਾਜਵਾਦੀ ਇਨਕਲਾਬ ਦਾ ਇਕ ਨੁਕਤਾ ਉਭਰਦਾ, ਗਰੀਬਾਂ ਦੀ ਹਾਲਤ ਦਾ ਇੱਕ ਸੰਦੇਸ਼ ਮਿਲਦਾ।

ਲਾਹੌਰ ਦੀ ਸਭ ਤੋਂ ਅਮੀਰ ਔਰਤ ਅਰਥਾਤ ਕਾਲਜ ਦੀ ਵਾਈਸ ਪ੍ਰਿੰਸੀਪਲ ਉਸਨੂੰ ਖ਼ਤਰੇ ਦਾ ਨਿਸ਼ਾਨ ਸਮਝਣ ਲੱਗ ਪਈ ਸੀ। ਪਰ ਉਸਨੂੰ ਪਤਾ ਸੀ ਕਿ ਬਹੁਤ ਹੀ ਵੱਡੇ ਅਫਸਰ ਦੀ ਪਤਨੀ ਅਤੇ ਬਹੁਤ ਵੱਡੀ ਕੋਠੀ ਵਿਚ ਰਹਿੰਦੀ ਉਹ ਮੁਰੱਬਿਆਂ ਵਾਲੀ, ਖੋਪਰੀ ਤੋਂ ਕਾਫ਼ੀ ਗਰੀਬ ਸੀ। ਕਾਲਜ ਵਿਚ ਨੌਕਰੀ ਉਹ ਫੈਸ਼ਨ ਵਜੋਂ ਕਰ ਰਹੀ ਸੀ ਜਾਂ ਆਪਣੇ ਕਬੀਲੇ ਦੀਆਂ ਔਰਤਾਂ ਉੱਤੇ ਰੋਹਬ ਸ਼ੋਹਬ ਪਾਉਣ ਲਈ, ਜਿਹੜੀਆਂ ਉਸ ਨਾਲੋਂ ਦੌਲਤ ਪੱਖੋਂ ਤਾਂ ਵੱਧ ਸਨ ਪਰ ਵਿੱਦਿਆ ਵਿਚ ਪਿੱਛੇ। ਇਹ ਕੋਈ ਮੌਕਾ-ਮੇਲ ਦੀ ਗੱਲ ਨਹੀਂ ਸੀ ਕਿ ਜਦੋਂ ਉਹ ਕਾਲਜ ਵਿਚ ਲੈਕਚਰ ਦੇ ਰਹੀ ਹੁੰਦੀ ਤਾਂ ਵਾਈਸ ਪ੍ਰਿੰਸੀਪਲ ਦਰਵਾਜ਼ੇ ਦੇ ਨਾਲ ਲੱਗੀ ਸੁਣ ਰਹੀ ਹੁੰਦੀ। ਉਸਦੀ ਰਿਪੋਰਟ ਕਰਨ ਲਈ ਉਸਨੂੰ ਇੰਝ ਕਰਨ ਦੀ ਲੋੜ ਸੀ। ਕਿਸੇ ਐਸੀ ਗੱਲ ਦਾ ਜੋ ਕਿਸੇ ਤਰ੍ਹਾਂ ਕੌਮਊਨਿਜ਼ਮ ਦੀ ਗੱਲ ਨਾਲ ਜੁੜੀ ਹੋਵੇ, ਪਰ ਉਸ ਵਿਚਾਰੀ ਦੀ ਸਮਝ ਵਿਚ ਕਦੀ ਨਾ ਆਇਆ ਕਿ ਉਹ ਜਿਸ ਨੂੰ ਨਾਸਤਕ ਕਮਿਊਨਿਸਟ ਸਮਝਦੀ ਹੈ, ਕਲਾਸ ਵਿਚ ਗਰੀਬਾਂ ਨੂੰ ਜਗਾਉਣ ਵਾਲੀ ਕਵਿਤਾ ਪੜ੍ਹਾਉਂਦੀ ਹੈ ਜਾਂ ਖ਼ੁਦਾ ਦਾ ਫ਼ੁਰਮਾਨ ਸੁਣਾਉਂਦੀ ਹੈ, ਸਰਮਾਏਦਾਰ ਦੇ ਵਿਰੁੱਧ ਬੋਲਦੀ ਹੈ ਜਾਂ ਅਬਲੀਸ ਦੇ, ਤਾਂ ਉੱਥੇ ਬੰਦਾ ਵੀ ਕੀ ਕਰੇ। ਜਿੱਥੇ ਸਾਮਰਾਜ ਦਾ ਨਾਮ ਹੀ ਸ਼ੈਤਾਨ ਰੱਖ ਲਿਆ ਗਿਆ ਹੋਵੇ। ਸ਼ੈਤਾਨ ਤਾਂ ਮੁਸਲਮਾਨਾਂ ਦਾ ਵੀ ਦੁਸ਼ਮਣ ਹੈ ਤੇ ਇਹ ਵੀ ਕੋਈ ਮੌਕਾ ਮੇਲ ਦੀ ਗੱਲ ਨਹੀਂ ਸੀ ਕਿ ਸਵੇਰੇ ਪੌਣੇ ਨੌਂ ਵਜੇ ਮਿਸਿਜ਼ ਸੰਮਾ ਸੱਟਾ ਦੀ ਲੰਮੀ ਕਾਲੀ ਅਤੇ



ਝੰਡੀ ਵਾਲੀ ਕਾਰ ਆਉਂਦੀ ਤਾਂ ਉਹ ਗੇਟ ਦੇ ਨੇੜੇ ਹੀ ਹੁੰਦੀ ਅਤੇ ਗੱਡੀ ਦੇ ਗੇਟ ਦੇ ਅੰਦਰ ਦਾਖਲ ਹੁੰਦੇ ਹੀ, ਉਹ ਡਰਾਈਵਰ ਦੇ ਐਨ ਵਿਚੋਂ ਦੀ ਨਾਲ-ਨਾਲ ਚੱਲਣ ਲੱਗਦੀ। ਮਜਬੂਰ ਹੋ ਕੇ ਮਰਸੀਡੀਜ਼ ਨੂੰ ਵੀ ਜੂੰ ਦੀ ਤੋਰੇ ਤੁਰਨਾ ਪੈਂਦਾ। ਡਰਾਈਵਰ ਦੀ ਹਿੰਮਤ ਨਹੀਂ ਸੀ ਕਿ ਉਹ ਹਾਰਨ ਦੇ ਕੇ ਰਸਤਾ ਮੰਗੇ। ਹੁਣ ਇਹ ਗੱਲ ਵੀ ਨਹੀਂ ਸੀ ਕਿ ਉਹ ਡਰਦਾ ਸੀ, ਪਰ ਉਸਨੂੰ ਪਤਾ ਸੀ ਕਿ ਅਮੀਰਾਂ ਦੀ ਗੱਡੀ ਵਿਚ ਬੈਠਾ ਹੋਇਆ ਗਰੀਬ ਡਰਾਈਵਰ, ਜਦੋਂ ਬੇਗਮ ਸਾਹਿਬ ਨੂੰ ਲੈਣ ਆਉਂਦਾ ਤਾਂ ਉਡੀਕ ਦੀਆਂ ਘੜੀਆਂ ਗੁਜ਼ਾਰਨ ਲਈ ਕਾਲਜ ਦੇ ਨੌਕਰਾਂ ਕੋਲ ਜਾ ਖੜ੍ਹਾ ਹੁੰਦਾ। ਇਹਨਾਂ ਦਿਨਾਂ ਵਿਚ ਸ਼ਹਿਰ ਦੇ ਸਾਰੇ ਗਰੀਬ ਆਪਸ ਵਿਚ ਬਹੁਤ ਗੱਲਾਂ ਕਰਦੇ ਸੀ, ਪਰ ਜ਼ਰਾ ਲੁਕ-ਲੁਕ ਕੇ ਕਰਦੇ ਸਨ।

ਉਹ ਵਕਤ ਹੀ ਅਜਿਹਾ ਸੀ। ਜ਼ਿੰਦਗੀ ਵਿਚ ਪਹਿਲੀ ਵਾਰ ਉਹ ਹਵਾ ਚੱਲੀ ਸੀ, ਜੋ ਗਰੀਬਾਂ ਦੇ ਹੱਕ ਦੀ ਹਮਾਇਤ ਕਰ ਰਹੀ ਸੀ। ਹੁਣ ਇਹ ਕੁਦਰਤੀ ਗੱਲ ਸੀ ਕਿ ਅਮੀਰਾਂ ਦੇ ਨੌਕਰ ਅਤੇ ਡਰਾਈਵਰ ਉਸ ਹਵਾ ਦੇ ਨਾਲ ਹੋਣ। ਕਾਲਜ ਵਿਚ ਸਭ ਨੂੰ ਪਤਾ ਸੀ ਕਿ ਉਹਨਾਂ ਦੀ ਸਾਥਣ ਹੈ। "ਸਾਡੀ ਮਿਸ ਸਾਹਿਬਾ" ਇਹੀ ਉਸਦੀ ਪਛਾਣ ਸੀ। ਉਹ ਉਸਦਾ ਨਾਮ ਨਾ ਲੈ ਕੇ ਇਕ ਤਰ੍ਹਾਂ ਨਾਲ ਉਸਦੀ ਰਾਖੀ ਕੀਤਾ ਕਰਦੇ ਸੀ। ਹਰ ਪਾਸੇ ਹੀ ਜਾਸੂਸੀ ਦਾ ਜਾਲ ਸੀ। ਇਹ ਤੇ ਸੰਮਾ-ਸੱਟਾ ਹੀ ਬੜਬੋਲੀ ਸੀ ਜਾਂ ਉਸਨੂੰ ਆਪਣੀ ਦੌਲਤ ਦਾ ਹੰਕਾਰ ਹੀ ਐਨਾ ਸੀ ਕਿ ਉਹ ਖੁੱਲਮ-ਖੁੱਲਾ ਇਸ ਲਹਿਰ ਦੇ ਵਿਰੁੱਧ ਬੋਲਦੀ ਰਹਿੰਦੀ ਤੇ ਹਰ ਵੇਲੇ ਲੱਠਬਾਜ਼ ਪਹਿਰੇਦਾਰਾਂ ਵਾਂਗ ਬਣੀ ਰਹਿੰਦੀ। ਬਾਕੀ ਲੋਕ ਤਾਂ ਚੁੱਪਚਾਪ ਰਿਪੋਰਟਾਂ ਉੱਪਰ ਭੇਜਦੇ ਤੇ ਆਪਣਾ ਮੁੱਲ ਵੱਟਦੇ। ਇਹ ਚੁੱਪ-ਚੁਪੀਤੇ ਜਾਸੂਸ ਉਸਨੂੰ ਖਟਮਲਾਂ ਵਰਗੇ ਲੱਗਦੇ। ਪਤਾ ਹੀ ਨਾ ਲੱਗਦਾ ਕਿ ਕਿੱਥੇ ਛੁਪੇ ਹੋਏ ਹਨ। ਕਦੀ ਤਾਂ ਉਸਦੀ ਮੰਜੀ ਦੇ ਵਾਣ ਵਿਚ, ਜਿਸ ਉੱਤੇ ਆਪ ਬੈਠਦੇ ਹੋ। ਕਮੀਨੇ ਲੋਕ! ਇਹਨਾਂ ਨਾਲ ਖੁੱਲੀ ਜੰਗ ਨਹੀਂ ਹੋ ਸਕਦੀ, ਪਰ ਮਿਸਿਜ਼ ਸੰਮਾ ਸੱਟਾ ਨਾਲ ਆਮ ਹੀ ਖੁੱਲਾ ਮੈਦਾਨ ਲੱਗਦਾ। ਕਦੀ ਸਟਾਫ-ਰੂਮ ਵਿਚ ਬੈਠਦੀ ਤਾਂ ਗੱਲਾਂ-ਗੱਲਾਂ ਵਿਚ ਕੰਕਰ ਉਤਾਂਹ ਸੁੱਟਦੀ। "ਇਹ ਸੁਰਖ਼ੇ (ਲਾਲ) ਸਾਡੀਆਂ ਕੋਠੀਆਂ ਮਗਰ ਪਏ ਰਹਿੰਦੇ ਹਨ। ਉੱਥੇ ਚੀਨ ਵਿਚ ਮਾਓ ਜੀ ਤਾਂ ਮਹੱਲ ਵਿਚ ਹੀ ਰਹਿੰਦਾ ਹੈ" ਇਸਦੇ ਜਵਾਬ ਵਿਚ ਉਹ ਜ਼ੋਰ ਦੀ ਕਹਿਕਹਾ ਲਗਾਉਂਦੀ, "ਜਹਾਲਤ ਜ਼ਿੰਦਾਬਾਦ! ਆਖ਼ਰ ਮਦਦ ਵੀ ਮਾਓ ਤੋਂ ਹੀ ਮੰਗੀ।" ਐਸਾ ਕਰੋ ਮਿਸਿਜ਼ ਸੰਮਾ ਸੱਟਾ! ਚਲੋ ਚੀਨ ਚੱਲਦੇ ਹਾਂ, ਮੇਰੀ ਟਿਕਟ ਦਾ ਖਰਚਾ ਵੀ ਆਪ ਹੀ ਉਠਾਇਓ। ਚੇਅਰਮੈਨ ਮਾਓ-ਜੇ-ਤੁੰਗ ਦਾ ਕਵਾਟਰ ਵੇਖਾਂਗੇ ਉਥੇ ਤੇ ਉਹ ਸਭਿਆਚਾਰਕ ਮਹੱਲ ਵੀ, ਜੋ ਆਮ ਲੋਕਾਂ ਦੇ ਸੈਰ-ਸਪਾਟੇ ਅਤੇ ਚੀਨ ਦੀ ਸਭਿਅਤਾ ਦੀ ਤਰੱਕੀ ਅਤੇ ਰਖਵਾਲੀ ਦੇ ਲਈ ਪੀਪਲਜ਼ ਰੀਪਬਲਿਕ ਨੇ ਬਣਾਏ ਹਨ। ਆਪ ਨੂੰ ਪਤਾ ਹੈ ਉਥੇ ਅਮੀਰਾਂ ਦੇ ਵੱਡੇ-ਵੱਡੇ ਮਕਾਨ ਅਤੇ ਮਹੱਲ ਲੋਕਾਂ ਦੇ ਹੱਕਾਂ ਲਈ ਜ਼ਬਤ ਹੋਏ ਤੇ ਸਭ ਲਈ ਰਹਿਣ ਦੀ ਥਾਂ, ਲੋੜ ਅਨੁਸਾਰ ਦਿੱਤੀ ਗਈ ਤੇ ਹਸਤੀ ਵੇਖ ਕੇ ਨਹੀਂ। ਜੇ ਤੂੰ ਉਥੇ ਹੁੰਦੀ

ਜਾਂ ਚੀਨ ਵਾਲਾ ਨਿਜ਼ਾਮ ਏਥੇ ਆ ਜਾਏ ਤਾਂ ਆਪ ਦੇ ਚਾਰ ਜਣਿਆਂ ਦੇ ਪਰਿਵਾਰ ਲਈ 10×10 ਦੇ ਦੋ ਕਮਰਿਆਂ ਵਾਲਾ ਕੁਆਟਰ ਰਹਿਣ ਲਈ ਅਵੱਸ਼ ਮਿਲਦਾ। ਆਪ ਦੀ ਹੁਣ ਵਾਲੀ ਕੋਠੀ ਤਾਂ ਬਾਰਾਂ ਕਨਾਲ ਵਿਚ ਹੈ ਨਾ। ਇਸਦੇ ਅੰਦਰ ਤਾਂ ਕੁਆਟਰ ਸਿਰਫ ਛੇ ਹੀ ਹੈਨ ਨਾ। ਬਾਕੀ ਜਗ੍ਹਾ ਅਰਥਾਤ 11 ਕਨਾਲ ਵਿਚ ਆਪ ਦੇ ਲਾਅਨ, ਬਰਾਂਡੇ, ਬੈੱਡ-ਰੂਮ, ਡਰਾਇੰਗ ਰੂਮ, ਡਰਾਇੰਗ ਹਾਲ ਅਤੇ ਗੁਸਲਖਾਨੇ ਹੈ ਨਾ। ਪੰਜਾਹ ਸੱਠ ਕੁਆਟਰ ਇਥੇ ਹੋਰ ਬਣ ਸਕਦੇ ਹਨ। ਮਿਸਿਜ਼ ਸੰਮਾ-ਸੱਟਾ ਦੇ ਗੋਰੇ ਰੰਗ ਵਿਚ ਲਾਲੀ ਉਮੜ ਆਈ ਅਤੇ ਉਸਦਾ ਚਿਹਰਾ ਵੱਡੇ ਸਾਰੇ ਟਮਾਟਰ ਵਾਂਗੂ ਲੱਗਣ ਲੱਗਾ। ਪਰ ਫਿਰ ਵੀ ਉਹ ਆਪ ਤੋਂ ਬਾਹਰ ਹੋ ਕੇ, ਆਪਣਾ ਬਚਾਅ ਕਰਨਾ ਨਹੀਂ ਭੁੱਲਦੀ। "ਵੇਖੋ ਜੀ ਅਸੀਂ ਮੁਸਲਮਾਨ ਹਾਂ ਤੇ ਤੁਸੀਂ ਕਮਿਊਨਿਸਟ ਹੋ। ਇਥੇ ਤੁਹਾਡੀ ਸਾਜਿਸ਼ ਨਹੀਂ ਚੱਲ ਸਕਦੀ।"

"ਸਾਜਿਸ਼! ਇਹ ਤਾਂ ਇਕ ਪ੍ਰਬੰਧ ਹੈ ਤੇ ਵਾ-ਅੱਲਾ ਮੈਂ ਵੀ ਜਨਮ ਤੋਂ ਪੱਕੀ ਮੁਸਲਮਾਨ ਹਾਂ। ਆਪ ਯਕੀਨ ਕਰਿਓ, ਆਪ ਨਾਲੋਂ ਵਧੇਰੇ ਚੰਗੀ ਮੁਸਲਮਾਨ ਹਾਂ। ਜੀ ਗਿਆਨ ਦੇ ਹਿਸਾਬ ਵੀ ਤੇ ਅਮਲ ਦੇ ਹਿਸਾਬ ਨਾਲ ਵੀ।"

"ਹੱਛਾ, ਤਾਂ ਫਿਰ ਅਜਿਹੀਆਂ ਗੱਲਾਂ ਕਿਉਂ ਕਰਦੀ ਹੈ?" ਮਿਸਿਜ਼ ਸੰਮਾ ਸੱਟਾ ਨਰਮ ਪੈ ਜਾਂਦੀ।

"ਇਸ ਲਈ ਕਿ ਅਜਿਹੀਆਂ ਗੱਲਾਂ ਕਰਨਾ ਹਰ ਮੁਸਲਮਾਨ ਦਾ ਫਰਜ਼ ਹੈ। ਖ਼ੁਦ ਰਸੂਲ-ਖ਼ੁਦਾ ਅਤੇ ਖ਼ੁਲਫਾਏ-ਗਸ਼ਦੀਨ ਦੀ ਜ਼ਿੰਦਗੀ ਰਿਹਾਇਸ਼ ਸੁੱਖ ਤੇ ਮੁਸ਼ੱਕਤ ਦੇ ਪੱਖੋਂ ਆਮ ਲੋਕਾਂ ਜਿਹੀ ਹੀ ਸੀ।"

ਮਿਸਿਜ਼ ਸੰਮਾ ਸੱਟਾ ਥੋੜ੍ਹੀ ਜਿਹੀ ਹੋਰ ਨਰਮ ਪੈ ਜਾਂਦੀ। ਅਸੀਂ ਤਾਂ ਮਾਮੂਲੀ ਲੋਕ ਹਾਂ ਭਾਈ! ਸਾਡਾ ਤੇ ਉਹਨਾਂ ਦਾ ਕੀ ਮੁਕਾਬਲਾ। ਵਲੀ ਪੈਗੰਬਰ ਤਾਂ ਇੰਝ ਕਰ ਸਕਦੇ ਹੈਨ ਨਾ। ਪਰ, ਉਹ ਉਸਦੀ ਗੱਲ ਕੱਟ ਦਿੰਦੀ। ਆਪ ਮਾਮੂਲੀ ਲੋਕਾਂ ਵਿਚੋਂ ਨਹੀਂ ਹੋ। ਇਸੇ ਲਈ ਵਲੀ ਪੈਗੰਬਰਾਂ ਨੂੰ ਜਾਣਦੀ ਪਛਾਣਦੀ ਵੀ ਨਹੀਂ। ਜਿਵੇਂ ਆਮ ਲੋਕਾਂ ਨੂੰ ਨਹੀਂ ਜਾਣਦੀ। ਨਹੀਂ ਤਾਂ ਵਲੀ ਪੈਗੰਬਰ ਤਾਂ ਆਮ ਲੋਕਾਂ ਵਿਚੋਂ ਹੀ ਹੋਏ ਹਨ ਅਤੇ ਆਮ ਲੋਕਾਂ ਦੇ ਸਾਥ ਅਤੇ ਕਰੀਬ ਹੀ ਰਹਿੰਦੇ ਸੀ। ਕੋਈ ਖਾਸ ਆਦਮੀ ਉਹਨਾਂ ਦੇ ਕਰੀਬ ਆਇਆ ਤਾਂ ਪਹਿਲਾਂ ਉਸਨੂੰ ਆਮ ਜਿਹਾ ਬਣਨਾ ਪਿਆ। ਪਰ ਜੇ ਉਸਨੇ ਕਿਹਾ, ਮੈਂ ਬਾਦਸ਼ਾਹ ਹਾਂ, ਤਾਂ ਉਸਨੂੰ ਸੱਪ ਛੱਡ ਕੇ ਹਟ ਜਾਣ ਲਈ, ਜਾਂ ਬਿਲਕੁਲ ਚਲੇ ਜਾਣ ਲਈ ਆਖਿਆ ਗਿਆ। ਜਾਂ ਫਿਰ ਦੌਲਤ ਤੋਂ ਛੁਟਕਾਰਾ ਪਾਉਣ ਦਾ ਹੁਕਮ ਦਿੱਤਾ ਗਿਆ।

ਉਸ ਦੀਆਂ ਅਜਿਹੀਆਂ ਗੱਲਾਂ ਦੇ ਸਾਹਮਣੇ ਮਿਸਿਜ਼ ਸੰਮਾ ਸੱਟਾ ਢੀਠ ਅਤੇ ਅੜੀਅਲ ਹੋ ਜਾਂਦੀ। ਇਕ ਦਿਨ ਤਾਂ ਉਹਨਾਂ ਨੇ ਹੱਦ ਕਰ ਦਿੱਤੀ। ਬੋਲੀ, "ਇਸਲਾਮ ਵਿਚ ਇਸੇ ਲਈ ਤਾਂ ਕਿਹਾ ਗਿਆ ਹੈ ਕਿ ਇਲਮ ਦੀ ਹੱਦ ਹੋਣੀ ਚਾਹੀਦੀ ਹੈ। ਬਹੁਤ ਜ਼ਿਆਦਾ ਜਾਨਣ ਵਿਚ ਵੀ ਖਰਾਬੀ ਹੁੰਦੀ ਹੈ।" "ਆਪ ਗਲਤ ਕਹਿ ਰਹੀ ਹੋ ਸੰਮਾ



ਸੱਟਾ! ਇਸਲਾਮ ਵਿਚ ਇਲਮ ਨੂੰ ਅਸੀਮ (ਲਾ ਮਹਿਦੂ) ਕਰਨ ਲਈ ਕਿਹਾ ਗਿਆ ਹੈ। ਆਪਨੇ ਸੁਣਿਆ ਨਹੀਂ, ਜੋ ਕਿਹਾ ਗਿਆ ਹੈ, ਇਲਮ ਹਾਸਲ ਕਰੋ। ਭਾਵੇਂ ਇਸ ਲਈ ਚੀਨ ਜਾਣਾ ਪਵੇ। ਤਾਂ ਚਲੋ ਚੀਨ ਨੂੰ ਚੱਲਦੇ ਹਾਂ। ਆਪ ਦੀ ਬੇਅਕਲੀ ਵੀ ਘੱਟ ਜਾਵੇਗੀ, ਮਾਊ-ਜੇ-ਤੁੰਗ ਜੋ ਨਵੇਂ ਚੀਨ ਦਾ ਵੱਡਾ ਹਾਕਮ ਹੈ, ਉਸਦੇ ਦਰਸ਼ਨ ਵੀ ਕਰ ਆਵਾਂਗੇ। ਉਸਦੀ ਗੱਲ ਸੁਣ ਕੇ ਨਬੀਲਾ ਗੁਣਗੁਣਾਉਣ ਲੱਗੀ -

ਚੱਲਣਾ ਹੈ ਤਾਂ ਚੀਨ ਨੂੰ ਚੱਲੀਏ
ਸੁਣਦੇ ਹਾਂ ਕਿ ਬਹਾਰਾਂ ਨੇ।

ਮਿਸਿਜ਼ ਸੰਮਾ ਸੱਟਾ ਕਮਜ਼ੋਰ ਜਿਹੀ ਔਰਤ ਸੀ। ਥੋੜ੍ਹੀ ਜਿਹੀ ਛੇੜਖਾਨੀ ਤੇ ਸੜ ਕੇ ਕਬਾਬ ਹੋ ਜਾਂਦੀ ਤੇ ਅਜੀਬ ਹਰਕਤਾਂ ਕਰਨ ਲੱਗਦੀ। ਉਸ ਦਿਨ ਤਾਂ ਉਸਨੇ ਇਕ ਐਸੀ ਗੱਲ ਕਹਿ ਦਿੱਤੀ ਕਿ ਜਿਸਦਾ ਕਰਾਰਾ ਜਵਾਬ ਸੁਣਕੇ ਉਸਦਾ ਬਲੱਡ ਪ੍ਰੈਸ਼ਰ ਬਹੁਤ ਉੱਚਾ ਚਲੇ ਜਾਣ ਦੀ ਸੰਭਾਵਨਾ ਵੱਧ ਗਈ। "ਤੁਸੀਂ ਲੋਕ ਰੂਸ ਚੀਨ ਦੇ ਏਜੰਟ ਹੋ।" ਇਸ ਗੱਲ ਉੱਤੇ ਨਬੀਲਾ ਜਿਹੀ ਹੱਸਮੁੱਖ ਅਤੇ ਜੂਨੀਅਰ ਵੀ ਭੜਕ ਉੱਠੀ। "ਤੁਸੀਂ ਸਾਨੂੰ ਗਾਲ੍ਹਾਂ ਕੱਢ ਰਹੇ ਹੋ।" ਪਰ ਉਸ ਦਿਨ ਉਸਨੂੰ ਬਿਲਕੁਲ ਗੁੱਸਾ ਨਹੀਂ ਆਇਆ। ਬੜੇ ਠਰੰਮੇ ਨਾਲ ਜਵਾਬ ਦਿੱਤਾ, "ਅਸੀਂ ਲੋਕ ਏਜੰਟ ਤਾਂ ਹਾਂ ਮਿਸਿਜ਼ ਸੰਮਾ ਸੱਟਾ, ਪਰ ਪਾਕਿਸਤਾਨ ਦੇ। ਇਹ ਠੀਕ ਹੈ ਅਸੀਂ ਪਾਕਿਸਤਾਨੀ ਜਨਤਾ ਦੇ ਏਜੰਟ ਹਾਂ ਤੇ ਸਾਡਾ ਮੁਕਾਬਲਾ ਅਮਰੀਕੀ ਏਜੰਟਾਂ ਨਾਲ ਹੈ। ਇੱਕ ਮੁਸ਼ਕਿਲ ਮੁਕਾਬਲਾ ਹੈ ਨਾ?"

ਉਧਰ ਹਾਲਾਤ ਇਹ ਸਨ ਕਿ ਧੜਾਧੜ ਬਦਲੀਆਂ ਹੋ ਰਹੀਆਂ ਸਨ। ਰਿਪੋਰਟਾਂ ਖ਼ਰਾਬ ਕੀਤੀਆਂ ਜਾ ਰਹੀਆਂ ਸਨ। ਬੱਸ ਕੁਝ ਹੀ ਲੋਕਾਂ ਲਈ ਇੰਝ ਸੀ। ਬਾਕੀ ਲੋਕਾਂ ਨੂੰ ਵਫ਼ਾਦਾਰੀ ਦੇ ਢੰਗ-ਤਰੀਕੇ ਤੇ ਸਬਕ ਸਿਖਾਏ ਜਾਂਦੇ, ਪਰ ਗਰੀਬ ਗੁਰਬਾ ਕੋਈ ਅਜਿਹਾ ਸਬਕ ਸਿੱਖਣ ਲਈ ਤਿਆਰ ਨਹੀਂ ਸੀ। ਉਹਨਾਂ ਨੇ ਤਾਂ ਬੱਸ ਇਕੋ ਹੀ ਸਬਕ ਨੂੰ ਰੱਟਾ ਲਾਇਆ ਹੋਇਆ ਸੀ, ਰੋਟੀ, ਕੱਪੜਾ ਔਰ ਮਕਾਨ। ਇਹਨਾਂ ਦੇ ਹਮਾਇਤੀ ਉਹ ਲੋਕ ਵੀ ਸਨ, ਜਿਨ੍ਹਾਂ ਦੇ ਅੰਦਰ ਹੱਕ ਇਨਸਾਫ ਦੀ ਰੂਹ ਸੀ ਜਾਂ ਆਪਣੇ ਆਪ ਦੇ ਪਾਸ ਕੋਈ ਘਾਟਾ, ਜਿੱਥੋਂ ਤੀਕ ਉਸਦਾ ਸਵਾਲ ਸੀ, ਉਹ ਬੇਘਰ ਸੀ ਤੇ ਨਬੀਲਾ ਦਾ ਖ਼ਾਨਦਾਨ ਵੀ ਇਕ ਮਾੜੇ ਮੁਹੱਲੇ ਦੇ ਮਾਮੂਲੀ ਜਿਹੇ ਮਕਾਨ ਵਿਚ ਕਿਰਾਏ ਉੱਤੇ ਤੰਗ ਰਹਿੰਦਾ ਸੀ। ਉਹ ਵੀ ਇਸੇ ਆਸ ਉੱਤੇ ਤਹਿਰੀਕ ਦੇ ਹਮਾਇਤੀ ਸਨ ਕਿ ਕੋਈ ਮਕਾਨ ਮਿਲ ਜਾਵੇਗਾ। ਕਿੱਥੋਂ ਮਿਲ ਜਾਵੇਗਾ? ਲੋਕਾਂ ਨੇ ਸੋਵੀਅਤ ਯੂਨੀਅਨ ਅਤੇ ਲੋਕ-ਰਾਜੀ ਚੀਨ ਦੇ ਪ੍ਰਬੰਧਾਂ ਨੂੰ ਸਾਹਮਣੇ ਰੱਖ ਕੇ ਸੋਚਿਆ ਹੋਇਆ ਸੀ ਕਿ ਅਮੀਰਾਂ ਦੇ ਮਹੱਲ ਅਤੇ ਕੋਠੀਆਂ ਬੇਘਰਾਂ ਵਿਚ ਵੰਡੀਆਂ ਜਾਣਗੀਆਂ। ਸਗੋਂ ਖ਼ਿਆਲਾਂ ਹੀ ਖ਼ਿਆਲਾਂ ਵਿਚ ਉਹਨਾਂ ਨੇ ਆਪਣੇ ਹਿੱਸੇ ਲਾ ਵੀ ਲਏ ਸਨ। ਨਬੀਲਾ ਨੂੰ ਕਾਲਜ ਦੇ ਨੇੜੇ ਵਾਲੀ ਇਕ ਕੋਠੀ ਦੀ ਅਨੈਕਸੀ ਬੜੀ ਪਸੰਦ ਸੀ। ਉਹ ਉਸਨੂੰ ਵੀ ਇਸੇ ਹੀ ਕੋਠੀ ਵਿਚੋਂ ਹਿੱਸਾ ਵੰਡਾਉਣ ਦੀ ਸਲਾਹ

ਦਿੰਦੀ। ਪਰ ਖ਼ੁਦ ਉਸਨੂੰ ਮਿਸਿਜ਼ ਸੰਮਾ ਸੱਟਾ ਦੀ ਨਹਿਰ ਕੰਢੇ ਵਾਲੀ ਕੋਠੀ ਦਾ ਇਕ ਟੁਕੜਾ ਹੀ ਚਾਹੀਦਾ ਸੀ। ਬੱਸ ਇਕ ਕਾਟੇਜ਼ ਦੇ ਲਈ ਚਾਰ-ਪੰਜ ਮਰਲੇ ਬਰਾਬਰ ਦੀ ਥਾਂ... ਉਸਨੂੰ ਤੇ ਲੱਗਦਾ ਸੀ ਕਿ ਮਿਸਿਜ਼ ਸੰਮਾ ਸੱਟਾ ਨੇ ਉਸਦੇ ਹਿੱਸੇ ਦੀ ਜ਼ਮੀਨ ਤੇ ਕਬਜ਼ਾ ਕੀਤਾ ਹੋਇਆ ਸੀ। ਉਸਦੇ ਹਿੱਸੇ ਦੇ ਤਿੰਨ ਰੁੱਖ ਆਪਣੀ ਵਿਸ਼ਾਲ ਕੋਠੀ ਦੀਆਂ ਕੰਧਾਂ ਵਿਚ ਘੇਰੇ ਹੋਏ ਸੀ। ਉਸਦੀ ਖ਼ਿਆਲੀ ਕਾਟੇਜ਼ ਦੇ ਤਿੰਨ ਰੁੱਖ ........

ਜਦੋਂ ਵੀ ਉਹ ਆਪਣੀ ਖ਼ਿਆਲੀ ਕਾਟੇਜ਼ ਦਾ ਨਕਸ਼ਾ ਬਣਾਉਂਦੀ, ਉਸ ਵਿਚ ਦੋ ਕਮਰੇ ਬਣਾਉਂਦੀ। ਇੱਕ ਕਮਰਾ ਕਿਤਾਬਾਂ ਦਾ ਤੇ ਇੱਕ ਆਪਣਾ ਤੇ ਦੋਹਾਂ ਕਮਰਿਆਂ ਦੇ ਅੱਗੇ ਜਾਲੀਦਾਰ ਬਰਾਂਡੇ ਦੇ ਬਾਹਰ ਤਿੰਨ ਰੁੱਖ ਲਗਾਉਂਦੀ। ਉੱਚੇ ਰੁੱਖਾਂ ਦੀ ਤਿਕੋਨ ਵਿਚ ਹਵੇਲੀ ਦਾ ਟੁਕੜਾ ਆਉਂਦਾ। ਉਹੀ ਉਸਦਾ ਫੁੱਲਾਂ ਭਰਿਆ ਵਿਹੜਾ ਹੁੰਦਾ। ਫੁੱਲਾਂ ਦੇ ਰੰਗ ਵੀ ਉਸਨੇ ਸੋਚ ਰੱਖੇ ਸੀ ਤੇ ਕਿਸਮਾਂ ਵੀ। ਸੁਰਖ਼ ਲਿੱਲੀ ਦੇ ਗਮਲੇ ਬਰਾਂਡੇ ਦੇ ਅੱਗੇ ਹੁੰਦੇ। ਬਰਾਂਡਾ ਕਿਸੇ ਚੰਗੀ ਜਗ੍ਹਾ ਹੋਵੇ। ਹਾਂ, ਉਸਦੇ ਖ਼ਿਆਲਾਂ ਦਾ ਬਰਾਂਡਾ ਜ਼ਮੀਨ ਤੋਂ ਇਕ ਖ਼ੂਬਸੂਰਤ ਸਟੈਪ ਦੀ ਉਚਾਈ ਉੱਤੇ ਖ਼ੁਸ਼ਬੂਦਾਰ ਫੁੱਲਾਂ ਦੀਆਂ ਵੇਲਾਂ ਨਾਲ ਢੱਕਿਆ ਹੋਇਆ ਹੁੰਦਾ। ਅੰਦਰ ਇਕ ਸੀਟੀ, ਦੋ ਕੁਰਸੀਆਂ, ਇਕ ਸਟਾਇਲਿਸ਼ ਜਿਹੀ ਸੈਂਟਰਲ ਟੇਬਲ ਅਖ਼ਬਾਰ ਪੜ੍ਹਨ ਲਈ। ਕਹਾਣੀ ਲਿਖਣ ਲਈ ਅਤੇ ਬਰਸਾਤ ਦੀ ਰੁੱਤ ਵਿਚ ਮੀਂਹ ਦਾ ਨਜ਼ਾਰਾ ਲੈਣ ਲਈ ਇੱਕ ਜਗ੍ਹਾ ਕੁਦਰਤ ਦੇ ਕਰੀਬ, ਪਾਣੀ ਹਰਿਆਵਲ ਅਤੇ ਪੰਛੀਆਂ ਦੀ ਸੰਗਤ। ਬੱਸ ਹੋਰ ਕੀ ਚਾਹੀਦਾ?

ਫਿਰ ਇਕ ਦਿਨ ਅਜਿਹਾ ਵੀ ਆਇਆ ਕਿ ਉਸਨੂੰ ਲੱਗਿਆ ਉਸਦੀ ਕਾਟੇਜ ਬਣਨ ਵਿਚ ਦੇਰ ਹੋ ਜਾਵੇਗੀ। ਇਕ ਵਾਰ ਫਿਰ ਮਾਰਸ਼ਲ-ਲਾ ਜੋ ਲੱਗ ਗਿਆ ਸੀ। ਰਾਤ ਦੀਆਂ ਖ਼ਬਰਾਂ ਵਿਚ ਇਹ ਖ਼ਬਰ ਵੀ ਆਈ ਕਿ ਕਾਲਜ ਬੰਦ ਕਰ ਦਿੱਤੇ ਜਾਣਗੇ। ਹੋਸਟਲ ਖ਼ਾਲੀ ਕਰਵਾ ਲਏ ਜਾਣਗੇ। ਉਹ ਆਪ ਵੀ ਤਾਂ ਹੋਸਟਲ ਦੇ ਇਕ ਕਮਰੇ ਵਿਚ ਰਹਿ ਰਹੀ ਸੀ। ਅਗਲ਼ੇ ਦਿਨ ਮਿਸਿਜ਼ ਸੰਮਾ ਸੱਟਾ ਆਰਡਰ ਦੀ ਇਕ ਕਾਪੀ ਹੱਥ ਵਿਚ ਫੜੀ ਹੋਸਟਲ ਵਿਚ ਆਈ ਤੇ ਲੜਕੀਆਂ ਨੂੰ ਛੋਟੇ ਹਾਲ ਵਿਚ ਇਕੱਠੇ ਕਰਕੇ ਆਰਡਰ ਕਰ ਦਿੱਤਾ ਕਿ ਬਾਰਾਂ ਵਜੇ ਤੋਂ ਪਹਿਲਾਂ-ਪਹਿਲਾਂ ਆਪਣੇ ਘਰਾਂ ਨੂੰ ਚਲੀਆਂ ਜਾਣ। ਇੱਕ ਘੰਟੇ ਦੇ ਅੰਦਰ ਹੀ ਕਾਲਜ ਦੇ ਗੇਟ ਤੇ ਭੀੜ ਲੱਗ ਗਈ। ਸੂਟਕੇਸ ਅਤੇ ਬੈਗ ਚੁੱਕੀ ਸਭ ਵਿਦਿਆਰਥਣਾਂ ਬਾਹਰ ਨਿਕਲ ਰਹੀਆਂ ਸਨ। ਕੁਝ ਰੇਲਵੇ ਸਟੇਸ਼ਨ ਜਾਣ ਲਈ ਅਤੇ ਕੁਝ ਬੱਸ ਅੱਡੇ ਤੋਂ ਬੱਸ ਲੈ ਕੇ ਆਪਣੇ-ਆਪਣੇ ਘਰ ਪਹੁੰਚਣ ਲਈ। ਪਰ ਬੰਗਾਲ ਤੋਂ ਆਈਆਂ ਹੋਈਆਂ ਲੜਕੀਆਂ ਲਈ ਇਹ ਸੰਭਵ ਨਹੀਂ ਸੀ। ਉਹ ਸਿੱਧੀਆਂ ਉਸਦੇ ਕੋਲ ਆ ਗਈਆਂ। "ਮਿਸ ਆਪ ਤੇ ਅਸੀਂ ਤਾਂ ਦੂਰ ਦੇਸ਼ ਦੀਆਂ ਹਾਂ। ਸਾਡਾ ਕੀ ਬਣੇਗਾ? ਬਲੋਚਿਸਤਾਨ ਬੰਗਾਲ ਤੇ ਸਾਡੇ ਆਪਣੇ ਦੇਸ਼...............।"

"ਅਸੀਂ ਇਥੇ ਹੀ ਰਹਾਂਗੀਆਂ।" ਉਸਨੇ ਵਿਦਿਆਰਥਣਾਂ ਨੂੰ ਦਿਲਾਸਾ ਦਿੱਤਾ।



"ਪਰ ਉਹ ਮਿਸਿਜ਼ ਸੰਮਾ ਸੱਟਾ ਤਾਂ ਕਮਰੇ ਬੰਦ ਕਰਵਾ ਰਹੀ ਹੈ।" ਕੁੜੀਆਂ ਮਿਣਮਿਣਾਈਆਂ।

"ਫਿਕਰ ਮੱਤ ਕਰੋ, ਅਸੀਂ ਕਮਰੇ ਖੋਲ੍ਹ ਲਵਾਂਗੇ। ਉਸ ਦਿਨ ਤੋਂ ਬਾਅਦ ਮਿਸਿਜ਼ ਸੰਮਾ ਸੱਟਾ ਦੀਆਂ ਨਜ਼ਰਾਂ ਵਿਚ ਬੰਗਾਲੀ ਲੜਕੀਆਂ ਵੀ ਬਾਗੀ ਹੋ ਗਈਆਂ ਤੇ ਉਹ ਸਟਾਫ ਰੂਮ ਵਿਚ ਬੈਠ ਕੇ ਖ਼ਾਸ ਤੌਰ ਤੇ ਬੰਗਾਲੀਆਂ ਦੀਆਂ ਬੁਰਾਈਆਂ ਕਰਨ ਲੱਗੀਆਂ, "ਨਾਮ ਦੇ ਹੀ ਮੁਸਲਮਾਨ ਹਨ। ਹਿੰਦੂ ਸਭਿਆਚਾਰ ਤੋਂ ਪ੍ਰਭਾਵਿਤ ਹਨ, ਗੱਦਾਰ ਹਨ। ਸਾਰੀ ਅੱਗ ਉਹਨਾਂ ਦੀ ਹੀ ਲਗਾਈ ਹੋਈ ਹੈ। ਮਾਰਸ਼ਲ-ਲਾ ਦੇ ਜਬਰ ਅਤੇ ਸਮਾਜਿਕ ਬੇਇਨਸਾਫ਼ੀਆਂ ਦੇ ਵਿਰੁੱਧ ਸੰਘਰਸ਼ ਨੂੰ ਉਹ ਬੇਗਮ ਸਾਹਿਬਾ ਗੱਦਾਰੀ ਕਰਨ ਅਤੇ ਅੱਗ ਭੜਕਾਉਣ ਦੇ ਬਰਾਬਰ ਸਮਝਦੀ ਸੀ ਅਤੇ ਜਦੋਂ ਤੋਂ ਨਵਾਂ ਮਾਰਸ਼ਲ-ਲਾ ਲੱਗਾ ਸੀ, ਉਹ ਬਹੁਤ ਸਰਗਰਮ ਹੋ ਗਈ ਸੀ। ਇਸਲਾਮ ਦਾ ਦਮ ਭਰਨ ਨਾਲ, ਫਰਾਂਸੀਸੀ ਸ਼ੈਫ਼ੂਨ ਦੇ ਦੁਪੱਟੇ ਨਾਲ ਆਪਣਾ ਵੀ ਸਿਰ ਢੱਕਣ ਲੱਗੀ ਅਤੇ ਵਿਦਿਆਰਥਣਾਂ ਨੂੰ ਵੀ ਹੁਕਮ ਕਰ ਦਿੱਤਾ ਕਿ ਦੁਪੱਟਾ ਸਿਰ ਉੱਤੇ ਲਿਆ ਜਾਇਆ ਕਰੇ। ਪਰ ਯੂਨੀਫਾਰਮ ਦਾ ਦੁਪੱਟਾ ਤੇ ਪੱਟੀ ਦੀ ਸ਼ਕਲ ਵਿਚ ਤਹਿ ਕਰਕੇ ਵੀ (V) ਸ਼ੇਪ ਮੋਢਿਆਂ ਤੇ ਲਿਆ ਜਾਂਦਾ ਸੀ। ਇਸ ਨੂੰ ਖੋਲ੍ਹ ਕੇ ਸਿਰ ਉੱਤੇ ਲੈਣਾ ਕਿੰਨਾ ਅਜੀਬ ਲੱਗਦਾ ਸੀ ਅਤੇ ਫਿਰ ਲੜਕੀਆਂ ਨੂੰ ਇਸ ਗੱਲ ਉੱਤੇ ਬਹੁਤ ਇਤਰਾਜ਼ ਸੀ। ਇਸ ਜ਼ਨਾਨਾ-ਕਾਲਜ ਵਿਚ ਸਿਰ ਢੱਕ ਕੇ ਫਿਰਨ ਜਾਂ ਕਲਾਸ-ਰੂਮ ਵਿਚ ਬੈਠਣ ਦਾ ਮਤਲਬ ਕੀ ਸੀ ਤੇ ਖ਼ੁਦ ਉਸਨੂੰ ਇਹ ਗੱਲ ਇਕ ਘਟੀਆ ਮਜ਼ਾਕ ਵਰਗੀ ਲੱਗ ਰਹੀ ਸੀ। ਹੁਣ ਉਸ ਕੋਲ ਕਰਨ ਲਈ ਰਹਿ ਵੀ ਕੀ ਗਿਆ ਸੀ। ਹਜ਼ਾਰਾਂ, ਲੱਖਾਂ ਸਮੱਸਿਆਵਾਂ ਦਾ ਹੱਲ ਕੀ ਲੜਕੀਆਂ ਦੇ ਸਿਰ ਢੱਕ ਲੈਣ ਨਾਲ ਨਿਕਲ ਆਵੇਗਾ? ਅਤੇ ਫਿਰ ਉਹਨਾਂ ਦੇ ਆਪਣੇ ਤਬਕੇ ਦੀਆਂ ਕਈ ਲੜਕੀਆਂ ਤਾਂ ਦੁਪੱਟੇ ਜਿਹੀ ਫਾਲਤੂ ਸ਼ੈਅ ਨੂੰ ਅਲਵਿਦਾ ਕਹਿ ਰਹੀਆਂ ਸਨ। ਇਹਨਾਂ ਵਿਚ ਮਿਸਿਜ਼ ਸੰਮਾ ਸੱਟਾ ਦੀ ਆਪਣੀ ਬੇਟੀ ਵੀ ਸੀ। ਜੋ ਮਜ਼ੇ ਨਾਲ ਮੈਕਸੀ ਪਹਿਨੀ ਫਿਰਦੀ। ਪਰ ਉਸਨੇ ਇਸ ਮਾਮਲੇ ਵਿਚ ਉਲਝਣਾ ਨਹੀਂ ਚਾਹਿਆ। ਉਸਦੀ ਲੋੜ ਵੀ ਨਾ ਪਈ, ਕਿਉਂਕਿ ਲੜਕੀਆਂ ਨੇ ਇਹ ਗੱਲ ਇੱਕ ਕੰਨ ਰਾਹੀਂ ਸੁਣਕੇ ਦੂਸਰੇ ਕੰਨ ਰਾਹੀਂ ਕੱਢ ਦਿੱਤੀ ਸੀ। ਫਿਰ ਜ਼ਿਆਦਾ ਜ਼ੋਰ ਪਿਆ ਤਾਂ ਉਹਨਾਂ ਨੇ ਸੈਂਕੜੇ ਦਸਤਖਤਾਂ ਨਾਲ ਇਕ ਦਰਖ਼ਾਸਤ ਲਿਖ ਦਿੱਤੀ ਕਿ ਉਹਨਾਂ ਨੂੰ ਫਰੈਂਚ ਸ਼ੈਫ਼ੂਨ ਦੇ ਦੁਪੱਟੇ ਕਾਲਜ ਵਲੋਂ ਦਿੱਤੇ ਜਾਣ। ਕਿਉਂਕਿ ਉਹਨਾਂ ਦੇ ਮਲਮਲ ਦੇ ਦੁਪੱਟੇ ਸਿਰਾਂ ਉਤੇ ਟਿਕਦੇ ਨਹੀਂ ਤੇ ਉਹ ਸੁਸਤ ਜਿਹੇ ਲੱਗਦੇ ਨੇ। ਇਹ ਗੱਲ ਆਪਣੇ ਆਪ ਵਿਚ ਇਕ ਬਗ਼ਾਵਤ ਦੀ ਤਰ੍ਹਾਂ ਸਮਝੀ ਗਈ ਤੇ ਮਿਸਿਜ਼ ਸੰਮਾ ਸੱਟਾ ਨੇ ਇਸਦਾ ਬਦਲਾ ਦੋ ਤਰੀਕਿਆਂ ਨਾਲ ਲਿਆ। ਇੱਕ ਤਾਂ ਵਿਦਿਆਰਥੀਆਂ ਲੀਡਰਾਂ ਦੇ ਗਰੁੱਪ ਨੂੰ ਨਿਸ਼ਾਨਾ ਬਣਾਕੇ ਉਹਨਾਂ ਦੀਆਂ ਅਸੈਸਮੈਂਟਾਂ ਦੇ ਨੰਬਰ ਕੱਟੇ। ਦੂਸਰੇ Lesson ਦਿੰਦੀਆਂ ਹੋਈਆਂ ਕੁੜੀਆਂ ਦੇ ਕਿੰਨੇ ਹੀ ਚਾਰਟ ਕੈਂਸਲ ਕਰ ਦਿੱਤੇ। ਉਸ ਜ਼ਮਾਨੇ ਵਿਚ

"ਤਸਵੀਰਾਂ ਵਾਲਾ ਚੀਨ" ਪਰਚਾ ਆਉਂਦਾ ਹੁੰਦਾ ਸੀ। ਬੀ-ਐੱਡ ਲੜਕੀਆਂ ਨੂੰ ਆਪਣੇ-ਆਪਣੇ Lesson ਦੀ ਵਿਆਖਿਆ ਕਰਨ ਲਈ ਉਸ ਵਿਚੋਂ ਰੰਗੀਨ ਤਸਵੀਰਾਂ ਮਿਲ ਜਾਂਦੀਆਂ ਸਨ। ਪਾਕਿਸਤਾਨ ਦੀ ਛਪਾਈ ਵਿਚ ਤੇ ਹਾਲੀਂ ਰੰਗ ਆਇਆ ਹੀ ਨਹੀਂ ਸੀ। ਅੰਤਿਮ ਸਬਕ ਦੀ ਤਿਆਰੀ ਦੇ ਦਿਨਾਂ ਵਿਚ ਲੜਕੀਆਂ ਪੁਰਾਣੀ ਅਨਾਰਕਲੀ ਵਿਚੋਂ ਆਪਣੀ ਜ਼ਰੂਰਤ ਦੀਆਂ ਚੀਜ਼ਾਂ ਲੱਭਦੀਆਂ ਹੋਈਆਂ ਚੀਨੀ ਤਸਵੀਰਾਂ ਨੂੰ ਪਹਿਲ ਦਿੰਦੀਆਂ ਸਨ। ਕਿਉਂਕਿ ਉਹਨਾਂ ਨਾਲ ਚਾਰਟ ਤੇ ਵਿਆਖਿਆ (Illustration) ਵਿਚ ਰੰਗ ਤੇ ਰੌਣਕ ਬਣ ਜਾਂਦੀ ਸੀ। ਪਰ ਇਸ ਸਾਲ ਮਿਸਿਜ਼ ਸੰਮਾ ਸੱਟਾ ਨੇ ਇਹ ਕਹਿ ਕੇ ਵੱਡੀ ਗਿਣਤੀ ਵਿਚ ਚਾਰਟ ਕੈਂਸਲ ਕੀਤੇ ਕਿ ਪੁਰਾਣੇ ਦੇਸ਼ ਦੀਆਂ ਚੀਜ਼ਾਂ ਵਰਤਣਾ ਦੇਸ਼-ਭਗਤੀ ਦੇ ਉਲਟ ਹੈ।

ਵਿਚਾਰੀਆਂ ਕੁੜੀਆਂ ਮੁਸ਼ਕਿਲ ਵਿਚ ਫਸ ਗਈਆਂ। ਨਵੇਂ ਸਿਰੇ ਤੋਂ ਸਭ ਕੁਝ ਕਰਨਾ ਪਵੇਗਾ। ਪਰ ਵਿਚਾਰੀ ਸੰਮਾ ਸੱਟਾ, ਅਕਲ ਤੋਂ ਬਿਲਕੁਲ ਹੀ ਸੱਖਣੀ। ਫੁੱਲ, ਤਿੱਤਲੀਆਂ, ਦ੍ਰਿਸ਼ ਅਤੇ ਰੁੱਖ ਤੀਕ ਤਾਂ ਵਿਦੇਸ਼ੀ ਬਣਾ ਦਿੱਤੇ ਉਹਨਾਂ ਨੇ। ਪਰ ਆਪਣੇ ਵੱਲ ਕੁਝ ਧਿਆਨ ਹੀ ਨਾ ਦਿੱਤਾਂ। ਅਗਲੇ ਦਿਨ ਇਕ ਬਹੁਤ ਵੱਡਾ ਡਰਾਮਾ ਹੋਣ ਵਾਲਾ ਸੀ। ਮਿਸਿਜ਼ ਸੰਮਾ ਸੱਟਾ ਦੇ ਆਉਣ ਤੋਂ ਪਹਿਲਾਂ ਪ੍ਰਭਾਵਿਤ ਕੁੜੀਆਂ ਦੇ ਇਕ ਵੱਡੇ ਗਰੁੱਪ ਨੇ ਆਪਸ ਵਿਚ ਸਲਾਹ ਕਰਕੇ ਗੇਟ ਦੇ ਨੇੜੇ ਇਕੱਠੀਆਂ ਹੋ ਗਈਆਂ, ਜਿੱਥੋਂ ਦੀ ਕਿ ਉਸਦੀ ਲੰਮੀ ਕਾਲੀ ਜਾਪਾਨੀ ਕਾਰ ਅੰਦਰ ਦਾਖਲ ਹੁੰਦੀ ਸੀ ਤੇ ਉਸਦੀ 'ਹਾਏ ਹਾਏ' ਕੀਤੀ ਜਾਣੀ ਸੀ। ਇਸ ਤੋਂ ਬਿਨਾਂ ਲੜਕੀਆਂ ਨੇ ਵੇਖ ਲਿਆ ਸੀ ਕਿ ਉਹਨਾਂ ਦੀ ਵਾਈਸ ਪ੍ਰਿੰਸੀਪਲ ਦੇ ਕੱਪੜੇ ਵੀ ਜਾਪਾਨੀ ਹੁੰਦੇ ਤੇ ਜੁੱਤੀ ਦਾ ਚਮੜਾ ਤਾਂ ਇੰਗਲਿਸ਼ ਮੇਡ ਲੰਡਨ ਦਾ ਬਣਿਆ ਹੁੰਦਾ ਸੀ। ਉਸਦੇ ਕੰਨਾਂ ਵਿਚਲੇ ਟਾਪਸ ਦੀ ਜੋੜੀ ਤੇ ਦੋਵਾਂ ਹੱਥਾਂ ਦੀਆਂ ਘੱਟੋ-ਘੱਟ ਛੇ ਉਂਗਲਾਂ ਵਿਚ ਜੋ ਅੰਗੂਠੀਆਂ ਚਮਕਾਂ ਮਾਰਦੀਆਂ ਸਨ, ਇਹਨਾਂ ਸਭ ਵਿਚ ਵਿਦੇਸ਼ੀ ਸ਼ਾਮਿਲ ਕੀਤੇ ਹੀਰੇ ਜੜੇ ਹੋਏ ਸੀ। ਇਹਨਾਂ ਸਭ ਵਿਦੇਸ਼ੀ ਚੀਜ਼ਾਂ ਨੂੰ ਵਿਚਾਰੀਆਂ ਲੜਕੀਆਂ ਕੈਂਸਲ ਤਾਂ ਨਹੀਂ ਕਰਾ ਸਕਦੀਆਂ ਸਨ, ਪਰ 'ਹਾਏ ਵਾ ਵੇਲਾ' ਦਾ ਪ੍ਰੋਗਰਾਮ ਤਾਂ ਪੱਕਾ ਸੀ। ਪਰ ਇਸ ਪੱਕੇ ਪ੍ਰੋਗਰਾਮ ਦੀ ਗੁਪਤਤਾ ਪੱਕੀ ਨਹੀਂ ਸੀ। ਵਿਦਿਆਰਥਣਾਂ ਵਿਚ ਵੀ ਕਈ ਜਾਸੂਸ ਸਨ ਤੇ ਕਈ ਚਮਚੀਆਂ ਵੀ, ਸੋ ਉਹਨਾਂ ਨੇ ਰਾਤੋ-ਰਾਤ ਇਤਲਾਹ ਪਹੁੰਚਾ ਦਿੱਤੀ ਤੇ ਸਵੇਰੇ ਉਸ ਦੀ ਸਵਾਰੀ ਤੋਂ ਪਹਿਲਾਂ ਪੁਲਸ ਦਾ ਦਸਤਾ ਕਾਲਜ ਗੇਟ ਦੇ ਅੰਦਰ ਆ ਗਿਆ। ਨੁਕਸੇ-ਅਮਨ ਦਾ ਖ਼ਤਰਾ। ਇਸਦੀ ਕੋਈ ਸਪੱਸ਼ਟ ਵਿਆਖਿਆ ਤਾਂ ਹੁੰਦੀ ਨਹੀਂ ਤੇ ਜੱਜ ਦੀ ਬੀਬੀ ਕੁਝ ਵੀ ਕਹਿ ਸਕਦੀ ਸੀ। ਕੁਝ ਵੀ ਕਰ ਸਕਦੀ ਸੀ। ਵਿਦਿਆਰਥੀਆਂ ਦੇ ਹੋਰ ਜ਼ਿਆਦਾ ਨੁਕਸਾਨ ਦਾ ਡਰ ਪੈਦਾ ਹੋ ਗਿਆ ਸੀ।

ਉਦੋਂ ਹੀ ਉਸ ਨੂੰ ਮਿਸਿਜ਼ ਸੰਮਾ ਸੱਟਾ ਜੈਸੀ ਹੰਕਾਰੀ ਔਰਤ ਨਾਲ ਬੜੇ ਖਰਵੇ



ਲਹਿਜੇ ਵਿਚ ਗੱਲ ਕਰਨ ਦਾ ਕਸ਼ਟ ਝੱਲਣਾ ਪਿਆ। ਪਰ ਜਦੋਂ ਹੀ ਗੱਲ ਖ਼ਤਮ ਹੋਈ। ਉਸਦਾ ਕੰਟਰੋਲ ਖ਼ਤਮ ਹੋ ਗਿਆ। ਉਸਨੇ ਉਹ ਸਾਰੀਆਂ ਗੱਲਾਂ ਜੋ ਕਾਰ ਤੇ ਕੱਪੜਿਆਂ ਨਾਲ ਸੰਬੰਧਿਤ ਸਨ ਆਰਾਮ ਨਾਲ ਸੁਣਾ ਦਿੱਤੀਆਂ। ਪਰ ਨਾਲ ਹੀ ਇਕ ਗੋਲੀ ਵੀ ਦਾਗ ਦਿੱਤੀ, "ਕੀ ਮੱਕਾ ਮਦੀਨਾ ਬਿਗਾਨੇ ਦੇਸ਼ ਵਿਚ ਨਹੀਂ ਹਨ?" ਜੇ ਨਹੀਂ, ਤਾਂ ਫਿਰ ਚੀਨੋ-ਅਰਬ ਹਮਾਰਾ, ਸਾਰਾ ਜਹਾਂ ਹਮਾਰਾ। ਪਾਕਿਸਤਾਨ ਦਾ ਆਪਣਾ ਕੀ ਹੈ? ਸਾਰੇ ਹੀ ਨਾਇਕ ਗ਼ੈਰ-ਮੁਲਕੀ ਹੈਨ ਨਾ। ..... ਤੇ ਨਵੇਂ ਲੀਡਰ....? ਇਕ ਪਲ ਲਈ ਸੰਮਾ ਸੱਟਾ ਚਕਰਾ ਗਈ। ਗੱਲ ਨੂੰ ਸਮਝਣ ਲਈ ਉਹ ਕਾਫ਼ੀ ਦਿਮਾਗੀ ਤੇਜ਼ ਤੇ ਪੜ੍ਹੀ ਲਿਖੀ ਨਹੀਂ ਸੀ। ਨਿਰੇ ਕੋਰਸਾਂ ਦੀ ਪੜ੍ਹਾਈ ਡਿਗਰੀ ਤਾਂ ਦੇ ਦਿੰਦੀ ਹੈ, ਪਰ ਅਕਲ ਫ਼ਿਕਰ ਦੀ ਗੱਲ ਜਾਨਣ ਲਈ ਤਾਂ ਦੂਸਰੀ ਪੜ੍ਹਾਈ ਕਰਨੀ ਪੈਂਦੀ ਹੈ ਨਾ ਅਤੇ ਦੂਸਰੀ ਪੜ੍ਹਾਈ ਪੜ੍ਹੇ ਹੋਏ ਇਹਨਾਂ ਕੋਰਸਾਂ ਪੜ੍ਹੇ ਵਾਲਿਆਂ ਦੇ ਖ਼ਿਆਲ ਵਿਚ ਐਸੇ ਫਸਾਦੀ ਹੁੰਦੇ ਸੀ, ਜਿਹਨਾਂ ਦਾ ਪਹਿਲਾ ਕੰਮ ਉਹਨਾਂ ਦੇ ਐਸ਼ ਅਤੇ ਤਾਕਤ ਵਿਚ ਖਲਲ ਪਾਉਣ ਤੋਂ ਬਿਨਾਂ ਹੋਰ ਕੁਝ ਨਹੀਂ ਸੀ। ਇਕ ਵਾਰ ਉਸਨੇ ਇਹਨਾਂ ਕਿਤਾਬੀ ਬੁੱਧੀਜੀਵੀਆਂ ਦੀਆਂ ਗੱਲਾਂ ਸੁਣੀਆਂ ਸਨ। ਉਹਨਾਂ ਦੀ ਬੇਵਕੂਫੀ ਅਤੇ ਢੀਠਤਾਈ ਉੱਤੇ ਉਹ ਹੈਰਾਨ ਰਹਿ ਗਈ ਸੀ।

ਇਹ ਲੋਕ ਨਵੇਂ ਖੇਤੀ-ਬਾੜੀ ਸੁਧਾਰਾਂ ਬਾਰੇ ਚਿੰਤਾ ਪ੍ਰਗਟ ਕਰਦੇ ਗੱਲਬਾਤ ਕਰ ਰਹੇ ਸਨ। "ਪੰਜਾਬ ਦਾ ਨੁਕਸਾਨ ਜ਼ਿਆਦਾ ਹੋਵੇਗਾ।" ਅਰਥਾਤ ਪੰਜਾਬ ਦਾ ਭੂਪਤੀ ਹੀ ਪੰਜਾਬ ਹੈ। ਅਗਲੇ ਦਿਨ ਹੀ ਉਸਨੇ ਕਾਲਮ ਲਿਖ ਦਿੱਤਾ। ਪੰਜਾਬ ਕਿਸ ਦਾ ਨਾਮ ਹੈ? ਭੂਪਤੀ ਜਾਂ ਮੁਜ਼ਾਰਾ? ਮਿੱਲ ਵਾਲਾ ਜਾਂ ਮਜ਼ਦੂਰੀ ਵਾਲਾ?

ਉਹਨਾਂ ਹੀ ਦਿਨਾਂ ਵਿਚ ਇੱਕ ਹੋਰ ਘਟਨਾ ਵਾਪਰੀ। ਇਸ ਨਾਲ ਸੋਚ ਦੇ ਫਾਸਲੇ ਹੋਰ ਵੀ ਵੱਧ ਗਏ। ਉਹ ਘਟਨਾ ਕਈ ਲੋਕਾਂ ਲਈ "ਢਾਕਾ-ਫਾਲ" ਸੀ। ਕੁਝ ਲਈ ਬੰਗਲਾ ਦੇਸ਼ ਬਣਿਆ। ਕੁਝ ਲੋਕ ਸਮਝਦੇ ਸੀ ਜੋ ਹੋਇਆ ਉਹੀ ਹੋਣਾ ਚਾਹੀਦਾ ਸੀ। ਕੁਝ ਹੋਰ ਲੋਕ, "ਇਹ ਨਾ ਹੁੰਦਾ ਤਾਂ ਉਹ ਵੀ ਨਾ ਹੁੰਦਾ" ਦੇ ਪਛਤਾਵੇ ਦੀ ਉਧੇੜ-ਬੁਣ ਕਰ ਰਹੇ ਸੀ। ਬਹੁਤ ਥੋੜ੍ਹੇ ਐਸੇ ਵੀ ਸਨ ਜਿਨ੍ਹਾਂ ਚਿਰਾਗ਼ ਬਾਲੇ ਤੇ ਲੱਡੂ ਵੰਡੇ। ਉਹ ਆਮ ਲੋਕਾਂ ਦੇ ਟਾਕਰੇ ਉੱਤੇ ਫੌਜ ਦੀ ਹਾਰ ਉੱਤੇ ਖ਼ੁਸ਼ ਸਨ।

ਪਰ ਮਿਸਿਜ਼ ਸੰਮਾ ਸੱਟਾ ਦੇ ਖ਼ਿਆਲ ਵਿਚ ਇਹ ਸਭ ਕੁਝ ਭੰਨ-ਤੋੜ ਕਰਨ ਵਾਲਿਆਂ ਦਾ ਕੀਤਾ ਧਰੋਹ ਸੀ। ਉਹੀ ਜੋ ਉਹਨਾਂ ਦੀਆਂ ਜ਼ਮੀਨਾਂ ਵੰਡਣਾ ਚਾਹੁੰਦੇ ਸੀ। ਕੁਝ ਦਿਨਾਂ ਤੀਕ ਉਹਨਾਂ ਦੋਹਾਂ ਨੇ ਇਕ ਦੂਸਰੇ ਦਾ ਟਾਕਰਾ ਨਹੀਂ ਕੀਤਾ। ਪੂਰਬੀ ਪਾਕਿਸਤਾਨ ਨਹੀਂ ਰਿਹਾ, ਢਾਕੇ ਨਾਲੋਂ ਰਿਸ਼ਤਾ ਟੁੱਟ ਗਿਆ। ਹੁਣ ਫਰੀਦਾ ਅਤੇ ਜਹਾਂ-ਆਰਾ ਜੇਹੀਆਂ ਲੜਕੀਆਂ ਕਿੱਥੋਂ ਨਜ਼ਰ ਆਉਣਗੀਆਂ? ਇਹਨਾਂ ਸਭ ਗੱਲਾਂ ਲਈ ਉਹਨੂੰ ਵੀ ਅਫਸੋਸ ਸੀ ਅਤੇ ਖੱਬੇ ਪੱਖੀ ਟਿੱਪਣੀਕਾਰਾਂ ਦੇ ਹਿਸਾਬ ਤੋਂ ਵੀ ਨੁਕਸਾਨ ਹੀ ਹੋਇਆ ਸੀ। ਆਮ ਲੋਕੀਂ ਵੰਡ ਦਿੱਤੇ ਗਏ ਸਨ। ਇੱਕ ਵਾਰ ਫੇਰ ਇਨਕਲਾਬ ਨੂੰ ਰੋਕਿਆ

ਗਿਆ ਸੀ। ਬੜਾ ਜ਼ੋਰਦਾਰ ਪੈਂਫਲਿਟ ਕੱਢਿਆ ਸੀ ਮਜ਼ਦੂਰ ਕਿਸਾਨ ਪਾਰਟੀ ਨੇ ......" ਇਹ ਇਨਕਲਾਬੀ ਸੁਧਾਰਾਂ ਦਾ ਰਸਤਾ ਰੋਕਣ ਲਈ ਅਜੀਬੁਲ ਰਹਿਮਾਨ ਦੀ ਅਵਾਮੀ ਲੀਗ ਨੂੰ ਤਾਕਤ ਤੋਂ ਦੂਰ ਰੱਖਣਾ ਚਾਹੁੰਦੇ ਸੀ। ਪਰ ਬਿਲੀ ਦੇ ਭਾਗਾਂ ਨੂੰ ਛਿੱਕਾ ਹੀ ਟੁੱਟ ਗਿਆ। ਹੁਣ ਸਾਰਾ ਦੁੱਧ ਬਾਘੜ ਬਿੱਲਾ ਪੀ ਜਾਵੇਗਾ। ਬੰਗਾਲ ਵਿਚ ਇਨਕਲਾਬੀ ਤਾਕਤ ਦਾ ਸਫਾਇਆ ਹੋ ਗਿਆ। ਫੌਜ ਵੀ ਹਾਰ ਗਈ। ਰਹਿ ਕੌਣ ਗਿਆ? ਉਹੀ ਪੁਰਾਣਾ ਪਾਪੀ ਜਾਗੀਰਾਂ ਵਾਲਾ ਤੇ ਅਫਸਰਸ਼ਾਹੀ ਤੇ ਬੰਦੂਕਾਂ ਵਾਲਾ।

ਪਰ ਚਾਰ ਦਿਨਾਂ ਬਾਅਦ ਜਦੋਂ ਪ੍ਰਗਤੀਸ਼ੀਲਾਂ ਦਾ ਜਹਾਜ਼ ਇਸਲਾਮਾਬਾਦ ਉਤਰਿਆ ਤਾਂ ਦੋਵਾਂ ਪਾਸਿਆਂ ਦੇ ਰੌਅ ਬਦਲ ਗਏ। ਮਿਸਿਜ਼ ਸੰਮਾ ਸੱਟਾ ਦੇ ਤਬਕੇ ਵਿਚ ਖੁਸ਼ੀ ਘੱਟ ਹੋ ਗਈ ਅਤੇ ਦੂਸਰੀ ਤਰਫ਼ ਆਸ ਦੀ ਇੱਕ ਲੋਅ ਜਿਹੀ ਜਾਗ ਪਈ। ਰੋਟੀ, ਕੱਪੜਾ ਅਤੇ ਮਕਾਨ ਦਾ ਦਾਅਵਾ ਕਰਨ ਵਾਲੀ ਪਾਰਟੀ ਨੇ ਜੇ ਸਰਕਾਰ ਬਣਾ ਲਈ ਤਾਂ ਐਨੇ ਸੁਧਾਰ ਤਾਂ ਕਰੇਗੀ ਹੀ, ਜਿਸ ਨਾਲ ਕਿਸੇ ਨੂੰ ਰੋਟੀ, ਕੱਪੜਾ ਅਤੇ ਮਕਾਨ ਮਿਲ ਜਾਵੇ, ਜਾਗੀਰਾਂ ਤਾਂ ਘਟਣਗੀਆਂ ਹੀ। ਆਖ਼ਿਰ ਹਾਰੀ ਮੁਜ਼ਾਰੇ ਨੂੰ ਖੇਤ ਕਿੱਥੋਂ ਦਿੱਤੇ ਜਾਣਗੇ। ਜਿਹੜਾ ਵਾਹਵੇ, ਉਹੋ ਖਾਵੇ। ਇਹ ਨਾਹਰਾ ਤਾਂ ਇਸੇ ਤਰ੍ਹਾਂ ਹੀ ਹਕੀਕਤ ਬਣ ਸਕਦਾ ਹੈ ਅਤੇ ਵੱਡੀਆਂ-ਵੱਡੀਆਂ ਕੋਠੀਆਂ ਦੇ ਟੁਕੜੇ ਕੱਟਿਆਂ ਬਗ਼ੈਰ ਛੋਟੇ ਮਕਾਨ ਕਿਸ ਤਰ੍ਹਾਂ ਨਿਕਲਣਗੇ ਤੇ ਉਸਦਾ ਛੋਟਾ ਜਿਹਾ ਮਕਾਨ ਤਾਂ ਮਿਸਿਜ਼ ਸੰਮਾ ਸੱਟਾ ਦੀ ਵਿਸ਼ਾਲ ਕੋਠੀ ਦੇ ਅਹਾਤੇ ਵਿਚ ਘਿਰਿਆ ਹੋਇਆ ਸੀ। ਹਾਂ, ਮਕਾਨ ਵੀ ਕੈਦੀ ਹੁੰਦੇ ਨੇ ਤੇ ਖੇਤ ਵੀ। ਉਸਨੂੰ ਲੱਗਿਆ ਇਹ ਖ਼ਿਆਲ ਕਿੰਨਾ ਨਵਾਂ ਹੈ ਤੇ ਗੁਲਾਮੀ ਦਾ ਘੇਰਾ ਕਿਸ ਕਦਰ ਵੱਡਾ ਹੋ ਚੁੱਕਿਆ ਸੀ। ਇਨਸਾਨ ਤੋਂ ਲੈ ਕੇ , ਉਸਦੇ ਹੱਕ ਹਿੱਸੇ ਤੇ ਉਸਦੀ ਆਵਾਜ਼ ਤੱਕ ਸ਼ਬਦਾਂ ਤੀਕ, ਕਿਸ ਤਰ੍ਹਾਂ ਕੈਦ ਕਰਕੇ ਰੱਖੇ ਗਏ ਹਨ। ਇਨਕਲਾਬੀ ਲਹਿਰ ਦੇ ਸਮੇਂ ਕੁਝ ਲਫ਼ਜ਼ ਤਾਂ ਮੁਕਤ ਹੋਏ ਸੀ। ਹੁਣ ਇਨਕਲਾਬ ਨਹੀਂ ਤਾਂ ਸੁਧਾਰਾਂ ਨਾਲ ਕੁਝ ਖੇਤ, ਕੁਝ ਮਕਾਨ ਵੀ ਜ਼ਰੂਰ ਆਜ਼ਾਦ ਹੋ ਜਾਣਗੇ। ਬੁਝਿਆ ਹੋਇਆ ਜੋਸ਼ ਫਿਰ ਤੋਂ ਜਾਗਣ ਲੱਗਾ ਸੀ। ਉਧਰ ਮਿਸਿਜ਼ ਸੰਮਾ ਸੱਟਾ ਦੇ ਤਬਕੇ ਵਿਚ ਧੜਾ-ਧੜ ਸ਼ਾਦੀਆਂ ਹੋ ਰਹੀਆਂ ਸਨ ਤੇ ਮੁੱਰਬੇ ਨਵੀਆਂ ਵਹੁਟੀਆਂ ਤੋਂ ਲੈ ਕੇ ਉਹਨਾਂ ਦੇ ਪੈਦਾ ਹੋਣ ਵਾਲੇ ਬੱਚਿਆਂ ਤੋਂ ਛੁੱਟ ਘੋੜਿਆਂ ਤੇ ਕੁੱਤਿਆਂ ਦੇ ਨਾਂ ਵੀ ਲਗਾਏ ਜਾ ਰਹੇ ਸਨ। ਹਾਲੀਂ ਇਧਰੋਂ ਕੁਝ ਵੀ ਅਮਲ ਵਿਚ ਨਹੀਂ ਆਇਆ ਸੀ। ਪਰ ਮੁਜ਼ਾਰੇ ਅਤੇ ਹਾਰੀ ਆਪਣੇ ਹਲ ਹੇਠਲੀ ਜ਼ਮੀਨ ਨੂੰ ਆਪਣੀ ਹੀ ਸਮਝਣ ਲੱਗ ਰਹੇ ਸੀ।

ਇਹੀ ਵਕਤ ਸੀ ਕਿ ਜਦੋਂ ਖਦੀਜਾ ਗੌਹਰ ਆਪਣੇ ਨਾਵਲ ਦਾ ਆਖ਼ਰੀ ਕਾਂਡ ਲਿਖ ਰਹੀ ਸੀ "ਆਉਣ ਵਾਲੇ ਮੌਸਮਾਂ ਦੀ ਫ਼ਸਲ" ਨਾਵਲ ਮੁਕੰਮਲ ਹੋ ਹੀ ਜਾਂਦਾ ਜੇ ਆਉਣ ਵਾਲੇ ਮੌਸਮ ਦੀ ਫ਼ਸਲ ਘਰ ਆ ਜਾਂਦੀ। ਪਰ ਨਹੀਂ, ਫਸਲ ਤਾਂ ਖੇਤ ਵਿਚ ਹੀ ਲੁੱਟੀ ਗਈ ਸੀ। ਪੀਪਲਜ਼ ਪਾਰਟੀ ਨੂੰ ਸੰਨ੍ਹ ਲੱਗ ਗਈ ਸੀ, ਲੈਫਟ ਰਾਈਟ ਦਾ ਵਿਰੋਧ



ਉਹਨਾਂ ਦੇ ਕੰਮ ਆਇਆ। ਜਿਨ੍ਹਾਂ ਦਾ ਜ਼ਮੀਨਾਂ ਤੇ ਕਬਜ਼ਾ ਸੀ, ਉਹਨਾਂ ਨੇ ਹੀ ਆਪਣਾ ਮੋਰਚਾ ਤਕੜਾ ਕਰ ਲਿਆ ਅਤੇ ਹੁਣ ਗੱਲ ਬਚਾਅ ਤੋਂ ਅੱਗੇ ਵਧ ਰਹੀ ਸੀ। ਉਸਨੂੰ ਲੱਗਿਆ ਹੌਲੀ-ਹੌਲੀ ਅੱਗੇ ਵਧ ਰਿਹਾ ਬੁੱਲਡੋਜ਼ਰ ਹੈ। ਜੋ ਆਖ਼ਿਰ ਉਹਨਾਂ ਦੀਆਂ ਆਸਾਂ ਨੂੰ, ਕੁਚਲਦਾ ਹੋਇਆ ਅੱਗੇ ਨਿਕਲ ਜਾਵੇਗਾ ਅਤੇ ਫਿਰ ਇਹੀ ਹੋਇਆ ਤੇ ਹੁੰਦਾ ਚਲਾ ਗਿਆ। ਪਰ ਸਾਰੇ ਸਦਮੇ ਇੱਕ ਵਾਰ ਹੀ ਆ ਜਾਂਦੇ ਤਾਂ ਏਨਾ ਬੁਰਾ ਤੇ ਨਾ ਹੁੰਦਾ। ਚੱਕ ਚਾਕਰਾਂ ਦੇ ਮੁਜ਼ਾਰਿਆਂ ਦੇ ਖੇਤਾਂ ਦੀਆਂ ਫਸਲਾਂ ਚੁੱਕਣ ਲਈ ਪੁਲਸ ਦੀ ਭਰਪੂਰ ਮਦਦ ਜ਼ਿਮੀਦਾਰਾਂ ਨੂੰ ਪਹੁੰਚੀ ਤਾਂ ਹੁਸੈਨ ਨੱਕੀ ਨੇ 'ਪੰਜਾਬ ਪੰਚ' ਵਿਚ ਲਿਖਿਆ "ਇਹ ਤੇ ਹੋਣਾ ਹੀ ਸੀ।" ਲਾਹੌਰ ਜਿਮਖਾਨਾ ਵਿਚ ਅੱਜ ਕੱਲ ਚਾਰੇ ਇਕੱਠੇ ਪੀਂਦੇ ਤੇ ਖੇਡਦੇ ਹਨ। ਅਰਥਾਤ ਪਾਰਟੀ ਵਾਲਾ, ਪੁਲਸ ਵਾਲਾ, ਜ਼ਰ ਵਾਲਾ ਤੇ ਜ਼ਮੀਨ ਵਾਲਾ...... ਖਦੀਜਾ ਗੌਹਰ ਦੇ ਨਾਵਲ ਵਿਚ ਆਸਾਂ ਦੀ ਫਸਲ ਉੱਜੜ ਜਾਣ ਦਾ ਕਾਂਡ ਵੀ ਸ਼ਾਮਿਲ ਹੋ ਗਿਆ ਤਾਂ ਉਸਨੇ ਲਿਖਣਾ ਬੰਦ ਕਰ ਦਿੱਤਾ।

ਖ਼ੁਦ ਉਸ ਨਾਲ ਕਿਹੜੀ ਘੱਟ ਹੋਈ ਸੀ। ਮਿਸਿਜ਼ ਸੰਮਾ ਸੱਟਾ ਦੇ ਪਤੀ ਦੀ ਤਰੱਕੀ ਵਾਰੀ ਤੋਂ ਪਹਿਲਾਂ ਹੋ ਗਈ ਤਾਂ ਕਾਰ ਦਾ ਸਾਈਜ਼ ਤੇ ਚਮਕ ਪਹਿਲਾਂ ਨਾਲੋਂ ਵੀ ਵਧ ਗਈ ਤੇ ਹੁਣ ਉਹ ਅੱਪਰ-ਮਾਲ ਦੀ ਸਰਕਾਰੀ ਦੀ ਕੋਠੀ ਵਿਚ ਆ ਕੇ ਰਹਿਣ ਲੱਗ ਪਈ ਸੀ। ਤੇ ਆਪਣੀ ਨਹਿਰ ਵਾਲੀ ਕੋਠੀ ਇਹਨਾਂ ਕਿਰਾਏ ਉੱਤੇ ਦੇ ਦਿੱਤੀ। ਹੁਣ ਉਥੇ ਕਿਸੇ ਦੂਸਰੇ ਦੇਸ਼ ਦੇ ਕੌਂਸਲ ਜਨਰਲ ਦੀ ਰਿਹਾਇਸ਼ ਸੀ। ਇੱਕ ਦਿਨ ਉਥੋਂ ਦੀ ਲੰਘਦੇ ਹੋਏ ਉਸਨੇ ਵੇਖਿਆ, ਕਿ ਐਨ ਉਸ ਥਾਂ ਤੇ, ਜਿੱਥੇ ਉਸਨੇ ਆਪਣੀ ਕਾਟੇਜ ਦੀ ਫੁਲਵਾੜੀ ਦੀ ਯੋਜਨਾ ਬਣਾਈ ਸੀ, ਗਾਰਡ ਰੂਮ ਬਣਾ ਦਿੱਤਾ ਗਿਆ ਸੀ। ਹੋਰ ਕੀ ਕੀ ਨਹੀਂ ਹੋਇਆ। ਪਾਰਟੀ ਦੇ ਵਰਕਰ ਰੁਲਦੇ ਫਿਰਦੇ ਤੇ ਵਿਰੋਧੀ ਚੜ੍ਹਤ ਵਿਚ ਆ ਗਏ। ਹੁਣ ਮਿਸਿਜ਼ ਸੰਮਾ ਸੱਟਾ ਗੱਲ ਕਰਦੀ ਤਾਂ ਇੰਝ ਜਿਵੇਂ ਉਸਦੇ ਜ਼ਖ਼ਮਾਂ ਉੱਤੇ ਲੂਣ ਛਿੜਕਦੀ "ਤੁਹਾਡੀ ਹਕੂਮਤ, ਤੁਹਾਡੀ ਪਾਰਟੀ" ਉਸਨੂੰ ਖ਼ਾਸ ਤੌਰ ਤੇ ਨੌਕਰਾਂ ਤੋਂ ਸ਼ਰਮ ਆਉਂਦੀ। ਜਿਹਨਾਂ ਦੀਆਂ ਆਸਾਂ ਉੱਤੇ ਪਾਣੀ ਫਿਰ ਗਿਆ ਸੀ ਤੇ ਜਿਹੜੇ ਕਿਸੇ ਸਹੂਲਤ ਦੇ ਉਮੀਦਵਾਰ ਸੀ, ਉਹ ਹੁਣ ਕਹਿਰ ਹੇਠ ਸੀ। ਉਹ ਆਖਦੀ, "ਸਾਡੀ ਪਾਰਟੀ ਹਾਈ ਜੈਕ (ਉਧਾਲੀ ਗਈ) ਹੋ ਗਈ ਹੈ ਨਾ। ਉਹ ਕਿਸੇ ਦੀ ਮਦਦ ਨਹੀਂ ਸੀ ਕਰ ਸਕਦੀ, ਕਿਸੇ ਲਈ ਇਤਰਾਜ਼ ਨਹੀਂ ਕਰ ਸਕਦੀ ਸੀ ਤੇ ਨਬੀਲਾ, ਜਿਸਦੀ ਬਦਲੀ ਹੋ ਚੁੱਕੀ ਸੀ, ਇੱਕ ਦਿਨ ਮਿਲੀ ਤੇ ਕਹਿਣ ਲੱਗੀ, "ਇਸ ਨਾਲੋਂ ਤਾਂ ਉਹੀ ਦਿਨ ਚੰਗੇ ਸਨ, ਜਦੋਂ ਪਾਰਟੀ ਦੀ ਸਰਕਾਰ ਨਹੀਂ ਸੀ ਬਣੀ। ਲੋਕਾਂ ਦਾ ਸੰਘਰਸ਼ ਅਜਾਈਂ ਚਲੇ ਗਿਆ ਤੇ ਇਹ ਗੁਰਗੇ ਹੁਣ ਕੈਸੀ ਦੂਹਰੀ ਆਰੀ ਚਲਾ ਰਹੇ ਹਨ। ਵਰਕਰ ਹੀ ਜੇ ਆਪਣੀ ਪਾਰਟੀ ਦੀ ਸਰਕਾਰ ਤੋਂ ਤੰਗ ਹੋ ਜਾਣ ਤਾਂ ਫਿਰ ..........।

"ਤਾਂ ਵੀ ਨੁਕਸਾਨ ਸਿਰਫ਼ ਲੋਕਾਂ ਦਾ ਹੀ ਹੋਵੇਗਾ ਵੇਖ ਲੈਣਾ।" ਉਸਨੇ ਜਵਾਬ

ਦਿੱਤਾ। ਚਾਰ ਸਾਲ ਲੰਘ ਗਏ।

ਤੇ ਫਿਰ ਉਹਨਾਂ ਦੋਹਾਂ ਤੇ ਸਾਰੇ ਲੋਕਾਂ ਨੇ ਵੇਖਿਆ। ਉਸਦੀ ਤਲਖ਼ੀ ਨਾਲ ਵਰ੍ਹਿਆਂ ਤੀਕ ਮੂੰਹ ਕੌੜਾ ਰਿਹਾ। ਪਹਿਲੀ ਕੜਵਾਹਟ ਤਾਂ ਉਸਨੇ ਉਦੋਂ ਮਹਿਸੂਸ ਕੀਤੀ, ਜਦੋਂ ਉਸਦੀ ਕਿਤਾਬ ਜ਼ਬਤ ਹੋਈ। ਉਸਨੂੰ ਮਾਲੂਮ ਸੀ, ਰਿਪੋਰਟਾਂ ਕਰਨ ਵਾਲੇ ਕੌਣ ਸੀ ਤੇ ਉੱਤੇ ਤਾਂ ਉਹੀ ਪੁਰਾਣੀ ਅਫਸਰਸ਼ਾਹੀ ਸੀ ਨਾ ਤੇ ਬਹੁਤ ਉੱਤੇ ਲੋਕ-ਰਾਜ ਦਾ ਲੀਡਰ ਕਿੰਨੇ ਅੰਨੇ ਬੋਲੇ ਚੈਂਬਰ ਵਿਚ ਕੁਰਸੀ ਲਾਈ ਬੈਠਾ ਸੀ।

ਉਹੀ ਜਗ੍ਹਾ ਸੀ ਜਿੱਥੋਂ ਉਸਨੇ ਗ੍ਰਿਫਤਾਰ ਵੀ ਹੋਣਾ ਸੀ। ਉਹ ਦਿਨ ਨਹੀਂ, ਉਹ ਰਾਤ ਨਹੀਂ। ਬਹੁਤ ਕਾਲੀ ਰਾਤ। ਜਦੋਂ ਉਸਨੂੰ ਬੰਦੂਕਾਂ ਦੀ ਛਾਂ ਹੇਠ ਲਿਜਾ ਕੇ ਜੇਲ੍ਹ ਦੀ ਕੋਠੜੀ ਤੀਕ ਪਹੁੰਚਾ ਦਿੱਤਾ ਗਿਆ। ਮਾਰਸ਼ਲ-ਲਾ ਤੇ ਬਹੁਤ ਖ਼ੌਫਨਾਕ। ਪਰ ਮਿਸਿਜ਼ ਸੰਮਾ ਸੱਟਾ ਦੇ ਚਿਹਰੇ ਉੱਤੇ ਖੁਸ਼ੀ ਲਹਿਰਾ ਲੈ ਰਹੀ ਸੀ। ਉਸਨੇ ਕਾਲਜ ਵਿਚ ਮੀਲਾਦ (ਇਸਲਾਮੀ ਰਸਮ) ਕਰਵਾ ਦਿੱਤਾ ਤੇ ਸ਼ੁਕਰਾਨੇ ਦੇ ਕਫਲ - ਤਾਂ ਉਸਦਾ ਸਾਰਾ ਤਬਕਾ ਹੀ ਪੜ੍ਹ ਰਿਹਾ ਸੀ। ਉਹਨਾਂ ਦੀਆਂ ਜ਼ਮੀਨਾਂ ਤੇ ਕੋਠੀਆਂ ਹਮੇਸ਼ਾਂ ਲਈ ਸੁਰੱਖਿਅਤ ਹੋ ਗਈਆਂ ਸੀ ਨਾ ਤੇ ਇੱਜ਼ਤ ਵੀ। ਕਿਉਂਕਿ ਉਹਨਾਂ ਦੇ ਕਹਿਣ ਅਨੁਸਾਰ, "ਭੁੱਟੋ ਨੇ ਸਾਰੇ ਚੂਹੜੇ ਚਮਾਰਾਂ ਨੂੰ ਸਿਰ ਤੇ ਚੜ੍ਹਾ ਦਿੱਤਾ ਸੀ।" ਅਤੇ ਇਹ ਗੱਲ ਇੱਕ ਹੱਦ ਤੀਕ ਠੀਕ ਵੀ ਸੀ। ਝੁਕੀਆਂ ਅੱਖਾਂ ਤੇ ਕੁਬੀਆਂ ਕਮਰਾਂ ਵਾਲੇ ਹੁਣ ਸਿੱਧੇ ਖੜ੍ਹੇ ਹੋ ਕੇ ਉੱਪਰ ਵੇਖਣਾ ਤਾਂ ਸਿੱਖ ਹੀ ਗਏ ਸਨ। ਰੋਟੀ, ਕੱਪੜਾ ਅਤੇ ਮਕਾਨ ਨਹੀਂ ਮਿਲਿਆ ਤਾਂ ਨਾ ਸਹੀ.... ਤੇ ਹੁਣ ਉਹਨਾਂ ਨੂੰ ਦੁਬਾਰਾ ਝੁਕਾਉਣ ਲਈ ਕੋੜੇ ਮਾਰੇ ਜਾ ਰਹੇ ਸੀ ਤੇ ਉਹ ਇਤਰਾਜ਼ ਵੀ ਕਰ ਰਹੇ ਸਨ ਅਤੇ ਇਹ ਸਵਾਲ ਤਾਂ ਫਾਂਸੀ ਦੇ ਤਖ਼ਤੇ ਉੱਤੇ ਵੀ ਉਠਾਏ ਜਾ ਰਹੇ ਸਨ ਕਿ ਉਹਨਾਂ ਨੂੰ ਸਜ਼ਾ ਕਿਉਂ ਦਿੱਤੀ ਗਈ? ਕੀ ਇਸ ਲਈ ਕਿ ਉਸਨੇ ਗੂੰਗੀ ਖਲਕਤ ਨੂੰ ਬੋਲਣਾ ਸਿਖਾ ਦਿੱਤਾ ਸੀ। ਜਾਂ ਇਸ ਲਈ ਕਿ ਉਸਨੇ ਵਾਅਦਾ ਕੀਤਾ ਸੀ, ਵਾਅਦਾ ਕਰਨ ਵਾਲਾ ਤਾਂ ਕਾਲ਼ ਕੋਠੜੀ ਵਿਚ ਬੰਦ ਸੀ।

ਇਹਨਾਂ ਹੀ ਦਿਨਾਂ ਵਿਚ ਕਿਸੇ ਨੇ ਸੂਚਨਾ ਦਿੱਤੀ ਕਿ ਲਿਸਟਾਂ ਬਣ ਰਹੀਆਂ ਹਨ। ਕਈ ਤਰ੍ਹਾਂ ਦੀਆਂ ਕਾਰਵਾਈਆਂ ਹੋਣਗੀਆਂ। ਬਦਲੀ, ਨੌਕਰੀ ਤੋਂ ਕੱਢਣਾ ਤੇ ਗ੍ਰਿਫਤਾਰ ਕੀਤਾ ਜਾਣਾ, ਕੁਝ ਵੀ ਹੋ ਸਕਦਾ ਹੈ। ਕੁਫ਼ਰ ਦਾ ਫਤਵਾ ਵੀ ਲੱਗ ਸਕਦਾ ਹੈ। ਕਿਉਂਕਿ ਹੁਣ ਤਾਕਤ ਦੀ ਅੰਨੀ ਸ਼ਕਤੀ ਵਿਚ ਫੌਜਾਂ ਦੇ ਨਾਲ ਮੁੱਲਾਂ ਦੀ ਵੀ ਭਿਆਲੀ ਹੈ। ਬਹੁਤ ਕੁਝ ਹੋਇਆ ਵੀ। ਮੁਅੱਤਲੀਆਂ, ਗ੍ਰਿਫਤਾਰੀਆਂ, ਮੁਕੱਦਮੇ... ਪਰ ਸਭ ਤੋਂ ਵੱਡਾ ਮੁਕੱਦਮਾ ਤਾਂ ਖ਼ੁਦ ਉਸੇ ਲੀਡਰ ਉੱਤੇ ਚੱਲ ਰਿਹਾ ਸੀ। ਜਿਸਨੇ ਜਨਤਾ ਨੂੰ ਸਿਆਸੀ ਤਾਕਤ ਦਾ ਜਲ ਸੋਮਾ (ਚਸ਼ਮਾ) ਬਣਾਕੇ ਤਾਕਤ ਹਾਸਿਲ ਕੀਤੀ ਸੀ। ਉਸਦੀ ਸਜ਼ਾ ਮੌਤ ਤੋਂ ਘੱਟ ਕੀ ਹੋਵੇਗੀ? ਹੁਣ ਉਹ ਕਾਲ-ਕੋਠੜੀ ਵਿਚ ਸੀ ਤੇ ਹੁਣ ਤਾਂ ਖੱਬੇ ਪੱਖੀ ਵੀ ਗੱਲਾਂ ਕਰ ਰਹੇ ਸੀ ਕਿ ਇਸ ਤਰ੍ਹਾਂ ਤਾਂ ਹੋਣਾ ਹੀ ਸੀ। ਕੁਝ ਸਾਲ ਪਹਿਲੇ ਚਿੱਲੀ ਦੇ ਲੀਡਰ, ਅਲੈਂਡੇ ਨਾਲ



ਇਹੋ ਕੁਝ ਤਾਂ ਹੋ ਚੁੱਕਾ ਸੀ। ਕੀ ਆਖ਼ਰੀ ਅੰਤ ਵੀ ਉਹੀ ਹੋਵੇਗਾ? ਉਸਦਾ ਦਿਲ ਡਰ ਜਾਂਦਾ। ਅਲਾਂਡੇ ਨੂੰ ਉਨ੍ਹਾਂ ਨੇ ਮਾਰ ਦਿੱਤਾ ਸੀ। ਪਰ ਇੱਥੇ ਤਾਂ ਸਾਹ ਦਿਵਾ ਦਿਵਾ ਕੇ ਮਾਰ ਰਹੇ ਸੀ। ਬਚ ਨਿਕਲਣ ਤੇ ਬਚਾ ਲੈਣ ਦੀ ਜੱਦੋ-ਜ਼ਹਿਦ ਸੀ। ਪਰ ਅਤਿ ਦੀ ਗੈਰ-ਜਥੇਬੰਦ ਤੇ ਖਿੰਡੀ, ਖਿੰਡੀ। ਫਿਰ ਵੀ ਰਿਕਾਰਡ ਤਾਂ ਬਣ ਹੀ ਰਹੇ ਸੀ। ਪੱਤਰਕਾਰਾਂ ਉੱਤੇ ਕੋੜੇ ਬਰਸ ਰਹੇ ਸੀ, ਔਰਤਾਂ ਦੇ ਪੈਰਾਂ ਨੂੰ ਜੰਜੀਰਾਂ ਪਾਈਆਂ, ਨਾਬਾਲਗ ਲੜਕੇ ਫਾਂਸੀ ਚੜ੍ਹਾ ਦਿੱਤੇ ਗਏ ਤੇ ਵਰਗ-ਵੰਡ ਤਾਂ ਕਮਾਲ ਦੀ ਸੀ। ਨਬੀਲਾ ਤੇ ਕਥਨ ਅਨੁਸਾਰ, ਉਹਨਾਂ ਦੀ ਕੋਈ ਯੋਜਨਾ ਗੁਪਤ ਨਹੀਂ ਸੀ ਰਹਿ ਗਈ। ਉਹਨਾਂ ਦੀ ਹਰ ਗੱਡੀ ਵਿਚ ਸਾਡਾ ਡਰਾਈਵਰ ਬੈਠਾ ਸੀ। ਹਰ ਦੁਕਾਨ ਉੱਤੇ ਸੇਲਜਮੈਨ ਸਾਡਾ ਹੈ ਤੇ ਹਰ ਦਫਤਰ ਵਿਚ ਚਪੜਾਸੀ ਤੇ ਹਰ ਕੋਠੀ ਦੀ ਰਸੋਈ ਵਿਚ ਖਾਨਸਾਮਾ ਸਾਡੀ ਧਿਰ ਦਾ ਸੀ।

ਹੁਣ ਇਹ ਨਿੱਤ ਦੀ ਗੱਲ ਸੀ ਕਿ ਕਾਲਜ ਦੇ ਸਭ ਛੋਟੇ ਮੁਲਾਜ਼ਮ ਕਿਸੇ ਵੱਖਰੇ ਕੋਨੇ ਵਿਚ ਜਾ ਕੇ ਚੁਪਕੇ-ਚੁਪਕੇ ਗੱਲਾਂ ਕੀਤਾ ਕਰਦੇ, ਤੇ ਮਿਸਿਜ਼ ਸੰਮਾ ਸੱਟਾ ਦਾ ਡਰਾਈਵਰ ਵੀ ਗੱਡੀ ਵਿਚ ਬਹਿ ਕੇ ਉਡੀਕ ਦੀਆਂ ਘੜੀਆਂ ਬਿਤਾਉਣ ਦੀ ਥਾਂ ਉਹਨਾਂ ਦੇ ਲਾਗੇ ਹੀ ਬੈਠਦਾ। ਅਸਲ ਵਿਚ ਉਸਦੀ ਉਡੀਕ ਉਹ ਸਾਰੇ ਹੀ ਕਰਦੇ ਸਨ। ਕਿਉਂਕਿ ਉਹ ਸਿੱਧਾ ਹਾਈਕੋਰਟ ਤੋਂ ਖ਼ਬਰਾਂ ਲਿਆਉਂਦਾ ਸੀ। ਉਹਨੀਂ ਦਿਨੀਂ ਲੋਕ-ਰਾਜ ਦੇ ਲੀਡਰ ਉੱਤੇ ਮੁਕੱਦਮੇ ਦਾ ਡਰਾਮਾ ਉਥੇ ਹੀ ਕੀਤਾ ਜਾ ਰਿਹਾ ਸੀ। ਫਿਰ ਇਕ ਦਿਨ ਅਜਿਹਾ ਵੀ ਆਇਆ, ਜਦੋਂ ਉਸਦੀ ਕਾਲੀ ਲੰਮੀ ਝੰਡੀ ਵਾਲੀ ਗੱਡੀ ਦੀ ਡਿੱਗੀ ਵਿਚ ਬਹੁਤ ਹੀ ਖ਼ੁਸ਼ਬੂਦਾਰ ਜ਼ਰਦੇ ਦੀਆਂ ਤਿੰਨ ਦੇਗਾਂ ਸਨ। ਪਹਿਲੀਆਂ ਤਿੰਨ ਖ਼ਲੀਫਿਆਂ ਦੇ ਨਾਂ ਦੀਆਂ। ਉਹ ਤਿੰਨ ਦੇਗਾਂ ਫੈਸਲੇ ਦੀ ਖੁਸ਼ੀ ਵਿਚ ਵੰਡਣ ਦੇ ਵਾਸਤੇ ਸਨ। ਉਸ ਦਿਨ ਅਜੀਬ ਹਾਲਤ ਸੀ। ਉਹ ਸਾਰੇ ਰੋਏ ਸਨ। ਉਹਨਾਂ ਦੇ ਲੀਡਰ ਦੀ ਫਾਂਸੀ ਦਾ ਫੈਸਲਾ ਹੋ ਗਿਆ ਸੀ ਅਤੇ ਮਿਸਿਜ਼ ਸੰਮਾ ਸੱਟਾ ਉਹਨਾਂ ਨੂੰ ਜ਼ਰਦਾ ਖਵਾਉਣਾ ਚਾਹੁੰਦੀ ਸੀ। ਜ਼ਖ਼ਮਾਂ ਉੱਤੇ ਲੂਣ ਛਿੜਕਣ ਦੀ ਥਾਂ ਮਿੱਠਾ। ਅਜਿਹਾ ਕੋਈ ਮੁਹਾਵਰਾ ਪਹਿਲਾਂ ਤੋਂ ਪ੍ਰਾਪਤ ਨਹੀਂ ਸੀ। ਐਪਰ ਅਜਿਹਾ ਕੋਈ ਜ਼ਮਾਨਾ। ਏਨਾ ਅਜੀਬ ਜ਼ਮਾਨਾ ਵੀ ਪਹਿਲਾਂ ਕਦੋਂ ਆਇਆ ਸੀ? ਗਰੀਬਾਂ ਨੇ ਜ਼ਰਦਾ ਖਾਣ ਤੋਂ ਇਨਕਾਰ ਕਰ ਦਿੱਤਾ ਤਾਂ ਮਿਸਿਜ਼ ਸੰਮਾ ਸੱਟਾ ਨੇ ਗੁੱਸੇ ਵਿਚ ਆ ਕੇ ਸਿਰਫ਼ ਐਨਾ ਹੀ ਕਿਹਾ, "ਇਹ ਸਭ ਉਸੇ ਦੇ ਵਿਗਾੜੇ ਹੋਏ ਨੇ।" ਠੀਕ ਹੀ ਉਸ ਦਿਨ ਪਾਕਿਸਤਾਨ ਦੇ ਸਾਰੇ ਗਰੀਬ ਫਿੱਟ ਗਏ ਸੀ। ਅਨਾਰਕਲੀ ਦੇ ਸੇਠਾਂ ਨੇ ਵੀ ਬਾਦਾਮ ਪਿਸਤੇ ਵਾਲਾ ਹਲਵਾ ਵੰਡਿਆ ਸੀ। ਪਰ ਸੇਲਜ਼ਮੈਨਾਂ ਨੇ ਚੁੱਕ ਕੇ ਨਾਲੀ ਵਿਚ ਸੁੱਟ ਦਿੱਤਾ।

ਅਸਲ ਗੱਲ ਤਾਂ ਜ਼ਾਹਿਦਾ ਨੇ ਆਖੀ ਸੀ। ਅਮੀਰਾਂ ਦੀ ਖੁਸ਼ੀ ਤੇ ਗਰੀਬਾਂ ਦਾ ਗ਼ਮ ਹਮੇਸ਼ਾ ਆਪਣੀ-ਆਪਣੀ ਥਾਂ ਰਹੇ। ਦੋਵਾਂ ਨੇ ਆਪਣੀ ਆਪਣੀ ਸੁਗਾਤ ਨੂੰ ਕਦੀ ਇਕ ਦੂਸਰੇ ਨਾਲ ਵੰਡਿਆ ਨਹੀਂ। ਪਰ ਕਦੇ ਇਸ ਤਰ੍ਹਾਂ ਵੀ ਤੇ ਨਹੀਂ ਹੋਇਆ ਹੋਵੇਗਾ। ਇਸ

ਤਰ੍ਹਾਂ ਆਹਮਣੇ ਸਾਹਮਣੇ ..........।

ਕਿਸ ਤਰ੍ਹਾਂ? ਮੈਂ ਪੁੱਛਿਆ ਤਾਂ ਉਸਨੇ ਇਕ ਐਸੀ ਗੱਲ ਆਖੀ ਜਿਹੜੀ ਅੱਜ ਤੀਕ ਧਿਆਨ ਦੇਣ ਯੋਗ ਹੈ। "ਇਕ ਹੀ ਗੱਲ ਲਈ। ਇੱਕ ਪਾਸੇ ਐਨੀ ਖ਼ੁਸ਼ੀ ਤੇ ਦੂਸਰੇ ਪਾਸੇ ਐਨਾ ਦੁੱਖ ਤੇ ਇੰਝ ਆਹਮਣੇ-ਸਾਹਮਣੇ ਇਕ ਦੂਸਰੇ ਦਾ ਮੂੰਹ ਚਿੜਾਉਂਦੇ ਹੋਏ। ਇਕ ਦੂਸਰੇ ਨੂੰ ਫਿਟਕਾਰਦੇ ਹੋਏ। ਅਜਿਹਾ ਹੀ ਇੱਕ ਪਲ ਉਸਦੇ ਸਾਹਮਣੇ ਆਇਆ ਸੀ। ਜਦੋਂ ਇੱਕ ਦਿਨ ਮਿਸਿਜ਼ ਸੰਮਾ ਸੱਟਾ ਨੇ ਕਿਹਾ, "ਮੈਂ ਤਾਂ ਭੁੱਟੋ ਦਾ ਲਹੂ ਪੀਣਾ ਚਾਹੁੰਦੀ ਹਾਂ ਤੇ ਖ਼ੂਬ ਪਿਆਲਾ ਭਰ ਕੇ।" ਇਸ ਤੋਂ ਪਹਿਲਾਂ ਅਜਿਹੀਆਂ ਕਈ ਗੱਲਾਂ ਉਹ ਅਣਸੁਣੀਆਂ ਕਰ ਜਾਂਦੀ ਸੀ, ਪਰ ਅੱਜ ਨਹੀਂ.... ਬੜੀ ਮੁਸ਼ਕਿਲ ਨਾਲ ਉਸਨੇ ਆਪਣੇ ਅੰਦਰ ਦੇ ਤਣਾਓ ਨੂੰ ਘੱਟ ਕਰਕੇ ਨਾਰਮਲ ਲਹਿਜ਼ੇ ਵਿਚ ਪੁੱਛਿਆ, "ਮਿਸਿਜ਼ ਸੰਮਾ ਸੱਟਾ ਇੱਕ ਗੱਲ ਤਾਂ ਦੱਸਣਾ। ਮੈਂ ਸਿਰਫ਼ ਆਪਣੇ ਆਮ ਗਿਆਨ ਲਈ ਪੁੱਛ ਰਹੀ ਹਾਂ। ਭੁੱਟੋ ਨੇ ਵਜ਼ੀਰੇ ਆਜ਼ਮ ਬਣਕੇ ਤੁਹਾਡੇ ਪਤੀ ਨੂੰ ਤਰੱਕੀ ਦਿੱਤੀ। ਆਪ ਨੂੰ ਪਲਾਟ ਦਿੱਤੇ, ਕੋਠੀ ਦਿੱਤੀ। ਆਪ ਦੇ ਮੁਰੱਬਿਆਂ ਨੂੰ ਸੁਰੱਖਿਅਤ ਕੀਤਾ। ਪਰ ਆਪ ਉਸਦੇ ਖ਼ੂਨ ਦੀ ਪਿਆਸੀ ਹੋ। ਦੂਸਰੀ ਤਰਫ਼ ਸਾਨੂੰ ਉਸਨੇ ਕੁਝ ਵੀ ਨਹੀਂ ਦਿੱਤਾ। ਉਲਟਾ ਸਾਡੇ ਕੁਝ ਸੁਪਨੇ ਖੋਹ ਲਏ। ਪਰ ਫਿਰ ਵੀ ਅਸੀਂ ਉਸਦੀ ਜ਼ਿੰਦਗੀ ਚਾਹੁੰਦੇ ਹਾਂ। ਅਸੀਂ ਅਰਥਾਤ ਚਿੱਟ ਕੱਪੜੀਏ ਲੋਕੀਂ। ਪਰ ਉਹ ਮੈਲੇ ਕਪੜਿਆਂ ਵਾਲੇ..... ਉਸਨੇ ਹੱਥ ਨਾਲ ਉਧਰ ਇਸ਼ਾਰਾ ਕੀਤਾ, ਜਿੱਥੇ ਚੌਥੇ ਦਰਜ਼ੇ ਦੇ ਮੁਲਾਜ਼ਮ ਖਲੋਤੇ ਸੀ, ਉਹ ਤਾਂ ਉਸ ਲਈ ਜਾਨ ਕੁਰਬਾਨ ਕਰ ਰਹੇ ਹਨ।"

ਉਸਦੀ ਇਹ ਗੱਲ ਸੁਣਕੇ ਮਿਸਿਜ਼ ਸੰਮਾ ਸੱਟਾ ਦਾ ਬੇਹੱਦ ਗੋਰਾ ਰੰਗ ਅੱਗ ਦੇ ਰੰਗ ਵਰਗਾ ਹੋ ਗਿਆ ਤੇ ਉਸਨੇ ਆਪਣਾ ਵੱਡਾ ਸਾਰਾ ਮੂੰਹ ਖੋਲ੍ਹ ਕੇ ਕੁਝ ਆਖਣਾ ਚਾਹਿਆ, ਪਰ ਕਿਹਾ ਨਹੀਂ ਗਿਆ। ਸ਼ਾਇਦ ਉਸਦੀ ਇੱਟ ਦੇ ਜਵਾਬ ਵਿਚ ਪੂਰੇ ਸਾਈਜ਼ ਦਾ ਪੱਥਰ ਨਹੀਂ ਲੱਭਿਆ ਸੀ। ਪਰ ਪਿੱਛੋਂ ਉਹ ਕਿਸੇ ਨੂੰ ਕਹਿੰਦੀ ਸੁਣੀ ਗਈ ਕਿ ਉਸਨੂੰ ਵੇਖੇਗੀ।" ਤੇ ਫਿਰ ਵੇਖਣ ਦਾ ਦਿਨ ਵੀ ਛੇਤੀ ਹੀ ਆ ਗਿਆ। ਉਸਨੇ ਇੱਕ ਠਿੰਗਣੇ ਜਿਹੇ ਕੱਦ ਦੇ ਆਦਮੀ ਨੂੰ ਮਿਸਿਜ਼ ਸੰਮਾ ਸੱਟਾ ਦੇ ਦਫ਼ਤਰ ਵਿਚੋਂ ਨਿਕਲਦੇ ਵੇਖਿਆ ਅਤੇ ਥੋੜ੍ਹੀ ਦੇਰ ਬਾਅਦ ਉਹ ਗੇਟ ਤੇ ਖਲੋਤੇ ਚੌਂਕੀਦਾਰ ਕੋਲੋਂ ਉਸਦੇ ਘਰ ਦਾ ਪਤਾ ਪੁੱਛ ਰਿਹਾ ਸੀ। ਉਸ ਰਾਤ ਸ਼ਹਿਰ ਵਿਚ ਭਾਰੀ ਗ੍ਰਿਫਤਾਰੀਆਂ ਹੋਈਆਂ। ਗ੍ਰਿਫਤਾਰ ਕੀਤੇ ਜਾਣ ਵਾਲਿਆਂ ਵਿਚ ਬਹੁਤ ਸਾਰੇ ਉਸਤਾਦ, ਲੇਖਕ, ਵਕੀਲ ਤੇ ਪੱਤਰਕਾਰ ਸੀ ਤੇ ਇਹ ਕੋਈ ਨਵੀਂ ਗੱਲ ਨਹੀਂ ਸੀ। ਪਿਛਲੇ ਅਠਾਰਾਂ ਮਹੀਨਿਆਂ ਵਿਚ ਲੱਖਾਂ ਸਿਆਸੀ ਵਰਕਰ ਗ੍ਰਿਫ਼ਤਾਰ ਕੀਤੇ ਗਏ ਸਨ। ਪਰ ਹੁਣ ਇਹ ਕੋਈ ਨਵਾਂ ਸਿਲਸਿਲਾ ਸੀ। ਬੱਤੀਆਂ ਗੁੱਲ ਕਰਨ ਦਾ ਸਿਲਸਿਲਾ - ਜਿਵੇਂ ਕਿ ਕਿਸੇ ਨੇ ਬਾਅਦ ਵਿਚ ਕਿਹਾ, "ਬੱਤੀਆਂ ਬੁਝਾ ਦਿਓ ਤੇ ਅੰਡਰ ਗਰਾਊਂਡ ਚਲੇ ਜਾਓ।"



ਉਸੇ ਲਿਸਟ ਵਿਚ ਉਸਦਾ ਨਾਮ ਵੀ ਪਵਾਇਆ ਗਿਆ ਸੀ। ਮਾਰਸ਼ਲ-ਲਾ ਦੀ ਸ਼ਬਦਾਵਲੀ ਵਿਚ ਪ੍ਰਗਤੀਵਾਦੀ ਸੋਚ ਵਾਲੇ ਲੋਕਾਂ ਨੂੰ ਤਖਰੀਬਕਾਰ (ਭੰਨ ਤੋੜ ਕਰਨ ਵਾਲੇ) ਕਿਹਾ ਜਾਂਦਾ ਸੀ। ਦਸ ਸਾਲ ਪਹਿਲਾਂ ਉਹਨਾਂ ਨੇ ਬਹੁਤ ਸਾਰੇ 'ਤਖਰੀਬਕਾਰ' ਮਾਰ ਦਿੱਤੇ ਸਨ। ਹੁਣ ਲਾਹੌਰ ਵਿਚ ਫੜੇ ਜਾ ਰਹੇ ਸਨ। ਫੜਨ ਦਾ ਤਰੀਕਾ ਬਹੁਤ ਹੀ ਖ਼ੌਫਨਾਕ ਸੀ। ਅੱਧੀ ਰਾਤ ਦੇ ਹਨ੍ਹੇਰੇ ਵਿਚ ਕਿਸੇ ਦੇ ਘਰ ਹਮਲਾ ਹੁੰਦਾ। ਇੱਕ ਬੰਦਾ ਫੜਨ ਲਈ ਜੀਪਾਂ, ਬੰਦੂਕਾਂ ਅਤੇ ਫੌਜਾਂ ਦੀ ਵਰਤੋਂ ਹੁੰਦੀ ਅਤੇ ਖ਼ੌਫ ਦੇ ਪਹਿਰੇ ਵਿਚ ਹਰ ਤਰਫ਼ ਬਿਠਾ ਕੇ ਉਹ ਚਲੇ ਜਾਂਦੇ। ਪਰ ਉਸਦੀ ਕਹਾਣੀ ਜ਼ਰਾ ਵੱਖਰੀ ਵਿਸਥਾਰ ਵਾਲੀ ਸੀ। ਬੇਸ਼ੱਕ ਉਸਦੀ ਸ਼ਨਾਖ਼ਤ ਮਿਸਿਜ਼ ਸੰਮਾ ਸੱਟਾ ਨੇ ਕਾਲਜ ਵਿਚ ਕਰਵਾ ਦਿੱਤੀ ਸੀ। ਪਰ ਗ੍ਰਿਫਤਾਰੀ ਤਾਂ ਅੱਧੀ ਰਾਤ ਨੂੰ ਉਸਦੇ ਘਰ ਦੀ ਚਾਰਦੀਵਾਰੀ ਤੋਂ ਹੀ ਹੋਣੀ ਸੀ। ਸਭ ਨੂੰ ਇਸੇ ਤਰ੍ਹਾਂ ਰਾਤ ਦੇ ਹਨ੍ਹੇਰੇ ਵਿਚ ਉਠਾ ਕੇ ਗਾਇਬ ਕਰ ਦਿੱਤਾ ਜਾਂਦਾ ਸੀ। ਅਤਿ ਦੀ ਖ਼ਤਰਨਾਕ ਬਾਤ ਇਹੀ ਸੀ। ਕਿਸੇ ਨੂੰ ਪਤਾ ਨਾ ਹੁੰਦਾ, ਖ਼ੁਦ ਫੜੇ ਜਾਣ ਵਾਲੇ ਨੂੰ ਵੀ ਨਹੀਂ ਕਿ ਉਹ ਕਿੱਥੇ ਹੈ ਅਤੇ ਉਸਦਾ ਬਣੇਗਾ ਕੀ?

ਅੰਨ੍ਹੀ ਕਾਲੀ ਰਾਤ ਤਾਰਾ ਕੋਈ ਨਾ,
ਪਹਿਰਾ ਘੇਰਾ ਹਰ ਤਰਫ਼ ਚਾਰਾ ਕੋਈ ਨਾ।

ਛੁੱਟੀ ਤੋਂ ਬਾਅਦ ਕਾਲਜ ਗੇਟ ਦੇ ਕਰੀਬ ਆ ਕੇ ਉਸਨੇ ਆਪਣੇ ਪਰਸ ਦੀ ਜ਼ਿੱਪ ਖੋਲ੍ਹੀ ਅਤੇ ਅੰਦਰ ਝਾਕ ਕੇ ਅੰਦਾਜ਼ਾ ਕਰ ਲਿਆ। ਰਿਕਸ਼ੇ ਦੇ ਪੈਸੇ ਪੂਰੇ ਨਹੀਂ ਸੀ ਤੇ ਉਹ ਪੈਦਲ ਹੀ ਚੱਲ ਪਈ। ਪਰ ਅਜੇ ਸੌ ਕਦਮ ਵੀ ਨਾ ਗਈ ਸੀ ਕਿ ਹਾਰਨ ਵਜਾਈ ਕਾਲੀ ਮਰਸੀਡੀਜ਼ ਉਸਦੇ ਕਰੀਬ ਆ ਕੇ ਰੁਕ ਗਈ ਤੇ ਖ਼ੁਦ ਮਿਸਿਜ਼ ਸੰਮਾ ਸੱਟਾ ਨੇ ਸਿਰ ਬਾਹਰ ਕੱਢ ਕੇ ਆਵਾਜ਼ ਦਿੱਤੀ, "ਆਓ ਆਪ ਨੂੰ ਘਰ ਛੱਡ ਆਈਏ।" ਉਸਨੂੰ ਭੁਚੱਕਾ ਜਿਹਾ ਲੱਗਾ। ਇਹ ਵੀ ਇੱਕ ਤਰੀਕਾ ਹੁੰਦਾ ਹੈ, ਕਿਸੇ ਨੂੰ ਉਸਦੀ ਹਾਰ ਜਤਲਾਉਣ ਦਾ। "ਜੀ ਨਹੀਂ, ਮੈਂ ਚਲੀ ਜਾਊਂਗੀ।" ਉਹ ਫਨੀਅਰ ਨਾਗਣ ਦੀ ਤਰ੍ਹਾਂ ਫੁੰਕਾਰੀ ਅਤੇ ਤੇਜ਼-ਤੇਜ਼ ਕਦਮ ਉਠਾਉਂਦੀ ਫੁੱਟਪਾਥ ਉੱਤੇ ਤੁਰਨ ਲੱਗੀ। ਰਾਹ ਵਿਚ ਉਸਨੂੰ ਕੌਣ-ਕੌਣ ਮਿਲਿਆ ਅਸਗਰ ਅਲੀ। ਬਹੁਤ ਭੇਤ-ਭਰੇ ਢੰਗ ਨਾਲ ਉਸਨੇ ਇਕ ਜਗ੍ਹਾ ਦਾ ਨਾਮ ਦੱਸਿਆ। ਉਥੇ ਆ ਜਾਣਾ। ਅੱਜ ਉਸਦੀ 'ਵਰ੍ਹੇ-ਗੰਢ' ਹੈ ਨਾ। ਉਹ ਜਿਸਨੂੰ ਫਾਂਸੀ ਹੋਣ ਵਾਲੀ ਸੀ। ਉਸਦੀ ਵਰ੍ਹੇ-ਗੰਢ? ਪਰ ਜ਼ਿਆਦਾ ਸਦਮੇ ਵਾਲੀ ਗੱਲ ਦੂਸਰੀ ਸੀ। ਕਿੱਥੇ ਲੱਖਾਂ-ਲੱਖਾਂ ਦਾ ਹਜੂਮ ਉਸਦੀ ਜ਼ਿੰਦਾਬਾਦ ਕਰਦਾ ਸੀ ਤੇ ਹੁਕਮਰਾਨ ਘਬਰਾਏ-ਘਬਰਾਏ ਫਿਰਦੇ ਹੁੰਦੇ ਸੀ ਤੇ ਕਿੱਥੇ ਅੱਜ ਚਾਰ ਲੋਕ ਛੁਪ ਕੇ ਉਸਦੀ ਵਰ੍ਹੇ-ਗੰਢ ਦਾ ਕੇਕ ਕੱਟ ਰਹੇ ਸੀ ਅਤੇ ਫਿਰ ਇੱਕ ਫਰਲਾਂਗ ਅੱਗੇ ਉਸਨੂੰ ਨਦੀਮ ਮਿਲ ਗਿਆ, "ਆਪਾ, ਅੱਜ ਆਪ ਘਰ ਨਾ ਜਾਣਾ। ਕਿਸੇ ਹੋਰ ਥਾਂ ਚਲੇ ਜਾਣਾ, ਛੁੱਪ ਜਾਣਾ। ਰਾਤ ਨੂੰ ਉਹਨਾਂ ਨੇ ਫਰਖੰਦਾ ਬੁਖਾਰੀ ਨੂੰ ਗ੍ਰਿਫਤਾਰ ਕੀਤਾ। ਤਾਰਕ ਤੇ ਬਹੁਤ ਸਾਰੇ ਲੋਕ ਪਿਛਲੀ ਰਾਤ ਫੜੇ ਗਏ, ਕੁਝ ਪਤਾ ਨਹੀਂ ਕਿੱਥੇ ਲੈ ਗਏ। ਆਪਾ, ਸੁਣਿਆ ਹੈ ਤਸ਼ੱਦਦ ਬਹੁਤ ਕਰਦੇ ਹਨ ਉਹ ਆਪਾ...."

ਉਸਨੇ ਗੱਲ ਸੁਣੀ ਤੇ ਅੱਗੇ ਚੱਲ ਪਈ। ਉਹ ਅਜੇ ਵੀ ਆਪਣੇ ਘਰ ਹੀ ਜਾ ਰਹੀ ਸੀ। ਪਰ ਉਸਦਾ ਦਿਮਾਗ ਤੇਜ਼-ਤੇਜ਼ ਸੋਚ ਰਿਹਾ ਸੀ। ਘਰ ਵਿਚ ਉਹ ਇਕੱਲੀ ਥੋੜ੍ਹੀ ਸੀ। ਉਸ ਦੀਆਂ ਤਿੰਨ ਵਿਦਿਆਰਥਣਾਂ, ਭਤੀਜੀਆਂ, ਇੱਕ ਭਤੀਜਾ, ਸਾਰੇ ਸਕੂਲ ਦੇ ਬੱਚੇ.... ਤੇ ਉਸ ਦੀਆਂ ਕਿਤਾਬਾਂ..... ਤਰੱਕੀ ਪਸੰਦ ਅਦਬ ਦੀਆਂ ਕਿਤਾਬਾਂ.... ਉਸਨੂੰ ਯਾਦ ਆਇਆ, ਕਿਸ ਤਰ੍ਹਾਂ ਇੱਕ ਵਰ੍ਹੇ, ਜਦੋਂ ਗਵਾਂਢ 'ਚੋਂ ਉਸਦੀ ਕਮਿਊਨਿਸਟ ਦੋਸਤ ਦੇ ਘਰ ਛਾਪਾ ਪੈਣ ਦੀ ਸੰਭਾਵਨਾ ਪੈਦਾ ਹੋਈ ਸੀ ਤਾਂ ਉਸਨੇ ਗੰਢੜੀਆਂ ਬੰਨ੍ਹ-ਬੰਨ੍ਹ ਕੇ ਲਾਲ ਕਿਤਾਬਾਂ ਕੰਧ ਉਤੋਂ ਦੀ ਉਸਦੇ ਵੱਲ ਪਹੁੰਚਾ ਦਿੱਤੀਆਂ ਸਨ। ਚੁੱਪਚਾਪ ਤੇ ਰਾਤੋ-ਰਾਤ ਉਹਨਾਂ ਦੋਵਾਂ ਨੇ ਇਹ ਕੰਮ ਕਰ ਲਿਆ ਸੀ। ਅੱਜ ਜ਼ਾਹਿਦਾ ਜਿਉਂਦੀ ਹੁੰਦੀ ਤਾਂ.... ਅਚਾਨਕ ਉਸਦੀ ਸੋਚ ਦਾ ਸਿਲਸਿਲਾ ਟੁੱਟ ਗਿਆ। ਘਰ ਦੇ ਸਾਹਮਣੇ ਦੋ ਫੌਜੀ ਖੜ੍ਹੇ ਸੀ ਤੇ ਕੁਝ ਫ਼ਾਸਲੇ ਉੱਤੇ ਉਹਨਾਂ ਦੀ ਜੀਪ। ਸੋ ਇਹ ਮੈਨੂੰ ਲੈ ਜਾਣ ਲਈ ਆ ਗਏ ਹਨ, ਉਸਨੇ ਸੋਚਿਆ। ਪਰ ਕੁੜੀਆਂ ਦਾ ਕੀ ਹੋਵੇਗਾ ਤੇ ਉਸ ਦੀਆਂ ਕਿਤਾਬਾਂ ਦਾ? ਅਤੇ ਨੌਵੀਦ ਨੂੰ ਤੇ ਯਰਕਾਨ ਹੈ। ਬੀਮਾਰ ਬੱਚੇ ਦੇ ਲਈ ਉਸਦਾ ਦਿਲ ਟੁੱਟ ਗਿਆ। ਉਹ ਆਪਣੇ ਘਰ ਵਿਚ ਦਾਖ਼ਲ ਹੋਣ ਦੀ ਥਾਂ ਗਵਾਂਢੀਆਂ ਦੇ ਘਰ ਚਲੀ ਗਈ। ਫਿਰ ਉਹਨਾਂ ਦੇ ਪਿਛਲੇ ਦਰਵਾਜ਼ੇ ਤੋਂ ਨਿਕਲ ਕੇ ਆਪਣੇ ਘਰ ਦੇ ਪਿਛਲੇ ਦਰਵਾਜ਼ੇ ਤੋਂ ਅੰਦਰ ਆ ਗਈ। ਕਿਸੇ ਨੂੰ ਪਤਾ ਨਹੀਂ ਲੱਗਾ, ਬਾਹਰ ਤੋਂ ਬੰਦ ਤਾਲਾ ਲਟਕਦਾ ਰਿਹਾ।

ਦੋ ਘੰਟਿਆਂ ਦੇ ਅੰਦਰ-ਅੰਦਰ ਉਸਨੇ ਕਿੰਨੇ ਸਾਰੇ ਕੰਮ ਨਿਪਟਾ ਲਏ। ਲੜਕੀਆਂ ਨੂੰ ਪਿੰਡ ਲਈ ਤੋਰ ਦਿੱਤਾ ਅਤੇ ਮਾਰਕਸ ਲੈਨਿਨ-ਨ-ਜੇ-ਤੁੰਗ ਦੀਆਂ ਸਾਰੀਆਂ ਲਿਖਤਾਂ ਅਲਮਾਰੀਆਂ ਵਿਚੋਂ ਕੱਢਕੇ ਰਜਾਈਆਂ ਵਾਲੀ ਪੇਟੀ ਵਿਚ ਪਾ ਦਿੱਤੀਆਂ ਅਤੇ ਆਪਣੇ ਬੈਗ ਵਿਚ ਕੁਝ ਕੱਪੜੇ ਅਤੇ ਬੀਮਾਰ ਬੱਚੇ ਦੀ ਦਵਾਈ ਰੱਖਕੇ ਉਹ ਖ਼ੁਦ ਵੀ ਤਿਆਰ ਸੀ। ਪਰ ਗ੍ਰਿਫਤਾਰੀ ਦੇ ਲਈ ਬਿਲਕੁਲ ਨਹੀਂ। ਉਸਨੂੰ ਲੱਗਦਾ ਸੀ ਕਿ ਜੇਲ੍ਹ ਦੀ ਕੋਠੜੀ ਵਿਚ ਹਨ੍ਹੇਰਾ ਬਹੁਤ ਹੋਵੇਗਾ ਅਤੇ ਸਰਦੀ ਵੀ ਲੱਗੇਗੀ ਤੇ ਪਿੱਛੇ ਨੌਵੀਦ ਦਾ ਕੀ ਹੋਵੇਗਾ? ਉਸਨੂੰ ਤੇ ਯਰਕਾਨ ਸੀ। ਵਕਤ ਲੰਘਦਾ ਗਿਆ। ਸਰਦੀਆਂ ਦੀ ਸ਼ਾਮ ਡੂੰਘੀ ਹੋ ਗਈ। ਉਸਨੇ ਬੱਤੀ ਨਹੀਂ ਬਾਲੀ, ਘੰਟੀਆਂ ਵੱਜਦੀਆਂ ਰਹੀਆਂ ਪਰ ਉਹ ਦਰਵਾਜ਼ੇ ਤੀਕ ਨਹੀਂ ਆਈ। ਨੰਗੇ ਪੈਰੀਂ ਰਸੋਈ ਵਲੋਂ ਵਿਹੜੇ ਵੱਲ ਆਈ। ਹਨ੍ਹੇਰਾ ਹੋ ਰਿਹਾ ਸੀ। ਕਿਆਰੀ ਵਿਚ ਫੁੱਲ ਨਜ਼ਰ ਆਏ। ਰੁੱਖ ਪਤਝੜ ਦਾ ਸ਼ਿਕਾਰ ਸਨ ਤੇ ਖਾਣ ਦੀਆਂ ਬਹੁਤ ਸਾਰੀਆਂ ਚੀਜ਼ਾਂ ਜਮ੍ਹਾ ਕਰਕੇ ਉਸਨੇ ਆਪਣੇ ਡੌਗੀ ਦੇ ਪਿਆਲੇ ਵਿਚ ਪਾ ਦਿੱਤੀਆਂ। ਪਤਾ ਨਹੀਂ ਕਦੋਂ ਤੀਕ ਉਸਨੂੰ ਭੁੱਖਾ ਰਹਿਣਾ ਪਵੇ? ਜਾਨਵਰ ਦੀਆਂ ਅੱਖਾਂ ਵਿਚ ਉਦਾਸੀ ਸੀ.....। ਵਿਚਾਰੀ ਪੀਟੀ, ਉਸਨੇ ਕੂੰ-ਕੂੰ ਕਰਕੇ ਹਮਦਰਦੀ ਦਾ ਪ੍ਰਗਟਾਵਾ ਕੀਤਾ। ਪਰ ਉਸਨੇ ਆਪਣੀ ਜ਼ੁਬਾਨ ਨੂੰ ਦੰਦਾਂ ਹੇਠ ਦਬਾ ਲਿਆ ਤੇ ਕੰਧ ਦੀ ਉਚਾਈ ਦਾ ਅੰਦਾਜ਼ਾ ਲਾਇਆ। ਕਿਵੇਂ ਚੜ੍ਹੇਗੀ ਤੇ ਕਿਸ ਤਰ੍ਹਾਂ ਛਾਲ ਮਾਰੇਗੀ ਦੂਸਰੇ ਪਾਸੇ? ਅਤੇ ਫਿਰ ............



ਕਾਂਡ-2

## ਘਰ ਤੋਂ ਬੇਘਰ

ਜਦੋਂ ਰਾਤ ਡੂੰਘੀ ਹੋਈ ਤਾਂ ਫੌਜੀਆਂ ਨੇ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਉਹਨਾਂ ਨੇ ਦਰਵਾਜ਼ਾ ਤੋੜਨ ਦਾ ਕੰਮ ਸ਼ੁਰੂ ਕਰ ਦਿੱਤਾ ਤਾਂ ਉਸਨੇ ਬੈਗ ਚੁੱਕ ਕੇ ਭੱਜਣ ਦਾ ਬੇਚੈਨੀ ਵਾਲਾ ਕਦਮ ਚੁੱਕਣ ਦਾ ਕਦਮ ਲੈ ਲਿਆ। ਬੀਮਾਰ ਬੱਚੇ ਨੂੰ ਗਰਮ ਕੋਟ ਪਵਾ ਕੇ ਵਿਹੜੇ ਵਿਚ ਲੈ ਆਈ। ਹੁਣ ਉਹੀ ਦੀਵਾਰ ਸੀ, ਜਿੱਥੋਂ ਪਾਰ ਉਤਰਨਾ ਸੀ, ਪਰ ਕਿਸ ਤਰ੍ਹਾਂ? ਕਾਫ਼ੀ ਕੰਧ ਉੱਚੀ ਸੀ ਤੇ ਉਹ ਕਦੇ ਬਚਪਨ ਵਿਚ ਵੀ ਕੰਧ ਕੋਠੇ ਨਹੀਂ ਟੱਪੀ ਸੀ। ਪਰ ਮਦਦਗਾਰ ਆ ਗਏ। ਟੀਚਰ ਦੇ ਕੋਲ ਮਦਦਗਾਰਾਂ ਦੀ ਗਿਣਤੀ ਜਮ੍ਹਾਂ ਰਹਿੰਦੀ ਹੈ ਨਾ। ਬੀਮਾਰ ਲੜਕੇ ਵਿਚ ਇਕ ਦਮ ਕਿਤਿਓਂ ਤਾਕਤ ਆ ਗਈ। ਉਸਨੇ ਫੁਰਤੀ ਨਾਲ ਛੋਟੀ ਜਿਹੀ ਪੌੜੀ ਲੱਭ ਲਿਆਂਦੀ। ਸ਼ਾਇਦ ਇਸ ਘੜੀ ਲਈ ਉਸਨੇ ਦੋ ਚਾਰ ਡੰਡਿਆਂ ਵਾਲੀ ਪੌੜੀ ਖਰੀਦੀ ਸੀ। ਸ਼ਾਇਦ ਇਸੇ ਲੋੜ ਲਈ ਉਸਨੂੰ ਮਹਿਸੂਸ ਹੋਇਆ ਸੀ ਕਿ ਪੜਛੱਤੀ ਤੋਂ ਚੀਜ਼ ਲਾਹੁਣ ਲਈ ਮੁਸ਼ਕਿਲ ਹੁੰਦੀ ਹੈ, ਤੇ ਕਿੰਨਿਆਂ ਦਿਨਾਂ ਤੋਂ ਬਿਸਤਰੇ ਉੱਤੇ ਪਿਆ ਨੌਵੇਦ ਹੁਣ ਉਸਨੂੰ ਸਹਾਰਾ ਦੇ ਕੇ ਦੀਵਾਰ ਤੇ ਚੜ੍ਹਾ ਰਿਹਾ ਸੀ। ਦੂਸਰੇ ਪਾਸੇ ਉਤਰਨ ਲਈ ਉਸਨੇ ਉਹੀ ਪੌੜੀ ਨੂੰ ਖਿੱਚ ਲਿਆ ਤੇ ਫਿਰ ਅਗਲੀ ਦੀਵਾਰ ਤੋਂ ਗਲੀ ਵਿਚ ....। ਚਾਰ ਘਰਾਂ ਦਾ ਫਾਸਲਾ ਉਸਨੂੰ ਫੌਜੀ ਛਾਉਣੀ ਤੋਂ ਕਾਫ਼ੀ ਦੂਰ ਲੈ ਗਿਆ ਤੇ ਉਹ ਸੜਕ ਉੱਤੇ ਉਤਰ ਗਈ। ਰਿਕਸ਼ੇ ਵਿਚ ਬਹਿ ਗਈ, ਤੇ ਹੁਣ ਉਹ ਆਪਣੇ ਘਰ ਤੋਂ ਕੋਹਾਂ ਦੂਰ ਸੀ। ਉਸਨੂੰ ਨੰਗੇ ਪੈਰੀਂ ਵੇਖ ਕੇ ਰਿਕਸ਼ੇ ਵਾਲੇ ਨੇ ਹੈਰਾਨੀ ਨਾਲ ਅੱਖ ਨੀਵੀਂ ਕਰ ਲਈ।

ਕਿੱਥੇ ਜਾਣਾ ਹੈ? ਉਸਨੂੰ ਸਾਰੇ ਵਾਕਿਫਾਂ ਤੇ ਦੋਸਤਾਂ ਦੇ ਨਾਂ ਇਕੱਠੇ ਹੀ ਭੁੱਲ ਗਏ। ਚਲੋ ਸਿੱਧਾ ਤੇ ਉਹ ਚੱਲ ਪਿਆ। ਮੋੜ ਆਇਆ ਤੇ ਇੱਕ ਵਾਰ ਫਿਰ ਰਿਕਸ਼ੇ ਵਾਲੇ ਨੇ ਪੁੱਛਿਆ.... ਉਸਨੇ ਸੱਜੇ ਹੱਥ ਇਸ਼ਾਰਾ ਕਰ ਦਿੱਤਾ। ਫਿਰ ਜਦੋਂ ਰਿਕਸ਼ਾ ਸ਼ੇਰ ਪਾਓ ਪੁਲ ਤੇ ਚੜ੍ਹਿਆ ਤਾਂ ਉਸਨੂੰ ਖ਼ਿਆਲ ਆਇਆ ਕਿ ਬਹੁਤ ਦੂਰ ਨਿਕਲ ਆਈ ਹੈ। ਰਿਕਸ਼ਾ ਛੱਡ ਦੇਣ ਤੋਂ ਬਾਅਦ ਉਹ ਸੋਚਣ ਦੇ ਕਾਬਿਲ ਹੋ ਗਈ। ਇੱਕ ਦੋਸਤ ਦਾ ਘਰ ਯਾਦ ਆਇਆ ਤਾਂ ਦੂਸਰਾ ਰਿਕਸ਼ਾ ਲੈ ਕੇ ਉਥੇ ਚਲੀ ਗਈ। ਅਜੀਬ ਗੱਲ ਹੈ, ਉਹ ਘਰ ਮਿਸਿਜ਼ ਸੰਮਾ ਸੱਟਾ ਦੇ ਘਰ ਦੇ ਬਿਲਕੁਲ ਕਰੀਬ ਸੀ। ਹਰੀ ਭਰੀ ਕੋਠੀ, ਜਿਸਦੇ ਵਿਸ਼ਾਲ ਲਾਅਨ ਵਿਚ ਪੰਜ ਮਰਲੇ ਤੇ ਤਿੰਨ ਰੁੱਖ ਉਸਦੇ ਸਨ।

ਵਕਤ ਐ ਵਕਤ! ਤੂੰ ਸਾਡੇ ਹੱਥੋਂ ਹਮੇਸ਼ਾ ਹੀ ਕਿਉਂ ਨਿਕਲ ਜਾਂਦਾ ਹੈਂ? ਕਿੱਥੇ ਸੀ ਉਹ ਸ਼ਾਨਦਾਰ ਸੰਘਰਸ਼? ਬੜੇ ਬੜੇ ਮੁਜ਼ਾਹਰੇ, ਇਨਕਲਾਬੀ ਨਾਹਰੇ, ਲਾਲ ਝੰਡਿਆਂ ਦੀ ਬਹਾਰ, ਸੁਰਖ਼ ਸਿਤਾਰੇ ਦੀ ਸ਼ਾਨ। ਮਜ਼ਦੂਰਾਂ ਕਿਸਾਨਾਂ ਦੇ ਸੁਪਨੇ- ਕਰੀਬ ਨਜ਼ਰ ਆਉਂਦਾ ਹੋਇਆ ਨਵਾਂ ਨਵਾਂ ਸਵੇਰਾ, ਨਵੀਂ ਜ਼ਿੰਦਗੀ, ਸੁਨਹਿਰਾ ਭਵਿੱਖ। ਕਿਹੋ ਜਿਹੇ ਜ਼ਿੰਦਗੀ

ਬਖਸ਼ਣ ਵਾਲੇ ਸੁਪਨੇ ਹਨ। ਪਰ ਕਿੰਨੀ ਭਾਰੀ ਕੀਮਤ ਮੰਗਦੇ ਹਨ। ਹੁਣ ਕੀ ਹੈ? ਕਿਸ ਕਦਰ ਕਰੇਗ ਡਾਊਨ (ਛਾਪਾ ਪਿਆ) ਹੋਇਆ। ਕਿੰਨੀ ਵੱਡੀ ਗ੍ਰਿਫਤਾਰੀ, ਪੁਰਾਣੀਆਂ ਨਵੀਆਂ ਜੇਲ੍ਹਾਂ ਭਰ ਗਈਆਂ। ਕਿਹੋ ਜਿਹੀਆਂ ਗੱਲਾਂ ਸੁਣਨ ਵਿਚ ਆ ਰਹੀਆਂ ਹਨ।

ਫੌਜੀ ਅੰਗਰੇਜ਼ੀ ਦੌਰ ਦੀਆਂ ਫਾਈਲਾਂ ਵੇਖ ਰਹੇ ਹਨ। ਗ਼ਦਰ ਤੋਂ ਲੈ ਕੇ ਜਲ੍ਹਿਆਂਵਾਲੇ ਬਾਗ਼ ਤੀਕ ਅਤੇ ਗ਼ਦਰੀਆਂ ਤੋਂ ਲੈ ਕੇ ਭਗਤ ਸਿੰਘ ਤੀਕ ਕਿਸ ਤਰ੍ਹਾਂ ਕੰਟਰੋਲ ਕੀਤੇ ਗਏ। ਕਿਹੜੀਆਂ-ਕਿਹੜੀਆਂ ਸਜ਼ਾਵਾਂ ਦਿੱਤੀਆਂ ਗਈਆਂ। ਰੀਸਰਚ। ਕਿੰਨੀ ਸ਼ਰਮਿੰਦਗੀ। ਗ਼ਦਰ ਦੇ ਵਕਤ ਦਾ ਕੌੜਾ ਅਜ਼ਮਾਇਆ ਗਿਆ ਅਤੇ ਉਹ ਵੀ ਬਹੁਤ ਜ਼ਿਆਦਾ। ਇਹ ਗੱਲਾਂ ਅਖ਼ਬਾਰ ਵਿਚ ਨਹੀਂ ਛਪਦੀਆਂ ਸਨ। ਸੈਂਸਰਸ਼ਿਪ ਬੜੀ ਸਖ਼ਤ ਸੀ। ਪਰ ਲੋਕਾਂ ਨੇ ਆਪਣੇ ਸੀਨਾ-ਗਜ਼ਟ ਕੱਢ ਲਈ ਸੀ ਤੇ ਕਿਤਿਉਂ ਨਾ ਕਿਤਿਉਂ ਪੰਫਲਿਟ ਵੀ ਚੱਲਦਾ ਰਹਿੰਦਾ। ਉਸਨੂੰ ਯਾਦ ਆਇਆ, ਜਦੋਂ ਖ਼ੁਦ ਉਸਨੇ ਇਕ ਪੈਂਫਲਿਟ ਲਿਖਿਆ ਸੀ। ਇਕ ਕਵਿਤਾ ਹੀ ਸੀ। 'ਫੌਜੀ ਦੇ ਨਾਮ' ਕੈਦ ਤੋਂ ਛੁੱਟ ਕੇ ਆਇਆ ਤਾਂ ਫਿਰ ਤੋਂ ਮਾਰਸ਼ਲ-ਲਾਅ ਲਗਾਉਣ ਲਈ ਖੜ੍ਹਾ ਹੋ ਗਿਆ ਤੇ ਫਿਰ ਉਸਨੂੰ ਫਾਂਸੀ ਦੇ ਦਿੱਤੀ ਗਈ। ਜਿਹੜਾ ਉਸਨੂੰ ਕੈਦ ਤੋਂ ਛੁਡਾ ਕੇ ਲਿਆਇਆ ਸੀ। ਉਹ ਪੈਂਫਲਿਟ ਉਸ ਮਸ਼ੀਨ ਤੋਂ ਸਾਈਕਲੋ-ਸਟਾਈਲ ਕੀਤਾ ਗਿਆ ਸੀ, ਜੋ ਮਿਸਿਜ਼ ਸੰਮਾ ਸੱਟਾ ਦੇ ਦਫਤਰ ਵਿਚ ਰਹਿੰਦੀ ਸੀ ਤੇ ਕਾਗਜ਼ਾਂ ਦਾ ਬੰਡਲ ਉਥੋਂ ਹੀ ਉਸਦੀ ਅਲਮਾਰੀ ਵਿਚੋਂ। ਇਮਤਿਹਾਨੀ ਪਰਚਿਆਂ ਦੇ ਢੇਰ ਹੇਠ ਦੋ ਦਿਨ ਤੀਕ ਛੁਪਾ ਕੇ ਰੱਖਿਆ ਗਿਆ ਸੀ ਤੇ ਸਿਰਫ਼ ਫੌਜਾਂ ਵਿਚ ਹੀ ਵੰਡਿਆ ਗਿਆ ਸੀ। ਕਿਸੇ ਨੂੰ ਪਤਾ ਨਾ ਲੱਗਾ। ਸਿਵਿਲੀਅਨ ਮੁਖਬਰ ਜ਼ਿਆਦਾ ਖ਼ਤਰਨਾਕ ਹੁੰਦਾ ਹੈ ਨਾ।

ਦੋਸਤ ਦੇ ਘਰ ਅਜੇ ਦੂਸਰਾ ਦਿਨ ਹੀ ਸੀ ਕਿ ਉਸ ਉੱਤੇ ਦਬਾਅ ਵੱਧਣ ਲੱਗਾ। ਉਥੋਂ ਵੀ ਨਿਕਲਣਾ ਹੀ ਸੀ, ਪਰ ਅੱਜ ਹੀ ਰਾਤ ਨੂੰ ਜ਼ਰੂਰੀ ਨਹੀਂ ਸੀ। ਉਸਨੇ ਆਪਣਾ ਹੁਲੀਆ ਵਿਗਾੜ ਕੇ ਝਾੜੂ-ਟਾਕੀ ਕਰਨ ਵਾਲੀਆਂ ਔਰਤਾਂ ਵਰਗਾ ਬਣਾ ਲਿਆ ਸੀ। ਕਿਉਂਕਿ ਉਸਨੂੰ ਮਾਲੂਮ ਹੋ ਗਿਆ ਸੀ ਕਿ ਲੋਕ ਕੋਰਟ-ਸ਼ੂਜ਼ ਪਾਉਣ ਵਾਲੀ ਪ੍ਰੋਫੈਸਰਨੀ ਨੂੰ ਲੱਭ ਰਹੇ ਸੀ। ਇਸੇ ਹੀ ਚੱਕਰ ਵਿਚ ਉਹਨਾਂ ਨੇ ਉੱਪਰ ਦੇ ਫਲੈਟ ਵਿਚ ਰਹਿਣ ਵਾਲੀ ਔਰਤ ਖਾਲਦਾ ਅਨਸਾਰੀ ਨੂੰ ਵੀ ਪਕੜ ਲਿਆ ਸੀ। ਉਹ ਤੇ ਚੰਗਾ ਹੋਇਆ ਕਿ ਉਹਨਾਂ ਦਾ ਕੋਈ ਰਿਸ਼ਤੇਦਾਰ ਕਰਨੈਲ ਜਰਨਲ ਲੱਗਾ ਹੋਇਆ ਸੀ। ਉਸਨੇ ਸ਼ਨਾਖਤ ਕਰਕੇ ਉਹਨਾਂ ਤੋਂ ਮਾਫ਼ੀ ਵੀ ਮੰਗਵਾ ਦਿੱਤੀ ਸੀ। ਇਹ ਖ਼ਬਰ ਉਸਨੂੰ ਪਹੁੰਚੀ। ਪਰ ਕੁਝ ਹੋਰ ਖ਼ਬਰਾਂ ਦਿਲ ਨੂੰ ਤਕਲੀਫ ਦੇਣ ਵਾਲੀਆਂ ਵੀ ਪਹੁੰਚੀਆਂ। ਪਰ ਉਸਨੂੰ ਅਸਲ ਚਿੰਤਾ ਤੇ ਉਥੋਂ ਨਿਕਲ ਕੇ ਕਿਸੇ ਨਵੀਂ ਥਾਂ ਜਾਣਾ ਸੀ। ਕਿੱਥੇ? ਇਹ ਗੱਲ ਸੋਚਣ ਵਾਲੀ ਸੀ ਤੇ ਨਹੀਂ ਵੀ।

ਅਜੀਬ ਹਾਲਤਾਂ ਸਨ। ਅਜੀਬ ਤਜਰਬਾ ਸੀ ਤੇ ਬਹੁਤ ਹੀ ਅਜੀਬ ਭਾਂਤ ਦੇ



ਤਜਰਬੇ ਹੋ ਰਹੇ ਸਨ। ਫੌਜੀ ਜੋ ਕੁਝ ਕਰ ਰਹੇ ਸਨ, ਉਹ ਉਹਨਾਂ ਦਾ ਕੰਮ ਸੀ। ਉਹਨਾਂ ਨੂੰ ਕਰਨਾ ਹੀ ਚਾਹੀਦਾ ਸੀ। ਕਿਸੇ ਕਮਿਊਨਿਸਟ ਨੂੰ ਕਿਸੇ ਪ੍ਰਗਤੀਵਾਦੀ ਅਤੇ ਫਾਸੀਵਾਦ ਦੇ ਵਿਰੋਧੀ ਨੂੰ ਛੱਡਿਆ ਨਾ ਜਾਵੇ, ਇਹ ਉਹਨਾਂ ਦਾ ਫਰਜ਼ ਸੀ। ਇਸਦੇ ਵਾਸਤੇ ਹੁਕਮ ਸਨ। ਉਹਨਾਂ ਦੀ ਨੌਕਰੀ ਸੀ। ਪਰ ਬਾਕੀ ਲੋਕ? ਇੱਕ ਗਵਾਂਢੀ ਉਸਨੂੰ ਫੜਾਉਣ ਲਈ ਲੱਭਦਾ ਫਿਰਦਾ ਸੀ। ਦੋਸਤ ਦੇ ਘਰ ਵਿਚ ਜਗ੍ਹਾ ਤੰਗ ਹੋ ਗਈ ਸੀ ਅਤੇ ਉਹ ਦੋਸਤ ਉਸ ਗਵਾਂਢੀ ਦਾ ਮਿੱਤਰ ਸੀ। ਉਸਦਾ ਹਮੇਸ਼ਾ ਸੁਆਗਤ ਕਰਕੇ, ਆਪਣੇ ਆਪ ਨੂੰ ਬੜੇ ਤਰੱਕੀ ਪਸੰਦ ਪ੍ਰਗਟ ਕਰਦੇ ਸਨ। ਇਸ ਵਾਰ ਬੇਖ਼ਬਰੀ ਕਾਰਨ, ਬੜੀ ਗਰਮ-ਜੋਸ਼ੀ ਨਾਲ ਮਿਲੇ। ਸੱਦ ਕੇ ਚਾਹ ਪਿਆਈ। ਐਪਰ ਜਦੋਂ ਉਸਨੇ ਅਸਲ ਕਹਾਣੀ ਦੱਸੀ ਤਾਂ ਵਹੁਟੀ ਦੇ ਹੱਥੋਂ ਚਮਚਾ ਛੁੱਟ ਗਿਆ, ਤੇ ਸੱਸ ਜੋ ਉਸਦਾ ਹੱਥ ਆਪਣੇ ਹੱਥ ਵਿਚ ਲਈ ਬੜੀਆਂ ਨਿੱਘੀਆਂ ਗੱਲਾਂ ਕਰਦੀ ਸੀ, ਛੱਡ ਕੇ ਇਕਦਮ ਉੱਠ ਖਲੋਤੀ ਅਤੇ ਏਨੇ ਫਾਸਲੇ ਤੇ ਜਾ ਕੇ, ਕਿਸੇ ਨਾਲ ਗੱਲ ਕਰਨ ਲੱਗੀ ਕਿ ਜਿੱਥੋਂ ਉਹ ਸੁਣ ਸਕੇ। ਉਹ ਬਾਤ ਸੀ, "ਵੇਖੋ ਨਾ ਭਾਈ! ਉਹ ਤਾਂ ਸੀ. ਆਈ. ਡੀ. ਵਿਚ ਹੈ। ਇੱਕ ਦਮ ਭਾਂਪ ਲਵੇਗਾ...। ਉਸਨੂੰ ਕਹੋ ਕਿ ਇੱਥੇ ਨਾ ਰਹੇ। ਇੱਕ ਮਿੰਟ ਵੀ ਨਹੀਂ। ਫੌਰਨ ਚਲੇ ਜਾਣ।" ਛੇ-ਸੱਤ ਸਾਲ ਤੋਂ ਉਹ ਲੋਕ ਉਸਨੂੰ ਆਪਣਾ ਮੰਨ ਰਹੇ ਸੀ, ਪਰ ਅੱਜ .... ਉਸਨੂੰ ਲੱਗਾ ਉਹ ਸਿਰਫ਼ ਫੌਜ ਦੇ ਲਈ ਹੀ ਖ਼ਤਰਨਾਕ ਨਹੀਂ, ਸਭ ਲਈ ਖ਼ਤਰਾ ਹੈ। ਫੌਜ ਉਸਨੂੰ ਫੜਨਾ ਚਾਹੁੰਦੀ ਹੈ ਅਤੇ ਇਹ ਲੋਕ ਘਰੋਂ ਕੱਢਣਾ ਚਾਹੁੰਦੇ ਹਨ। ਗਵਾਂਢੀ ਉਸਨੂੰ ਫੜਵਾਉਣਾ ਚਾਹੁੰਦੇ ਹਨ। ਜ਼ਮੀਨ ਤੰਗ ਤੇ ਆਸਮਾਨ ਦੂਰ..... ਕਿਉਂ ਨਾ ਉਹ ਖ਼ੁਦ ਹੀ ਆਪਣੇ ਆਪ ਨੂੰ ਫੜਵਾ ਦੇਵੇ। ਕੀ ਫ਼ਰਕ ਪਵੇਗਾ? ਸ਼ਾਇਦ ਕੁਝ ਚੰਗਾ ਹੀ ਹੋਵੇਗਾ। ਕਾਲ-ਕੋਠੜੀ ਦੀ ਜ਼ਮੀਨ ਤੇ ਛੱਤ ਹੋਵੇਗੀ ਨਾ। ਉਹਨਾਂ ਦੀ ਦਿੱਤੀ ਤੰਗੀ ਕੁਝ ਘੱਟ ਹੀ ਹੋਵੇਗੀ, ਸਿਰਫ਼ ਜਿਸਮਾਨੀ। ਇਹ ਜੋ ਰੂਹ ਉੱਤੇ ਕੋੜੇ ਵਰ੍ਹ ਰਹੇ ਹਨ। ਦਿਲ ਨੂੰ ਸਦਮਾ ਹੋ ਰਿਹਾ ਹੈ। ਇਹ ਦੋਸਤ, ਇਹ ਗਵਾਂਢੀ।

ਸ਼ਾਮ ਨੂੰ ਉਹ ਇਕ ਗਰੀਬ ਮੁਹੱਲੇ ਵਿਚ ਚਲੀ ਗਈ। ਉਥੇ ਉਸਦਾ ਇਕ ਰਿਸ਼ਤੇਦਾਰ ਪਰਿਵਾਰ ਰਹਿੰਦਾ ਸੀ। ਛੋਟੇ ਜਿਹੇ ਮਕਾਨ ਵਿਚ ਬਹੁਤ ਸਾਰੇ ਲੋਕ। ਸਾਰੇ ਇਲਾਕੇ ਵਿਚ ਇਸੇ ਤਰ੍ਹਾਂ ਹੀ ਸੀ। ਉਸ ਦੇ ਸੁਪਨਿਆਂ ਨਾਲੋਂ ਵੀ ਛੋਟੇ ਮਕਾਨ। ਪਰ ਉਹਨਾਂ ਦੇ ਅੰਦਰ ਬੜੇ ਘਰ ਵਸੇ ਹੋਏ ਸਨ ਤੇ ਘਰਾਂ ਵਿਚ ਹੌਂਸਲੇ ਵਾਲੇ ਦਿਲ ਵਸਦੇ ਸਨ। ਇਸ ਤੋਂ ਬਿਨਾਂ ਬਹੁਤ ਕੁਝ ਹੋਰ ਗੰਦ ਵੀ। ਮੱਖੀਆਂ, ਸ਼ੋਰ, ਗਰੀਬੀ ਆਦਿ ਰਹਿੰਦੇ ਸਨ। ਬਿਰਖ ਉੱਥੇ ਇਕ ਵੀ ਨਹੀਂ ਸੀ। ਬਿਰਖ ਨਹੀਂ ਤਾਂ ਪੰਛੀ ਕਿੱਥੋਂ ਆਉਂਦੇ। ਹਾਂ, ਇੱਕ ਕਾਂ ਕਦੇ ਕੰਧ ਉੱਤੇ ਆ ਬੈਠਦਾ। ਕਿਸੇ ਬੱਚੇ ਦੇ ਹੱਥੋਂ ਬੁਰਕੀ ਖੋਹ ਕੇ ਉੱਡ ਜਾਂਦਾ। ਉਹਨਾਂ ਸਭ ਦੇ ਹਿੱਸੇ ਦੇ ਪੰਜ-ਪੰਜ ਮਰਲੇ ਤੇ ਤਿੰਨ-ਤਿੰਨ ਬਿਰਖ ਗੁਲਮਰਗ ਦੀਆਂ ਕੋਠੀਆਂ ਵਿਚ ਘਿਰੇ ਹੋਏ ਸੀ ਤੇ ਇਹ ਸਭ ਉਹਨਾਂ ਨੂੰ ਆਜ਼ਾਦ ਕਰਾਉਣ ਦੀ ਇੱਛਾ ਪਾਲਣ ਵਾਲੀ ਸੀ। ਪਰ ਕਿੰਨੇ ਹੀ ਲੋਕ ਲੜਨ ਵਾਲੇ ਵੀ ਸਨ। ਇਸ ਇਲਾਕੇ ਤੋਂ ਜ਼ਿਆਦਾ ਵਰਕਰ ਕੋੜੇ ਖਾਣ ਵਾਲੇ

... ਮਨ ਤੇ ਫਾਂਸੀ ਚੜ੍ਹਨ ਵਾਲੇ ਵੀ। ਇਥੋਂ ਦੀਆਂ ਔਰਤਾਂ ਵੀ ਕੁਝ ਜੁਝਾਰੂ ਭਾਵਨਾਵਾਂ ਵਾਲੀਆਂ ਸਨ।

ਉਹਨਾਂ ਨਹੀ ਪੁੱਛਿਆ ਕਿ ਕਿੱਥੋਂ ਆਈ ਹੈ ਤੇ ਕਿਉਂ? ਕਦੋਂ ਤੱਕ ਰਹੇਗੀ ਤੇ ਕਿਸ ਦਿਨ ਜਾਵੇਂਗੀ? ਹਾਂ, ਪਰ ਉਹਨਾਂ ਨੇ ਛੱਤ ਹੇਠ ਮੰਜੀ ਤੇ ਬਿਸਤਰਾ ਉਸਨੂੰ ਦਿੱਤਾ ਅਤੇ ਰੋਟੀ ਖਵਾ ਕੇ ਗਰਮ ਚਾਹ ਵੀ ਪਿਆਈ। ਆਪਣੀ ਆਦਤ ਦੇ ਅਨੁਸਾਰ ਉਹ ਉਥੇ ਵੀ ਕੁਝ ਨਾ ਕੁਝ ਕਰਨ ਲੱਗੀ। ਉਹਨਾਂ ਦੇ ਬੱਚਿਆਂ ਨੂੰ ਪੜ੍ਹਾ ਦਿੰਦੀ ਅਤੇ ਖ਼ੁਦ ਹਾਲਾਤ ਨੂੰ ਪੜ੍ਹਦੀ ਰਹੀ। ਸ਼ਹਿਰ ਦੇ ਕਾਲਜ, ਸਕੂਲ ਤੇ ਹੋਸਟਲ ਬੰਦ ਕਰਵਾ ਦਿੱਤੇ ਗਏ ਸਨ। ਕਿੰਨੇ ਹੀ ਵਿਦਿਆਰਥੀ ਆਪਣੇ ਆਪਣੇ ਰਿਸ਼ਤੇਦਾਰਾਂ ਦੇ ਘਰ ਆ ਚੁੱਕੇ ਸਨ ਅਤੇ ਕੰਨਾਂ ਵਿਚ ਉਂਗਲੀਆਂ ਦੇ ਕੇ ਕਿਤਾਬਾਂ ਪੜ੍ਹਿਆ ਕਰਦੇ ਸੀ। ਲੰਮੀ ਤੇ ਤੰਗ ਗਲੀ ਵਿਚ ਚਾਰ ਮਸੀਤਾਂ ਸਨ ਤੇ ਹਰ ਮਸੀਤ ਵਿਚ ਚਾਰ-ਚਾਰ ਲਾਊਡ-ਸਪੀਕਰ ਲੱਗੇ ਹੋਏ ਸਨ। ਚਾਰਾਂ ਮਸੀਤਾਂ ਦੇ ਮੁੱਲਾਂ ਆਪਣੇ ਕੰਨਾਂ ਵਿਚ ਉਂਗਲਾਂ ਦੇ ਕੇ ਆਜ਼ਾਨ ਦਿੰਦਾ ਤੇ ਪੰਜ-ਪੰਜ ਮਿੰਟ ਦੇ ਵਕਫੇ ਪਿੱਛੋਂ। ਸ਼ੀਆ, ਸੁੰਨੀ, ਵਹਾਬੀ ਤੇ ਅਹਿਲੇ-ਹਦੀਸ ਚਾਰੇ ਫਿਰਕੇ ਇਕੱਠੇ ਨਮਾਜ਼ ਦਾ ਐਲਾਨ ਨਹੀਂ ਕਰ ਸਕਦੇ। ਇਸ ਲਈ ਦਿਨ ਵਿਚ ਪੰਜ ਵਾਰ ਤੀਹ-ਤੀਹ ਮਿੰਟ ਲਈ ਸਾਰੇ ਲੋਕ ਕੰਨਾਂ ਵਿਚ ਉਂਗਲਾਂ ਦੇਈ ਰੱਖਦੇ। ਪਰ ਵਿਦਿਆਰਥੀਆਂ ਲਈ ਕੋਈ ਵਕਫਾ ਨਹੀਂ ਸੀ। ਨਮਾਜਾਂ ਅਤੇ ਆਂਜ਼ਾਨਾਂ ਦੇ ਵਿਚਕਾਰ ਵੱਡੇ ਮੁੱਲਾਂ ਦਾ ਵਾਅਜ਼ ਅਤੇ ਛੋਟੇ ਮੁੱਲਾਂ ਦੀ ਨਾਅਤ-ਖਵਾਨੀ ਹੁੰਦੀ ਰਹਿੰਦੀ ਅਤੇ ਉਹ ਵੀ ਚਾਰਾਂ ਮਸਜਿਦਾਂ ਵਿਚ ਸੋਲਾਂ ਲਾਊਡ ਸਪੀਕਰਾਂ ਉੱਤੇ ਅੰਦਰ ਹੀ ਅੰਦਰ ਉਸ ਲਈ ਇੱਕ ਹੋਰ ਮੋਰਚਾ ਲੱਗ ਗਿਆ। ਲਾਊਡ-ਸਪੀਕਰਾਂ ਉੱਤੇ ਪਾਬੰਦੀ ਤੁਰੰਤ ਹੀ ਲੱਗਣੀ ਚਾਹੀਦੀ ਹੈ ਤੇ ਇਹ ਲੋਕ ਆਜ਼ਾਨ ਦੇ ਲਈ, ਸਹਿਮਤੀ ਨਾਲ ਇੱਕ ਹੀ ਵਕਤ ਕਿਉਂ ਨਹੀਂ ਕਰ ਲੈਂਦੇ? ਸੂਰਜ ਤਾਂ ਇੱਕ ਹੀ ਹੈ, ਵਕਤ ਦਾ ਫੈਸਲਾ ਕਰਨ ਵਾਲਾ ਪ੍ਰਬੰਧ ਵੀ ਇੱਕ ਹੀ ਹੈ। ਵਕਤ ਦਾ ਫ਼ਰਕ ਤੇ ਫਿਰ ਦਿਨ ਵਿਚ ਐਨੀ ਵਾਰੀ ਕਿਉਂ? ਬੰਦਗੀ ਤਾਂ ਸਿਰਫ਼ ਇੱਕ ਵਾਰ ਦਿਨ ਸ਼ੁਰੂ ਕਰਨ ਵੇਲੇ ਹੋ ਜਾਣੀ ਚਾਹੀਦੀ ਹੈ। "ਹੱਛਾ, ਹੁਣ ਕੁਝ ਹੋਰ ਸੋਚੋ। ਤੇਰੀਆਂ ਇਹਨਾਂ ਸੋਚਾਂ ਨੂੰ ਕਦੇ ਲਫਜ਼ ਮਿਲ ਵੀ ਗਏ ਤਾਂ ਜ਼ਬਤ ਹੋ ਜਾਣਗੇ ਅਤੇ ਜਰਨੈਲ ਤੋਂ ਜ਼ਿਆਦਾ ਮੁੱਲਾ ਤੇਰਾ ਦੁਸ਼ਮਣ ਹੋ ਜਾਵੇਗਾ। ਆਖ਼ਰ ਕਿਹਦੇ-ਕਿਹਦੇ ਨਾਲ ਲੜਾਈ ਲੜੇਂਗੀ?" ਉਸਦੇ ਅੰਦਰ ਦੀ ਡਰਪੋਕ ਜਿਹੀ ਔਰਤ ਨੇ ਉਸਨੂੰ ਚਿਤਾਵਨੀ ਦਿੱਤੀ।

ਉਂਝ ਉਸਦੇ ਫ਼ਿਕਰਾਂ ਦਾ ਕੋਈ ਅੰਤ ਨਹੀਂ ਸੀ। ਪਰ ਇੱਕ ਹੀ ਥਾਂ ਕੈਦ ਹੋ ਜਾਣਾ, ਦੁਨੀਆਂ ਤੋਂ ਕੱਟ ਕੇ ਰਹਿ ਜਾਣਾ, ਉਸ ਵੇਲੇ ਦੀ ਬੜੀ ਮੁਸ਼ਕਿਲ ਸੀ, ਉਸਦਾ ਸਾਹ ਘੁੱਟਦਾ। ਆਖ਼ਰ ਕੀ ਹੋ ਰਿਹਾ ਹੈ? ਮੁਲਕ ਵਿਚ, ਸੰਸਾਰ ਵਿਚ ਤੇ ਇਸ ਜਗ੍ਹਾ ਉੱਤੇ, ਜਿੱਥੇ ਉਸਦਾ ਘਰ ਸੀ। ਉਸ ਦੀਆਂ ਕਿਤਾਬਾਂ, ਉਸਦੇ ਜਾਨਵਰ ਅਤੇ ਦਰੱਖਤ। ਕੀ ਕੁਝ ਸੀ ਜੋ ਯਾਦ ਨਾ ਆਉਂਦਾ।



ਉਸਨੂੰ ਇੱਕ ਦਿਨ ਸਵੇਰੇ-ਸਵੇਰੇ ਗਵਾਂਢੀ ਦੇ ਘਰੋਂ ਰੇਡੀਓ ਦੀ ਆਵਾਜ਼ ਆਈ। ਉਹ ਲੋਕੀ ਬੀ.ਬੀ.ਸੀ. ਸੁਣ ਰਹੇ ਸੀ। ਖ਼ਬਰਾਂ ਦਾ ਉਹੀ ਇੱਕ ਸਾਧਨ ਸੀ ਤੇ ਲੋਕੀ ਸੁਬਹ-ਸ਼ਾਮ ਮੱਖੀਆਂ ਵਾਂਗੂੰ ਰੇਡੀਓ ਦੁਆਲੇ ਜਮ੍ਹਾਂ ਹੁੰਦੇ ਤੇ ਬੀ. ਬੀ. ਸੀ. ਤੋਂ ਆਪਣੀਆਂ ਖ਼ਬਰਾਂ ਸੁਣਦੇ। ਅਖਬਾਰਾਂ ਵਿਚ ਤਾਂ ਸੈਂਸਰ ਦੀ ਮਾਰ ਵਗੀ ਹੋਈ ਸੀ ਤੇ ਮੁਲਕ ਦਾ ਮੀਡੀਆ ਦਿਨ-ਰਾਤ ਕੁਫ਼ਰ ਤੋਲ ਰਿਹਾ ਸੀ। ਸਵੇਰੇ ਛੇ ਵਜੇ ਅਤੇ ਸ਼ਾਮੀਂ ਅੱਠ ਵਜੇ ਉਹ ਕੰਨ ਲਾ ਕੇ ਬੀ. ਬੀ. ਸੀ. ਦੀਆਂ ਖਬਰਾਂ ਸੁਣ ਲੈਂਦੀ। ਫਿਰ ਇੱਕ ਦਿਨ ਉਸਨੂੰ ਆਪਣੀ ਇੱਕ ਵਿਦਿਆਰਥਣ ਮਿਲ ਗਈ। ਆਪਣੀ ਸਮਾਰਟ ਤੇ ਸੁੰਦਰ ਪ੍ਰੋਫੈਸਰ ਨੂੰ ਵੇਖ ਕੇ ਕਿੰਨੀ ਪ੍ਰੇਸ਼ਾਨ ਹੋ ਗਈ। ਪਰ ਸਮਝ ਗਈ। ਉਸਨੇ ਕਾਲਜ ਦੀਆਂ ਕੁਝ ਖਬਰਾਂ ਲਿਆ ਕੇ ਦਿੱਤੀਆਂ। ਉੱਥੇ ਮਿਸਿਜ਼ ਸੰਮਾ ਸੱਟਾ ਬਹੁਤ ਸਰਗਰਮ ਹੋ ਰਹੀ ਸੀ। ਹਰ ਰੋਜ਼ ਅਸੈਂਬਲੀ ਵਿਚ ਆ ਕੇ ਮਾਰਸ਼ਲ-ਲਾਅ ਦੀ ਤਾਰੀਫ਼ ਪਿੱਛੋਂ ਭੰਨ-ਤੋੜ ਕਰਨ ਵਾਲਿਆਂ ਨੂੰ ਲਾਅਨਤ ਪਾਉਂਦੀ। ਉਸਦਾ ਜ਼ਿਕਰ ਖ਼ਾਸ ਤੌਰ ਤੇ ਕਰਦੀ।

ਤਾਂ ਉਹ ਨਸੀਹਤ ਦਾ ਸਮਾਨ ਬਣ ਗਈ ਹੈ, ਉਸ ਨੇ ਸੋਚਿਆ ਤੇ ਇੱਕ ਇਰਾਦਾ ਕੀਤਾ। ਇੱਕ ਦਿਨ ਉਹ ਵੇਖੇਗੀ। ਜ਼ਰੂਰ ਵੇਖੇਗੀ। ਜਦੋਂ ਮਿਸਿਜ਼ ਸੰਮਾ ਸੱਟਾ ਦੇ ਤਬਕੇ ਦੇ ਸਾਰੇ ਲੋਕ ਮੁਸ਼ੱਕਤੀ ਕੈਂਪਾਂ ਵਿਚ ਮੁਸ਼ੱਕਤ ਕਰਨਗੇ। "ਲਾਜ਼ਮੀ ਹੈ ਕਿ ਹਮ ਦੇਖੇਂਗੇ।" ਉਸਨੇ ਫੈਜ਼ ਦਾ ਮਿਸ਼ਰਾ ਦੁਹਰਾਇਆ। ਅਜੇ ਵੀ ਉਸਦਾ ਯਕੀਨ ਬਚਿਆ ਹੋਇਆ ਸੀ, ਕਦੇ ਉਹ ਆਜ਼ਾਦ ਹੋਵੇਗੀ ਤੇ ਜੇਲ੍ਹਾਂ ਦੇ ਦਰਵਾਜ਼ੇ ਵੀ ਜ਼ਰੂਰ ਖੁੱਲ ਜਾਣਗੇ।

ਉਸਦੀ ਡੋਰੀ ਝੂਲਦੀ, ਝਟਕੇ ਖਾਂਦੀ, ਕਦੇ ਮਜ਼ਬੂਤ ਲੱਗਦੀ, ਕਦੇ ਡਰ ਲੱਗਦਾ ਕਿ ਟੁੱਟ ਜਾਵੇਗੀ। ਕਈ ਹਫਤੇ ਗੁਜ਼ਰ ਗਏ। ਸਿਰਫ਼ ਲੁਕੇ ਰਹਿਣਾ ਤੇ ਕੋਈ ਗੱਲ ਨਹੀਂ ਸੀ। ਉਸਦੇ ਅੰਦਰ ਬੇਚੈਨੀ ਪੈਦਾ ਹੋਣ ਲੱਗੀ। ਇੱਕ ਦਿਨ ਉਹੀ ਫਟੀ ਪੁਰਾਣੀ ਚਾਦਰ ਤਾਣ ਕੇ ਬਾਹਰ ਨਿਕਲੀ ਤੇ ਓਮਨੀ ਬੱਸ ਦਾ ਨੰਬਰ ਦੇਖ ਕੇ ਉਸ ਵਿਚ ਜਾ ਬੈਠੀ। ਉਹ ਬੱਸ ਉਸਦੇ ਘਰ ਦੇ ਸਾਹਮਣੇ ਦੀ ਲੰਘਦੀ ਸੀ। ਬੱਸ ਚੱਲ ਪਈ ਤਾਂ ਉਸਨੂੰ ਅਹਿਸਾਸ ਹੋਇਆ, ਨਾਲ ਵਾਲੀ ਸੀਟ ਉੱਤੇ ਉਸਦੀ ਗਵਾਂਢਣ ਬੈਠੀ ਸੀ। ਮੂੰਹ ਲੁਕਾਉਂਦੇ ਹੋਏ ਉਸਨੇ ਸੋਚਿਆ, ਕਦੇ ਇੰਝ ਵੀ ਹੁੰਦਾ ਹੈ ਜ਼ਿੰਦਗੀ ਵਿਚ। ਪਰ ਜ਼ਿੰਦਗੀ ਵਿਚ ਤਾਂ ਇਹ ਵੀ ਹੁੰਦਾ ਹੈ ਕਿ ਘਰ ਦੀ ਤਮੰਨਾ ਕਰਨ ਵਾਲੀ, ਤਮੰਨਾ ਤੋਂ ਇਸ ਤਰ੍ਹਾਂ ਦੂਰ ਕਰ ਦਿੱਤਾ ਜਾਵੇ ਤੇ ਫਿਰ ਬੱਸ ਦੀ ਕੰਧ ਦੇ ਲਾਗੋਂ ਦੀ ਲੰਘੀ ਤਾਂ ਉਸਦੇ ਹੱਥਾਂ ਦਾ ਲਾਇਆ ਜਾਮਨੂੰ ਦਾ ਦਰੱਖਤ ਵਿਖਾਲੀ ਦਿੱਤਾ। ਸੂਹੀਆਂ ਕਰੂੰਬਲਾਂ ਨਿਕਲ ਆਈਆਂ ਸਨ। ਮੌਸਮ ਬਦਲ ਗਿਆ ਸੀ ਨਾ। ਇਸ ਵਾਰ ਉਹ ਘਰ ਦੇ ਜਾਮਨੂੰ ਵੀ ਕਿੱਥੇ ਚੱਖ ਸਕੇਗੀ ਤੇ ਕੰਧ ਦੀ ਪਰਲੀ ਤਰਫ਼ ਉਸਦਾ ਕਮਰਾ, ਉਸ ਦੀਆਂ ਕਿਤਾਬਾਂ, ਉਸਦੀ ਰਸੋਈ.....। ਕਿੰਨੇ ਦਿਨ ਹੋ ਗਏ ਨੇ ਆਪਣੇ ਹੱਥਾਂ ਨਾਲ ਚਾਹ ਬਣਾਏ। ਉਸਦਾ ਜੀਅ ਕੀਤਾ ਉਥੇ ਹੀ ਉੱਤਰ ਜਾਵੇ, ਜਿੱਥੇ ਉਸਦੀ ਗਵਾਂਢਣ ਉਤਰੀ ਸੀ, ਤੇ ਫਿਰ ਆਪਣੇ ਦਰਵਾਜ਼ੇ ਦੀ ਘੰਟੀ

ਵਜਾਵੇ। ਜ਼ਰੂਰ ਉਸਦੀ ਪੈਟੀ ਡੌਂਗੀ ਭੌਂਕੇਗੀ। ਉਹ ਤਾਂ ਉਸਦੀ ਘੰਟੀ ਵਜਾਉਣ ਦੇ ਅੰਦਾਜ਼ ਨੂੰ ਪਛਾਣਦੀ ਸੀ। ਕਿੰਨਾ ਜੀਅ ਕਰਦਾ ਸੀ ਕਿ ਉਸਦੀ ਚਿਆਊਂ-ਚਿਆਊਂ ਸੁਣੀਏ ਤੇ ਪੈਰਾਂ ਵਿਚ ਲੇਟਣ ਦੀ ਅਦਾ ਨੂੰ ਵੇਖੀਏ। ਪਰ ਹੁਣ ਉਹ ਫੌਜੀ ਜੀਪ ਨੂੰ ਵੇਖ ਰਹੀ ਸੀ। ਉਹ ਤਾਂ ਉੱਥੇ ਹੀ ਸੀ। ਪਾਗਲ ਹੋ ਚੁੱਕੀ ਹੈ ਫੌਜ। ਤਿੰਨ ਮਹੀਨਿਆਂ ਤੋਂ ਇੱਕ ਔਰਤ ਦੇ ਘਰ ਨੂੰ ਘੇਰਾ ਪਾਇਆ ਹੋਇਆ ਹੈ, ਜਿਹੜੀ ਸਿਰਫ਼ ਇੱਕ ਟੀਚਰ ਸੀ ਤੇ ਇੱਕ ਲੇਖਕ ਤੇ ਉਹ ਤਿੰਨ ਮਹੀਨੇ ਤੋਂ ਉਥੋਂ ਅਲੋਪ ਹੈ। ਉਸ ਨੂੰ ਬੁਰਾ ਲੱਗਿਆ ਤੇ ਚੰਗਾ ਵੀ। ਉਹ ਉਹਨਾਂ ਨੂੰ ਝਕਾਨੀ ਦੇ ਰਹੀ ਹੈ। ਪਰ ਇਹਨਾਂ ਵਰਦੀ ਵਾਲਿਆਂ ਨਾਲ ਉਸਦੀ ਕਾਹਦੀ ਲੜਾਈ ਹੈ? ਹਾਂ, ਪਰ ਇਹ ਤਾਂ ਮਿਸਿਜ਼ ਸੰਮਾ ਸੱਟਾ ਦੀ ਨੌਕਰੀ ਕਰ ਰਹੇ ਹਨ। ਉਸਦੀ ਸ਼੍ਰੇਣੀ ਦੀ ਰਖਵਾਲੀ। ਬੇਸ਼ੱਕ ਉਸ ਤਬਕੇ ਨਾਲ ਉਸਦੀ ਲੜਾਈ ਸੀ। ਉਹਨਾਂ ਨੇ ਉਸਦੇ ਹਿੱਸੇ ਦੀ ਮਿੱਟੀ ਜ਼ਬਤ ਕਰ ਰੱਖੀ ਹੈ। ਉਸੇ ਦੇ ਬਿਰਖ ਤੇ ਹੁਣ ਇਹਨਾਂ ਨੌਕਰਾਂ ਨੇ ਜਾਮਨੂੰ ਵੀ ਖੋਹ ਲਿਆ ਹੈ। ਉਸਦੀਆਂ ਕਿਤਾਬਾਂ ਤੇ ਪਿਆਰੀ ਪੈਟੀ.....।

ਬੱਸ ਚੱਲਦੀ ਰਹੀ। ਉਹ ਸੋਚਦੀ ਰਹੀ ਤੇ ਹੁਣ ਆਖ਼ਰੀ ਅੱਡਾ ਵੀ ਆ ਗਿਆ। ਉਸਨੇ ਆਖ਼ਰੀ ਸਟਾਪ ਦਾ ਟਿਕਟ ਹੀ ਤਾਂ ਲਿਆ ਸੀ।

ਤੇ ਉਹ ਬੱਸ ਤੋਂ ਉਤਰ ਗਈ। ਹੁਣ ਅੱਗੇ ਕੀ ਕਰਨਾ ਹੈ..... ਉਸਨੇ ਆਪਣਾ ਚਿਹਰਾ ਲੁਕਾਉਂਦੇ ਹੋਏ ਸੋਚਿਆ। ਚਲੋ ਬਜ਼ਾਰਾਂ ਵਿਚ ਫਿਰਦੇ ਹਾਂ, ਅੰਦਰ ਦੀ ਔਰਤ ਬੋਲੀ, ਹੁਣ ਤੂੰ ਆਜ਼ਾਦ ਹੈ। ਜਨਤਾ ਦਾ ਅੰਗ ਬਣ ਜਾਣਾ। ਕਿਸੇ ਨੂੰ ਪਤਾ ਨਹੀਂ, ਉਹ ਪ੍ਰੋਫ਼ੈਸਰ ਕਿੱਥੇ ਗਈ। ਤੇ ਉਹ ਭ੍ਰਿਸ਼ਟਾਚਾਰ ਦਾ ਬਾਜ਼ਾਰ ਸੀ। ਸਰਕਾਰੀ ਨਾਂ ਤਾਂ ਇਸਲਾਮਪੁਰਾ ਹੈ.... ਅਚਾਨਕ ਉਸਨੂੰ ਖ਼ਿਆਲ ਆਇਆ ਕਿ ਉਹ ਤਾਂ ਗੁੰਮਨਾਮ ਹੈ। ਉਸਦਾ ਅਸਲੀ ਨਾਂ ਤਾਂ ਜ਼ੁਰਮ ਵਰਗਾ ਹੋ ਗਿਆ। ਉਸਨੂੰ ਫੜਵਾ ਸਕਦਾ ਹੈ। ਪਰ ਜੇ ਇਸ ਹਾਲਤ ਵਿਚ ਉਹ ਮਾਰੀ ਜਾਵੇ ਤਾਂ ਗੁੰਮਨਾਮ ਦਫਨਾ ਦਿੱਤੀ ਜਾਵੇਗੀ। ਪਰ ਜੇ ਉਹਨਾਂ ਨੇ ਇਹ ਥੈਲਾ ਪੜਤਾਲਿਆ ਤਾਂ ਉਸਦਾ ਬਟੂਆ ਨਿਕਲ ਆਵੇਗਾ- ਉਸਦਾ ਪਛਾਣ ਪੱਤਰ। ਆਪਣੀ ਸ਼ਨਾਖਤ ਨਾਲ ਲਈ ਫਿਰਨਾ ਤਾਂ ਠੀਕ ਨਹੀਂ। ਪਰ ਠੀਕ ਹੈ ਵੀ, ਅਖ਼ਬਾਰਾਂ ਵਿਚ ਖ਼ਬਰ ਆਵੇਗੀ। ਮਸ਼ਹੂਰ ਅਦੀਬਾ ਤੇ ਸੁਪ੍ਰਸਿੱਧ ਕਾਲਮ ਲੇਖਕ ਪ੍ਰੋਫ਼ੈਸਰ ਦੀ ਹਾਦਸੇ ਵਿਚ ਮੌਤ। ਤੇ ਅੱਗੇ ਇਹ ਟਿੱਪਣੀ ਤਾਂ ਹੋਵੇਗੀ ਹੀ, ਮ੍ਰਿਤਕ ਕਾਫ਼ੀ ਸਮੇਂ ਤੋਂ ਗੁਪਤ ਵਾਸੀ ਸੀ। ਉਹ ਆਪਣੇ ਕੱਟੜ ਮਾਰਕਸੀ ਦ੍ਰਿਸ਼ਟੀਕੋਣ ਦੇ ਕਾਰਨ ਸਰਕਾਰੀ ਕ੍ਰੋਧ ਦਾ ਸ਼ਿਕਾਰ ਸੀ ਆਦਿ.....। ਕਿੰਨੇ ਦਿਨ ਹੋ ਗਏ ਸੀ, ਉਸਨੂੰ ਚੁੱਪ ਰਹਿੰਦੇ ਰਹਿੰਦੇ। ਇਸੇ ਕਾਰਨ ਆਪਣੇ ਆਪ ਨਾਲ ਗੱਲਾਂ ਕਰਦੀ ਰਹਿੰਦੀ। ਪਹਿਲਾਂ ਹੀ ਉਸਦੇ ਅੰਦਰ ਦੋ ਔਰਤਾਂ ਸੀ, ਇੱਕ ਪ੍ਰੋਫ਼ੈਸਰ ਲੇਖਕ ਤੇ ਦੂਸਰੀ ਆਮ ਜਿਹੀ ਰਸੋਈ ਵਿਚ ਕੰਮ ਕਰਨ ਵਾਲੀ ਅਤੇ ਸਬਜ਼ੀ ਖਰੀਦਦੀ ਹੋਈ ਰੁਪਈਏ, ਅਠਿਆਨੀ ਦੀ ਕਮੀ ਪੇਸ਼ੀ ਲਈ ਝਗੜਾ ਕਰਦੀ ਹੋਈ। ਸਬਜ਼ੀ! ਹਾਂ ਉਸ ਦੀਆਂ ਅੱਖਾਂ ਵਿਚ ਰੌਣਕ ਆ ਗਈ। ਸਾਹਮਣੇ ਢੇਰ ਲੱਗੀਆਂ ਸਬਜ਼ੀਆਂ



ਵਿਕ ਰਹੀਆਂ ਸਨ। ਕੀ ਸੋਹਣੀਆਂ ਤਾਜ਼ੀਆਂ ਗਾਜਰਾਂ ਸਨ, ਕਿੰਨੀ ਹਰੀ ਪਾਲਕ, ਕੇਹੇ ਕਾਸ਼ਨੀ ਕਾਸ਼ਨੀ ਬਤਾਊਂ ਪਏ ਸਨ। ਉਹ ਕੀ ਖਰੀਦੇ ਤੇ ਕਿਹਦੇ ਲਈ? ਪਰ ਥੋੜ੍ਹੀਆਂ ਜਿਹੀਆਂ ਗਾਜਰਾਂ ਖਰੀਦ ਕੇ ਉਸਨੇ ਝੋਲੇ ਵਿਚ ਪਾ ਲਈਆਂ। ਲਾਲ ਗਾਜਰ ਕੁਤਰਦੀ ਹੋਈ ਧੁੱਪ-ਭਰੇ ਬਾਜ਼ਾਰ ਵਿਚੋਂ ਦੀ ਚੱਲਣਾ ਉਸਨੂੰ ਚੰਗਾ ਲੱਗ ਰਿਹਾ ਸੀ ਤੇ ਉਹ ਸੌਦਾ ਖਰੀਦਦੇ, ਵੇਚਦੇ ਸਾਰੇ ਓਪਰੇ ਲੋਕ ਉਸਨੂੰ ਆਪਣੇ ਹੀ ਲੱਗੇ। ਉਹਨਾਂ ਨੂੰ ਕੀ ਪਤਾ, ਉਹ ਕੌਣ ਸੀ? ਉਹਨਾਂ ਵਿਚੋਂ ਕੋਈ ਇੱਕ। ਬੱਸ ਆਮ ਜਿਹਾ ਹੋਣਾ ਵੀ ਕਿੰਨਾ ਚੰਗਾ ਸੀ। ਪਹਿਲਾਂ ਉਹ ਬਹੁ-ਗਿਣਤੀ ਦੀ ਸਮਰਥਕ ਸੀ। ਪਰ ਕਿਨਾਰੇ ਖਲੋਤੀ ਉਹਨਾਂ ਨੂੰ ਵੇਖਦੀ ਸੀ। ਪਰ ਹੁਣ ਉਹਨਾਂ ਵਿਚ ਹੀ ਘੁਲ-ਮਿਲ ਗਈ ਸੀ। ਬਿਲਕੁਲ ਇਸੇ ਤਰ੍ਹਾਂ ਝੋਲਾ ਲਟਕਾਈ, ਸਲੀਪਰ ਘਸੀਟਦੀ, ਮੈਲੀ ਚਾਦਰ ਵਲ੍ਹੇਟੀ। ਉਸ ਦੇ ਸਾਹਮਣੇ ਦੀ ਇੱਕ ਔਰਤ ਲੰਘੀ, ਤੇ ਫੌਰਨ ਹੀ ਦੂਸਰੀ ਝੰਮ-ਝੰਮ ਕਰਦਾ ਸੂਟ, ਸੈਂਡਲ, ਪਰਸ ਤੇ ਮੋਢਿਆਂ ਉੱਤੇ ਗਰਮ ਸ਼ਾਲ ਸੁੱਟੀ ਉਹ ਦੂਸਰੀ ਔਰਤ ਪ੍ਰਗਟ ਹੋਈ ਤਾਂ ਉਹ ਡਰ ਗਈ। ਉਹ ਉਸਦੇ ਕਾਲਜ ਦੀ ਕੁਲੀਗ ਸੀ, ਕਾਲਜ ਜਾ ਰਹੀ ਸੀ ਸ਼ਾਇਦ...। ਤੇ ਫਿਰ ਤਾਂ ਹੱਦ ਹੋ ਗਈ। ਮਿਰਜ਼ਾ ਅਦੀਬ ਸਾਹਮਣੇ ਤੋਂ ਚਲੇ ਆ ਰਹੇ ਸਨ। ਉਸ ਦੀਆਂ ਕਿਤਾਬਾਂ ਉੱਤੇ ਟਿੱਪਣੀ ਲਿਖਦੇ ਹੁੰਦੇ ਸਨ। ਪਰ ਉਹਨਾਂ ਪਛਾਣਿਆ ਨਹੀਂ। ਉਹਨਾਂ ਨੂੰ ਸ਼ਾਇਦ ਪਤਾ ਵੀ ਨਾ ਹੋਵੇ। ਵਿਚਾਰੇ ਸਿੱਧੇ-ਸਾਦੇ ਸੱਜੇ-ਪੱਖੀ ਕਿਸਮ ਦੇ ਅਦੀਬ ਹੈਨ ਨਾ। ਪਰ ਇਹ ਹਨੀਫ ਭੁੱਟੋ ਇੱਥੇ ਕੀ ਕਰ ਰਿਹਾ ਸੀ? ਯਕੀਨੀ ਤੌਰ ਤੇ ਉਹ ਵੀ ਉਹਨਾਂ ਵਾਂਗ ਅੰਡਰ-ਗਰਾਊਂਡ ਸੀ।

ਮੁੜ ਕੇ ਉਹ ਫਿਰ ਤੋਂ ਬੱਸ ਸਟਾਪ ਵੱਲ ਤੁਰ ਪਈ। ਧਰਮਪੁਰਾ... ਉਸਨੇ ਕੰਡਕਟਰ ਨੂੰ ਟਿਕਟ ਦੇ ਪੈਸੇ ਦਿੱਤੇ ਤੇ ਦੁਬਾਰਾ ਆਪਣੇ ਆਪ ਨਾਲ ਗੱਲਾਂ ਕਰਨ ਲੱਗੀ। ਇਸ ਮੁਹੱਲੇ ਵੀ ਦੋ-ਦੋ ਸ਼ਖ਼ਸੀਅਤਾਂ ਅਤੇ ਨਾਮ ਵਾਲੇ ਹਨ। ਧਰਮਪੁਰਾ, ਸਰਕਾਰੀ ਨਾਂ ਮੁਸਤਫਾ ਆਬਾਦ। ਕ੍ਰਿਸ਼ਨ ਤੇ ਧਰਮ ਨਿਕਲ ਗਏ। ਇਸਲਾਮ ਤੇ ਮੁਸਤਫ਼ਾ ਆ ਗਏ। ਸ਼ਹਿਰ ਦੀ ਲੰਮੀ ਤਾਰੀਖ ਦਾ ਇਕ ਕਾਂਡ-ਹੁਲੀਆ ਬਦਲ ਗਿਆ। ਪਰ ਪੁਰਾਣੇ ਨਾਮ ਉਸੇ ਤਰ੍ਹਾਂ ਲੋਕਾਂ ਦੀ ਜ਼ੁਬਾਨ ਤੇ ਚਾਲੂ ਸਨ। ਇੱਕ ਦਮ ਉਸਦਾ ਦਿਲ ਆਪਣੇ ਬੇ-ਪਛਾਣ ਹੋਣ ਦੇ ਅਹਿਸਾਸ ਵਿਚ ਡੁੱਬ ਗਿਆ। ਉਸਦਾ ਸਰਕਾਰੀ ਨਾਂ ਤਾਂ ਮੁਲਜ਼ਮਾਂ ਸੀ, ਕੋਈ ਜੇ ਉਹਨਾਂ ਦੇ ਹੱਥਾਂ ਵਿਚੋਂ ਬਚ ਨਿਕਲੇ ਤਾਂ 'ਮੁਲਜ਼ਮ' ਦੇ ਨਾਲ 'ਮਫ਼ਰੂਰ' ਵੀ ਲਾ ਦਿੰਦੇ ਸਨ।

ਘਰ ਆਈ ਤਾਂ ਉਸਨੂੰ ਸ਼ਰਨ ਦੇਣ ਵਾਲੇ ਲੋਕ ਗੁੱਸੇ ਵਿਚ ਸਨ। ਤੂੰ ਕਿੱਥੇ ਚਲੀ ਗਈ ਸੀ? ਕੀ ਤੈਨੂੰ ਪਤਾ ਹੈ ਕਿ ਅੱਜ ਤੇਰੇ ਵਕੀਲ ਦੇ ਘਰ ਵੀ ਛਾਪਾ ਪਿਆ ਸੀ। ਉਹ ਆਪ ਨੂੰ ਬੁਰੀ ਤਰ੍ਹਾਂ ਲੱਭ ਰਹੇ ਸੀ। ਜਹਾਜ਼ ਦੇ ਹਾਈਜੈਕ ਹੋ ਜਾਣ ਤੋਂ ਬਾਅਦ ਤਾਂ ਹੋਰ ਵੀ ਕਹਿਰ ਹੋ ਗਿਆ ਹੈ। ਉਸਨੂੰ ਲੱਗਿਆ ਜਿਵੇਂ ਉਹ ਸਕੂਲ ਦੀ ਬੱਚੀ ਹੈ ਅਤੇ ਗਲਤੀ ਕਰਨ ਉੱਤੇ ਚੁੱਪ-ਚਾਪ ਝਿੜਕ ਖਾ ਰਹੀ ਹੈ। ਪਰ ਅੰਦਰੋਂ ਬੇਚੈਨ ਹੋ ਕੇ ਪੁੱਛਣਾ ਚਾਹੁੰਦੀ ਸੀ। ਕੀ ਹੋਇਆ ਸੀ? ਇਹਤਜਾਜ਼ ਹਸਨ ਵਕੀਲ ਉਹਨਾਂ ਦਿਨਾਂ ਵਿਚ ਸਿਆਸੀ

ਪੀੜਤਾਂ ਦੇ ਮੁਕੱਦਮੇ ਲੜ ਰਿਹਾ ਸੀ। ਉਸਦੀ ਰਿੱਟ ਵੀ ਕੀਤੀ ਹੋਈ ਸੀ। ਤਦ ਹੀ ਪਤਾ ਲੱਗਾ ਸੀ ਕਿ ਉਸਦਾ ਕੇਸ ਆਮ ਪੁਲਿਸ ਦੇ ਕੋਲ ਨਹੀਂ ਸੀ, ਕਿਸੇ ਖਾਸ ਪੁਲਿਸ ਏਜੰਸੀ ਦੇ ਪਾਸ ਵੀ ਨਹੀਂ ਸੀ। ਜੇ ਹੈ ਤਾਂ ਫੌਜ ਦੀ ਕਿਸੇ ਖਾਸ ਏਜੰਸੀ ਦੇ ਪਾਸ ਹੈ। ਹੁਣ ਪੁਲਿਸ ਦੀ ਮਦਦ ਨਾਲ ਲੈ ਕੇ ਉਹ ਲੁਕੇ ਹੋਏ ਲੋਕਾਂ ਨੂੰ ਲੱਭ ਰਹੇ ਸੀ। ਪਰ ਬਹੁਤ ਹੀ ਵਹਿਸ਼ੀ ਤਰੀਕੇ ਨਾਲ। ਵਕੀਲ ਨੂੰ ਤਾਂ ਉਨ੍ਹਾਂ ਨੇ ਪ੍ਰੇਸ਼ਾਨ ਕਰਨਾ ਚਾਹਿਆ ਸੀ। ਪਰ ਹੁਣ ਉਸਦੇ ਘਰ ਜਾਣਾ ਵੀ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਉਸੇ ਨੇ ਹੀ ਮਸ਼ਵਰਾ ਦਿੱਤਾ ਸੀ ਕਿ ਕੁਝ ਵਕਤ ਗ੍ਰਿਫਤਾਰੀ ਤੋਂ ਬਚਿਆ ਜਾ ਸਕੇ ਤਾਂ ਤਸ਼ੱਦਦ ਵਿਚ ਕਮੀ ਹੋ ਸਕਦੀ ਹੈ। ਪਰ ਹੁਣ ਉਹ ਹਾਈ-ਜੈਕਿੰਗ ਦਾ ਮਾਮਲਾ ਤਾਂ ਬਹੁਤ ਹੀ ਮੁਸ਼ਕਿਲ ਵਿਚ ਪਾਉਣ ਵਾਲਾ ਸੀ। ਇੱਕ ਮੁਸ਼ਕਿਲ ਇਹ ਵੀ ਸੀ ਸ਼ਾਇਦ ਦਬਾਅ ਤੇ ਸਖ਼ਤੀ ਦੇ ਕਾਰਨ ਆਮ ਲੋਕ ਵੀ ਡਰਨ ਲੱਗ ਪਏ ਸੀ। ਅਰਥਾਤ ਪਨਾਹ ਦੇਣ ਵਾਲੇ ਵੀ ਸੰਕੋਚ ਕਰਨ ਲੱਗ ਪਏ ਸੀ। ਸਰਕਾਰੀ ਪ੍ਰਾਪੇਗੰਡੇ। ਹੁਣ ਬਹੁਤ ਖ਼ਤਰਨਾਕ ਹੋ ਗਿਆ ਸੀ। ਹੁਣ ਉਹਨਾਂ ਨੂੰ ਭੰਨ ਤੋੜ ਕਰਨ ਵਾਲੇ ਅਤੇ ਗੱਦਾਰ ਕਹਿਣ ਲਈ ਮੀਡੀਆ ਤੇ ਮੌਲਵੀ ਤਾਂ ਸਨ ਹੀ ਖੁੱਲੇ ਮੈਦਾਨ ਵਿਚ ਹੁਣ ਬਹੁਤ ਸਾਰੇ ਸ਼ਹਿਰੀ, ਜਿਹਨਾਂ ਨੂੰ "ਇੱਜ਼ਤਦਾਰ" ਦਾ ਲਕਬ (ਪ੍ਰਸ਼ੰਸਾਮਈ ਸ਼ਬਦ) ਮਿਲਿਆ ਸੀ ਅਤੇ ਬਹੁਤ ਕੁਝ ਇਨਾਮ ਆਦਿ ਵੀ। ਫੌਜੀ ਏਜੰਸੀਆਂ ਦੇ ਨਾਲ ਅਤੇ ਪ੍ਰਚਾਰ ਸਾਧਨਾਂ ਦੇ ਰਾਹੀਂ ਖੱਬੇ-ਪੱਖੀ ਸਿਆਸੀ ਲੋਕਾਂ ਨੂੰ ਗੱਦਾਰੇ-ਵਤਨ ਕਹਿ ਰਹੇ ਸੀ। ਇਸ ਤਰ੍ਹਾਂ ਉਸਦਾ ਦਮ ਹੋਰ ਵੀ ਘੁੱਟ ਰਿਹਾ ਸੀ। ਆਪਣੀ ਵਜ੍ਹਾ ਕਾਰਨ ਉਹ ਉਹਨਾਂ ਲੋਕਾਂ ਨੂੰ ਵੀ ਕਿਸੇ ਮੁਸ਼ਕਿਲ ਵਿਚ ਪਾਉਣਾ ਨਹੀਂ ਚਾਹੁੰਦੀ ਸੀ। ਪਰ ਫਰਾਰ ਹੋਣ ਦੀ ਥਾਂ ਵੀ ਕੋਈ ਨਹੀਂ ਸੀ।

ਪਰ ਇੱਕ ਦਿਨ ਉਸਨੇ ਫਿਰ ਉਹੋ ਕੀਤਾ। ਆਪਣਾ ਝੋਲਾ ਚੁੱਕ ਕੇ ਬਾਹਰ ਨਿਕਲ ਗਈ ਤੇ ਉਸੇ ਹੀ ਬੱਸ ਵਿਚ ਜਾ ਬੈਠੀ। ਫਿਰ ਉਸੇ ਹੀ ਰੂਟ ਤੇ ਚੱਲਦੀ ਬੱਸ ਕ੍ਰਿਸ਼ਨ ਨਗਰ ਦੇ ਆਖ਼ਰੀ ਅੱਡੇ ਤੇ ਰੁਕੀ ਤਾਂ ਉਸਨੂੰ ਦੋਸਤਾਂ ਦਾ ਇੱਕ ਹੋਰ ਘਰ ਯਾਦ ਆਇਆ। ਉਸ ਘਰ ਵਿਚ ਮਿਲੇ-ਜੁਲੇ ਲੋਕ ਸਨ। ਕੁਝ ਤੇ ਉਹੀ Typical ਅਰਧ-ਧਾਰਮਿਕ, ਅਰਧ-ਪਿਛਾਂਹ ਖਿਚੂ ਪਰ ਕੁਝ ਪ੍ਰਗਤੀਵਾਦੀ ਸੋਚ ਵਾਲੇ ਵੀ ਸੀ। ਪਰ ਉਹਨਾਂ ਨੂੰ ਉਸ ਬਾਰੇ ਪਤਾ ਕੁਝ ਨਹੀਂ ਸੀ। ਅੱਜ ਤਾਂ ਉਸਨੇ ਕੱਪੜੇ ਵੀ ਕੁਝ ਠੀਕ ਜਿਹੇ ਹੀ ਪਾਏ ਹੋਏ ਸਨ ਤੇ ਦਰਵਾਜ਼ੇ ਉੱਤੇ ਜਾ ਕੇ ਚਾਦਰ ਵੀ ਲਪੇਟ ਕੇ ਥੈਲੇ ਵਿਚ ਪਾ ਲਈ ਸੀ। ਉਂਝ ਵੀ ਈਦ-ਮਿਲਾਦ ਦਾ ਲੰਮਾ ਜਲੂਸ ਨਿਕਲ ਰਿਹਾ ਸੀ। ਹੱਲਾ-ਗੁੱਲਾ ਉਸਦੇ ਕੰਮ ਆਇਆ ਤੇ ਕੀ-ਕੀ ਕੰਮ ਨਾ ਆਇਆ। ਘਰ ਦੇ ਸਾਰੇ ਲੋਕ ਸ਼ਾਦੀ ਵਿਚ ਸ਼ਾਮਿਲ ਹੋਣ ਲਈ ਕਸੂਰ ਜਾਣ ਨੂੰ ਤਿਆਰ ਖੜ੍ਹੇ ਸੀ। ਘਰ ਨੌਕਰਾਂ ਦੇ ਸਪੁਰਦ ਰਹਿਣਾ ਸੀ। ਆਪਣੀ ਖ਼ਾਸ ਦੋਸਤ ਨੂੰ ਉਸਨੇ ਵਿਸ਼ਵਾਸ ਵਿਚ ਲਿਆ ਤੇ ਕੁਝ ਦੇਰ ਆਰਾਮ ਕਰਨ ਲਈ ਰੁਕ ਗਈ।

ਪੂਰੇ ਤਿੰਨ ਦਿਨ ਉਸਨੇ ਬੇਫ਼ਿਕਰੀ ਨਾਲ ਲੰਘਾਏ। ਗਰਮ ਪਾਣੀ ਨਾਲ ਨਹਾਤੀ,



ਧੁੱਪ ਵਿਚ ਬੈਠੀ, ਅਖ਼ਬਾਰ ਪੜ੍ਹਿਆ ਤੇ ਦਿਨ ਵਿਚ ਕਈ ਵਾਰ ਚਾਹ ਬਣਵਾ ਕੇ ਪੀਤੀ। ਦਮ ਕੀਤੀ ਹੋਈ ਚਾਹ, ਚੰਗੀ ਪਿਆਲੀ ਵਿਚ, ਚੀਨੀ ਦੀ ਪਲੇਟ ਵਿਚ। ਸਬਜ਼ੀ ਤੇ ਸੋਹਣਾ ਗੁਸਲਖ਼ਾਨਾ। ਉਸਦੇ ਅੰਦਰ ਦੀ ਮਿਡਲ ਕਲਾਸ ਔਰਤ ਨੂੰ ਕਾਫੀ ਸ਼ਾਂਤੀ ਮਿਲੀ, ਪਰ ਆਪਣਾ ਘਰ ਬਹੁਤ ਯਾਦ ਆਇਆ। ਹੁਣ ਤਾਂ ਉਹ ਸਰਕਾਰੀ ਮਕਾਨ ਵੀ ਨਸੀਬ ਨਹੀਂ ਹੋਵੇਗਾ। ਪਤਾ ਨਹੀਂ, ਕਦੋਂ ਤੱਕ ਉਹ ਕਤਈ ਤੌਰ ਤੇ ਬੇਘਰ ਰਹੇਗੀ? ਉਸਦਾ ਲਾਭ ਵੀ ਕੀ? ਹਾਂ ਇਸਦਾ ਇੱਕ ਫਾਇਦਾ ਵੀ ਹੋਇਆ। ਬਹੁਤ ਸਾਰੇ ਲੋਕੀ ਬਾਹਰ ਨਿਕਲ ਗਏ, ਪਰ ਉਸਨੇ ਬਾਹਰ ਨਹੀਂ ਜਾਣਾ ਸੀ। ਬਹੁਤ ਸਾਰੇ ਲੋਕਾਂ ਨੂੰ ਹਾਈ-ਜੈਕਰ ਮੰਗ ਰਹੇ ਸੀ। ਉਹਨਾਂ ਨੂੰ ਕਿਲ੍ਹੇ ਦੇ ਤਸ਼ੱਦਦ ਅਤੇ ਤੰਗੀ-ਭਰੀਆਂ ਕੋਠੜੀਆਂ ਵਿਚੋਂ ਕੱਢ ਕੇ ਉਸ ਖ਼ਾਸ ਮੁਲਕ ਵਿਚ ਭੇਜਿਆ ਜਾ ਰਿਹਾ ਸੀ। ਉਸਨੇ ਉਥੇ ਵੀ ਨਹੀਂ ਸੀ ਜਾਣਾ। ਫਿਰ, ਇੱਕ ਹੀ ਰਾਹ ਸੀ। ਉਹ ਪੰਜਾਬ ਤੋਂ ਨਿਕਲ ਜਾਵੇ ਤੇ ਬਲੋਚਿਸਤਾਨ ਚਲੀ ਜਾਵੇ। "ਯਿਹ ਤੋ ਵੁਹੀ ਜਗ੍ਹਾ ਹੈ" ਉਸਦਾ ਦਿਲ ਹੌਲੀ ਜਿਹੀ ਗੁਣਗੁਣਾਇਆ। "ਗੁਜ਼ਰੇ ਥੇ ਹਮ ਜਹਾਂ ਸੇ" ਪਹਿਲੀ ਵਾਰ ਜਦੋਂ ਪੰਜਾਬ ਵਿਚ ਜ਼ਿੰਦਗੀ ਦੇ ਲਈ ਜ਼ਮੀਨ ਤੰਗ ਤੇ ਅਸਮਾਨ ਦੂਰ ਹੋਇਆ ਤਾਂ ਬਲੋਚਿਸਤਾਨ ਦੇ ਪਹਾੜਾਂ ਨੇ ਉਸਨੂੰ ਸ਼ਰਨ ਦਿੱਤੀ ਸੀ। ਅੰਗੂਰ ਤੇ ਸਰਦੇ ਖਵਾਏ ਸਨ। ਸਕੂਲ ਦਿੱਤਾ ਸੀ ਤੇ ਹੋਰ ਕਿੰਨਾ ਕੁਝ,, ਅੱਜ ਕਿੰਨੀ ਦੇਰ ਬਾਅਦ ਫਿਰ। ਕਿੰਨੇ ਵਰ੍ਹੇ ਗੁਜ਼ਰ ਗਏ? ਉਸਨੇ ਆਪਣੀ ਚਾਲੀ ਸਾਲ ਦੀ ਉਮਰ ਵਿਚੋਂ ਅੱਠ ਸਾਲ ਕੱਢ ਦਿੱਤੇ। ਬੱਤੀ ਸਾਲ ਬਾਅਦ ਫਿਰ ਪੰਜਾਬ ਦੀ ਜ਼ਮੀਨ ਤੰਗ ਹੈ ਤਾਂ ਉਸਨੂੰ ਬੁਰੀ ਤਰ੍ਹਾਂ ਬਲੋਚਿਸਤਾਨ ਯਾਦ ਆ ਰਿਹਾ ਹੈ। ਪਰ ਉਹ ਜਾਵੇਗੀ ਕਿਵੇਂ? ਕਿਸ ਤਰ੍ਹਾਂ? ਰੇਲਗੱਡੀ, ਨਾ ਜਹਾਜ਼। ਦੋਵੇਂ ਰਸਤੇ ਵਰਜਿਤ ਸਨ। ... ਭੰਨ-ਤੋੜ ਕਰਨ ਵਾਲਿਆਂ ਦੀਆਂ ਤਸਵੀਰਾਂ ਲਈ ਪੁਲਿਸ ਚੈਕਿੰਗ ਕਰ ਰਹੀ ਸੀ। ਉਸਦੀ ਤਸਵੀਰ ਤਾਂ ਬੜੀ ਸੌਖ ਨਾਲ ਮਿਸਿਜ਼ ਸੰਮਾ ਸੱਟਾ ਨੇ ਦੇ ਦਿੱਤੀ ਹੋਵੇਗੀ। ਐ ਖ਼ੁਦਾ! ਇਹ ਲੋਕ ਸਿਆਸੀ ਵਿਰੋਧ ਵਾਲਿਆਂ ਨੂੰ ਮੁਜਰਮ ਗਰਦਾਨ ਕੇ ਕਿਉਂ ਫੜਦੇ ਨੇ। ਇਹ ਸਿਆਸਤ 1947 ਵਿਚ ਉਸਦਾ ਘਰ ਖੋਹ ਕੇ ਉਸਨੂੰ ਕੈਂਪ ਕਾਫਲਿਆਂ ਵਿਚ ਧੱਕਾ ਦੇ ਦਿੱਤਾ। ਤੇ ਹੁਣ ਤਾਂ ਜੇਲ੍ਹ, ਕਿਲ੍ਹੇ ਵਿਚ ਬੰਦੀ ਬਣਾਉਂਦੇ ਹਨ।

ਚਲੋ ਠੀਕ ਹੈ, ਉਸਨੇ ਇੱਕ ਫੈਸਲਾ ਕੀਤਾ। ਜੇਲ੍ਹ ਕੋਠੜੀ ਵਿਚ ਜਾ ਕੇ ਹੋਰ ਕੋਈ ਡਰ ਤਾਂ ਨਹੀਂ ਰਹੇਗਾ ਨਾ। ਹੁਣ ਪਤਾ ਨਹੀਂ ਹੋਰ ਲੋਕਾਂ ਦਾ ਕੀ ਹਾਲ ਹੈ? ਹਜ਼ਾਰਾਂ ਦੀ ਗਿਣਤੀ ਵਿਚ ਫੜੇ ਜਾ ਚੁੱਕੇ ਸਨ ਤੇ ਹੁਣ ਇਸ ਹਾਈਜੈਕਿੰਗ ਦੇ ਨਾਲ ਤਾਂ ਹੋਰ ਵੀ। ਹਬੀਬ ਜਾਲਿਬ ਦੇ ਕਥਨ ਅਨੁਸਾਰ "ਕੋਈ ਤੋਤਾ ਵੀ, ਜਿਸ ਦੀ ਗਰਦਨ ਵਿਚ ਲਾਲ ਗਾਨੀ ਹੈ। ਲੱਖ ਉਸਦੇ ਖੰਭ ਹਰੇ ਹੋਣ, ਆਜ਼ਾਦ ਨਹੀਂ ਛੱਡਿਆ ਜਾ ਸਕਦਾ। ਲਾਲ ਗਾਨੀ ਹੀ ਉਸਦਾ ਜੁਰਮ ਸਾਬਤ ਕਰਦੀ ਹੈ ਤੇ ਜੁਰਮ ਤਾਂ ਸਾਰੇ ਅਵਾਮ ਦਾ ਸਾਬਤ ਹੀ

ਹੈ। ਪਰ ਇਥੇ ਉਸਨੂੰ ਕਿਸੇ ਐਕਸਪਰਟ (ਮਾਹਿਰ) ਦੀ ਸਲਾਹ ਚਾਹੀਦੀ ਸੀ। ਇਹ ਸਲਾਹ ਤਾਂ ਕਿਸੇ ਨੇ ਦਿੱਤੀ ਸੀ। ਪਰ ਉਹਨਾਂ ਹੀ ਦਿਨਾਂ ਵਿਚੋਂ ਉਸ ਕੋਲੋਂ ਇੱਕ ਗਲਤੀ ਹੋ ਗਈ।

ਕਾਲਜ ਤੋਂ ਗ਼ੈਰਹਾਜ਼ਰੀ ਦੇ ਕਾਰਨ ਉਹ ਲਗਾਤਾਰ ਪੰਦਰਾਂ-ਪੰਦਰਾਂ ਦਿਨਾਂ ਦੀ ਛੁੱਟੀ ਦੀ ਦਰਖ਼ਾਸਤ ਭੇਜਦੀ ਹੁੰਦੀ ਸੀ ਤੇ ਸਦਾ ਹੀ ਦਰਖ਼ਾਸਤ ਵਾਲਾ ਲਿਫ਼ਾਫਾ ਜੀ.ਪੀ.ਓ. ਨਾਲ ਪੋਸਟ ਕਰਵਾਉਂਦੀ ਸੀ। ਪਰ ਇਸ ਵਾਰੀ ਉਸੇ ਹੀ ਮੁਹੱਲੇ ਦੇ ਡਾਕਖਾਨੇ ਵਿਚ ਪਾ ਦਿੱਤਾ। ਉਧਰ ਮਿਸਿਜ਼ ਸੰਮਾ ਸੱਟਾ ਜਿਹੜੀ ਇਹ ਲਿਫ਼ਾਫਾ ਵਸੂਲ ਕਰਦੀ ਸੀ, ਬੜੇ ਧਿਆਨ ਨਾਲ ਮੋਹਰ ਲੱਗੀ ਵੇਖਦੀ ਸੀ। ਕਈ ਨਿਰਾਸ਼ਤਾਵਾਂ ਪਿੱਛੋਂ ਉਸਨੂੰ ਸ਼ਿਕਾਰ ਮਿਲਿਆ ਸੀ।

ਉਹ ਇਲਾਕਾ ਜਿੱਥੇ ਉਸਦੇ ਹੋਣ ਦੀ ਸੰਭਾਵਨਾ ਸੀ। ਧਰਮਪੁਰਾ ਤਾਂ ਪਹਿਲਾਂ ਹੀ ਘੇਰੇ ਵਿਚ ਸੀ। ਪੀਪਲਜ਼ ਪਾਰਟੀ ਦੇ ਬਹੁਤ ਸਾਰੇ ਵਰਕਰ ਉਥੋਂ ਦੇ ਹੀ ਸਨ ਤੇ ਤਕਰੀਬਨ ਸਾਰਾ ਮੁਹੱਲਾ ਮਾਰਸ਼ਲ-ਲਾਅ ਦੇ ਵਿਰੁੱਧ ਇਕ ਮੋਰਚਾ ਸੀ। ਸਿਰਫ਼ ਕੁਝ ਖਾਂਦੇ-ਪੀਂਦੇ ਘਰਾਣੇ ਹੀ 'ਸਤਿਕਾਰ ਯੋਗ ਨਾਗਰਿਕ' ਸਨ। ਇਹਨਾਂ ਵਿਚੋਂ ਉਸਦਾ ਇਕ ਰਿਸ਼ਤੇਦਾਰ ਵੀ ਸੀ। ਹੁਕਮਰਾਨਾਂ ਦੇ ਬਹੁਤ ਕਰੀਬ। ਉਸਦੀ ਵਜ੍ਹਾ ਕਾਰਨ ਬਹੁਤ ਸਾਰੀਆਂ ਗੱਲਾਂ ਦਾ ਪਤਾ ਵੀ ਲੱਗਿਆ ਕਿ ਇਹ ਸਰਕਾਰੀ ਏਜੰਸੀਆਂ ਕਿਸ ਤਰ੍ਹਾਂ ਸ਼ਹਿਰੀਆਂ ਨੂੰ ਨਾਲ ਲੈ ਕੇ ਆਪਣਾ ਕੰਮ ਚਲਾਉਂਦੀਆਂ ਹਨ ਕਿ ਮੁਅੱਜ਼ਿਜ਼ ਸ਼ਹਿਰੀ ਕਿੰਨੇ "ਗ਼ੈਰ-ਮੁਅੱਜ਼ਿਜ਼" (ਗ਼ੈਰ ਸਤਿਕਾਰਯੋਗ) ਹੁੰਦੇ ਹਨ।

ਹੁਣ ਉਸ ਵਾਸਤੇ ਵੀ ਕਈ ਆਦਰਯੋਗ ਸ਼ਹਿਰੀਆਂ ਨੂੰ ਕੰਮ ਤੇ ਲਾਇਆ ਗਿਆ ਸੀ। ਇੱਕ ਮੁਹੱਲੇ ਦੇ ਅੰਦਰ ਟੋਹ ਲਾਉਣ ਦਾ ਕੰਮ ਤੇ ਲੱਭਣ ਦਾ ਕੰਮ, ਸਗੋਂ ਫੜਵਾਉਣ ਦਾ ਕੰਮ। ਇਹਨਾਂ ਦਿਨਾਂ ਵਿਚ ਦੇਸ਼ ਵਿਚ ਬੜੀ ਹਫੜਾ-ਦਫੜੀ ਸੀ। ਜਹਾਜ਼ ਦੀ ਹਾਈਜੈਕਿੰਗ ਨੇ ਫੌਜੀ ਹਾਕਮਾਂ ਨੂੰ ਹਿਲਾ ਦਿੱਤਾ ਸੀ। ਕਈ ਸਾਲ ਤੋਂ ਜੋ ਪਾਰਟੀ ਉਹਨਾਂ ਦੇ ਵਿਰੁੱਧ ਲੜ ਰਹੀ ਸੀ, ਜਿਸਨੂੰ ਬਰਬਾਦ ਕਰਨ ਵਿਚ ਉਹਨਾਂ ਨੇ ਕੋਈ ਕਸਰ ਨਾ ਛੱਡੀ ਸੀ। ਪਰ ਫਿਰ ਵੀ ਉਸਦੀ ਖੁਫ਼ੀਆ ਸ਼ਕਤੀ ਕਿਤਿਓਂ ਨਾ ਕਿਤਿਓਂ ਸਿਰ ਕੱਢ ਲੈਂਦੀ। ਜਾਂ ਹੱਥ ਵਧਾ ਕੇ ਤਾਨਾਸ਼ਾਹੀ ਦੇ ਮੂੰਹ ਤੇ ਤਮਾਚਾ ਜੜ ਦਿੰਦੀ। ਹੁਣ ਉਹਨਾਂ ਨੇ ਮੁਕੰਮਲ ਸੀਲਬੰਦੀ ਕਰਨ ਵਾਸਤੇ ਮਾਰਸ਼ਲ-ਲਾਅ ਨੂੰ ਜ਼ਿਆਦਾ ਤਾਕਤਵਰ ਬਣਾਇਆ। ਉਸ ਵਾਸਤੇ ਨਵੇਂ ਆਰਡੀਨੈਂਸ ਨਿਕਲੇ ਤੇ ਸਾਰਿਆਂ ਜੱਜਾਂ ਨੂੰ ਮਾਰਸ਼ਲ-ਲਾਅ ਦੀ "ਸਰਦਾਰੀ" ਵਿਚ ਨਵੇਂ ਸਿਰ ਤੋਂ ਸਹੁੰ ਚੁੱਕਣੀ ਸੀ। ਪਰ ਇਹ ਹਲਫ਼ ਸਿਰਫ਼ ਉਹੀ ਲੈ ਸਕਦੇ ਸੀ, ਜਿਹਨਾਂ ਨੂੰ ਚੀਫ-ਮਾਰਸ਼ਲ-ਲਾਅ ਐਡਮਨਿਸਟਰੇਟਰ ਦੀ ਹਮਾਇਤ ਤੇ ਤਾਈਦ ਪ੍ਰਾਪਤ ਸੀ। ਉਸ ਵਕਤ ਪੰਜਾਬ ਦੇ ਸੈਨਿਕ ਗਵਰਨਰ ਅਤੇ ਚੀਫ਼-ਮਾਰਸ਼ਲ-ਲਾਅ ਵਿਚ ਅਣਬਣ ਚੱਲ ਰਹੀ ਸੀ। ਇਸ ਲਈ ਮਿਸਿਜ਼ ਸੰਮਾ ਸੱਟਾ ਦੇ ਪਤੀ ਅਰਥਾਤ ਚੀਫ਼



ਜਸਟਿਸ ਪੰਜਾਬ ਨੂੰ ਨਵੇਂ ਹਲਫ਼ ਦੇ ਲਈ ਬੁਲਾਵਾ ਨਹੀਂ ਸੀ ਆਇਆ। ਏਧਰ ਚੀਫ਼ ਜਸਟਿਸ ਜੋ ਹੁਣ ਸਾਬਕਾ ਹੋਣ ਹੀ ਵਾਲੇ ਸੀ, ਉਹਨਾਂ ਦੇ ਭਰਾ ਜ਼ੋਰ ਲਾ ਕੇ ਉਥੇ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਸੀ। ਜਿੱਥੇ ਤਖ਼ਤ ਦੇ ਚਾਰ ਪਾਵੇ ਟਿਕੇ ਹੋਏ ਸੀ। ਇਹਨਾਂ ਚਾਰ ਪਾਵਿਆਂ ਵਿਚੋਂ ਇੱਕ ਦੇ ਨਾਲ ਬਣਦੀ ਦੀ ਮਜ਼ਹਬੀ ਜਮਾਤ। ਦੂਸਰੇ ਨਾਲ ਮੁਰਦਾ ਲੀਗ।

ਤੇ ਅਜੀਬ ਸੀ ਅਸਮਾਨ ਦੀ ਚਾਲ। ਉਸਨੂੰ ਪਨਾਹ ਦੇਣ ਵਾਲੇ ਇਕ ਪਾਸੇ ਜਮਾਇਤੇ-ਇਸਲਾਮੀ ਦੇ ਪੱਕੇ ਮੈਂਬਰ- ਦੂਸਰੇ ਪਾਸੇ ਮੁਸਲਿਮ-ਲੀਗ ਦੇ ਹਾਮੀ ਤੇ ਸਾਥੀ ਤੇ ਤੀਸਰਾ ਅਰਥਾਤ ਦੂਰ ਦਾ ਰਿਸ਼ਤੇਦਾਰ "ਆਦਰ-ਯੋਗ ਸ਼ਹਿਰੀਆਂ" ਵਿਚੋਂ ਹੋ ਕੇ ਗਵਰਨਰ ਪੰਜਾਬ ਦੇ ਬਹੁਤ ਕਰੀਬ। ਮਿਸਿਜ਼ ਸੰਮਾ ਸੱਟਾ ਦੇ ਪਤੀ ਨੂੰ ਫਿਰ ਤੋਂ ਚੀਫ਼ ਜਸਟਿਸ ਬਣ ਜਾਣ ਲਈ ਤਿੰਨਾਂ ਦੀ ਸਖ਼ਤ ਲੋੜ ਸੀ। ਜਮਾਇਤੇ-ਇਸਲਾਮੀ, ਜੋ ਮਾਰਸ਼ਲ-ਲਾਅ ਅਤੇ ਜਨਰਲ ਜ਼ਿਆ ਦੀ ਰਿਸ਼ਤੇਦਾਰ ਹੀ ਸੀ, ਅਮੀਰ ਜਮਾਇਤ ਅਤੇ ਵੱਡੇ ਜਰਨੈਲ ਵਿਚ ਮਾਮੇ-ਭਾਣਜੇ ਦਾ ਪਿਆਰਾ ਰਿਸ਼ਤਾ ਸੀ ਤੇ ਮੁਸਲਮ-ਲੀਗ ਜੋ ਮਾਰਸ਼ਲ ਲਾ ਦੀ ਪੱਕੀ ਹਾਮੀ ਤੇ ਸਾਥੀ ਸੀ ਅਤੇ ਪੰਜਾਬ ਦਾ ਮਿਲਟਰੀ ਗਵਰਨਰ। ਪਰ ਉਹਨਾਂ ਦੀ ਸਹਾਇਤਾ ਪ੍ਰਾਪਤ ਕਰਨ ਲਈ ਪੌੜੀਆਂ ਦੀ ਵੀ ਜ਼ਰੂਰਤ ਸੀ। "ਆਦਰ-ਯੋਗ ਸ਼ਹਿਰੀ" ਹੀ ਉਹ ਪੌੜੀਆਂ ਹੋ ਸਕਦੇ ਸੀ ਤੇ ਇੱਕ ਪੌੜੀ ਉਸਦਾ ਰਿਸ਼ਤੇਦਾਰ ਵੀ ਸੀ। ਬੱਸ ਇਸ ਪੌੜੀ ਦੀ ਵਰਤੋਂ ਵਿਚ ਬਹੁਤ ਕੁਝ ਲੈਣ-ਦੇਣ ਹੋ ਗਿਆ ਤੇ ਭੇਦ-ਭਾਓ ਵੀ ਪਤਾ ਚੱਲ ਗਿਆ।

ਹੁਣ ਤੱਕ ਉਸਨੂੰ ਇਹ ਵੀ ਪਤਾ ਨਹੀਂ ਸੀ ਕਿ ਉਸਦੇ ਵਿਰੁੱਧ ਜੋ ਏਜੰਸੀ ਕਾਰਵਾਈਆਂ ਕਰ ਰਹੀ ਹੈ, ਉਹ ਕਿਹੜੀ ਹੈ ਤੇ ਜੋ ਕੁਝ ਕਰ ਰਹੀ ਹੈ, ਉਹ ਕਿਸ ਕਾਰਨ? ਜੁਰਮ ਕੀ ਹੈ? ਬਹਾਨਾ ਕੀ ਹੈ? ਮਿਸਿਜ਼ ਸੰਮਾ ਸੱਟਾ ਐਨੀ ਤਾਕਤਵਰ ਤਾਂ ਹੋ ਨਹੀਂ ਸਕਦੀ। ਜੇ ਹੁੰਦੀ ਤਾਂ ਉਸਦਾ ਪਤੀ ਹਲਫ਼ ਲੈਣ ਲਈ ਸਭ ਤੋਂ ਪਹਿਲਾਂ ਨਾ ਬੁਲਾ ਲਿਆ ਜਾਂਦਾ। ਹੁਣ ਜਦੋਂ ਅਖ਼ੀਰ ਤੇ ਬੁਲਾਇਆ ਗਿਆ ਤਾਂ ਸਿਫਾਰਿਸ਼ ਦੇ ਪਿੱਛੋਂ ਹੀ। ਪਰ ਉਹ ਸਿਫਾਰਿਸ਼ ਕਰਨ ਵਾਲੇ ਉਸਦੀ ਪੌੜੀ ਨਹੀਂ ਸੀ ਬਣ ਸਕਦੇ। ਵਿਚਾਰਧਾਰਕ ਮਸਲਾ ਬੜਾ ਜ਼ਾਲਮ ਹੁੰਦਾ ਹੈ ਨਾ, ਫਿਰ ਵੀ ਇਹ ਬੜੀ ਵੱਡੀ ਗੱਲ ਸੀ ਕਿ ਉਹ ਮਾਰਸ਼ਲ-ਲਾਅ ਦੇ ਨਾਲ ਹੋ ਕੇ, ਉਸਦੇ ਜ਼ੁਲਮਾਂ ਨੂੰ ਬਿਲਕੁਲ ਜਾਇਜ਼ ਨਹੀਂ ਮੰਨ ਰਹੇ ਸੀ।

ਤੇ ਹੁਣ ਉਸਨੇ ਕੀ ਕਰਨਾ ਹੈ? ਗ੍ਰਿਫਤਾਰੀ ਪਰ ਕਿਸ ਤਰ੍ਹਾਂ ਦੀ? ਵਕੀਲ ਨਾਲ ਗੱਲ ਕੀਤੀ ਤਾਂ ਉਸਨੇ ਕਿਹਾ, 'ਜੇ ਇਹ ਕੰਮ ਕਰਨਾ ਹੀ ਹੈ ਤਾਂ ਗ੍ਰਿਫਤਾਰੀ ਉਸਦੇ ਦਫਤਰ ਤੋਂ ਜਾਂ ਹਾਈਕੋਰਟ ਤੋਂ ਦਿੱਤੀ ਜਾਵੇ। ਕਿਉਂਕਿ ਉਹ ਲੋਕ ਬੰਦੇ ਨੂੰ ਚੁੱਕ ਕੇ ਅਲੋਪ ਕਰ ਦਿੰਦੇ ਸੀ। ਕਾਨੂੰਨ ਤਾਂ ਮਨਸੂਖ ਹੈ। ਕੋਈ ਰਿੱਟ ਆਦਿ ਕਾਰਗਾਰ ਨਾ ਸੀ। ਫਿਰ ਉਹ

ਕਿਸੇ ਦੇ ਸਾਹਮਣੇ ਜਵਾਬ-ਦੇਹ ਨਹੀਂ ਸਨ। ਤਸ਼ੱਦਦ ਕਰਨ ਜਾਂ ਮਾਰ ਕੇ ਕਿਤੇ ਸੁੱਟ ਦੇਣ ਜਾਂ ਕਿਲ੍ਹੇ ਵਿਚ ਬੰਦ ਕਰ ਦੇਣ ਕੋਈ ਚਾਰਾਗਿਰੀ ਸੰਭਵ ਨਾ ਸੀ। ਇਸੇ ਲਈ...

ਦੂਸਰੇ ਦਿਨ ਉਹ ਸਵੇਰੇ ਸੁਵੱਖਤੇ ਵਕੀਲ ਦੇ ਦਫ਼ਤਰ ਲਈ ਚਲੀ ਗਈ। ਜਾਣ ਤੋਂ ਪਹਿਲਾਂ ਬੇਟੇ ਨੂੰ ਸਮਝਾ ਦਿੱਤਾ ਕਿ ਉਹ ਸ਼ਾਂਤ ਰਹੇ। ਫ਼ਿਕਰ ਨਾ ਕਰੇ। ਉਸਨੂੰ ਪਤਾ ਸੀ ਕਿ ਇਹ ਸਭ ਗੱਲਾਂ ਬੇਕਾਰ ਨੇ। ਜੋ ਹੋਣਾ ਸੀ ਉਹ ਤੇ ਹੋਣਾ ਹੀ ਸੀ। ਸੁਬ੍ਹਾ ਤੋਂ ਦੁਪਹਿਰ ਢਲ ਗਈ ਤੇ ਫਿਰ ਸ਼ਾਮ ਹੋ ਗਈ। ਉਹ ਉਥੇ ਵਕੀਲ ਦੇ ਦਫਤਰ ਵਿਚ ਬੈਠੀ ਕਿਤਾਬ ਪੜ੍ਹਦੀ ਰਹੀ। ਕਾਨੂੰਨ ਦੀਆਂ ਕਿਤਾਬਾਂ ਦੇ ਨਾਲ ਕੁਝ ਸਿਆਸੀ ਕਿਤਾਬਾਂ ਵੀ ਰੱਖੀਆਂ ਹੋਈਆਂ ਸਨ। ਉਸਨੇ ਜਿਹੜੀ ਕਿਤਾਬ ਕੱਢੀ, ਉਹ ਮੌਲਾਨਾ ਮੌਦਵੀ ਦੀ ਕਿਤਾਬ ਲੋਕ-ਰਾਜ ਦੀ ਮਹਾਨਤਾ ਬਾਰੇ ਸੀ। ਕੀ ਜਮਾਇਤੇ ਇਸਲਾਮ ਵਾਲਿਆਂ ਨੇ ਉਹ ਕਿਤਾਬ ਨਹੀਂ ਪੜ੍ਹੀ? ਕੀ-ਕੀ ਜੀ ਕਰਦਾ ਸੀ। ਉਸ ਇਸ ਉੱਤੇ ਕਾਲਮ ਲਿਖੇ। ਪਰ ਉਸਨੇ ਵੱਡੇ ਜਰਨੈਲ ਨੂੰ ਸੰਬੋਧਨ ਕਰਕੇ ਕਈ ਖ਼ਤ ਲਿਖੇ ਅਤੇ ਹੇਠਾਂ ਆਪਣੇ ਨਾਮ ਦੇ ਨਾਲ ਉਸੇ ਮਕਾਨ ਦਾ ਪਤਾ ਲਿਖਿਆ- ਸਰਕਾਰੀ ਮਕਾਨ ਜਿੱਥੇ ਉਸਨੇ ਕਈ ਸਾਲਾਂ ਤੋਂ ਆਪਣਾ ਘਰ ਵਸਾ ਰੱਖਿਆ ਸੀ ਤੇ ਜਿੱਥੇ ਹੁਣ ਫੌਜੀਆਂ ਅਤੇ ਐਫ. ਆਈ. ਏ. ਦਾ ਘੇਰਾ ਸੀ ਤੇ ਘੇਰੇ ਵਿਚ ਰਹਿ ਰਹੀਆਂ ਸਨ ਉਸਦੀਆਂ ਕਿਤਾਬਾਂ ਤੇ ਬਹੁਤ ਪਿਆਰੀ ਪਾਲਤੂ ਪੀਟੀ।

ਇਸ ਖ਼ਤ ਵਿਚ ਬੜੀ ਵਿਹਲ ਨਾਲ ਉਸਨੇ ਵੱਡੇ ਜਰਨੈਲ ਨਾਲ ਗੱਲਾਂ ਕੀਤੀਆਂ ਸਨ। ਉਸਨੂੰ ਸਮਝਾਇਆ ਸੀ ਕਿ ਉਹ ਹਿਟਲਰ ਨਹੀਂ ਹੈ। ਹਿਟਲਰ ਤਾਂ ਕਿਸੇ ਸਾਮਰਾਜ ਦਾ ਗੁਲਾਮ ਨਹੀਂ ਸੀ। ਉਹ ਤੇ ਖ਼ੁਦ ਹੀ ਬੜਾ ਸਾਮਰਾਜ ਬਣਨਾ ਚਾਹੁੰਦਾ ਸੀ। ਕਾਮਯਾਬ ਵੀ ਹੋ ਜਾਂਦਾ ਜੇ ਉਹ ਸਿਰਫ਼ ਫੌਜਾਂ ਨਾਲ ਲੜਦਾ ਰਹਿੰਦਾ। ਉਸਨੇ ਤਾਂ ਲੋਕਾਂ ਨਾਲ ਲੜਨਾ ਸ਼ੁਰੂ ਕਰ ਦਿੱਤਾ। ਇਲਮ, ਅਦਬ ਅਤੇ ਸਾਇੰਸ ਨਾਲ ਜੰਗ ਛੇੜ ਲਈ। ਇਹ ਜੰਗ ਤਾਂ ਸਭ ਹਾਰੇ। ਤੇ ਉਹ ਜੋ ਖ਼ੁਦ ਹੀ ਅਮਰੀਕਾ ਦਾ ਨਿੱਕਾ ਗੁਲਾਮ ਹੈ, ਆਪਣੇ ਲੋਕਾਂ ਨੂੰ ਮਾਰ ਰਿਹਾ ਹੈ। ਉਹਨਾਂ ਲੋਕਾਂ ਨੂੰ ਜੋ ਰੌਸ਼ਨ ਉਮੀਦਾਂ ਦੇ ਦੀਵੇ ਜਗਾਉਂਦੇ ਨੇ ਤੇ ਦੀਵੇ ਬੁਝਾਏ ਜਾ ਰਹੇ ਹਨ। ਕਿਤਾਬ ਉੱਤੇ ਪਾਬੰਦੀ ਲੋਕ-ਰਾਜ ਉੱਤੇ ਪਾਬੰਦੀ। ਆਖ਼ਰ ਕਦੋਂ ਤੱਕ? ... ਕਦੋਂ ਤੱਕ ਮੁੱਲਾਂ ਦੀ ਅਜ਼ਾਨ ਨਾਲ ਗੁਜ਼ਾਰਾ ਕਰੇਗਾ ਉਹ?

ਤੇ ਫਿਰ ਆਪਣੇ ਆਪ ਦੀ ਮਿਸਾਲ ਦੇ ਕੇ ਉਸਨੇ ਲਿਖਿਆ, "ਇਕ ਔਰਤ ਜੋ ਟੀਚਰ ਹੈ, ਲੜਕੀਆਂ ਨੂੰ ਪੜ੍ਹਾਉਂਦੀ ਹੈ, ਸਿਰਫ਼ ਇੱਕ ਬੱਚੇ ਨਾਲ ਰਹਿੰਦੀ ਹੈ ਤੇ ਦੁਖੀ ਲੋਕਾਂ ਦੀਆਂ ਕਹਾਣੀਆਂ ਲਿਖਦੀ ਹੈ ਜਾਂ ਅਖ਼ਬਾਰ ਵਿਚ ਉਹਨਾਂ ਲਈ ਲਿਖਦੀ ਹੈ। ਜਿਸਦਾ ਹੋਰ ਕੋਈ ਨਹੀਂ, ਕੀ ਉਹ ਐਨੀ ਖ਼ਤਰਨਾਕ ਹੈ ਕਿ ਉਸਦੇ ਪਿੱਛੇ ਕਈ ਏਜੰਸੀਆਂ ਲਾ ਰੱਖੀਆਂ ਨੇ, ਕੋਈ ਫੌਜ ਐਨੀ ਕਮਜ਼ੋਰ ਤੇ ਡਰਪੋਕ ਹੈ ਕਿ ਉਸਨੂੰ ਇੱਕ ਔਰਤ ਨੂੰ ਬੰਦੂਕਾਂ ਤੇ ਜੀਪਾਂ ਨਾਲ ਘੇਰਨ ਦੀ ਲੋੜ ਹੈ। ਅੱਧੀ ਰਾਤ ਨੂੰ ਇੱਕ ਔਰਤ ਦੇ ਘਰ ਦਾਖ਼ਲ



ਹੋ ਕੇ ਉਸਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼। ਇਹ ਚਾਦਰ, ਚਾਰ-ਦੀਵਾਰੀ ਦੀ ਪਵਿੱਤਰਤਾ ਰੋਲਣ ਵਾਲੇ ਕਿਸ ਧਰਮ ਨਾਲ ਸੰਬੰਧ ਰੱਖਦੇ ਹਨ? ਕਿਸ ਦਸਤੂਰ ਦੇ ਪੈਰੋਕਾਰ ਹਨ?

ਆਪ ਨੇ ਵੇਖਿਆ, ਚੀਫ਼ ਮਾਰਸ਼ਲ-ਲਾਅ ਐਡਮਨਿਸਟਰੇਟਰ ਸਾਹਿਬ! ਛੇ ਮਹੀਨੇ ਤਾਂ ਲੰਘ ਗਏ ਹਨ, ਆਪ ਦੀਆਂ ਫੌਜਾਂ ਮੈਨੂੰ ਗ੍ਰਿਫ਼ਤਾਰ ਨਹੀਂ ਕਰ ਸਕੀਆਂ। ਏਜੰਸੀਆਂ ਲੱਭ ਨਹੀਂ ਸਕੀਆਂ। ਇਹ ਜਨਤਾ ਦੀ ਤਾਕਤ ਹੈ। ਮੈਂ ਏਸੇ ਹੀ ਸ਼ਹਿਰ ਵਿਚ ਹਾਂ, ਤੇ ਇਥੇ ਹੀ ਰਹਾਂਗੀ। ਸਮੁੰਦਰ ਵਿਚ ਮਛਲੀ ਬਣਕੇ। ਆਪ ਮੈਨੂੰ ਲੱਭ ਨਹੀਂ ਸਕਦੇ। ਪਰ ਮੈਂ ਖ਼ੁਦ ਆਪ ਦੇ ਸਾਹਮਣੇ ਆ ਜਾਊਂਗੀ, ਕਿਉਂਕਿ ਮੈਂ ਆਪ ਨਾਲ ਕੁਝ ਗੱਲਾਂ ਕਰਨੀਆਂ ਹਨ। ਰੂ-ਬ-ਰੂ ਤੇ ਦੂ-ਬਦੂ।

ਖ਼ਤ ਲਿਖਿਆ ਗਿਆ। ਸ਼ਾਮ ਢਲ ਗਈ, ਪਰ ਕੋਈ ਉਸ ਨੂੰ ਗ੍ਰਿਫ਼ਤਾਰ ਕਰਨ ਨਹੀਂ ਆਇਆ। ਫਿਰ ਰੌਸ਼ਨੀਆਂ ਜਗ ਪਈਆਂ ਤੇ ਵਕੀਲ ਮੁਨਸ਼ੀ ਉਸ ਲਈ ਚਾਹ ਆਦਿ ਲੈ ਕੇ ਆਇਆ ਤੇ ਇਹ ਵੀ ਕਿਹਾ, "ਵਕੀਲ ਸਾਹਿਬ ਇੱਕ ਘੰਟੇ ਬਾਅਦ ਆਉਣਗੇ।" ਅਰਥਾਤ ਰਾਤ ਨੂੰ। ਉਸਨੇ ਸੋਚਿਆ, ਸਾਰੇ ਕੰਮ ਰਾਤ ਦੇ ਹਨ੍ਹੇਰੇ ਵਿਚ ਹੀ ਕਿਉਂ ਹੁੰਦੇ ਹਨ? ਪਰ ਸਰਦੀ ਕਿੰਨੀ ਹੋਵੇਗੀ। ਉਹ ਸਵੇਰ ਤੋਂ ਹੀਟਰ ਵਾਲੇ ਕਮਰੇ ਵਿਚ ਬੈਠੀ ਸੀ ਤੇ ਕਿੰਨੇ ਦਿਨਾਂ ਬਾਅਦ ਇਹ ਐਸ਼ ਨਸੀਬ ਹੋਈ ਸੀ ਕਿ ਖ਼ਾਲੀ ਕਮਰੇ ਵਿਚ, ਅੱਗ ਸੇਕਦੇ ਹੋਏ ਕਿਤਾਬ ਪੜ੍ਹਦੇ ਰਹੋ। ਕਦੇ ਖ਼ੁਦ ਨਾਲ, ਕਦੇ ਕਿਤਾਬ ਦੇ ਲੇਖਕ ਨਾਲ ਗੱਲ ਕਰਦੇ ਰਹੋ। ਇੰਝ ਕਰਦੇ ਹੋਏ, ਉਸਨੂੰ ਕਈ ਵਾਰ ਭੁੱਲ ਹੀ ਗਿਆ ਕਿ ਉਹ ਕੈਸੀ ਖ਼ੌਫ਼ਨਾਕ ਤੇ ਬੇ-ਈਮਾਨ ਹਾਲਤ ਦੀ ਕੈਦੀ ਹੈ। ਕੈਸੀ ਹਨ੍ਹੇਰੀ ਠੰਢੀ ਅਤੇ ਡਰਾਉਣੀ ਰਾਤ ਖੜ੍ਹੀ ਹੈ ਸਾਹਮਣੇ। ਤਸ਼ੱਦਦ ਹੋਵੇਗਾ ਤੰਗ ਤੇ ਹੇਠੀ ਵੀ ਤੇ ਦੁਨੀਆਂ ਨਾਲੋਂ ਕੱਟ ਜਾਣ ਦਾ ਡਰ ਤਾਂ ਬਹੁਤ ਹੀ ਡਰਾਉਣ ਵਾਲਾ ਹੁੰਦਾ ਹੈ। ਕਈ ਵਾਰ ਉਸਦਾ ਦਿਲ ਚਾਹੁੰਦਾ ਕਿ ਉਹ ਇਥੋਂ ਵੀ ਭੱਜ ਜਾਵੇ। ਐਨੀ ਵੱਡੀ ਦੁਨੀਆਂ ਵਿਚ ਕੋਈ ਤਾਂ ਕੋਨਾ ਹੋਵੇਗਾ, ਜਿੱਥੇ ਬੈਠ ਕੇ ਉਹ ਕਿਤਾਬ ਪੜ੍ਹ ਸਕੇ। ਅਜਿਹਾ ਕਰਨ ਤੋਂ ਰੋਕਣ ਵਾਲਾ ਤੇ ਕੋਈ ਨਹੀਂ ਸੀ। ਉਹ ਖ਼ੁਦ ਹੀ ਸੀ। "ਵਕਤ ਬਦਲ ਜਾਵੇਗਾ" ਉਸਦਾ ਇਹ ਯਕੀਨ ਵੀ ਪੱਕਾ ਸੀ ਤੇ ਆਪਣੇ ਆਪ ਨੂੰ ਗਵਾ ਦੇਣ ਦਾ ਡਰ ਵੀ। ਉਸਨੇ ਇੱਕ ਵਾਰ ਹੋਰ ਭੱਜ ਜਾਣ ਦੇ ਖ਼ਿਆਲ ਨੂੰ ਝਟਕ ਦਿੱਤਾ। ਉਸਨੇ ਗ੍ਰਿਫ਼ਤਾਰੀ ਦੇਣੀ ਸੀ। ਨਹੀਂ ਤਾਂ ਉਸਦੇ ਕਈ ਅਜੀਜ਼ ਸ਼ੱਕ ਦੇ ਘੇਰੇ ਵਿਚ ਆ ਕੇ ਕਹਿਰ ਦੇ ਅਧੀਨ ਆ ਜਾਂਦੇ। ਉਹਨਾਂ ਨੇ ਕੁਝ-ਕੁਝ ਪਤਾ ਤਾਂ ਲਾ ਹੀ ਲਿਆ ਸੀ ਕਿ ਉਹ ਜ਼ਿਆਦਾ ਦਿਨ ਕਿੱਥੇ ਸੀ। ਉਹ ਸਭ ਵੀ ਮੁਜਰਮ ਬਣ ਜਾਂਦੇ।

ਬਾਹਰ ਕੁਝ ਲੋਕਾਂ ਦੇ ਬੋਲਣ ਦੀ ਆਵਾਜ਼ ਸੁਣਕੇ ਉਸਨੂੰ ਲੱਗਿਆ, ਹੱਥਕੜੀਆਂ ਲਾਉਣ ਵਾਲੇ ਆ ਗਏ ਹਨ। ਉਸਨੇ ਚਾਦਰ ਨੂੰ ਚੰਗੀ ਤਰ੍ਹਾਂ ਲਪੇਟ ਲਿਆ, ਕਿਤਾਬ ਨੂੰ ਵਾਪਿਸ ਸੈਲਫ ਵਿਚ ਰੱਖ ਦਿੱਤਾ ਅਤੇ ਆਪਣੀ ਕਲਮ ਅਤੇ ਬਚਿਆ ਹੋਇਆ ਕਾਗਜ਼

ਦਾ ਟੁਕੜਾ ਸੰਭਾਲ ਕੇ ਬੈਗ ਵਿਚ ਪਾ ਲਿਆ। ਪਰ ਜਦੋਂ ਦਰਵਾਜ਼ਾ ਖੋਲ੍ਹਿਆ ਤਾਂ ਉਸਨੇ ਵੇਖਿਆ, ਸਿਰਫ਼ ਇੱਕ ਆਦਮੀ ਆਪਣੇ ਮੁਲਾਜ਼ਮ ਨਾਲ ਗੱਲ ਕਰ ਰਿਹਾ ਸੀ। ਉਹੀ ਆਪਣਾ ਵਕੀਲ ਤੇ ਉਸਦਾ ਮੁਨਸ਼ੀ ਕਿਸੇ ਆਮ ਜਿਹੇ ਮਾਮਲੇ ਬਾਰੇ ਆਪਸ ਵਿਚ ਗੱਲ ਕਰ ਰਹੇ ਸਨ। ਉਸਨੇ ਕਰੀਬ ਜਾ ਕੇ ਸਵਾਲੀਆਂ ਨਜ਼ਰਾਂ ਨਾਲ ਵੇਖਿਆ, ਤਾਂ ਵਕੀਲ ਨੇ ਦੱਸਿਆ ਕਿ ਉਸਦਾ ਹੌਸਲਾ ਨਹੀਂ ਪਿਆ। ਕਿਉਂਕਿ ਕੋਰਟ ਵਿਚ ਉਹਨਾਂ ਲੋਕਾਂ ਨੂੰ ਪੇਸ਼ ਨਹੀਂ ਕੀਤਾ ਗਿਆ, ਜਿਹਨਾਂ ਨੂੰ ਕਈ ਮਹੀਨੇ ਪਹਿਲਾਂ ਘਰਾਂ ਤੋਂ ਚੁੱਕ ਕੇ ਅਲੋਪ ਕਰ ਦਿੱਤਾ ਗਿਆ ਸੀ। ਸ਼ਾਇਦ ਇਸ ਲਈ ਕਿ ਉਹਨਾਂ ਦੀ ਹਾਲਤ ਬਹੁਤ ਜ਼ਿਆਦਾ ਖ਼ਰਾਬ ਸੀ। ਤਸ਼ੱਦਦ ਦੇ ਜ਼ਖ਼ਮ ਅਜੇ ਬਹੁਤ ਤਾਜ਼ਾ ਹੋਣਗੇ ਤੇ ਫਿਰ ਕੋਰਟ ਦੀ ਹੈਸੀਅਤ ਵੀ ਕੀ ਹੈ। ਉਹ ਕਿਸੇ ਫੌਜੀ ਅਦਾਰੇ ਨੂੰ ਸ਼ਹਿਰੀਆਂ ਨਾਲ ਇਹ ਸਭ ਕਰਨ ਤੋਂ ਰੋਕ ਨਹੀਂ ਸਕਦੀ। ਛੁਡਾ ਨਹੀਂ ਸਕਦੀ। ਬੱਸ ਇੱਕ ਕੋਸ਼ਿਸ਼ ਸੀ ਕਿ ਰਿਸ਼ਤੇਦਾਰਾਂ ਵੱਲੋਂ ਰਿੱਟਾਂ ਲੈ ਲਈਆਂ ਗਈਆਂ ਕਿ ਪਤਾ ਚੱਲ ਸਕੇ। ਉਹ ਲੋਕ ਜੋ ਰਾਤ ਦੇ ਹਨ੍ਹੇਰੇ ਵਿਚ ਘਰਾਂ ਤੋਂ ਚੁੱਕ ਲਏ ਗਏ ਸੀ ਕਿਤੇ ਮੌਜੂਦ ਵੀ ਹਨ ਜਾਂ ਨਹੀਂ। ਜੀਊਂਦੇ ਰੱਖੇ ਹਨ ਜਾਂ ਮਾਰ ਦਿੱਤੇ ਗਏ। ਹੁਣ ਜੇ ਉਸ ਨੂੰ ਵੀ ਗ੍ਰਿਫਤਾਰ ਕਰਵਾ ਦਿੱਤਾ ਜਾਂਦਾ, ਕੋਰਟ ਤੋਂ ਜਾਂ ਵਕੀਲ ਦੇ ਦਫਤਰ ਤੋਂ, ਤਾਂ ਬਾਅਦ ਦੀ ਗੱਲ ਲਈ ਕਿਸੇ ਦਾ ਅਧਿਕਾਰ ਨਾ ਤਾਕਤ। ਉਹ ਸਭ ਕੁਝ ਤਾਂ ਉਹਨਾਂ ਦੇ ਕੋਲ ਸੀ, ਜਿਹਨਾਂ ਦੇ ਬੂਟਾਂ ਦੇ ਹੇਠ ਸਾਰਾ ਮੁਲਕ ਵਿਛਿਆ ਹੋਇਆ ਸੀ।

ਹੁਣ ਆਪ ਘਰ ਜਾਓ ਤੇ ਖ਼ਿਆਲ ਰੱਖੋ। ਘੱਟੋ ਘੱਟ ਛੇ ਮਹੀਨੇ ਹੋਰ ਹਾਲਾਤ ਦੀ ਸ਼ਿੱਦਤ ਵਿਚ ਕਮੀ ਆ ਜਾਵੇਗੀ.....” ਵਕੀਲ ਸਾਹਿਬ ਇਕ ਮਸ਼ੀਨ ਵਾਂਗੂ ਬੋਲ ਰਹੇ ਸਨ। ਪਰ ਉਸਨੇ ਤਾਂ ਸੋਚਣਾ ਸੀ, ਘਰ! ਕਿਹੜਾ ਘਰ? ਤੇ ਖ਼ਿਆਲ ਰੱਖਾਂ। ਕਿਸ ਤਰ੍ਹਾਂ ਦਾ ਖ਼ਿਆਲ? ਸੜਕ ਉੱਤੇ ਨਿਕਲੀ ਤਾਂ ਠੰਢੀ ਯਖ ਹਵਾ ਉਸਦੇ ਮੂੰਹ ਨੂੰ ਲੱਗੀ। ਪੂਰਾ ਸ਼ਹਿਰ ਆਪਣੀ-ਆਪਣੀ ਛੱਤ ਹੇਠ ਪਨਾਹ ਲੈ ਚੁੱਕਾ ਸੀ। ਮਹੱਲ, ਝੌਂਪੜੀ, ਕੋਠੀ, ਕੁਵਾਟਰ ਦੀ ਛੱਤ ਸਿਰ ਢੱਕਦੀ ਹੈ। ਸਿਰ ਲੁਕਾਉਣ ਦੀ ਜਗ੍ਹਾ ਘਰ ਹੁੰਦਾ ਹੈ। ਅੱਜ ਉਸਦਾ ਕੋਈ ਘਰ ਹੀ ਨਹੀਂ ਅਤੇ ਉਸਨੇ ਸ਼ਰਮਿੰਦਗੀ ਅਨੁਭਵ ਕੀਤੀ। ਆਪਣਾ ਘਰ ਢੂੰਡ ਰਹੀ ਸੀ ਨਾ। ਆਪਣੇ ਘਰ ਦੀ ਤਮੰਨਾ ਪਾਲ ਰਹੀ ਸੀ, ਅਗਲਿਆਂ ਨੇ ਪੈਰਾਂ ਹੇਠੋਂ ਜ਼ਮੀਨ ਵੀ ਖਿਸਕਾ ਲਈ। ਸਾਹਮਣੇ ਰੌਸ਼ਨੀਆਂ ਦੀ ਪਾਲ ਉਸਨੂੰ ਯਰਕਾਨੀ ਅੱਖਾਂ ਜਿਹੀ ਲੱਗੀ। ਜ਼ਿੰਦਗੀ ਨੂੰ ਯਰਕਾਨ ਹੋ ਗਿਆ ਹੈ। ਇਸ ਖ਼ਿਆਲ ਦੇ ਨਾਲ ਹੀ ਉਸਨੂੰ ਨਵੇਦ ਦਾ ਖ਼ਿਆਲ ਆਇਆ। ਅਜੇ ਉਸਦਾ ਯਰਕਾਨ ਠੀਕ ਤਰ੍ਹਾਂ ਖ਼ਤਮ ਨਹੀਂ ਹੋਇਆ ਤੇ ਦਵਾਈ ਦਾ ਨੁਸਖਾ ਤਾਂ ਉਸਦੇ ਪਰਸ ਵਿਚ ਹੀ ਰਹਿ ਗਿਆ। ਅੱਜ ਜੇ ਗ੍ਰਿਫਤਾਰੀ ਹੋ ਜਾਂਦੀ, ਤਾਂ ਬੱਚੇ ਦਾ ਇਲਾਜ ਅਧੂਰਾ ਰਹਿ ਜਾਂਦਾ। ਸ਼ੁਕਰ ਹੈ, ਅੱਜ ਕੋਈ ਗੱਲ ਤਾਂ ਚੰਗੀ ਹੋਈ। ਉਹ ਤੇਜ਼ੀ ਨਾਲ ਧਰਮਪੁਰੇ ਵੱਲ ਨੂੰ ਤੁਰ ਪਈ। ਜਿਸਦੀ ਇਕ ਗਲੀ ਦੇ ਛੋਟੇ ਜਿਹੇ



ਮਕਾਨ ਦੇ ਬਹੁਤ ਸਾਰੇ ਵਾਸੀਆਂ ਦੇ ਨਾਲ ਉਸਨੇ ਆਪਣੇ ਬੀਮਾਰ ਬੱਚੇ ਨੂੰ ਅਲਵਿਦਾ ਆਖੀ ਸੀ। •

ਕਾਂਡ-3

## ਬਣਾ ਕੇ ਫ਼ਕੀਰਾਂ ਦਾ ਭੇਸ

ਪਰ ਹੁਣ ਉਥੇ ਧਰਮਪੁਰੇ ਦੀ ਉਸ ਗਲੀ ਵਿਚ ਦੋ ਮਰਲੇ ਦੇ ਮਕਾਨ ਦੀ ਪਿਛਲੀ ਕੋਠੜੀ ਵਿਚ ਸਿਰਫ਼ ਇੱਕ ਰਾਤ ਹੀ ਗੁਜਾਰੀ ਜਾ ਸਕਦੀ ਸੀ। ਪਰ ਨਹੀਂ ਇੱਕ ਵੀ ਕਿੱਥੇ? ਰਾਤ ਨੂੰ ਹੀ ਛਾਪਾ ਪੈ ਗਿਆ। ਅੰਦਰ ਤੋਂ ਸਾਹਿਬ-ਖਾਨਾ ਤੇ ਉਸਦੇ ਬੱਚਿਆਂ ਤੋਂ ਬਿਨਾਂ ਹੋਰ ਕੁਝ ਵੀ ਬਰਾਮਦ ਨਾ ਹੋਇਆ। ਛੋਟੇ-ਛੋਟੇ ਮਕਾਨਾਂ ਦੀਆਂ ਜੁੜੀਆਂ ਹੋਈਆਂ ਛੱਤਾਂ ਤੇ ਛੱਤਾਂ, ਪੜਛੱਤੀਆਂ ਦੀ ਇਕ ਸੰਘਣੀ ਦੁਨੀਆਂ ਵਿਚ ਉੱਪਰ ਹੀ ਉੱਪਰ ਬੰਦਾ ਦੂਸਰੇ ਮੁਹੱਲੇ ਵਿਚ ਜਾ ਨਿਕਲਦਾ ਹੈ। ਉਸ ਲਈ ਤੇ ਉਹ ਸਾਰਾ ਮੁਹੱਲਾ ਇੱਕ ਮੋਰਚਾ ਬਣਿਆ ਹੋਇਆ ਸੀ। ਪਰ ਜਦੋਂ ਮੋਰਚੇ ਨੂੰ ਫੌਜ ਅਤੇ ਪੁਲਿਸ ਦਾ ਘੇਰਾ ਪੈ ਜਾਵੇ। ਖ਼ੁਦ ਉਥੋਂ ਦੇ ਕਿਤਨੇ ਪਾਰਟੀ ਵਰਕਰ ਨਿਕਲ ਚੁੱਕੇ ਸੀ। ਅਜੀਬ ਗੱਲ ਹੈ ਕਿ ਇਹਨੀਂ ਦਿਨੀਂ ਜ਼ਿਆਦਾ ਲੋਕ ਅਫਗਾਨਿਸਤਾਨ ਵੱਲ ਭੱਜਦੇ ਸੀ। ਉਸਨੇ ਵੀ ਬਲੋਚਿਸਤਾਨ ਵੱਲ ਜਾਣ ਦਾ ਫੈਸਲਾ ਕੀਤਾ। ਕੋਇਟਾ ਸ਼ਹਿਰ ਉਸਨੂੰ ਦੂਸਰੀ ਵਾਰ ਪਨਾਹ ਦੇ ਸਕਦਾ ਸੀ। ਅਜਿਹਾ ਉਸਨੂੰ ਯਕੀਨ ਸੀ, ਪਰ ਉੱਥੇ ਪਹੁੰਚਣ ਦੀ ਗੱਲ ......

ਜਦੋਂ ਲੋਕੀਂ ਇੱਕ ਦੂਸਰੇ ਦੀ ਮਦਦ ਕਰਨ ਤਾਂ ਕੀ ਨਹੀਂ ਹੋ ਸਕਦਾ। ਬਦਲੇ ਹੋਏ ਹੁਲੀਏ ਦੇ ਨਾਲ ਨਾਮ ਵੀ ਬਦਲ ਗਿਆ ਤੇ ਕੋਇਟਾ ਐਕਸਪ੍ਰੈਸ ਵਿਚ ਬੁਕਿੰਗ ਹੋ ਗਈ। ਪਰ ਉਸ ਦਿਨ ਹੋਰ ਵੀ ਬਹੁਤ ਕੁਝ ਹੋ ਗਿਆ। ਜ਼ਿੰਦਗੀ ਜਦ ਅਜਿਹੇ ਮਾਮਲਿਆਂ ਵਿਚ ਉਲਝ ਜਾਵੇ ਤਾਂ ਕੀ ਨਹੀਂ ਹੁੰਦਾ। ਕਈ ਨਵੇਂ ਭੇਦ, ਕਈ ਨਵੀਆਂ ਲੱਭਤਾਂ, ਚੌਂਕਾ ਦੇਣ ਵਾਲੇ ਰਾਜ ਅਤੇ ਚਿਹਰੇ ਐਸੇ ਵਿਖਾਲੀ ਦਿੰਦੇ ਹਨ, ਜਿਹਨਾਂ ਨੂੰ ਅਸਾਂ ਮੁਖੌਟੇ ਪਾਈ ਵੇਖਿਆ ਹੁੰਦਾ ਹੈ। ਕੁਝ ਐਸੀਆਂ ਘਟਨਾਵਾਂ ਵੀ ਉਸ ਦਿਨ ਅਚਾਨਕ ਵਾਪਰੀਆਂ। ਉਸਦਾ ਮੁਸਲਿਮ ਲੀਗੀ ਚਾਚਾ ਰਿਸ਼ਤੇਦਾਰੀ ਦੇ ਹਿਸਾਬ ਕਿਤਾਬ ਵਿਚ ਕੁਝ ਮਦਦ ਕਰ ਰਿਹਾ ਸੀ। ਉਸੇ ਦੀ ਮਦਦ ਮਿਸਿਜ਼ ਸੰਮਾ ਸੱਟਾ ਦੇ ਜੱਜ ਪਤੀ ਨੂੰ ਵੀ ਪਈ। ਉਹੀ ਦੂਸਰੀ ਹਲਫ਼ਦਾਰੀ (ਸੁਗੰਧ) ਤੇ ਵੱਡੇ ਹਾਕਮ ਦੀ ਨਾਰਾਜ਼ਗੀ ਆਦਿ। ਬਸ ਇਸੇ ਸਿਲਸਿਲੇ ਵਿਚ ਇੱਕ ਸੌਦਾ ਹੋ ਗਿਆ। ਰਾਣਾ ਖ਼ੁਦਾਦਾਦ ਨੇ ਚੀਫ ਜਸਟਿਸ ਦੀ ਸਿਫਾਰਿਸ਼ ਗਵਰਨਰ ਪੰਜਾਬ ਨੂੰ ਕਰ ਦਿੱਤੀ ਤੇ ਚੀਫ਼ ਜਸਟਿਸ ਨੇ ਅੰਦਰ ਦੀ ਗੱਲ ਦੱਸ ਦਿੱਤੀ। ਕਿਹੜੀ ਏਜੰਸੀ ਕਿੱਥੋਂ ਕੰਮ ਕਰ ਰਹੀ ਸੀ ਅਤੇ ਸਭ ਤੋਂ ਉੱਪਰ ਕੌਣ ਹੈ? ਇਹ ਗੱਲਾਂ ਏਨੀਆਂ ਮਹੱਤਵਪੂਰਨ ਅਤੇ ਖ਼ਾਸ ਨਹੀਂ ਸਨ। ਪਰ ਜਦੋਂ ਇਹ ਸੁਣਿਆ ਕਿ ਚੀਫ਼ ਜਸਟਿਸ ਤੇ ਉਸਦਾ ਭਰਾ ਜਨਰਲ ਮੈਨੇਜਰ ਬੈਂਕ-ਆਫ਼-ਪਾਕਿਸਤਾਨ ਤੇ ਖ਼ੁਦ ਮਿਸਿਜ਼ ਸੰਮਾ ਸੱਟਾ

ਇੱਕ ਖੁਫ਼ੀਆ ਏਜੰਸੀ ਦੇ ਪੱਕੇ ਮੈਂਬਰ ਹਨ, ਸਗੋਂ ਤਨਖਾਹਦਾਰ ਮੈਂਬਰ, ਤਾਂ ਉਸਦੇ ਅੰਦਰ ਇਸ ਰਾਜ ਪ੍ਰਬੰਧ ਦੇ ਲਈ ਇੱਕ ਨਵੀਂ ਘ੍ਰਿਣਾ ਨੇ ਜਨਮ ਲਿਆ। ਲਾਹਨਤ ਹੈ, ਉਹਨਾਂ ਦੀ ਔਕਾਤ ਤੇ। ਚੀਫ਼ ਜਸਟਿਸ ਤੇ ਜਨਰਲ ਮੈਨੇਜਰ ਤੇ ਵਾਈਸ ਪ੍ਰਿੰਸੀਪਲ ਗੈਸਟਾਪੂ (ਖੁਫੀਆ ਏਜੰਸੀ ਹਿਟਲਰ) ਦੇ ਮੈਂਬਰ।

ਕੁਝ ਵੀ ਹੈਰਾਨੀ ਦੀ ਗੱਲ ਨਹੀਂ। ਜੇ ਇਹ ਲੋਕ ਲੋਕ-ਰਾਜ ਦਾ ਲਹੂ ਪੀਣਾ ਚਾਹੁੰਦੇ ਹਨ, ਲੋਕਾਂ ਦੇ ਹੱਕ, ਹਿੱਸਾ ਖੋਹ ਕੇ ਆਪਣੇ ਨਾਂ ਲਿਖ ਲੈਣਾ ਚਾਹੁੰਦੇ ਹਨ। ਸਿੱਖਿਆ, ਇਨਸਾਫ਼ ਉਹਨਾਂ ਦੇ ਮੈਲੇ ਹੱਥਾਂ ਵਿਚ ਤੇ ਅਸੀਂ! ਉਸਨੇ ਆਪਣੇ ਲਈ ਸੋਚਿਆ, ਅਸੀਂ ਚਾਰ ਸਿਰ ਫਿਰੇ, ਲੋਕ-ਰਾਜ, ਇਨਕਲਾਬ ਤੇ ਇਨਸਾਫ ਦੇ ਸੁਪਨੇ ਵੇਖਣ ਵਾਲੇ, ਜਿਨ੍ਹਾਂ ਦੀ ਪਾਰਟੀ ਜਥੇਬੰਦੀ ਟੁੱਟ ਚੁੱਕੀ ਹੈ। ਕਿਹੜੀ ਲੜਾਈ ਲੜ ਰਹੇ ਹਾਂ? ਮਾਰਸ਼ਲ-ਲਾਅ ਦੀਆਂ ਬੰਦੂਕਾਂ ਅਤੇ ਬੂਟ, ਪਰ ਇਹ ਮੂਜ਼ੀ, ਇਹ ਬਿੱਛੂ ਜੋ ਹਰ ਜਗ੍ਹਾਂ ਰੀਂਗ ਰਹੇ ਹਨ.... ਕੋਇਟਾ ਜਾਂਦੇ ਹੋਏ ਉਹ ਸਿੰਧ ਵਿਚੋਂ ਲੰਘੀ ਤਾਂ ਉਸ ਨੂੰ ਫਾਂਸੀਆਂ ਪਾਉਣ ਵਾਲੇ ਯਾਦ ਆਏ ਤੇ ਉਹ ਔਰਤਾਂ..... ਸ਼ਹੀਦ ਵਿਧਵਾਵਾਂ, ਨੁਸਰਤ ਭੁੱਟੋ, ਹਮੀਦਾ ਘਾਗਰੂ। ਇਕ ਕਵਿਤਾ ਜ਼ਿਹਨ ਤੋਂ ਉਤਰ ਕੇ ਜ਼ੁਬਾਨ ਤੇ ਆ ਗਈ। ਕਾਗਜ਼ ਨਾ ਕਲਮ ਲਿਖੇ ਤਾਂ ਕਿਵੇਂ। ਇੱਕ ਦਮ ਉਸਨੂੰ ਖ਼ਿਆਲ ਆਇਆ, ਇਸ ਆਵਾਰਗੀ ਨਾਲੋਂ ਜੇਲ੍ਹ ਚੰਗੀ ਰਹੇਗੀ। ਕੁਝ ਦਿਨਾਂ ਬਾਅਦ ਉਹ ਉਸਨੂੰ ਜ਼ਮੀਰ ਦੀ ਕੈਦਣ ਕਰਾਰ ਦੇ ਦੇਣਗੇ। ਕਲਮ ਕਾਗਜ਼ ਮਿਲ ਜਾਵੇਗਾ। ਕੁਝ ਤਾਂ ਲਿਖ ਸਕੇਗੀ। ਜੇਲ੍ਹ ਦੀਆਂ ਨਜ਼ਮਾਂ, ਜੇਲ੍ਹ ਤੋਂ ਖ਼ਤ ਤੇ ਜੇਲ੍ਹ ਦੇ ਅੰਦਰ ਲਿਖੀਆਂ ਹੋਈਆਂ ਕਹਾਣੀਆਂ।

ਟਰੇਨ ਤੋਂ ਉਤਰਦੇ ਹੀ ਫੈਸਲਾ ਹੋ ਗਿਆ। ਉਸ ਨੇ ਬੀਮਾਰ ਬੱਚੇ ਨੂੰ ਰਿਸ਼ਤੇਦਾਰਾਂ ਦੇ ਘਰ ਪਹੁੰਚਾ ਕੇ ਆਪਣੀ ਆਖ਼ਰੀ ਤਸੱਲੀ ਪ੍ਰਾਪਤ ਕਰ ਲਈ। ਹੁਣ ਕੀ ਹੈ? ਉਹ ਆਜ਼ਾਦ ਹੈ, ਜੇਲ੍ਹ ਜਾਣ ਦੇ ਲਈ ਵੀ ਬੰਦੇ ਨੂੰ ਆਜ਼ਾਦ ਹੋਣਾ ਪੈਂਦਾ ਹੈ। ਬੈਗ ਚੁੱਕ ਕੇ ਉਹ ਸਿੱਧੀ ਉਹਨਾਂ ਲੋਕਾਂ ਦੇ ਕੋਲ ਚਲੀ ਗਈ, ਜੋ ਕੋਇਟਾ ਦੀ ਸਿਆਸਤ ਵਿਚ ਰਸੂਖ ਵੀ ਰੱਖਦੇ ਸੀ ਤੇ ਸਮਝਦਾਰ ਲੋਕਾਂ ਵਾਂਗ ਮਾਰਸ਼ਲ-ਲਾਅ ਨਾਲ ਬਣਾ ਕੇ ਵੀ ਰੱਖਦੇ ਸੀ, ਪਰ ਉਹ ਲੋਕ ਉਸਨੂੰ ਬਚਾਉਣ ਦਾ ਚਾਰਾ ਕਰਨ ਵਾਲੇ ਸਨ।

ਨਹੀਂ, ਉਸਨੇ ਕਿਹਾ, "ਲਾਲਾ ਜੀ, ਮੈਨੂੰ ਇਸਲਾਮਾਬਾਦ ਫਲਾਣੀ ਏਜੰਸੀ ਦੇ ਹੈੱਡ-ਕਵਾਟਰ ਪਹੁੰਚਾ ਦਿਓ। ਉਹਨਾਂ ਨੂੰ ਹੀ ਮੇਰੀ ਤਲਾਸ਼ ਹੈ।" ਤਾਂ ਇੰਝ ਕਰਦੇ ਹਾਂ ਪਹਿਲਾਂ ਸਥਾਨਕ ਬ੍ਰਾਂਚ ਨਾਲ ਸੰਪਰਕ ਕਰ ਲੈਂਦੇ ਹਾਂ। ਬੜਾ ਸ਼ਰੀਫ ਹੈ ਕਰਨਲ ਫਲਾਣਾ, ਬਰਗੇਡੀਅਰ ਢਿਮਕਾ। ਅਗਲੇ ਦਿਨ ਉਹ ਫਿਰ ਰੇਲਗੱਡੀ ਵਿਚ ਬੈਠੀ ਸੀ। ਲਾਹੌਰ ਸਟੇਸ਼ਨ ਆਇਆ ਤਾਂ ਕੀ-ਕੀ ਯਾਦ ਆਇਆ। ਅਜੇ ਕੁਝ ਦਿਨ ਪਹਿਲਾਂ ਉਹ ਇਥੋਂ ਸਵਾਰ ਹੋਈ ਸੀ, ਇਸੇ ਹੀ ਐਕਸਪ੍ਰੈਸ ਵਿਚ। ਤਦ ਉਸਦੇ ਇੰਜਣ ਦਾ ਮੂੰਹ ਉਧਰ ਸੀ



ਪੱਛਮ ਵੱਲ ਤੇ ਹੁਣ ਇਧਰ ਉੱਤਰ ਪੂਰਬ ਵੱਲ। ਉਦੋਂ ਕੈਦ ਤੋਂ ਭੱਜੀ ਸੀ। ਹੁਣ ਕੈਦ ਹੋਣ ਜਾ ਰਹੀ ਸੀ। ਜ਼ਿੰਦਗੀ ਇਨਸਾਨਾਂ ਦੇ ਨਾਲ ਫੁੱਟਬਾਲ ਖੇਡਦੀ ਹੈ ਨਾ। ਉਸਨੇ ਭਰੇ ਗਲੇ ਨਾਲ ਅੱਥਰੂਆਂ ਦਾ ਘੁੱਟ ਅੰਦਰ ਲੰਘਾ ਲਿਆ।

ਗੱਡੀ ਚੱਲ ਪਈ ਤਾਂ ਉਸਨੇ ਆਪਣੇ ਘਰ ਦਾ ਖ਼ਿਆਲ ਕੀਤਾ। ਇਸੇ ਹੀ ਲਾਹੌਰ ਵਿਚ ਅਜੇ ਤੱਕ ਉਸਦੇ ਪਿਆਰ ਦੀਆਂ ਚੀਜ਼ਾਂ ਹਾਜ਼ਰ ਹਨ। ਉਹ ਪਿਆਰਾ ਦਰੱਖਤ, ਕਿਤਾਬਾਂ, ਉਸਦੀ ਪਾਲਤੂ ਬਿੱਲੀ, ਚਿੜੀਆਂ ਤੇ ਡੋਗੀ। ਪਤਾ ਨਹੀਂ ਕਿਸ ਹਾਲ ਵਿਚ ਹਨ? ਉਹਨਾਂ ਦੇ ਦਿਲਾਂ ਵਿਚ ਯਾਦਾਂ ਹੋਣਗੀਆਂ ਜ਼ਰੂਰ। ਪਰ ਦਿਲ ਦਾ ਸੰਪਰਕ ਟੁੱਟ ਗਿਆ ਤੇ ਫਿਰ ਲਾਹੌਰ ਤੋਂ ਵੀ ਗੱਡੀ ਰਾਵੀ ਦਾ ਪੁਲ ਪਾਰ ਕਰ ਗਈ। ਮਾਰਸ਼ਲ-ਲਾਅ ਦੀ ਰਾਜਧਾਨੀ, ਇੱਕ ਬੇਗ਼ਾਨਾ ਸ਼ਹਿਰ। ਪਰ ਜਦ ਟੈਕਸੀ ਵਾਲੇ ਨੇ ਕਿਹਾ, "ਕਿੱਥੇ ਚੱਲ ਸੋ" ਤਾਂ ਉਸਨੂੰ ਲੱਗਾ ਉਹ ਆਪਣੇ ਘਰ ਆ ਗਈ ਸੀ। ਇਹ ਆਪਣੇ ਲੋਕ, ਇਹ ਆਪਣੀ ਬੋਲੀ ਤੇ ਇਹ ਜੁਮਲਾ (ਵਾਕ) ਉਸਨੇ ਪਹਿਲਾਂ ਕਦੇ ਸੁਣਿਆ ਸੀ? ਆਪਣੇ ਬਚਪਨ ਵਿਚ ਕੋਇਟਾ ਵਿਚ ਹੀ। ਉਹਨਾਂ ਦੇ ਗਵਾਂਢ ਪੋਠੋਹਾਰੀ ਖਾਨਦਾਨ ਰਹਿੰਦਾ ਸੀ ਤੇ ਉਸਨੂੰ ਸਕੂਲ ਲੈ ਜਾਣ ਵਾਲਾ ਵੀ ਇਹੀ ਬੋਲੀ ਬੋਲਦਾ ਸੀ। "ਕਿੱਥੇ ਜੁੱਲਸੋ, ਕਦੋਂ ਆਵਸੋ" ਉਹ ਖ਼ਿਆਲਾਂ ਵਿਚ ਖਾਲਸ ਅਵਾਮ ਦੀ ਦੁਨੀਆਂ ਵਿਚ ਜਾ ਪਹੁੰਚੀ। ਕਿਸ ਕਦਰ ਸੁੱਖ-ਭਰੀ, ਕੋਸੀ-ਕੋਸੀ, ਨਿੱਘੀ-ਨਿੱਘੀ ਦੁਨੀਆਂ। ਕਾਸ਼ ਇਸ ਦੁਨੀਆਂ ਵਿਚ ਫੌਜਾਂ ਨਾ ਹੋਣ, ਏਜੰਸੀਆਂ ਨਾ ਹੋਣ, ਸਿਆਸਤ ਵੀ ਨਾ ਹੁੰਦੀ। ਸਰਮਾਇਆ ਵੀ ਨਾ ਹੁੰਦਾ ਤੇ .... ਅਚਾਨਕ ਟੈਕਸੀ ਰੁਕੀ ਅਤੇ ਉਸ ਨੇ ਵੱਡੇ ਕਾਲੇ ਗੇਟ ਉੱਤੇ ਵਰਦੀ ਵਾਲਿਆਂ ਨੂੰ ਚੌਕਸ ਵੇਖਿਆ। ਕਿੰਨਾ ਵੱਡਾ ਬੋਰਡ ਲਗਾਇਆ ਹੈ, ਖ਼ੁਫ਼ੀਆ ਏਜੰਸੀ ਵਾਲਿਆਂ ਨੇ। ਹੁਣ ਕੀ ਕਰਨਾ ਹੈ? ਉਸਨੇ ਬੈਗ ਸੰਭਾਲੀ ਤੇ ਟੈਕਸੀ ਤੋਂ ਉਤਰਨ ਵੇਲੇ ਆਪਣੇ ਆਪ ਨੂੰ ਪੁੱਛਿਆ ਤੇ ਦਿਲ ਨੇ ਕਿਹਾ, ਭੱਜ ਜਾਓ। ਉਹ ਖੜ੍ਹੀ ਹੈ ਓਮਨੀ ਬੱਸ। ਚੜ੍ਹ ਜਾਓ, ਉਸ ਵਿਚ ਤੇ ਲੋਕਾਂ ਦੇ ਸਮੁੰਦਰ ਵਿਚ ਮਛਲੀ ਬਣ ਜਾਓ.... ਪਰ ਦਿਮਾਗ਼ - ਕਾਸ਼ ਇਹ ਦਿਮਾਗ ਵੀ ਨਾ ਹੁੰਦਾ। ਇਹ ਪਛਾਣ, ਇਹ ਸ਼ਖ਼ਸੀਅਤ। ਇਹ ਸ਼ਨਾਖਤ ... ਕਾਸ਼ ਉਹ ਚਿੜੀ ਹੁੰਦੀ। ਸਭ ਇਕੋ ਜਿਹੀ ਹੈ ਨਾ। ਉਸ ਦੇ ਵਾਰੰਟ ਤਾਂ ਨਹੀਂ ਨਿਕਲਦੇ। ਹਾਂ, ਪਰ ਆਦਮੀ ਉਸਨੂੰ ਫਾਹੀਆਂ ਲਗਾ ਕੇ ਫੜ ਲੈਂਦਾ ਹੈ। ਭੁੰਨ ਕੇ ਖਾ ਜਾਂਦਾ ਹੈ। ਇਹ ਆਦਮੀ! ਏਨੇ ਵਿਚ ਵਰਦੀ ਵਾਲੇ ਕਲੈਸ਼ਨੀਕੋਵ ਸੰਭਾਲੀ ਉਸਦੇ ਕਰੀਬ ਆ ਗਏ। ਕੀ ਹੈ? ਕੀ ਚਾਹੀਦੈ? ਬੜਾ ਸਖ਼ਤ ਵਰਜਿਤ ਇਲਾਕਾ ਹੈ ਨਾ।

ਮੈਂ ਫਲਾਣੇ ਬਰਗੇਡੀਅਰ ਨੂੰ ਮਿਲਣਾ ਹੈ। ਕਿਉਂ? ਉਹ ਗੁਰਾਇਆ। ਇਹ ਤਾਂ ਤੁਸਨੂੰ ਪਤਾ ਹੋਵੇਗਾ। ਉਸਨੇ ਆਪਣੀ ਖ਼ੁਦੀ ਨੂੰ ਪਛਾਨਣ ਦੀ ਕੋਸ਼ਿਸ਼ ਕਰਦੇ ਹੋਏ ਆਖਿਆ। ਆਖ਼ਰ ਮੈਂ ਇੱਕ ਟੀਚਰ ਹਾਂ, ਇੱਕ ਲੇਖਿਕਾ ਹਾਂ। ਲੋਕਾਂ ਦੀ ਤਰਫ਼ਦਾਰ। ਉੱਚੇ

ਨਜ਼ਰੀਏ ਦੀ ਇਮਾਨਤਦਾਰ, ਇਲਮ ਤੇ ਅਦਬ ਦੀ ਦੋਸਤ .... ਫਿਰ ਟੈਲੀਫੋਨ ਉ ਸੰਪਰਕ ਜ਼ਾਬਤਾ ਹੋਇਆ। ਨਾਂ ਸੁਣਦੇ ਹੀ ਗੇਟ ਖੋਲ੍ਹ ਕੇ ਉਸਨੂੰ ਅੰਦਰ ਕਰ ਲਿ ਗਿਆ। ਆਪ ਕਿਸ ਦੇ ਨਾਲ ਆਏ ਹੋ? ਕਿਸੇ ਦੇ ਸਾਥ ਨਹੀਂ। ਉਸਨੇ ਜਵਾਬ ਦਿੱਤਾ ਟੈਕਸੀ ਦੂਰ ਨਿਕਲ ਗਈ ਸੀ, ਨਹੀਂ ਤਾਂ ਉਹ ਨੰਬਰ ਨੋਟ ਕਰ ਲੈਂਦੇ। ਗੇਟ ਦੇ ਕਰੀ ਕਮਰੇ ਵਿਚ ਬਿਠਾ ਕੇ ਦਰਵਾਜ਼ਾ ਬੰਦ ਕਰ ਦਿੱਤਾ ਗਿਆ। ਹੁਣ ਉਹ ਇਕੱਲੀ ਵੱਡੇ ਸਾ ਸੋਫੇ ਤੇ ਬੈਠੀ ਖਿੜਕੀ ਦੇ ਭਾਰੇ ਪਰਦੇ ਦਾ ਡਿਜ਼ਾਇਨ ਵੇਖੀ ਜਾ ਰਹੀ ਸੀ। ਪਿਛਲੇ ਮਹੀਨਿਆਂ ਵਿਚ ਐਨਾ ਕੁਝ ਹੋ ਚੁੱਕਾ ਸੀ ਕਿ ਹੁਣ ਕੋਈ ਖ਼ਾਸ ਬਾਤ ਉਸਨੂੰ ਘਬਰਾਹ ਨਹੀਂ ਸੀ ਦਿੰਦੀ। ਹੁਣ ਹੋਰ ਕੀ ਹੋਵੇਗਾ। ਸਖ਼ਤ ਕਿਸਮ ਦੀ ਪੁੱਛ-ਪੜਤਾਲ ਹੀ ਨਾ ਉਸਦੇ ਕੋਲ ਕੋਈ ਭੇਤ ਨਹੀਂ ਸੀ। ਕੋਈ ਜਾਣਕਾਰੀ ਨਹੀਂ ਸੀ। ਉਹ ਕਿਸੇ ਵੀ ਖੁੱਲੀ ਜ ਖ਼ੁਫ਼ੀਆ ਜਥੇਬੰਦੀ ਦੀ ਮੈਂਬਰ ਨਹੀਂ ਸੀ। ਹਾਂ, ਉਸਨੇ ਲਿਖਿਆ ਸੀ, ਸੋਚਿਆ ਸੀ। ਜ਼ੁਲ ਕਰਨ ਵਾਲਿਆਂ ਦੇ ਖ਼ਿਲਾਫ਼ ਅਤੇ ਮਜ਼ਲੂਮਾਂ ਦੀਆਂ ਕਹਾਣੀਆਂ, ਕਵਿਤਾਵਾਂ। ਠੀਕ ਹੈ ਇਕ ਨਜ਼ਮਾਂ ਉਸਨੇ ਫੌਜੀਆਂ ਦੇ ਖਿਲਾਫ਼ ਵੀ ਲਿਖੀਆਂ ਸਨ। ਪਰ ਉਹ ਤਾਂ ਬੇਸ਼ਰਮਾਂ ਨੂੰ ਸ਼ਰਮ ਦਿਵਾਉਣ ਲਈ ਸੀ। ਉਹੀ ਫੌਜੀ ਉਹ ਢਾਕੇ ਵਿਚ ਹਥਿਆਰ ਸੁੱਟ ਕੇ ਭਾਰਤੀ ਕੈਦੀ ਹੋ ਗਏ ਸੀ ਅਤੇ ਜਿਹਨਾਂ ਨੂੰ ਉਹ ਕੈਦ ਤੋਂ ਛੁਡਵਾ ਕੇ ਲਿਆਇਆ ਸੀ। ਉਹੀ ਉਸ ਨੂੰ ਫਾਂਸੀ ਦੇਣ ਤੇ ਸਿਆਸੀ ਵਰਕਰਾਂ ਤੇ ਮੁਕੱਦਮੇ ਚਲਾਉਣ ਲਈ ਖਲੋਤੇ ਸਨ। ਏਨੀ ਕੁ ਗੱਲ ਲਈ ਉਹਨਾਂ ਨੇ ਏਨਾ ਕੁਝ ਕਰ ਦਿੱਤਾ, ਏਨਾ ਕੁਝ। ਉਸ ਨੂੰ ਘਰ ਤੋਂ ਬੇਘਰ ਕਰ ਦਿੱਤਾ। ਉਸਦੀ ਨੌਕਰੀ ਮੁਅੱਤਲ ਹੋ ਗਈ ਤੇ ਉਹ ਹਨ੍ਹੇਰੀਆਂ ਰਾਤਾਂ ਦਾ ਸਹਿਮ, ਬੰਦੂਕਾਂ ਵਰਦੀਆਂ ਦਾ ਖ਼ੌਫ਼ ਅਤੇ ਉਹ ਖਦਸ਼ਾ ਕਿ ਉਸਦੀ ਵਜ੍ਹਾ ਕਾਰਨ ਕੋਈ ਦੋਸਤ, ਕੋਈ ਅਜ਼ੀਜ ਮੁਸ਼ਕਿਲ ਵਿਚ ਨਾ ਫਸ ਜਾਵੇ....

ਹੁਣ ਤਾਂ ਇੱਕ ਤਸੱਲੀ ਸੀ। ਆਪਣੇ ਇੱਕ ਥਾਂ ਹੋਣ ਦੀ ਤਸੱਲੀ ਇਹ ਵੀ ਇੱਕ ਤਜਰਬਾ ਹੈ ਤੇ ਕਾਬਲੇ-ਜ਼ਿਕਰ ਕਿ ਬੰਦੇ ਦੇ ਜਿਸਮਾਨੀ ਵਜੂਦ ਦੀ ਪ੍ਰੇਸ਼ਾਨੀ ਕੁਝ ਅਲੱਗ ਹਾਲਤਾਂ ਪੈਦਾ ਕਰਦੀ ਹੈ ਤੇ ਦਿਮਾਗੀ ਟੁੱਟ-ਭੱਜ ਨੂੰ ਹੋਰ ਗੰਭੀਰ ਕਰ ਦਿੰਦੀ ਹੈ। ਹੁਣ ਇਹ ਲੋਕ ਉਸ ਨੂੰ ਕਿਤੇ ਵੀ ਗਾਇਬ ਕਰ ਦੇਣ, ਉਹ ਆਪਣੇ ਆਪ ਦੇ ਨਾਲ ਰਹੇਗੀ। ਉਸਦਾ ਆਪਣਾ ਜਿਸਮ ਤੇ ਜਾਨ ਇੱਕ ਦੂਸਰੇ ਦੇ ਨਾਲ ਹੋਣਗੇ ਤਾਂ ਦਿਮਾਗ ਨੂੰ ਵੀ ਕੁਝ ਨਾ ਕੁਝ ਸਹਾਰਾ ਮਿਲ ਜਾਵੇਗਾ। ਦੋ ਘੰਟੇ ਲੰਘ ਗਏ। ਉਹ ਉੱਥੇ ਇਕੱਲੀ ਬੈਠੀ ਸੀ। ਹਾਂ, ਪਰ ਇੱਕ ਵਾਰ ਇਕ ਵਰਦੀ ਵਾਲੇ ਨੇ ਦਰਵਾਜ਼ਾ ਖੋਲ੍ਹ ਕੇ ਪੁੱਛਿਆ, "ਕੁਝ ਚਾਹੀਦਾ ਹੈ?" ਉਸਨੇ ਅੱਧਾ ਜਵਾਬ ਦਿੱਤਾ। ਬਾਕੀ ਅੱਧੀ ਗੱਲ ਜੋ ਉਹ ਕਹਿਣਾ ਚਾਹੁੰਦੀ ਸੀ, ਉਹ ਇਹੀ ਸੀ ਕਿ ਦੁਬਾਰਾ ਉਸਨੂੰ ਪ੍ਰੇਸ਼ਾਨ ਮੱਤ ਕਰਨਾ।

ਕੁਝ ਵੇਲਾ ਹੋਰ ਗੁਜ਼ਰ ਗਿਆ। ਉਹ ਚੁੱਪ ਨਾਲ ਗੱਲ ਕਰਦੀ ਰਹੀ। ਕਿੰਨੀ ਦੇਰ ਤੋਂ



ਉਸਨੂੰ ਖ਼ਾਮੋਸ਼ੀ ਨਾਲ ਗੱਲ ਕਰਨ ਦਾ ਅਵਸਰ ਹੀ ਨਹੀਂ ਸੀ ਮਿਲਿਆ। ਪਰ ਉਹ ਦੁਸ਼ਮਣ... ਅਹਿ ਲਓ, ਉਸ ਦੁਸ਼ਮਣ ਨੇ ਚਾਹ ਭਿਜਵਾ ਦਿੱਤੀ। ਫੌਜੀ ਏਜੰਸੀ ਦੀ ਚਾਹ। ਬਿਸਕੁਟ, ਸਾਫ ਸੁਥਰੀ ਪਿਆਰੀ ਤੇ ਟਰੇ ਦੇ ਨਾਲ ਆਈ। ਇਨਸਾਨੀਅਤ ਕਿਤਿਓਂ ਨਾ ਕਿਤਿਓਂ ਹਰ ਜਗ੍ਹਾ ਝਾਤੀ ਮਾਰ ਲੈਂਦੀ ਹੈ। ਤੰਗ ਹਨ੍ਹੇਰੀਆਂ ਥਾਵਾਂ ਵਿਚ ਵੀ ਕਿਸੇ ਤਰ੍ਹਾਂ ਰੀਂਗ ਕੇ ਅੰਦਰ ਆ ਜਾਂਦੀ ਹੈ, ਇਹ ਫੌਜੀ ਆਖ਼ਰ ਕਿਸੇ ਔਰਤ ਦੇ ਜਾਏ, ਕਿਸੇ ਘਰ ਦੇ ਪਾਲੇ ਹੁੰਦੇ ਹਨ ਹਨ। ਫਾਂਸੀਆਂ ਦੇਣ ਵਾਲੇ ਵੀ ਆਖ਼ਰੀ ਇੱਛਾ ਪੁੱਛ ਲੈਂਦੇ ਹਨ। ਆਖ਼ਰੀ ਮੁਲਾਕਾਤ। ਹਾਂ, ਪਰ ਫਾਸਿਜ਼ਮ .... ਇਹਨਾਂ ਗੱਲਾਂ ਨੂੰ ਸੋਚਦੇ ਹੋਏ ਉਸਨੇ ਚਾਹ ਦੀ ਪਿਆਲੀ ਦੇ ਨਾਲ ਦੋ ਬਿਸਕੁਟ ਵੀ ਖਾ ਲਏ। ਕੈਦ ਦਾ ਪਹਿਲਾਂ ਨਾਸ਼ਤਾ ਤਾਂ ਬੁਰਾ ਨਹੀਂ। ਪਰ ਬੁਰਾ ਵਕਤ ਤਾਂ ਦਰਵਾਜ਼ੇ ਦੇ ਬਾਹਰ ਹੀ ਖੜ੍ਹਾ ਸੀ। ਪਿਆਲੀ ਰੱਖਦੇ ਹੀ ਧੜੱਕ ਨਾਲ ਦਰਵਾਜ਼ਾ ਖੁੱਲਾ ਤੇ ਘੱਟੋ-ਘੱਟ ਛੇ ਜ਼ਨਾਨਾ ਪੁਲਿਸ ਦੀਆਂ ਮੁਸ਼ਟੰਡੀਆਂ ਅੱਗੇ ਤੇ ਏਨੀਆਂ ਹੀ ਫੌਜੀ ਉਹਨਾਂ ਦੇ ਪਿੱਛੇ ਖੜ੍ਹੇ ਵਿਖਾਈ ਦਿੱਤੇ। ਬੱਸ ਇਕ ਝਲਕ ਤੇ ਫਿਰ ਉਸ ਦੀਆਂ ਅੱਖਾਂ ਉੱਤੇ ਕਾਲੀ ਪੱਟੀ ਬੰਨ੍ਹ ਦਿੱਤੀ ਗਈ ਤੇ ਘੇਰੇ ਵਿਚ ਲੈ ਕੇ ਚੀਕਦੇ ਹੋਏ ਬਾਹਰ ਨਿਕਲ ਗਏ। ਉਸਨੇ ਸਿਰ ਖੁਰਕਣ ਦੇ ਬਹਾਨੇ ਖੱਬੇ ਹੱਥ ਨਾਲ ਪੱਟੀ ਨੂੰ ਅੱਖ ਤੋਂ ਜ਼ਰਾ ਕੁ ਸਰਕਾਇਆ। ਕਾਲੀ ਲੰਮੀ ਕੈਦੀਆਂ ਨੂੰ ਲੈ ਕੇ ਜਾਣ ਵਾਲੀ ਪੁਲਿਸ ਦੀ ਗੱਡੀ। ਉਸ ਵਿਚ ਸਵਾਰ ਕੀਤਾ ਜਾ ਰਿਹਾ ਸੀ ਉਸਨੂੰ। ਪਰ ਅੱਖਾਂ ਤੇ ਪੱਟੀ ਬੰਨ ਕੇ ਕਿਉਂ? ਪੁਲਿਸ ਜਾਣੇ ਜਾਂ ਆਈ. ਐਸ. ਆਈ.। ਪਰ ਉਸਨੂੰ ਨਿਰਾਸ਼ਤਾ ਹੋਈ ਤੇ ਖੁਸ਼ੀ ਵੀ। ਛੇ ਮਹੀਨੇ ਤੀਕ ਇਹ ਸਭ ਮਿਲਕੇ ਉਸਨੂੰ ਲੱਭਦੇ ਰਹੇ ਤੇ ਹੁਣ ਜਦੋਂ ਉਹ ਖ਼ੁਦ ਹੀ ਚੱਲ ਕੇ ਇਥੋਂ ਤੀਕ ਆ ਗਈ ਹੈ। ਇਹ ਉਸ ਦੀਆਂ ਅੱਖਾਂ ਤੇ ਪੱਟੀਆਂ ਬੰਨ੍ਹ ਰਹੇ ਹਨ ਤੇ ਇਹ ਭਾਰੀ ਗਾਰਡ ਜਿਵੇਂ ਕੋਈ ਜੱਗਾ ਡਾਕੂ ਜਾਂ ਫੂਲਨ ਦੇਵੀ ਆਤਮ-ਸਮਰਪਣ ਕਰਨ ਆਈ ਹੋਵੇ। ਉਸਦਾ ਦਿਲ ਕਰਦਾ, ਕੋਈ ਹੋਰ ਹੋਵੇ। ਕੋਈ ਪੱਤਰਕਾਰ, ਕੋਈ ਬੀ.ਬੀ. ਸੀ. ਦਾ ਪ੍ਰਤੀਨਿਧ। ਇਹ ਨਜ਼ਾਰਾ ਵੇਖੇ, ਤਸਵੀਰ ਬਣਾਵੇ। ਇਕ ਜਰਨਲਿਸਟ, ਇੱਕ ਲੇਖਕ ਤੇ ਪ੍ਰੋਫੈਸਰ। ਉਹ ਔਰਤ ਕਮਜ਼ੋਰ ਸਿਹਤ ਨਾਲ ਇਕੱਲੀ-ਕਾਰੀ, ਉਸਦੇ ਲਈ ਏਨੀ ਸਟੇਟ ਫੋਰਸ, ਸਭ ਤੋਂ ਵੱਡੀ ਫੌਜ ਏਜੰਸੀ ਤੇ ਐਫ. ਆਈ. ਏ.। ਲਾਹਨਤ ਹੈ ਤੁਹਾਡੇ ਲੋਕਾਂ ਉੱਤੇ। ਕੋਈ ਹੈਰਾਨੀ ਵੀ ਨਹੀਂ ਕਿ ਤੁਸੀਂ ਢਾਕੇ ਵਿਚ ਲੋਕਾਂ ਨੂੰ ਕੁਚਲਿਆ ਅਤੇ ਬਾਹਰ ਦੀ ਫੌਜ ਦੇ ਸਾਹਮਣੇ ਗੋਡੇ ਟੇਕ ਦਿੱਤੇ।

ਇਹਨਾਂ ਸੋਚਾਂ ਦੇ ਨਾਲ ਉਹ ਅੱਖਾਂ ਉੱਤੇ ਪੱਟੀ ਬੰਨ੍ਹੀ ਬੈਠੀ ਰਹੀ। ਪੰਦਰਾਂ ਵੀਹ ਮਿੰਟਾਂ ਪਿੱਛੋਂ ਗੱਡੀ ਰੁਕ ਗਈ ਤੇ ਸਹਾਰਾ ਦੇ ਕੇ ਉਸਨੂੰ ਹੇਠਾਂ ਉਤਾਰ ਲਿਆ। ਪੱਟੀ ਲਾਹ, ਦਿੱਤੀ ਗਈ ਤਾਂ ਉਹ ਇੱਕ ਵੱਡੇ ਸਾਰੇ ਮਕਾਨ ਵਿਚ ਖਲੋਤੀ ਸੀ ਤੇ ਉਸਦੇ ਸਵਾਗਤ ਦੇ ਲਈ ਇਕ ਕਰਨਲ ਸਾਹਿਬ ਖੜ੍ਹੇ ਸੀ। ਪਾਣੀ ਦਾ ਗਿਲਾਸ ਪੇਸ਼ ਕੀਤਾ ਗਿਆ ਅਤੇ

ਇੱਕ ਵਾਕ "ਕਸ਼ਟ ਲਈ ਅਫ਼ਸੋਸ" ਕਿਹਾ। ਜਵਾਬ ਵਿਚ ਉਸਨੇ ਇਕ ਜਖ਼ਮੀ ਤੇ ਵਿਅੰਗਮਈ ਨਜ਼ਰ ਨਾਲ ਜਵਾਬ ਦਿੱਤਾ। ਉਸਨੇ ਜ਼ਨਾਨਾ ਪੁਲਿਸ ਦੀਆਂ ਔਰਤਾਂ ਨੂੰ ਹੁਕਮ ਦਿੱਤਾ, ਉੱਪਰ ਲੈ ਜਾਓ। ਪੌੜ੍ਹੀਆਂ ਚੜ੍ਹਦੇ ਹੋਏ ਤਿੰਨ ਅੱਗੇ ਆ ਗਈਆਂ, ਤਿੰਨ ਪਿੱਛੇ ਰਹੀਆਂ। ਉਸਨੂੰ ਵਿਚਕਾਰ ਰੱਖਿਆ। ਉੱਪਰ ਇੱਕ ਕਮਰਾ ਸੀ ਜਿਸਦੇ ਨਾਲ ਲੱਗਵਾਂ ਬਾਥਰੂਮ ਸੀ। ਕੋਈ ਰਿਹਾਇਸ਼ੀ ਕਮਰਾ ਸੀ। ਪਰ ਸੱਜੇ ਖੱਬੇ ਕੁਝ ਦਫਤਰ ਜਿਹੇ ਬਣੇ ਹੋਏ ਸੀ। ਸ਼ਾਇਦ ਇਥੇ ਕੋਈ ਟਾਰਚਰ ਸੈੱਲ (ਕਸ਼ਟ ਦੇਣ ਵਾਲਾ) ਵੀ ਹੋਵੇ। ਉਸਨੇ ਸੋਚਿਆ ਤੇ ਕਮਰੇ ਵਿਚ ਜਾ ਕੇ ਕੁਰਸੀ ਤੇ ਬੈਠ ਗਈ। ਹਵਾਲਾਤ ਤੇ ਚੰਗੀ ਹੈ। ਅੱਗੇ ਵੇਖੀਏ, ਜੇਲ੍ਹ ਕੈਸੀ ਹੋਵੇ। ਉਹ ਸੋਚਣ ਲੱਗੀ।

ਤਦੋਂ ਹੀ ਸੀਨੀਅਰ ਪੁਲਿਸ ਵਾਲੀ ਕਰੀਬ ਆਈ, ਮੈਡਮ! ਜੇ ਆਪ ਚਾਹੋ ਤਾਂ ਆਰਾਮ ਕਰ ਸਕਦੇ ਹੋ। ਉਸਨੇ ਬਿਸਤਰੇ ਵੱਲ ਇਸ਼ਾਰਾ ਕੀਤਾ। ਮੁਜ਼ਰਮ ਨੂੰ ਮੈਡਮ ਕਿਵੇਂ ਆਖਿਆ ਤੂੰ? ਪੁਲਿਸ ਵਾਲੀ ਝੇਂਪ ਗਈ ਤੇ ਫਿਰ ਕੱਚੀ ਜਿਹੀ ਹੋ ਕੇ ਬੋਲੀ, "ਇਹ ਨੌਕਰੀ ਤਾਂ ਮਜਬੂਰੀ ਹੈ ਮੈਡਮ, ਨਹੀਂ ਤੇ ਅਸੀਂ ਤਾਂ ਆਪ ਦੇ ਪੈਰਾਂ ਦੀ ਖ਼ਾਕ ਹਾਂ।" ਉਹ ਕਿਵੇਂ? ਪੁਲਿਸ ਵਾਲੀ ਕੁਝ ਕਹਿਣਾ ਚਾਹੁੰਦੀ ਸੀ। ਪਰ ਚੁੱਪ ਹੋ ਗਈ। ਐਨੇ ਨੂੰ ਦੂਸਰੀ ਜ਼ਰਾ ਨੇੜੇ ਆ ਗਈ ਅਤੇ ਬਾਕੀਆਂ ਤੋਂ ਉਹਲਾ ਰੱਖਕੇ ਕਹਿਣ ਲੱਗੀ, "ਮੈਡਮ, ਆਪ ਨੇ ਪਛਾਣਿਆ ਨਹੀਂ। ਇਹ ਨਰਜਸ ਹੈ, ਮੈਂ ਰਾਬਾਂ। ਅਸੀਂ ਆਪ ਦੀਆਂ ਸ਼ਾਗਿਰਦ ਹਾਂ। ਏਸੇ ਸਾਲ ਪਹਿਲਾਂ ਅਸਾਂ ਬੀ. ਐੱਡ ਕੀਤੀ ਸੀ। ਅੱਛਾ! ਉਹ ਚੌਂਕ ਉੱਠੀ। ਤੁਸੀਂ ਪੁਲਿਸ ਵਿੱਚ। ਟੀਚਰ ਬਣਨ ਦੀ ਥਾਂ ਇਹ ਕੰਮ? "ਕੀ ਕਰੀਏ, ਮੈਡਮ ਉਹ ਨੌਕਰੀ ਮਿਲੀ ਨਹੀਂ। ਇਹ ਮਿਲ ਗਈ.... ਪੁਲਿਸ ਵਾਲੀ ਨੇ ਜਿਵੇਂ ਜ਼ੁਰਮ ਦਾ ਇਕਬਾਲ ਕੀਤਾ ਹੋਵੇ।" "ਇਹ ਨੌਕਰੀ ਆਪਣੇ ਉਸਤਾਦਾਂ ਨੂੰ ਹੱਥਕੜੀ ਲਗਾਉਣ ਵਾਲੀ।" ਉਹ ਹੱਸ ਪਈ। ਪਤਾ ਨਹੀਂ ਕਿੰਨੇ ਮਹੀਨੇ ਬਾਅਦ ਹੱਸੀ ਸੀ ਉਹ। ਕਿੰਨੇ ਬੋਝ ਦੇ ਹੇਠਾਂ ਦੱਬੀ ਹੋਈ। ਇਹ ਮਜ਼ਾਕ ਵਾਲਾ ਹਾਸਾ ਅਚਾਨਕ ਫੁੱਟ ਪਿਆ ਸੀ। ਪਰ ਇਸ ਹਾਸੇ ਵਿਚ ਕੁਝ ਹੋਰ ਵੀ ਸੀ। ਦੋਵਾਂ ਨੂੰ ਮਾਲੂਮ ਵੀ ਸੀ।

ਉਹ ਜ਼ਮਾਨੇ ਜਦੋਂ ਇਨਕਲਾਬ ਦੀਆਂ ਲਹਿਰਾਂ ਦਿਲਾਂ, ਦਿਮਾਗਾਂ ਤੇ ਜ਼ੁਬਾਨਾਂ ਚੋਂ ਉੱਠ ਰਹੀਆਂ ਸਨ। ਅਤੇ ਵਿਰੋਧ ਲੋਕਾਂ ਦੀ ਸਮਾਜੀ ਹਾਲਤ, ਹੈਸੀਅਤ ਤੋਂ ਬਿਨਾਂ, ਖ਼ਿਆਲਾਂ ਅਤੇ ਸੁਪਨਿਆਂ ਦੇ ਸਾਹਮਣੇ ਉਭਰ-ਉਭਰ ਕੇ ਆ ਰਹੇ ਸਨ ਸਗੋਂ ਉਛਾਲੇ ਜਾ ਰਹੇ ਸਨ। ਉਦੋਂ ਹੀ ਇਹ ਦੋਵੇਂ ਪੁਲਿਸ ਵਾਲੀਆਂ ਇਨਕਲਾਬ ਦੇ ਪਾਸੇ ਤੇ ਸਥਾਪਤੀ ਦੇ ਸਖ਼ਤ ਖਿਲਾਫ਼ ਵਿਦਿਆਰਥੀ ਜਥੇਬੰਦੀ ਵਿਚ ਸਨ। ਜਿਹਨਾਂ ਨੇ ਮਿਸਿਜ਼ ਸੰਮਾ ਸੱਟਾ ਦੀ ਗੱਡੀ ਦਾ ਘੇਰਾਓ ਕੀਤਾ ਸੀ ਤੇ ਉਹਨਾਂ ਦੀ ਹੀ ਲੀਡਰਸ਼ਿਪ ਸੀ, ਜਦੋਂ ਉਹ ਪੁਲਿਸ ਮੁਕਾਬਲਾ ਹੋਇਆ, ਜਿਸ ਵਿਚ ਸਾਹਮਣੇ ਵਾਲੇ ਮੁੰਡਿਆਂ ਦੇ ਕਾਲਜ ਨੂੰ ਘੇਰ ਕੇ ਇਸ



ਤਰ੍ਹਾਂ ਹਮਲਾ ਕੀਤਾ ਗਿਆ, ਜਿਵੇਂ ਕਿਸੇ ਫੌਜੀ ਕਿਲੇ ਉੱਤੇ ਕੀਤਾ ਜਾਂਦਾ ਸੀ। ਤਦ ਇਹਨਾਂ ਨੇ ਕਿੰਨੇ ਲੜਕਿਆਂ ਨੂੰ ਛੁਪਾਇਆ ਵੀ ਸੀ ਤੇ ਭਰ-ਭਰ ਬਾਲਟੀਆਂ ਪਾਣੀ ਵੀ ਦਿੱਤਾ ਸੀ। ਟੀਅਰ-ਗੈਸ ਦੇ ਮਾਰਿਆਂ ਦੇ ਮੂੰਹ ਧੁਆਏ ਤੇ ਜਖ਼ਮ ਧੋਤੇ ਸੀ... ਤੇ ਅੱਜ ਇਹ ਪੁਲਿਸ ਦੀਆਂ ਵਰਦੀਆਂ ਪਾਈ ਖਲੋਤੀਆਂ ਸਨ। ਉਸ ਪਾਰਟੀ ਦੇ ਵਰਕਰਾਂ ਅਤੇ ਵਿਦਿਆਰਥੀ ਜਲਸਿਆਂ ਉੱਤੇ ਡੰਡੇ ਵਰਾਉਣ ਨੂੰ ..... ਕਠ-ਪੁਤਲੀ ਤਮਾਸ਼ਾ ਹੈ ਨਾ।

ਪਰ ਖ਼ੈਰ, ਉਸ ਦਿਨ ਦੇ ਬਾਅਦ ਕਈ ਹਫ਼ਤੇ ਦੀ ਕੈਦ-ਤਨਹਾਈ (ਇਕੱਲੇ ਰੱਖਣਾ) ਵਿਚ ਜ਼ਨਾਨਾ ਪੁਲਿਸ ਦੀਆਂ ਉਹ ਔਰਤਾਂ ਉਹਨਾਂ ਦਾ ਪਹਿਰੇਦਾਰ ਬਣਨ ਦੀ ਥਾਂ ਸੇਵਾ ਕਰਨ ਵਾਲੀਆਂ ਬਣ ਗਈਆਂ। ਸਗੋਂ ਉਸੇ ਪਲ ਅੱਗੇ ਵੱਧ ਕੇ ਉਸੇ ਪੈਰਾਂ ਦੇ ਜਖ਼ਮ ਦਾ ਧਿਆਨ ਵੀ ਕੀਤਾ। "ਮੈਡਮ, ਆਪ ਦੇ ਪੈਰਾਂ ਨੂੰ ਪੱਟੀ ਦੀ ਲੋੜ ਹੈ।" ਪਤਾ ਨਹੀਂ ਕਿੰਨੇ ਪੈਰਾਂ ਨੂੰ ਪੱਟੀ ਦੀ ਲੋੜ ਹੈ। ਉਸਨੇ ਗੱਲ ਨੂੰ ਮਹੱਤਵ ਦਿੱਤੇ ਬਿਨਾਂ ਕਹਿ ਤਾਂ ਦਿੱਤਾ ਪਰ ਉਸਦੇ ਪੈਰ ਛਾਲਿਆਂ ਨਾਲ ਭਰੇ ਪਏ ਸੀ। ਕਈ ਤਾਂ ਪਾਟ ਕੇ ਜਖ਼ਮ ਬਣ ਗਏ ਸੀ। ਬੁਰੇ ਵੇਲਿਆਂ ਵਿਚ ਜੁੱਤੀ ਦੇ ਕਿੱਲ ਵੀ ਵੈਰੀ ਬਣ ਗਏ ਸੀ। ਸ਼ਾਇਦ ਉਹਨਾਂ ਦੇ ਕਹਿਣ ਉੱਤੇ ਅਗਲੇ ਦਿਨ ਡਾਕਟਰ ਆ ਗਈ। ਉਹ ਵੀ ਵਰਦੀ ਵਿਚ ਸੀ। ਪਰ ਖ਼ੈਰ ਡਾਕਟਰ ਸੀ ਤੇ ਔਰਤ। ਜ਼ਖ਼ਮਾਂ ਉੱਤੇ ਦਵਾ ਲਾ ਦਿੱਤੀ। ਬਲੱਡ-ਪ੍ਰੈਸ਼ਰ ਚੈੱਕ ਕੀਤਾ ਤੇ ਬੜੀ ਨਰਮੀ ਨਾਲ ਪੁੱਛਿਆ, "ਕੀ ਆਪ ਵੀ ਡਾਕਟਰ ਹੋ?" "ਹਾਂ, ਪਰ ਕਿਤਾਬਾਂ ਦੀ ਡਾਕਟਰ ਹਾਂ। ਇਨਸਾਨ ਦੀ ਮਨੁੱਖੀ ਹੋਂਦ ਦਾ ਇਲਾਜ ਕਰਦੀ ਹਾਂ। ਵਿਚਾਰੀ ਫੌਜੀ ਲੇਡੀ ਡਾਕਟਰ ਦੀ ਸਮਝ ਵਿਚ ਕੁਝ ਨਹੀਂ ਆਇਆ। ਪਰ ਹੌਲਦਾਰਨੀ ਮੁਸਕਰਾ ਪਈ। ਆਖ਼ਰ ਨੂੰ ਸ਼ਗਿਰਦ ਰਹਿ ਚੁੱਕੀ ਸੀ।

ਉਸੇ ਸ਼ਾਗਿਰਦ ਨੇ ਚੁਪਕੇ-ਚੁਪਕੇ ਕਈ ਗੱਲਾਂ ਵੀ ਦੱਸ ਦਿੱਤੀਆਂ। ਉਹ ਥਾਂ ਜਿੱਥੋਂ ਉਸ ਦੀਆਂ ਅੱਖਾਂ ਤੇ ਪੱਟੀ ਬੰਨ੍ਹ ਕੇ ਲਿਆਂਦਾ ਗਿਆ ਸੀ, ਏਜੰਸੀ ਦਾ ਸੰਵੇਦਨਸ਼ੀਲ (ਹੱਸਾਸ) ਕੇਂਦਰ ਸੀ। ਉਸ ਦੀਆਂ ਕੰਧਾਂ ਵਿਚ ਕੰਨ ਤਾਂ ਸਨ ਹੀ ਅੱਖਾਂ ਤੇ ਯੰਤਰ ਵੀ ਜੜੇ ਹੋਏ ਸੀ। ਬਹੁਤ ਖ਼ਾਸ ਪੜਤਾਲ ਤੇ ਪੁਣ-ਛਾਣ ਉਥੇ ਹੁੰਦੀ ਸੀ ਤੇ ਪਤਾ ਨਹੀਂ ਕਿੰਨੀਆਂ ਛਾਨਣੀਆਂ ਵਿਚੋਂ ਪੁਣ ਕੇ ਕੋਮਲ ਲੱਭਤਾਂ ਨੂੰ ਫਾਈਲ ਤੇ ਕੰਪਿਊਟਰ ਕੀਤਾ ਜਾਂਦਾ ਸੀ। ਕਈ ਗੱਲਾਂ ਇਸ਼ਾਰਿਆਂ ਦੀ ਜ਼ੁਬਾਨ ਵਿਚ ਹੋਈਆਂ। ਕਈ ਕਾਗਜ਼ ਦੇ ਪੁਰਜ਼ਿਆਂ ਉੱਤੇ ਤੇ ਕਈ ਸਿਰਫ਼ ਅੱਖਾਂ ਵਿਚ ਫਲੈਸ਼ ਹੁੰਦੀਆਂ ਰਹੀਆਂ। ਇਹਨਾਂ ਪੁਲਿਸ ਵਾਲੀਆਂ ਨੂੰ ਐਨੀ ਆਗਿਆ ਸੀ ਕਿ ਅੰਦਰ ਆ ਕੇ ਖਾਣਾ, ਪਾਣੀ-ਧਾਣੀ ਪੁੱਛ ਲੈਣ। "ਆਪ ਨੂੰ ਕੁਝ ਹੋਰ ਚਾਹੀਦਾ ਹੈ। ਤਬੀਅਤ ਕੈਸੀ ਹੈ।"

ਬਾਕੀ ਸਾਰਾ ਦਿਨ ਉਸਨੇ ਲਿਖਣਾ ਪੜ੍ਹਨਾ ਹੁੰਦਾ। ਜ਼ਮੀਨ ਉੱਤੇ, ਕੰਧ ਨਾਲ ਟੇਕ ਲਾ ਕੇ ਉਹ ਉਹਨਾਂ ਦੇ ਦਿੱਤੇ ਹੋਏ ਕਾਗਜ਼ ਕਾਲੇ ਕਰਦੀ ਰਹਿੰਦੀ। ਕਾਗਜ਼ ਗਿਣ ਕੇ

ਮਿਲਦੇ ਤੇ ਗਿਣ ਕੇ ਵਾਪਿਸ ਲੈ ਲਏ ਜਾਂਦੇ। •

ਕਾਂਡ-4

## ਸਵਾਲ ਹੀ ਸਵਾਲ - ਜਵਾਬ ਹੀ ਜਵਾਬ

ਦੇਸ਼ ਦੀ ਉਸ ਚੋਟੀ ਦੀ ਇੰਟੈਲੀਜੈਂਸ ਅਤੇ ਤਾਕਤਵਰ ਏਜੰਸੀ ਨੇ ਆਪਣੀ ਉਸ ਵਕਤ ਦੀ ਤਬਾਹੀ ਵਾਲੀ ਹਾਲਤ ਹੋਣ ਦਾ ਪ੍ਰਮਾਣ ਉਸਨੂੰ ਉਸ ਵਕਤ ਦਿੱਤਾ, ਜਦੋਂ ਅਫਗਾਨਿਸਤਾਨ ਦੀਆਂ ਬਰਬਾਦੀਆਂ ਵਿਚ ਵੇਖ ਰਹੀ ਸੀ। ਕਈ ਸਾਲ ਬਾਅਦ ਉਸ ਖ਼ਾਸ ਕਿਤਾਬ ਵਿਚ ਵੀ ਪੜ੍ਹਿਆ ਸੀ, ਜੋ ਇਨਚਾਰਜ ਬਰਗੇਡੀਅਰ ਨੇ ਖ਼ੁਦ ਲਿਖੀ। ਜਿਸ ਉੱਤੇ ਕਿਸੇ ਨੇ ਇਕ ਕਾਲਮ ਲਿਖਿਆ ਸੀ "ਇੱਕ ਬੁਰੀ ਕਿਤਾਬ"।

ਸ਼ਾਇਦ ਉਹ ਬੁਰੀ ਕਿਤਾਬ ਵਾਲਾ ਹੀ ਪੂਰੇ ਪੰਦਰਾਂ ਦਿਨ ਉਸਨੂੰ ਉਹ ਪ੍ਰਸ਼ਨਾਵਲੀ ਭੇਜਦਾ ਰਿਹਾ, ਜਿਸਦੇ ਜਵਾਬ ਲਿਖਦੇ-ਲਿਖਦੇ, ਉਸਦੇ ਹੱਥ ਪੀੜ ਕਰਨ ਲੱਗ ਪੈਂਦੇ ਸੀ। ਪੁੱਛ-ਪੜਤਾਲ ਜ਼ੁਬਾਨੀ ਨਹੀਂ ਲਿਖਤੀ ਕੀਤੀ ਗਈ, ਤਾਂਕਿ ਸੁਰੱਖਿਅਤ ਰਹੇ ਅਤੇ ਮਾਹਰ ਉਸ ਵਿਚੋਂ ਡੂੰਘੇ-ਡੂੰਘੇ ਸਿੱਟੇ ਕੱਢ ਸਕਣ। ਸਵਾਲ ਕੈਸੇ-ਕੈਸੇ ਕੌਮੀ ਅਤੇ ਕੌਮਾਂਤਰੀ ਮਾਮਲਿਆਂ ਬਾਰੇ ਹੁੰਦੇ। ਪਰ ਹੱਦ ਇਹ ਸੀ ਕਿ ਉਸਨੇ ਸੋਚਿਆ ਪਹਿਲਾਂ ਤਾਂ ਇੱਕ ਬੱਚੇ ਵਾਂਗੂੰ ਕੀਤਾ। ਇਹਨਾਂ ਬੇਵਕੂਫਾਂ ਨੂੰ ਏਨਾ ਵੀ ਪਤਾ ਨਹੀਂ ਸੀ। ਪਰ ਜਦੋਂ ਬਹੁਤ ਹੀ ਖ਼ੁਫੀਆ ਅਤੇ ਮੁਸ਼ਕਿਲ ਮਾਮਲਿਆਂ ਬਾਰੇ ਪ੍ਰਸ਼ਨ ਆਏ ਤਾਂ ਉਸ ਨੂੰ ਗੁੱਸਾ ਆ ਗਿਆ। ਹੱਦ ਹੋ ਗਈ। ਕੀ ਇਹਨਾਂ ਖਤਰਨਾਕ ਗੱਲਾਂ ਦਾ ਇੱਕ ਟੀਚਰ ਜਾਂ ਕਹਾਣੀਕਾਰ ਨੂੰ ਪਤਾ ਹੋਣਾ ਚਾਹੀਦਾ? ਇਹ ਕੀ ਸਮਝਦੇ ਹਨ। ਮੈਂ ਵੀ ਮਿਸਿਜ਼ ਸੰਮਾ ਸੱਟਾ ਵਾਂਗੂ ਕਿਸੇ ਗੁਪਤ ਏਜੰਸੀ ਦੀ ਏਜੰਟ ਹਾਂ। ਪ੍ਰਗਤੀਸ਼ੀਲ ਲੇਖਕ ਹੋਣ ਦਾ ਮਤਲਬ ਕਦੋਂ ਦਾ ਹੋ ਗਿਆ ਕਿ ਬੰਦਾ ਜੀ. ਬੀ. ਦੇ ਨੈੱਟ-ਵਰਕ (ਜਾਲ) ਵਿਚ ਉਲਝਿਆ ਹੋਵੇ। ਕੈਸੀ ਮੁਸ਼ਕਿਲ ਜੰਗ ਸੀ ਤੇ ਉਹ ਇਕੱਲੀ ਤਨਹਾਈ ਦੀ ਕੈਦ ਵਿਚ ਸਖ਼ਤ ਪਹਿਰੇ ਹੇਠ ਸੀ।

ਵੈਸੇ ਤੇ ਕੁਝ ਠੀਕ ਵੀ ਸੀ। ਮਾਨਸਿਕ ਭਾਰ ਹੇਠੋਂ ਨਿਕਲਣ ਦੇ ਲਈ। ਜਦੋਂ ਹੋਰ ਕੁਝ ਨਾ ਹੋਵੇ ਤਾਂ ਗੁੱਸਾ ਕੰਮ ਆ ਜਾਂਦਾ ਹੈ। ਅੰਦਰ ਦੀ ਖੜੋਤ ਵਿਚ ਗਰਮੀ ਪੈਦਾ ਹੋ ਗਈ ਤਾਂ ਉਸਨੇ ਕਈ ਜਵਾਬ ਸਖ਼ਤ ਸਖ਼ਤ ਵੀ ਦਿੱਤੇ। ਉਸਨੇ ਲਿਖਿਆ ਕਿ ਕੇ ਜੀ. ਬੀ. ਕੀ. ਸ਼ੈਅ ਹੈ? ਮੈਨੂੰ ਨਹੀਂ ਪਤਾ, ਇਹ ਕਿਸ ਤਰ੍ਹਾਂ ਕੰਮ ਕਰਦੀ ਹੈ, ਆਪ ਬਿਹਤਰ ਜਾਣਦੇ ਹੋਵੋਗੇ। ਹਾਂ, ਪਰ ਸੀ. ਆਈ. ਏ. ਕੀ ਹੈ, ਕਿਸ ਤਰ੍ਹਾਂ ਜਾਲ ਵਿਛਾ ਕੇ ਦੇਸ਼ ਤੇ ਫੌਜ ਅਤੇ ਅਫਸਰਸ਼ਾਹੀ ਵਿਚ ਕਿਸ ਤਰ੍ਹਾਂ ਕੰਮ ਕਰਦੀ ਹੈ, ਇਸਦਾ ਪਤਾ ਤਾਂ ਆਮ ਲੋਕਾਂ ਨੂੰ ਵੀ ਰਹਿੰਦਾ ਹੈ। ਪਰ ਆਪ ਨੇ ਇਹ ਸਵਾਲ ਤਾਂ ਪੁੱਛਿਆ ਹੀ ਨਹੀਂ। ਸਪੱਸ਼ਟ ਹੈ ਕਿ ਆਪਣੇ ਆਪ ਬਾਰੇ ਜਾਂ ਆਪਣੀ ਮਾਂ ਦੇ ਬਾਰੇ ਕੋਈ ਵੀ ਕਿਸੇ ਨੂੰ ਨਹੀਂ ਪੁੱਛਦਾ।

ਕੁੱਲ ਮਿਲਾਕੇ ਤਿੰਨ ਸੌ ਸਵਾਲ ਤਾਂ ਹੋਣਗੇ ਹੀ। ਜਵਾਬ ਲਿਖਣ ਲਈ ਕਾਗਜ਼



ਗਿਣ-ਗਿਣ ਕੇ ਦਿੱਤੇ ਜਾਂਦੇ ਸਨ ਅਤੇ ਰੋਜ਼ ਦੇ ਰੋਜ਼..... ਇੱਕ ਦਿਨ ਪਹਿਲਾਂ ਦੇ ਜਵਾਬ ਦੂਸਰੇ ਦਿਨ ਕਰਨਲ ਸਾਹਿਬ ਨਾਲ ਲੈ ਕੇ ਆਉਂਦੇ। ਰਾਤ ਨੂੰ ਉਹਨਾਂ ਦਾ ਅਧਿਐਨ ਕਰਨ ਪਿੱਛੋਂ ਉਹਨਾਂ ਵਿਚ ਜ਼ਿਮਨੀ ਗੱਲਾਂ ਕੱਢਕੇ ਉਹਨਾਂ ਦੀ ਵਿਆਖਿਆ ਮੰਗਦੇ। ਉਹ ਪਟਾਕ-ਪਟਾਕ ਜਵਾਬ ਦਿੰਦੀ ਹੋਈ ਕਈ ਇਸ਼ਾਰੇ ਐਸੇ ਵੀ ਕਰ ਜਾਂਦੀ, ਜਿਹਨਾਂ ਤੋਂ ਅਨੁਮਾਨ ਹੁੰਦਾ ਕਿ ਫੌਜ ਅਤੇ ਮਾਰਸ਼ਲ-ਲਾਅ ਮੁਲਕ ਦੇ ਦੁਸ਼ਮਣ ਹਨ ਤੇ ਜਨਤਾ ਹੀ ਹਕੂਮਤ ਕਰਨ ਦੀ ਹੱਕਦਾਰ ਹੈ। ਜਾਂ ਕਈ ਹੋਰ ਦੂਰ ਦੀਆਂ ਗੱਲਾਂ ..... ਮੁਲਕ ਦਾ ਟੁੱਟਣਾ, ਫੌਜ ਦੀ ਬੇਇਜ਼ਤੀ ਆਦਿ ਤੇ ਹਰ ਗੱਲ ਵਿਚ ਆਪਣੀ ਦਲੀਲ ਵਾਸਤੇ ਉਹ ਇਤਿਹਾਸ ਦਾ ਹਵਾਲਾ ਲੈ ਆਉਂਦੀ। ਇਹ ਇੱਕ ਤਰੀਕਾ ਸੀ, ਉਸ ਫੌਜੀ ਪ੍ਰਤੀਨਿਧ ਉੱਤੇ ਰੋਅਬ ਪਾਉਣ ਦਾ। ਜਿਹੜਾ ਕਿਤਾਬੀ ਗ੍ਰੈਜੂਏਸ਼ਨ ਜਾਂ ਫੌਜੀ ਅਦਬ ਤੋਂ ਅੱਗੇ ਅਨਪੜ੍ਹ ਹੀ ਸੀ। ਤੇ ਉਸਦਾ ਅਸਰ ਹੋਇਆ, ਜਦੋਂ ਇੱਕ ਦਿਨ, ਸ਼ਾਇਦ ਉਹ ਦਿਨ ਫੌਜੀ ਫੈਸਲੇ ਦਾ ਸੀ, ਸਜ਼ਾ ਘੱਟ ਹੋਵੇ ਜਾਂ ਸਖ਼ਤ? ਆਖ਼ਰ ਏਨੀ ਪੜ੍ਹੀ ਲਿਖੀ ਔਰਤ ਹੈ, ਟੀਚਰ ਹੈ, ਲੇਖਕ ਹੈ। ਉਹ ਸ਼ਾਇਦ ਕੋਈ ਸਿਫਾਰਿਸ਼ ਉੱਪਰ ਭੇਜਣਾ ਚਾਹੁੰਦਾ ਸੀ, ਤਾਂ ਹੀ ਉਸਨੇ ਇਕ ਸਵਾਲ ਕੀਤਾ। ਉਹ ਸਵਾਲ ਜਾਤੀ ਖਾਸੇ ਦਾ ਸੀ, ਪਰ ਉਸ ਵਿਚ ਪਹਿਲੇ ਦਿਨ ਨਾਲੋਂ ਫਰਕ ਕਰ ਦਿੱਤਾ ਸੀ। "ਆਪ ਨੇ ਸ਼ਾਦੀ ਕਿਉਂ ਨਹੀਂ ਕੀਤੀ?"

ਫਿਰ ਉਸਨੂੰ ਗੁੱਸਾ ਆ ਗਿਆ, "ਕੀ ਦੇਸ਼ ਦੀ ਫੌਜ ਮੈਨੂੰ ਇਹੋ ਜਾਨਣ ਲਈ ਪਕੜ ਲਿਆਈ ਹੈ ਕਿ ਮੈਂ ਸ਼ਾਦੀ ਕਿਉਂ ਨਹੀਂ ਕੀਤੀ?" ਕਰਨਲ ਕਿਸੇ ਹੱਦ ਤੀਕ ਠਠੰਬਰ ਗਿਆ। ਉਹ ਸ਼ਾਇਦ ਉਸ ਤਬਕੇ ਵਿਚੋਂ ਸੀ, ਜਿਸਨੂੰ ਕੁਝ ਸਭਿਅਕ ਅਖਵਾਉਣ ਦਾ ਸ਼ੌਕ ਵੀ ਹੁੰਦਾ ਹੈ, ਤੇ ਜਵਾਨ ਹੋਈਆਂ ਬੇਟੀਆਂ ਦਾ ਬਾਪ ਸੀ, ਜੋ ਚੰਗੇ ਵਿਦਿਅਕ ਅਦਾਰਿਆਂ ਵਿਚ ਸਿੱਖਿਆ ਲੈ ਰਹੀਆਂ ਸਨ। ਪਰ ਜਿਹੜਾ ਸਵਾਲ ਉਹ ਹੁਣ ਲਿਆਇਆ ਸੀ, ਉਹ ਸਪੱਸ਼ਟ ਤੌਰ ਤੇ ਬੜਾ ਆਮ ਸੀ। "ਆਪ ਏਨੀ ਪੜ੍ਹੀ ਲਿਖੀ ਅਤੇ ਸਮਝਦਾਰ ਹੋ ਕੇ ਇਸ ਚੱਕਰ ਵਿਚ ਕਿਸ ਤਰ੍ਹਾਂ ਪੈ ਗਈ?"

ਕਿਸ ਚੱਕਰ ਵਿਚ? ਉਸਨੇ ਪੁੱਛਿਆ ਤਾਂ ਉਹ ਦੱਸਣ ਲੱਗਾ, "ਇਹ ਰਾਜਨੀਤੀ ਤੇ ਭੰਨ-ਤੋੜ ਆਦਿ" ਫੌਜੀ ਦਾ ਇਹ ਸਵਾਲ ਅਸਲ ਵਿਚ ਉਸਨੂੰ ਬਹੁਤ ਚੰਗਾ ਲੱਗਾ। ਅਤੇ ਉਸਨੇ ਉਸਨੂੰ ਕਈ ਸਵਾਲਾਂ ਰਾਹੀਂ ਜਵਾਬ ਦਿੱਤਾ। ਆਪ ਦੱਸੋ ਇਸ ਚੱਕਰ ਵਿਚ ਕਿੰਨੇ ਪ੍ਰੋਫੈਸਰ ਹਨ, ਕਿੰਨੇ ਪੱਤਰਕਾਰ, ਕਿੰਨੇ ਕਾਨੂੰਨਦਾਨ, ਦਾਨਸ਼ਵਰ (ਬੁੱਧੀਜੀਵੀ) ਤੇ ਵਿਦਿਆਰਥੀ? ਆਪ ਨੇ ਇਸ ਤਰ੍ਹਾਂ ਦੇ ਹਜ਼ਾਰਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਤੇ ਜੇਲ੍ਹ ਕਿਲ੍ਹੇ ਵਿਚ ਤਾੜ ਕੇ ਸਜ਼ਾਵਾਂ ਦਿੱਤੀਆਂ। ਕੀ ਉਹ ਸਭ ਬੇਸਮਝ ਲੋਕ ਸਨ ਜਾਂ ਬਦਨੀਅਤ? ਜਾਂ ਫਿਰ ਗੱਦਾਰ? ਕਿੰਨੀ ਸੌਖ ਨਾਲ ਆਪ ਲੋਕ ਉਹਨਾਂ ਨੂੰ ਗੱਦਾਰ ਲਿਖ ਦਿੰਦੇ ਹੋ। ਪਰ ਇਹ ਗੱਲ ਵੀ ਦੋ-ਮੂੰਹੀ ਹੈ। ਦੋ-ਮੂੰਹੀ ਸਮਝਦੇ ਹੋ ਆਪ? ਆਪ ਸਮਝਾਓ! ਅਸੀਂ ਤਾਂ ਸਿੱਧੇ ਸਾਦੇ ਫੌਜੀ ਹਾਂ। ਇਸ ਗੱਲ ਨਾਲ ਦੋਹਾਂ ਦੇ ਬੁੱਲ੍ਹਾਂ ਤੇ ਅਲੱਗ-ਅਲੱਗ

ਮੁਸਕਰਾਹਟ ਖੇਡ ਗਈ। ਇੱਕ ਪਾਸੇ ਹਲਕੀ ਜਿਹੀ ਸ਼ਰਮ ਵਾਲੀ ਤੇ ਦੂਸਰੀ ਤਰਫ਼ ਤਲਖ਼ ਜੇਹੀ। ਤੇ ਉਹ ਅਧੇੜ ਉਮਰ ਤੋਂ ਕੁਝ ਉਪਰ ਵਾਲੇ ਕਰਨਲ ਨੂੰ ਦੁਮੂੰਹੀ ਬਾਤ ਦਾ ਮਤਲਬ ਸਮਝਾਉਣ ਲੱਗੀ। "ਵੇਖੋ, ਇੱਕ ਮੂੰਹ ਤਾਂ ਆਪ ਦੀ ਏਜੰਸੀ ਦਾ ਹੈ, ਜੋ ਗੱਦਾਰ-ਗੱਦਾਰ ਬੋਲਦਾ ਹੈ। ਦੂਸਰਾ ਮੂੰਹ ਉਹਨਾਂ ਲੋਕਾਂ ਦਾ ਹੈ ਜਿਹਨਾਂ ਨੂੰ ਆਪ ਲੋਕ ਪਕੜਦੇ ਮਾਰਦੇ ਫਿਰਦੇ ਹੋ। ਉਹ ਆਪ ਨੂੰ ਗੱਦਾਰ ਬੋਲਦੇ ਵੀ ਹਨ, ਲਿਖਦੇ ਵੀ ਹਨ ਤੇ ਉਹਨਾਂ ਦਾ ਲਿਖਿਆ ਤਾਰੀਖ ਦਾ ਮੂੰਹ ਬਣਨ ਵਾਲਾ ਹੈ। ਤਾਰੀਖ ਇਸ ਫ਼ਰਕ ਨੂੰ ਪ੍ਰਗਟ ਕਰੇਗੀ। ਉਹ ਲੋਕ ਵਤਨ ਦੀ ਜ਼ਮੀਨ ਤੇ ਆਵਾਮ ਦੇ ਵਜੂਦ ਨੂੰ ਮੁਲਕ ਆਖਦੇ ਹਨ ਤੇ ਆਪ ਲੋਕ ਆਪਣੇ ਆਪ ਨੂੰ। ਅਰਥਾਤ ਆਪਣੀ ਹਕੂਮਤ ਅਤੇ ਤਾਕਤ ਨੂੰ ਮੁਲਕ ਮੰਨਦੇ ਹੋ। ਆਪ ਲਈ ਆਪ ਵਿਰੋਧੀ ਤੇ ਲੋਕਾਂ ਦਾ ਪੱਖ ਲੈਣ ਵਾਲਾ ਹੋਣਾ ਗੱਦਾਰੀ ਹੈ ਤੇ ਉਹਨਾਂ ਲਈ ਵਫ਼ਾਦਾਰੀ, ਉਹ ਲੋਕ-ਰਾਜ ਲਈ ਸੰਘਰਸ਼ ਕਰਦੇ ਹਨ, ਆਪ ਮਾਰਸ਼ਲ-ਲਾਅ ਦੀ ਰਾਖੀ ਲਈ ਸਖ਼ਤੀ ਕਰਦੇ ਹੋ।"

ਪੰਦਰਾਂ-ਵੀਹ ਦਿਨਾਂ ਦੀ ਇਸ ਜ਼ਿਹਨੀ ਪੜਤਾਲ ਪਿੱਛੋਂ ਉਸਨੂੰ ਬਾਕਾਇਦਾ ਤੌਰ ਤੇ ਐਫ. ਆਈ. ਏ. ਦੇ ਹਵਾਲੇ ਕਰ ਦਿੱਤਾ ਗਿਆ। ਉਹ ਖ਼ੌਫਨਾਕ ਏਜੰਸੀ ਨੇ ਆਪਣੀ ਤਫਤੀਸ਼ ਕਰਨੀ ਸੀ ਤੇ ਕਤਈ ਤੌਰ ਤੇ ਮੁਲਜ਼ਮ ਨੂੰ ਮੁਜ਼ਰਮ ਮੰਨ ਕੇ, ਸਖ਼ਤੀ, ਬਦਤਮੀਜ਼ੀ ਦੇ ਸਿਵਾਏ ਉਹਨਾਂ ਕੋਲ ਕੁਝ ਨਹੀਂ ਸੀ। ਹਾਂ, ਪਰ ਡਿਗਰੀਆਂ, ਪਹਿਲੀ, ਦੂਸਰੀ ਤੇ ਥਰਡ ਡਿਗਰੀ। ਹੁਣ ਬਾਕੀਆਂ ਦੇ ਨਾਲ ਸੀ। ਅਰਥਾਤ ਉਹ ਸਾਰੇ ਜੋ ਗ੍ਰਿਫਤਾਰ ਕਰ ਲਏ ਗਏ ਸੀ। ਸਿਰਫ਼ ਇੱਕ ਉਹ ਹੀ ਸੀ, ਜੋ ਭੱਜ ਕੇ ਸ਼ਹਿਰ ਦੀ ਭੀੜ ਵਿਚ ਗਵਾਚ ਗਈ ਸੀ ਤੇ ਉਹ ਉਸਨੂੰ ਇੰਝ ਲੱਭ ਰਹੇ ਸੀ, ਜਿਵੇਂ ਸੁੱਕੀ ਘਾਹ ਵਿਚੋਂ ਡਿੱਗੀ ਸੂਈ ਨੂੰ ਲੱਭਦੇ ਹਨ। ਅਰਥਾਤ ਘਾਹ ਨੂੰ ਅੱਗ ਲਾ ਕੇ ਉਸਦੀ ਰੌਸ਼ਨੀ ਵਿਚ। ਹੁਣ ਉਹ ਸਾਰੇ ਮਿਲਾ ਕੇ 41 ਸਨ। ਇੱਕ ਹੀ ਜੇਲ੍ਹ ਵਿਚ ਰੱਖੇ ਗਏ, ਉਸਨੂੰ ਵੀ ਉਥੇ ਹੀ ਰੱਖਿਆ ਜਾਣਾ ਸੀ। ਪਰ ਔਰਤ ਜ਼ਾਤ ਤੇ ਫਿਰ ਬਹੁਤ ਪੜ੍ਹੀ-ਲਿਖੀ... ਬੜੇ ਕੰਮ ਦੀ ਚੀਜ਼ ਹੋ ਸਕਦੀ ਹੈ। ਉਸ ਦੀ ਜੇਲ੍ਹ ਕੋਠੜੀ ਦੀ ਥਾਂ ਕੁਝ ਬਿਹਤਰ ਥਾਂ ਤੇ ਰੱਖਿਆ ਗਿਆ ਤੇ ਪੜਤਾਲ ਵਿਚ ਉਸਦੇ ਮੂੰਹੋਂ ਨਿਕਲਦੀਆਂ ਗੱਲਾਂ ਨੂੰ ਉਹਨਾਂ ਨੇ ਖ਼ੁਦ ਲਿਖਿਆ। ਇਹ ਦੂਜੀ ਵਾਰੀ ਸੀ ਕਿ ਜਦੋਂ ਉਹ ਉਹਨਾਂ ਹੀ ਸਵਾਲਾਂ ਦੇ ਜਵਾਬ ਦੇ ਰਹੀ ਸੀ, ਪਰ ਅੱਜ ਬੱਸ ਕਿੱਥੇ। ਉਹਨਾਂ ਨੇ ਉਹਨਾਂ ਦੀ ਗੱਲਾਂ ਨੂੰ ਸਿਵਿਲ ਮੈਜਿਸਟਰੇਟ ਦੇ ਸਾਹਮਣੇ ਦੁਹਰਾਉਣਾ ਸੀ ਤੇ ਚੌਥੀ ਵਾਰ ਮਿਲਟਰੀ ਕੋਰਟ ਦੇ ਸਾਹਮਣੇ। ਉਸ ਦੀਆਂ ਗੱਲਾਂ ਵਿਚ ਸ਼ਾਇਦ ਕਿਤੇ ਸਿਆਗੀ, ਬਿਹਾਗੀ ਦਾ ਫ਼ਰਕ ਆਇਆ ਹੋਵੇ। ਪਰ ਬਾਰ-ਬਾਰ ਉਹਨਾਂ ਗੱਲਾਂ ਨੂੰ ਦੁਹਰਾਉਂਦੇ ਹੋਏ ਤੇ ਉਹਨਾਂ ਚੇਲ੍ਹਿਆਂ ਦੇ ਸਾਹਮਣੇ ਉਸਦਾ ਜੀ ਖਰਾਬ ਹੋਣ ਲੱਗਾ। ਜਿਵੇਂ ਭੈੜਾ ਖਾਣਾ ਬਹੁਤ ਜ਼ਿਆਦਾ ਖਵਾਇਆ ਜਾ ਰਿਹਾ ਹੋਵੇ।

ਪਰ ਇਸਦਾ ਕੁਝ ਲਾਭ ਵੀ ਹੋਇਆ। ਦਸ ਵਾਰ ਦਿੱਤਾ ਗਿਆ, ਬਿਆਨ ਇਕੋ ਜਿਹਾ ਹੀ ਰਿਹਾ। ਉਹਨਾਂ ਦੀ ਆਪਣੀ ਮਸ਼ੀਨ ਦੇ ਅਨੁਸਾਰ ਕੋਈ ਟਕਰਾ ਨਹੀਂ ਸੀ। ਕਈ ਮਹੀਨਿਆਂ ਦੇ ਬਾਅਦ ਜਦ ਟੈਸਟ ਹੋਇਆ, ਕੁਝ ਬਦਲਿਆ ਨਹੀਂ ਸੀ। ਪਰ ਇਹ ਸਟੇਟ ਮਸ਼ੀਨ ਇਨਸਾਨ ਨੂੰ ਮੁਜ਼ਰਮ ਬਣਾਉਣ ਲਈ ਕਈ ਹੱਥਕੰਡੇ ਵਰਤਦੀ ਹੈ। ਖ਼ੁਦ ਨੂੰ ਬੇਗੁਨਾਹ ਮੰਨ ਕੇ ਵੀ ਹੱਥ ਲੱਗੇ ਬੰਦੇ ਨੂੰ ਕੁਝ ਨਾ ਕੁਝ ਬਣਾਕੇ ਰੱਖ ਦਿੰਦੀ ਹੈ। ਸੋ ਉਹਨਾਂ ਨੇ ਉਸਦਾ ਕੁਝ ਬਣਾਉਣ ਦਾ ਫੈਸਲਾ ਹੀ ਕਰ ਲਿਆ। ਮੁਕੱਦਮਾ ਖਾਸੀ ਸ਼ੁਹਰਤ ਪ੍ਰਾਪਤ ਕਰ ਗਿਆ ਸੀ। ਦੇਸ਼ ਦੀਆਂ ਸਰਹੱਦਾਂ ਤੋਂ ਬਾਹਰ ਨਿਕਲ ਗਿਆ ਸੀ। ਕਿਉਂਕਿ ਉਹਨਾਂ ਨੇ ਬਾਹਰ ਦੇ ਇੱਕ ਦੇਸ਼ ਨੂੰ ਵੀ ਵਿਚ ਘਸੀਟ ਰੱਖਿਆ ਸੀ ਤੇ ਹੁਣ ਉਹਨਾਂ ਨੂੰ ਲੋੜ ਸੀ, ਗਵਾਹਾਂ ਦੀ.... ਨਹੀਂ ਤੇ ਸਾਰਾ ਮੁਕੱਦਮਾ ਉਧੇੜਨਾ ਪੈ ਜਾਂਦਾ। ਇੱਕ ਹੱਦ ਤੀਕ ਉਧੇੜਿਆ ਵੀ। ਚਾਰਜ-ਸ਼ੀਟ ਵਿਚ ਚਾਲੀ ਦੂਸ਼ਣਾਂ ਵਿਚੋਂ ਕੱਟ ਕੇ ਸਿਰਫ਼ ਦਸ ਉੱਤੇ ਹੀ ਦੂਸਰੀ ਚਾਰਜ-ਸ਼ੀਟ ਦਿੱਤੀ ਗਈ। ਪਰ ਇਹ ਹੈਰਾਨੀ ਦੀ ਗੱਲ ਨਹੀਂ ਸੀ, ਕਿਉਂਕਿ ਅਜੀਬ ਬੇਤੁੱਕੇ ਇਲਜ਼ਾਮ ਸਨ। ਮਾਮਲਾ ਏਨਾ ਸਿਆਸੀ ਨਾ ਹੁੰਦਾ ਤੇ ਏਨੀ ਉੱਚੀ ਪੱਧਰ ਤੀਕ ਉਭਰ ਕੇ, ਦੇਸ਼ ਦੀਆਂ ਸਰਹੱਦਾਂ ਤੋਂ ਬਾਹਰ ਨਿਕਲ ਕੇ ਬੀ. ਬੀ. ਸੀ. ਉੱਤੇ ਗੂੰਜ ਨਾ ਗਿਆ ਹੁੰਦਾ ਤਾਂ ਪੁਲਿਸ ਹਰ ਇਕ ਝੂਠ ਨੂੰ ਸੱਚ ਸਾਬਤ ਕਰ ਵਿਖਾਉਂਦੀ। ਸਗੋਂ ਜੱਜ ਦਾ ਕੰਮ ਵੀ ਖ਼ੁਦ ਸਿਰੇ ਚਾੜ੍ਹਦੀ।

ਉਸਨੂੰ ਹੈਰਾਨੀ ਹੋਈ ਜਦੋਂ ਇਕਦਮ ਉਹਨਾਂ ਦਾ ਵਤੀਰਾ ਨਰਮ ਪੈ ਗਿਆ ਤੇ ਉਸਨੂੰ ਘਰ ਜਾਣ ਲਈ ਕਹਿ ਦਿੱਤਾ। ਏਨੀ ਦੇਰ ਤੀਕ ਦੀ ਬੇਘਰੀ ਤੋਂ ਬਾਅਦ ਉਸਨੂੰ ਘਰ ਦਾ ਖ਼ਿਆਲ ਬੜਾ ਓਪਰਾ ਲੱਗਿਆ। ਉੱਥੇ ਲਾਹੌਰ ਵਿਚ ਕਿਸੇ ਥਾਂ ਉਸਦਾ ਘਰ ਤੇ ਸੀ, ਪਰ ਉਸ ਉੱਤੇ ਏਜੰਸੀਆਂ ਨੇ ਪਹਿਰੇ ਬਿਠਾਏ ਹੋਏ ਸੀ। ਬੱਸ ਵਿਚ ਬੈਠ ਕੇ, ਦੋ ਸੌ ਮੀਲ ਦਾ ਫ਼ਾਸਲਾ ਤਹਿ ਕਰਦੇ ਹੋਏ ਉਸਨੇ ਕੀ ਕੁਝ ਸੋਚਿਆ। ਕੀ ਕੁਝ ਯਾਦ ਕੀਤਾ। .... ਪਰ ਕੋਈ ਐਸੀ ਥਾਂ ਯਾਦ ਹੀ ਨਾ ਆਈ, ਜਿਸਨੂੰ "ਮੇਰਾ ਘਰ" ਕਹਿੰਦੇ ਹਨ।

ਕਾਂਡ-5

## ਦੁਨੀਆਂ ਬਦਲ ਗਈ ਜਾਂ ਦਿਲ ਬਦਲ ਗਿਆ

ਡੂੰਘੀ ਸ਼ਾਮ ਸੀ। ਲਾਹੌਰ ਸ਼ਹਿਰ ਦੇ ਬਦਸੂਰਤ ਸ਼ਹਿਰ ਸ਼ੁਰੂ ਹੋਏ। ਫਿਰ ਖ਼ੂਬਸੂਰਤ, ਜੋ ਰਾਤ ਦੇ ਪ੍ਰਛਾਵੇਂ ਹੇਠ ਭੇਤ-ਭਰੇ ਜਿਹੇ ਹੋ ਗਏ। ਪੰਛੀਆਂ ਦੀਆਂ ਅਵਾਜ਼ਾਂ ਆਈਆਂ, ਤੇ ਫਿਰ ਟ੍ਰੈਫਿਕ ਦੀ ਭੀੜ ਕੱਟਦੀ ਬੱਸ, ਨਵੀਆਂ ਆਬਾਦੀਆਂ ਦੇ ਲਾਗੋਂ ਦੀ ਲੰਘੀ। ਨਵੀਆਂ ਕੋਠੀਆਂ ਦੇ ਕਦ ਵੱਧ ਗਏ ਸਨ। ਨਵੇਂ ਮਾਰਸ਼ਲ-ਲਾਅ ਨੇ ਆਪਣੇ ਸ਼ਰੀਫ-ਜਾਦਿਆਂ ਨੂੰ ਬਹੁਤ ਕੁਝ ਤੇ ਵੱਡਾ-ਵੱਡਾ ਅਲਾਟ ਕੀਤਾ ਸੀ। ਮਿਸਿਜ਼ ਸੰਮਾ ਸੱਟਾ ਨੂੰ ਦਸ ਕਨਾਲ ਰਿਹਾਇਸ਼ੀ ਪਲਾਟ ਨਹਿਰ ਦੇ ਕੰਢੇ ਮਿਲਿਆ ਸੀ। ਹੁਣ ਕੋਠੀਆਂ ਨਹੀਂ ਮਹੱਲ ਬਣ ਰਹੇ ਸੀ। ਕਿਸੇ ਅਖ਼ਬਾਰ ਦੇ ਮਾਲਕ ਨੇ ਸੱਤਰ ਕਨਾਲ ਵਿਚ ਅਮਰੀਕਨ

ਸਟਾਈਲ ਦਾ ਮਕਾਨ ਤੇ ਦੇਸੀ ਸਟਾਈਲ ਦਾ ਬਾਗ਼ ਲਗਵਾਇਆ ਸੀ। ਨਵੇਂ ਦੌਰ ਦੇ ਸ਼ਹਿਜ਼ਾਦੇ ਅਤੇ ਰਜਵਾੜੇ। ਕਿਉਂ ਨਹੀਂ। ਜਨਤਾ ਦੀ ਤਾਕਤ ਟੁੱਟ ਚੁੱਕੀ ਸੀ। ਪ੍ਰਗਤੀਸ਼ੀਲ ਪਾਰਟੀ ਦੀ ਸਿਰੇ ਦੀ ਲੀਡਰਸ਼ਿਪ ਖ਼ਤਮ ਕੀਤੀ ਜਾ ਚੁੱਕੀ ਸੀ ਤੇ ਜਿਹੜੇ ਵਰਕਰ ਡੋਲੇ ਨਹੀਂ ਸੀ, ਫਾਂਸੀ ਉੱਤੇ ਲਟਕਾਏ ਜਾ ਚੁੱਕੇ ਸਨ। ਬਾਕੀ, ਤੇ ਸ਼ਾਇਦ ਦੋ ਲੱਖ ਦੇ ਕਰੀਬ ਜੇਲ੍ਹਾਂ ਵਿਚ ਸਨ ਜਾਂ ਉਹਨਾਂ ਦੀਆਂ ਕਮਰਾਂ, ਲੱਤਾਂ ਤੋੜ ਦਿੱਤੀਆਂ ਗਈਆਂ ਸਨ। ਖਾਮੋਸ਼ੀ ਇੱਕ ਭਾਰ ਵਾਂਗ ਉਹਨਾਂ ਸਾਰਿਆਂ ਦੇ ਦਿਲਾਂ ਉੱਤੇ ਆ ਬੈਠੀ ਸੀ। ਜੋ ਕਦੀ ਉੱਚੇ ਨਾਹਰੇ ਲਗਾਉਂਦੇ, ਲਾਲ ਝੰਡੇ ਲਹਿਰਾਇਆ ਕਰਦੇ ਸੀ। ਇਨਕਲਾਬ ਤਬਦੀਲੀ, ਹੱਕ, ਹਿੱਸਾ, ਇਨਸਾਫ, ਬਰਾਬਰੀ, ਮਿਹਨਤ ਦਾ ਮੁੱਲ, ਸਬਰ ਦਾ ਫਲ਼, ਜੱਦੋ-ਜ਼ਹਿਦ ਦੀ ਪ੍ਰਾਪਤੀ ਸਾਰੇ ਸੁਪਨੇ ਚਕਨਾਚੂਰ। ਸਾਰੇ ਸੁਪਨਿਆਂ ਦੇ ਰੰਗ ਉੱਡ ਚੁੱਕੇ ਸੀ।

ਖ਼ੁਦ ਉਸਦੇ ਦਿਲ ਦੀ ਹਾਲਤ ਅਜੀਬ ਸੀ। ਹਾਰ ਦੇ ਬਾਅਦ ਇਸੇ ਤਰ੍ਹਾਂ ਹੁੰਦਾ ਰਿਹਾ ਹੋਵੇਗਾ ਸ਼ਾਇਦ। ਉਸਨੇ ਆਪਣੇ ਆਪ ਨਾਲ ਗੱਲ ਕੀਤੀ, "ਐ ਮੇਰੇ ਦਿਲ! ਮੇਰੇ ਇਕੱਲੇ ਮੁਸਾਫ਼ਰ। ਫ਼ੈਜ਼ ਵੀ ਤਾਂ ਇਨਕਲਾਬ ਦਾ ਕਵੀ ਸੀ ਨਾ? ਉਸਨੇ ਆਪਣੇ ਆਪ ਨੂੰ ਪੁੱਛਿਆ। ਲੋਕਾਂ ਦੇ ਹਜੂਮ ਦੇ ਨਾਲ ਤੁਰਦਾ ਹੁੰਦਾ ਸੀ। ਐਸੀਆਂ ਨਜ਼ਮਾਂ ਸੁਣਾਉਂਦਾ, ਜਿਹਨਾਂ ਦੇ ਸੁਣਨ ਵਾਲੇ ਬੜੇ-ਬੜੇ ਜਲਸੇ ਤੇ ਇਕੱਠ ਹੁੰਦੇ ਸਨ। ਕਦੋਂ ਇਕੱਲਾ ਹੋ ਗਿਆ ਉਹ। ਸਿਰਫ਼ ਆਪਣੇ ਦਿਲ ਦਾ ਸਾਥ ਰਹਿ ਗਿਆ। ਉਸਨੇ ਦੱਸਿਆ ਹੀ ਨਹੀਂ। ਉਸਦੀ ਹਾਰ ਸ਼ਾਇਦ ਲੋਕਾਂ ਦੀ ਹਾਰ ਤੋਂ ਪਹਿਲਾਂ ਹੋ ਗਈ ਸੀ। ਦੂਰ ਕਿਤੇ ਜਲਾਵਤਨੀ ਦੇ ਸ਼ਹਿਰ ਵਿਚ ਇਕੱਲਾ ਰਹਿ ਰਿਹਾ ਸੀ।

ਤੇ ਅੱਜ ਉਹ ਕੁਝ ਅਜਿਹੇ ਹੀ ਦਿਲ ਦੇ ਨਾਲ ਉਸੇ ਸ਼ਹਿਰ ਵਿਚ ਦਾਖ਼ਲ ਹੋ ਰਹੀ ਸੀ, ਜਿਸ ਦਾ ਸ਼ਾਇਰ ਜਲ-ਵਤਨ ਸੀ। ਨਹੀਂ, ਕੋਈ ਨਹੀਂ ਘਰ ਨਾ ਮਕਾਨ। ਅੱਜ ਕਿਸੇ ਕੋਠੀ ਦੀ ਚਾਰਦੀਵਾਰੀ ਵਿਚ ਘਿਰੇ ਹੋਏ, ਉਸਨੂੰ ਆਪਣੇ ਪੰਜ ਮਰਲੇ ਵਿਖਾਈ ਨਾ ਦਿੱਤੇ। ਹੱਕ ਜ਼ਬਤ ਹੋ ਚੁੱਕੇ ਸਨ, ਪਰ ਉਹ ਤਾਂ ਬਹੁਤ ਪਹਿਲੇ ਹੋਏ ਸਨ। ਅੱਜ ਤਾਂ ਹੱਕ ਮੰਗਣ ਦਾ ਹੱਕ ਵੀ ਜ਼ਬਤ ਹੋ ਚੁੱਕਾ ਸੀ। ਤਾਨਾਸ਼ਾਹੀ ਮੁਲਕੀ ਹਵਸ, ਸਾਮਰਾਜੀ...... ਸਾਰੇ ਭੂਤ-ਪ੍ਰੇਤ ਤਾਕਤਵਰ ਹੋ ਚੁੱਕੇ......

ਬੱਸ ਆਪਣੇ ਅੱਡੇ ਤੇ ਰੁਕੀ। ਲੋਕ ਧੜਾ-ਧੜ ਉਤਰਨ ਲੱਗੇ। ਉਹਨਾਂ ਵਿਚੋਂ ਕੁਝ ਘਰਾਂ ਤੋਂ ਨਿਕਲ ਕੇ ਆਏ ਹੋਣਗੇ। ਕੁਝ ਘਰਾਂ ਨੂੰ ਪਰਤੇ ਹੋਣਗੇ। ਉਸਨੇ ਸੋਚਿਆ, ਅੱਜ ਇਹ ਪਹਿਲਾ ਸਫ਼ਰ ਸੀ ਕਿ ਉਸਦੇ ਨਾਲ ਵਾਲੀ ਸੀਟ ਤੇ ਬੈਠੇ ਕਿਸੇ ਹਮ-ਸਫ਼ਰ ਨਾਲ ਗੱਲ ਨਹੀਂ ਕੀਤੀ ਸੀ। ਨਹੀਂ ਤੇ ਕੈਸਾ ਦਿਲਚਸਪ ਲੱਗਦਾ ਸੀ, ਉਹਨਾਂ ਨੂੰ ਪੁੱਛਣਾ, ਕਿੱਥੇ ਜਾ ਰਹੇ ਹੋ? ਕਿੱਥੋਂ ਆਏ ਹੋ? ਕਿੱਥੇ ਰਹਿੰਦੇ ਹੋ? ਅਰੇ ਹਾਂ ਬੱਸ ਖ਼ਾਲੀ ਹੋ ਰਹੀ ਹੈ। ਉਸਨੇ ਆਪਣਾ ਬੈਗ ਉਠਾ ਲਿਆ ਤੇ ਸਹਿਜ ਨਾਲ ਹੇਠਾਂ ਉਤਰ ਗਈ। ਅਜੇ ਇਹ ਸੋਚਣਾ ਬਾਕੀ ਸੀ ਕਿ ਉਸਨੇ ਜਾਣਾ ਕਿੱਥੇ ਸੀ। ਹੁਣ ਤਾਂ ਉਸਦਾ ਪਿੱਛਾ ਵੀ ਕੀਤਾ ਜਾ



ਰਿਹਾ ਹੋਵੇਗਾ। ਉਹਨਾਂ ਥਾਵਾਂ ਉੱਤੇ ਜਾਣਾ, ਜਿਹਨਾਂ ਨੇ ਏਨੇ ਦਿਨ ਸ਼ਰਨ ਦਿੱਤੀ.... ਪਰ ਸੋਚਣ ਦੀ ਮੋਹਲਤ ਕਿੱਥੇ ਸੀ। ਅੱਡੇ ਤੇ ਖਲੋਤੇ ਰਿਕਸ਼ੇ, ਟੈਕਸੀ ਵਾਲੇ ਉਸਨੂੰ ਘੇਰਨ ਆ ਗਏ। "ਆਓ ਬਾਜੀ! ਮੇਰੇ ਸਾਥ, ਮੇਰੇ ਸਾਥ, ਕਿੱਥੇ ਜਾਣਾ ਹੈ? ਸ਼ਾਦਮਾਨ, ਕ੍ਰਿਸ਼ਨ ਨਗਰ, ਧਰਮਪੁਰਾ, ਸ਼ਾਮ ਨਗਰ, ਚੁਬੁਰਜੀ, ਮਾਡਲ ਟਾਊਨ.....

ਕਿਤੇ ਨਹੀਂ। ਉਹ ਚੀਕੀ।

ਤਾਂ ਫਿਰ ਕਿੱਥੇ? ਉਹ ਲੋਕ ਜਾਨ ਲੈਣ ਆ ਗਏ। ਸਵਾਰੀ ਘੇਰਨ ਦਾ ਮੁਕਾਬਲਾ ਬੜਾ ਸਖ਼ਤ ਸੀ। ਆਖ਼ਰੀ ਬੱਸ ਸੀ ਨਾ। ਉਸਨੇ ਡਰਾਈਵਰਾਂ ਦੀ ਭੀੜ ਉੱਤੇ ਨਜ਼ਰ ਸੁੱਟੀ। ਹਰ ਕਿਸੇ ਦਾ ਚਿਹਰਾ ਇੱਕ ਤਣਾਅ ਵਾਲਾ ਸੀ। ਇੱਕ ਸ਼ਿਕਾਰ ਦੇ ਲਈ ਸਾਰੇ ਹੀ ਤਿਆਰ ਸੀ। ਪਰ ਉਸਨੇ ਪਿੱਛੇ ਤੇ ਇਕ ਤਰਫ਼ ਖਲੋਤੇ ਇਕ ਗਰੀਬੜੇ ਜਿਹੇ ਲੜਕੇ ਦੇ ਰਿਕਸ਼ੇ ਵਿਚ ਆਪਣਾ ਬੈਗ ਰੱਖ ਦਿੱਤਾ ਤੇ ਉਹ ਵੀ ਬਗੈਰ ਪੁੱਛੇ ਚੱਲ ਪਿਆ। ਮੋੜ ਤੇ ਆ ਕੇ ਉਸਨੇ ਪਿੱਛੇ ਵੇਖਿਆ, "ਕਿਧਰ ਜਾਓਗੇ ਬਾਜੀ? ਪਠਾਣ ਬੱਚਾ, ਉਸਨੇ ਸੋਚਿਆ। ਅਫਗਾਨ ਆਜਰੀਨ ਲਾਹੌਰ ਤੀਕ ਫੈਲ ਚੁੱਕੇ - ਬੇਘਰ, ਬੇ-ਠਿਕਾਣਾ, ਪਰ ਫਿਰ ਵੀ ਕੈਸਾ ਹੌਂਸਲਾ ਹੈ। ਇੱਕ ਦਮ ਉਸਦੇ ਅੰਦਰ ਇੱਕ ਹੌਂਸਲਾ ਜਿਹਾ ਆਇਆ। ਖ਼ੁਦ ਤਰਸੀ ਦੀ ਕਮਜ਼ੋਰੀ ਤੋਂ ਨਿਕਲ ਕੇ ਪੁੱਛਿਆ, "ਤੂੰ ਕਿੱਥੇ ਰਹਿੰਦਾ ਹੈਂ?"

"ਅਸੀਂ, ਏਧਰ ਸ਼ਾਹਦਰਾ ਵਿਚ ਰਹਿੰਦੇ ਹਨ।

"ਘਰ ਵਿਚ, ਜਾਂ ਝੁੱਗੀ ਬਣਾਈ ਹੈ?

"ਘਰ ਹੈ, ਬਾਜੀ ਕਿਰਾਏ ਤੇ ਲਿਆ"

"ਕੌਣ -ਕੌਣ ਰਹਿੰਦਾ ਹੈ ਓਥੇ?

ਮਾਂ ਹੈ, ਛੋਟਾ ਭਰਾ ਹੈ, ਇੱਕ ਭੈਣ"

ਤੇ ਬਾਪ?

"ਜਹਾਦ (ਧਰਮ ਯੁੱਧ) ਤੇ ਗਿਆ ਸੀ, ਵਾਪਸ ਨਹੀਂ ਆਇਆ।

"ਮਤਲਬ"

"ਕੋਈ ਖ਼ਬਰ ਨਹੀਂ ਹੈ। ਮੈਂ ਜਾਵਾਂਗਾ ਪਤਾ ਕਰਨ।"

"ਤੂੰ ਓਥੇ ਜਾਵੇਂਗਾ?"

"ਹਾਂ, ਉਧਰ ਮਜ਼ਾਰ ਸ਼ਰੀਫ਼ ਵਿਚ ਆਪਣੇ ਲੋਕ ਹੈ ਨਾ।"

ਆਪਣੇ ਲੋਕ ਤਾਂ ਹਰ ਥਾਂ ਹੁੰਦੇ ਨੇ। ਉਸਨੇ ਆਖਣਾ ਚਾਹਿਆ। ਹੁਣ ਵੇਖੋ, ਤੂੰ ਮੇਰਾ, ਕਿਸ ਕਦਰ ਆਪਣਾ ਹੈਂ। ਫਿਰ ਉਸਦਾ ਜੀਅ ਕੀਤਾ, ਉਥੇ ਹੀ ਚਲੀ ਜਾਵੇ। ਰਾਤ ਉਸਦੀ ਮਾਂ ਦੇ ਕੋਲ ਗੁਜ਼ਾਰ ਦੇਵੇ। ਪਰ ਫਿਰ ਸੋਚਿਆ ਸਰਦੀ ਹੈ। ਸੰਭਵ ਹੈ, ਉਹਨਾਂ ਦੇ ਘਰ ਵੀ ਇੱਕ ਹੀ ਰਜਾਈ ਹੋਵੇ। ਜਿਵੇਂ ਪਿਛਲੀਆਂ ਸਰਦੀਆਂ ਵਿਚ, ਜਦੋਂ ਉਹ ਧਰਮਪੁਰਾ ਦੇ ਇੱਕ ਘਰ ਵਿਚ ਜਾ ਕੇ ਰਹੀ ਸੀ। ਡੇਢ ਮਰਲੇ ਦਾ ਮਕਾਨ ਸੀ ਉਹ। ਇੱਕ ਕੋਠੜੀ ਤੇ

ਹੋਰ ਥਾਵਾਂ। ਪਰ ਇਕ ਕਮਰਾ ਉੱਪਰ ਵੀ ਸੀ। ਉਹੀ ਤਾਂ ਉਸਨੂੰ ਮਿਲਿਆ ਸੀ। ਮੰਜੀ ਬਿਸਤਰਾ ਸਭ ਕੁਝ। ਕਿੰਨੇ ਦਿਨ ਉਹ ਉਥੇ ਰਹੀ। ਪਰ ਪਤਾ ਨਹੀਂ ਲੱਗਾ ਕਿ ਅੰਦਰਲੇ ਹਾਲਾਤ ਕੀ ਹਨ। ਫਿਰ ਇੱਕ ਦਿਨ ਪਤਾ ਲੱਗ ਹੀ ਗਿਆ। ਉਥੇ ਹੇਠਲੀ ਕੋਠੜੀ ਵਿਚ ਸੱਤ ਬੱਚਿਆਂ ਦੇ ਕੋਲ ਇੱਕ ਹੀ ਰਜਾਈ ਸੀ ਤੇ ਮਾਂ ਰਾਤ ਨੂੰ ਸੌਣ ਦੀ ਥਾਂ ਬੱਚਿਆਂ ਨੂੰ ਢੱਕਣ ਦੀ ਡਿਊਟੀ ਉੱਤੇ ਲੱਗੀ ਰਹਿੰਦੀ। ਇੱਕ ਨੂੰ ਢੱਕਦੀ ਤਾਂ ਦੂਸਰਾ ਨੰਗਾ ਹੋ ਜਾਂਦਾ। ਦੂਸਰੇ ਨੂੰ ਵੇਖਦੀ ਤਾਂ ਤੀਸਰਾ ਰਜਾਈ ਤੋਂ ਬਾਹਰ ਹੋ ਜਾਂਦਾ। ਬੱਚੇ ਹੈ ਨਾ, ਸੌਣ ਵੇਲੇ ਵੀ ਹੱਥ ਪੈਰ ਮਾਰਦੇ ਰਹਿੰਦੇ ਹਨ। ਇਹ ਗੱਲ ਉਹ ਔਰਤ ਹੱਸ-ਹੱਸ ਕੇ ਦੱਸ ਰਹੀ ਸੀ। ਕਿੰਨੇ ਵੱਡੇ ਦਿਲ ਹੁੰਦੇ ਹਨ ਇਹਨਾਂ ਛੋਟੇ ਘਰਾਂ ਵਾਲਿਆਂ ਦੇ ਵੀ। ਉਸਨੇ ਸੋਚਿਆ, ਪਰ ਖ਼ੁਦ ਨੂੰ ਮੁਜਰਮ ਜਿਹਾ ਮਹਿਸੂਸ ਕੀਤਾ। ਉਹਨਾਂ ਦੀ ਦੂਸਰੀ ਰਜਾਈ ਜੂ ਉਸ ਕੋਲ ਸੀ।

ਰਿਕਸ਼ਾ ਉਸ ਇਲਾਕੇ ਵਿਚ ਦਾਖਲ ਹੋ ਗਿਆ ਸੀ। ਜਿੱਥੇ ਉਸਦਾ ਛੱਡਿਆ ਹੋਇਆ ਘਰ ਸੀ, ਜਿਸਦੇ ਬਾਹਰ ਪੁਲਿਸ ਦੇ ਨਾਕੇ ਤੇ ਫੌਜ ਦੀਆਂ ਜੀਪਾਂ ਸਨ। ਪਰ ਅੰਦਰ ਉਸ ਦੀਆਂ ਕਿਤਾਬਾਂ, ਉਸਦੀ ਪਿਆਰੀ ਪੀਟੀ, ਉਸਦੇ ਦਰੱਖਤ ਤੇ ਬੂਟੇ ਤੇ ਉਹ ਪਰਿਵਾਰ ਜਿਹਨਾਂ ਨੂੰ ਲੋਕ ਨੌਕਰ ਆਖਦੇ ਹਨ। ਪੂਰੀ ਵਫ਼ਾਦਾਰੀ ਤੇ ਰਾਜਦਾਰੀ ਦੇ ਨਾਲ ਉਹ ਲੋਕ ਉਸਦਾ ਸਾਥ ਦੇ ਰਹੇ ਸਨ। "ਚਲੋ ਉਥੇ ਹੀ ਚੱਲਦੇ ਹਾਂ। ਉਸਦੇ ਦਿਲ ਨੇ ਫੈਸਲਾ ਕੀਤਾ ਤੇ ਰਿਕਸ਼ੇ ਵਾਲੇ ਨੂੰ ਹਦਾਇਤ ਕੀਤੀ "ਏਧਰ ਫੁਹਾਰੇ ਦੇ ਸੱਜੇ ਗੇਟ ਦੇ ਅੰਦਰ ਲੈ ਚੱਲ। ਬੱਸ, ਉਥੇ ਰੋਕ ਦੇ। ਉਸਨੇ ਬਿਜਲੀ ਦੇ ਖੰਭੇ ਵੱਲ ਇਸ਼ਾਰਾ ਕੀਤਾ ਤੇ ਟਿਊਬ ਦੇ ਚਾਨਣ ਵਿਚ ਪਰਸ ਖੋਲ੍ਹ ਕੇ ਕਿਰਾਏ ਦੇ ਪੈਸ਼ੇ ਪੂਰੇ ਕੀਤੇ। "ਆਪ ਏਧਰ ਹੀ ਰਹਿੰਦੇ ਹੋ।" ਰਿਕਸ਼ੇ ਵਾਲੇ ਨੇ ਸਵਾਲ ਕੀਤਾ। "ਨੰਬਰ ਕੀ ਹੈ? ਮੈਂ ਕਦੇ ਆਵਾਂਗਾ।" ਉਸਨੇ ਪਰਸ ਨੂੰ ਇਕ ਵਾਰ ਫਿਰ ਖੋਲ੍ਹਿਆ, ਕਾਰਡ ਮਿਲ ਹੀ ਗਿਆ। "ਇਹ ਲੈ ਇਸ ਉੱਤੇ ਪੂਰਾ ਪਤਾ ਤੇ ਟੈਲੀਫੋਨ ਨੰਬਰ ਲਿਖਿਆ ਹੈ। ਅੱਛਾ ਖ਼ੁਦਾ ਹਾਫਿਜ਼। ਰੱਬ ਰਾਖਾ। ਰਿਕਸ਼ਾ ਸਟਾਰਟ ਹੋਈ, ਉਹ ਭੱਜ ਕੇ ਕਰੀਬ ਗਈ। ਆਪਣਾ ਨਾਂ ਤਾਂ ਦੱਸ।

ਫਰਾਜ਼ ਖਾਨ ਵਲਦ ਨਵਾਜ਼ ਖਾਨ। ਚਲੋ ਇੱਕ ਰਿਸ਼ਤੇਦਾਰ ਹੋਰ ਬਣਿਆ। ਉਸਨੇ ਸੋਚਿਆ। ਇਸ ਵਿਚ ਬਹੁਤ ਹੀ ਮੁਸ਼ਕਿਲ ਤੇ ਬੁਰੇ ਦੌਰ ਵਿਚ ਕਿੰਨੇ ਹੀ ਰਿਸ਼ਤੇ ਟੁੱਟ ਗਏ ਸੀ। ਪਰ ਕਿੰਨੇ ਜ਼ਿਆਦਾ ਨਵੇਂ ਬਣ ਗਏ ਸਨ। ਇਹੀ ਤਾਂ ਚੰਗਿਆਈ ਹੈ, ਇਸ ਬੁਰੇ ਦੌਰ ਦੀ। ਕਈ ਗਲਤੀਆਂ ਨਿਕਲ ਜਾਂਦੀਆਂ ਹਨ। ਕਈ ਰਿਸ਼ਤੇ ਜ਼ਿੰਦਗੀ ਭਰ ਸਾਂਭ-ਸਾਂਭ ਰੱਖੇ, ਬੁਰਾ ਵਕਤ ਆਉਂਦੇ ਹੀ ਗ਼ਲਤ ਸਾਬਤ ਹੋ ਗਏ। ਉਸਦੇ ਜ਼ਿਹਨ ਵਿਚ ਕਈ ਨਾਮ ਆਏ, ਜੋ ਹੁਣੇ-ਹੁਣੇ ਹੀ ਉਸਦੇ ਦਫਤਰ ਵਿਚੋਂ ਖਾਰਜ ਹੋਏ ਸੀ ਤੇ ਇਹ ਰਿਕਸ਼ੇਵਾਲੇ, ਉਹਨਾਂ ਨਾਲ ਤਾਂ ਦੋਵੇਂ ਸਿਲਸਿਲੇ ਚੱਲਦੇ ਸਨ। ਲੜਾਈ ਝਗੜੇ ਦਾ ਤੇ ਇਤਬਾਰ ਦਾ। ਲੜਾਈ ਤਾਂ ਦੋ ਚਾਰ ਰੁਪਏ ਦੀ ਕਮੀ-ਪੇਸ਼ੀ ਉੱਤੇ ਹੋਈ। ਦੋਵੇਂ ਪਾਰਟੀਆਂ ਗਰੀਬ ਹੋਣ ਤਾਂ ਦੋ ਚਾਰ ਰੁਪਏ ਦੀ ਗੱਲ ਸਾਰੀ ਖੁਸ਼ ਅਖਲਾਕੀ ਨੂੰ ਤਬਾਹ ਕਰ ਕੇ ਰੱਖ ਦਿੰਦੀ ਹੈ। ਪਰ



ਗਰੀਬੀ ਵਿਚ ਕਦੇ-ਕਦੇ ਪਛਾਣ ਦੀ ਲਿਆਕਤ ਬਚ ਹੀ ਜਾਂਦੀ ਹੈ। ਪਰ ਇਹ ਬੇਇਤਬਾਰੀ ਦਾ ਵਕਤ.....

ਕਿੰਨੇ ਵਰ੍ਹੇ ਪਹਿਲਾਂ ਜੰਗ ਦੀ ਰਾਤ ਸੀ। ਕੋਇਟਾ ਸ਼ਹਿਰ ਵਿਚ ਪਠਾਣ ਪੰਜਾਬੀ ਤਣਾਅ ਵੀ ਵਧਿਆ ਹੋਇਆ ਸੀ। ਮੈਂ ਰਾਤ ਦੇ ਦਸ ਵਜੇ ਹੋਸਟਲ ਵਾਪਿਸ ਜਾਣਾ ਸੀ। ਰਿਕਸ਼ਾ ਲਿਆਉਣ ਲਈ ਜਿਸਨੂੰ ਭੇਜਿਆ ਗਿਆ ਸੀ, ਉਸਨੇ ਬਹੁਤ ਦੇਰ ਲਾ ਦਿੱਤੀ। ਪਹਿਲਾਂ ਚਾਰ ਕਦਮਾਂ ਉੱਤੇ ਰਿਕਸ਼ੇ ਕਤਾਰਾਂ ਵਿਚ ਖੜ੍ਹੇ ਹੁੰਦੇ ਸੀ। ਪਰ ਉਹ ਤੇ ਕੋਈ ਖ਼ਾਸ ਰਿਕਸ਼ਾ ਲੱਭ ਰਿਹਾ ਸੀ। ਅਖ਼ੀਰ ਨੂੰ ਮਿਲ ਹੀ ਗਿਆ ਉਹ ਰਿਕਸ਼ਾ ਜਿਸਨੂੰ ਚਲਾਉਣ ਵਾਲਾ ਸਿੰਧੀ ਹਿੰਦੂ ਸੀ ਨਿਡਰ, ਬੇਖ਼ਬਰ ਤੇ ਬੇ-ਤੁਅੱਸਬ - ਉਸ ਵਕਤ ਉਸਨੇ ਇਕ ਹੋਰ ਬੁਰੇ ਵਕਤ ਨੂੰ ਯਾਦ ਕੀਤਾ ਸੀ। ਜਦ ਹਿੰਦੂ-ਮੁਸਲਮਾਨ ਫਸਾਦ ਹੋਏ ਸੀ। ਤਦ ਉਹ ਦੋਵੇਂ ਇੱਕ ਦੂਸਰੇ ਤੋਂ ਡਰਦੇ ਸੀ। ਫਿਰ ਪੰਜਾਬੀ ਤੇ ਪਠਾਣ ਇਕ ਦੂਸਰੇ ਤੋਂ ਡਰਨ ਲੱਗੇ ਤੇ ਹੁਣ ਫੌਜ ਤੇ ਅਵਾਮ ਦੀ ਜੰਗ ਹੈ। ਪਰ ਚੰਗਾ ਰਿਕਸ਼ੇ ਵਾਲਾ ਹਰ ਦੌਰ ਵਿਚ ਜ਼ਰੂਰੀ ਹੁੰਦਾ ਹੈ।

ਤੇ ਹੁਣ ਉਸਨੂੰ ਡਰਨ ਦੀ ਲੋੜ ਵੀ ਕੀ ਸੀ। ਸਭ ਤੋਂ ਬੁਰੀ ਏਜੰਸੀ ਦੀ ਨਿਗਰਾਨੀ ਵਿਚ ਸੀ। ਉਹ ਸਿੱਧੀ ਆਪਣੇ ਘਰ ਦੇ ਦਰਵਾਜ਼ੇ ਉੱਤੇ ਜਾ ਖੜ੍ਹੀ ਹੋਈ। ਘੰਟੀ ਤੇ ਹੱਥ ਰੱਖਿਆ। ਉਹ ਦੋਵੇਂ ਸੁਆਗਤ ਲਈ ਆਈਆਂ। ਪੀਟੀ ਤਾਂ ਚੀਕਾਂ ਮਾਰ-ਮਾਰ ਕੇ ਰੋਈ, ਕਦਮਾਂ ਵਿਚ ਲੇਟੀ ਤੇ ਅਨਾਇਤੀ ਗਲੇ ਲੱਗ ਕੇ ਅੱਥਰੂ ਵਹਾਉਂਦੀ ਰਹੀ। ਇੱਕ ਜਨਵਰੀ - ਇੱਕ ਔਰਤ, ਉਹ ਆਪ ਵੀ ਰੋ ਪਈ ਤੇ ਖੁੱਲ੍ਹ ਕੇ ਰੋਈ। ਕਿਤਨੀ ਜਲਨ, ਕਿਤਨੀ ਘੁਟਣ ਨਿਕਲ ਗਈ ਉਸਦੇ ਅੱਥਰੂਆਂ ਦੇ ਨਾਲ। ਕਿਸ ਕਦਰ ਸ਼ਾਂਤੀ ਨਾਲ ਉਸਨੇ ਗਰਮ ਚਾਹ ਦੀ ਪਿਆਲੀ ਪੀਤੀ ਜੋ ਅਨਾਇਤੀ ਬਣਾ ਕੇ ਲੈ ਆਈ। ਉਸਦੀ ਆਪਣੀ ਰਸੋਈ ਤੋਂ। ਜੋ ਇੱਕ ਸਾਲ ਪਹਿਲਾਂ ਆਖ਼ਰੀ ਵਾਰ ਉਸਦੀ ਵਰਤੋਂ ਵਿਚ ਆਈ ਸੀ। ਇੱਕ ਸਾਲ ਉਸਨੂੰ ਐਸੀ ਨੀਂਦ ਆਈ ਕਿ ਉਸ ਵਿਚ ਡਰਾਉਣਾ ਸੁਪਨਾ। ਕੋਈ ਖ਼ੌਫ਼ਨਾਕ ਚਿਹਰਾ, ਕੋਈ ਦਹਿਸ਼ਤ ਦਾ ਮਾਹੌਲ ਨਹੀਂ ਸੀ। ਉਹ ਦੁਨੀਆਂ ਹੀ ਨਹੀਂ ਸੀ, ਜੋ ਸੀ ਬੱਸ ਐਸੀ ਕਿ ਇੱਕ ਵਗਦੀ ਨਦੀ ਜੇਹਾ। ਇੱਕ ਸਾਂ-ਸਾਂ ਕਰਦਾ ਜੰਗਲ ਜਿਹਾ, ਗਾਉਂਦੇ ਪੰਛੀ। ਕੋਈ ਇਨਸਾਨ ਨਾਂ ਦਾ ਜੀਵ ਉਥੇ ਨਾ ਸੀ। ਸਗੋਂ ਉਹ ਖ਼ੁਦ ਵੀ ਨਹੀਂ ਸੀ। ਉਸ ਦੇ ਅੰਦਰ ਦੀ ਦੁਨੀਆਂ ਵਿਚ ਵੀ ਬਹੁਤ ਜ਼ਿਆਦਾ ਬੇ-ਯਕੀਨੀ ਵਿਸਵਿਸੇ, ਪ੍ਰੇਸ਼ਾਨੀ ਪੈਦਾ ਹੋ ਚੁੱਕੀ ਸੀ। ਆਸ ਦੇ ਬੂਟੇ ਬੁਰੀ ਤਰ੍ਹਾਂ ਕੁਚਲੇ ਗਏ ਸਨ।

ਪਰ ਉਹ ਨੀਂਦ ਵੀ ਟੁੱਟ ਗਈ। ਅਜੇ ਦਿਨ ਨਿਕਲਿਆ ਵੀ ਨਹੀਂ ਸੀ ਕਿ ਦਰਵਾਜ਼ੇ ਉੱਤੇ ਖ਼ੌਫ਼ਨਾਕ ਘੰਟੀ ਵੱਜੀ ਤੇ ਵੱਜਦੀ ਚਲੀ ਗਈ। ਆਦਮ-ਬੋ ਆਦਮ-ਬੋ। ਉਸਨੇ ਉਸੇ ਕਾਲੇ ਦਿਨ ਦੀ ਆਵਾਜ਼ ਸੁਣੀ ਤੇ ਉੱਠ ਕੇ ਦਰਵਾਜ਼ਾ ਖੋਲ੍ਹ ਦਿੱਤਾ। ਵਹਿਸ਼ੀ ਮੇਜਰ ਸਾਹਮਣੇ ਖੜ੍ਹਾ ਸੀ - ਤੂੰ ਮਿਸ ਫਲਾਣੀ...। ਹਾਂ - ਪਰ ਹੁਣ ਤੂੰ ਮੈਨੂੰ ਗ੍ਰਿਫ਼ਤਾਰ ਨਹੀਂ ਕਰ ਸਕਦੇ। ਹੁਣ ਤੁਹਾਡਾ ਹੈੱਡ ਕੁਆਟਰ, ਸਗੋਂ ਜਨਰਲ ਹੈੱਡ-ਕੁਆਟਰ ਸਿੱਧਾ ਮੇਰੇ ਨਾਲ

ਡੀਲ ਕਰ ਰਿਹਾ ਹੈ। ਉਸਨੇ ਇੰਝ ਆਖਿਆ ਜਿਵੇਂ ਉਸਦੀ ਬੜੀ ਉੱਚੀ ਤਰੱਕੀ ਹੋ ਗਈ
ਹੋਵੇ। ਤੇ ਉਹ ਮੇਜਰ ਜਿਸਨੇ ਉਸ ਕੇਸ ਦੀ ਅਤੇ ਸਾਰੀਆਂ ਗ੍ਰਿਫਤਾਰੀਆਂ ਕੀਤੀਆਂ ਸ
ਤੇ ਸ਼ਹਿਰ ਵਿਚ ਇਕ ਤਰਥੱਲੀ ਮਚਾਈ, ਹੁਣ ਉਹ ਉਸਨੂੰ ਨੌਕਰ ਜਿਹਾ ਲੱਗਿਆ
ਸਪੱਸ਼ਟ ਹੈ ਕਿ ਉਹ ਬਰਗੇਡੀਅਰ ਜਨਰਲ ਨਾਲ ਡੀਲ ਕਰਕੇ ਆਈ ਸੀ।

ਮੇਜਰ ਨੇ ਅੰਦਰ ਆਉਣ ਦੀ ਆਗਿਆ ਮੰਗੀ ਤੇ ਉਹ ਹੁਕਮ ਉਸਨੂੰ ਵਿਖਾਲੇ
ਜਿਨ੍ਹਾਂ ਦੇ ਅਨੁਸਾਰ ਉਸਨੂੰ ਘਰ ਦੇ ਅੰਦਰ ਨਿਗਰਾਨੀ ਵਿਚ ਰੱਖਣ ਨੂੰ ਕਿਹਾ ਗਿਆ ਸ
ਤੇ ਫਿਰ ਉਹ ਪੂਰੀ ਢੀਠਤਾਈ ਨਾਲ ਸੋਫੇ ਤੇ ਚੜ੍ਹਕੇ ਬੈਠ ਗਿਆ। ਹੱਛਾ ਤਾਂ ਦੱਸੋ, ਆ
ਉਥੇ ਕਿਵੇਂ ਪਹੁੰਚੇ। ਕੈਸਾ ਓਪਰਾ ਮਾਮਲਾ। ਆਪ ਨੂੰ ਪਤਾ ਹੋਣਾ ਚਾਹੀਦਾ, ਉਸਨੇ ਰੁੱਖ
ਜਿਹਾ ਜਵਾਬ ਦਿੱਤਾ। ਉਹ ਬੇਸ਼ਰਮੀ ਜਿਹੀ ਹਾਸੀ ਹੱਸਿਆ ਤੇ ਆਖਣ ਲੱਗਾ, "ਦਰਅਸ
ਮੈਂ ਆਪ ਜੀ ਦੀ ਮਦਦ ਕਰਨਾ ਚਾਹੁੰਦਾ ਸੀ- ਬਹੁਤ ਪ੍ਰੇਸ਼ਾਨੀ ਉਠਾਉਣੀ ਹੈ ਅੱਗੇ ਤੋਂ

ਅਗਾਂਹ ਦੀ ਗੱਲ ਨਾ ਕਰੋ। ਅੱਗੇ ਤੋਂ ..........? ਭਵਿੱਖ ਦਾ ਕੱਲ ਦਾ ਹੈ ਤਾਂ ਉ
ਆਪਦੇ ਹੱਥ ਵਿਚ ਨਹੀਂ ਹੋਵੇਗਾ। ਉਸਨੇ ਗੱਲ ਕੱਟਕੇ ਜਵਾਬ ਦਿੱਤਾ। ਤੇ ਖ਼ੁਦ ਆਪ
ਆਪ ਉੱਤੇ ਹੈਰਾਨ ਰਹਿ ਗਈ। ਇਹ ਜੁਰਅਤ, ਇਹ ਕੱਲ ਦੀ ਗੱਲ। ਉਸਨੂੰ ਇੰਝ ਲੱਗ
ਜਿਵੇਂ ਆਸ ਦੀ ਜੜ੍ਹ ਹਰੀ ਹੈ। ਇਸ ਬੁਰੇ ਵਕਤ ਦਾ ਚੰਗਾ ਕੱਲ੍ਹ ਵੀ ਜ਼ਰੂਰ ਹੋਵੇਗਾ
ਮੇਜਰ ਅਤੇ ਉਸਦੀ ਫੋਰਸ ਦੇ ਚਲੇ ਜਾਣ ਬਾਅਦ ਉਸ ਚੁੱਲਾ ਬਾਲਿਆ ਅਤੇ ਖ਼ੁਦ ਚਾ
ਬਣਾਈ ਤੇ ਪਿਆਲੀ ਚੁੱਕ ਕੇ ਘੁੱਟ ਭਰਦੇ ਹੋਏ ਵੇਖਿਆ ਕਿ ਚਾਹ ਡੁਲਦੀ ਨਹੀਂ। ਉਸ
ਹੱਥ ਵਿਚ ਕੰਬਣੀ ਨਹੀਂ ਸੀ। ਅੱਜ ਉਹ ਕਾਲਜ ਜਾਵੇਗੀ। ਉਸਨੇ ਫੈਸਲਾ ਤਾਂ ਕ
ਲਿਆ ਸੀ, ਪਰ ਉਥੇ ਕੀ ਹੋਵੇਗਾ। ਉਸਦੀ ਨੌਕਰੀ ਐਨੀ ਲੰਮੀ ਗ਼ੈਰ-ਹਾਜ਼ਰੀ, ਬਹੁ
ਸਾਰੀ ਝਿਜਕ ਦੇ ਨਾਲ ਉਹ ਘਰ ਤੋਂ ਨਿਕਲੀ ਤਾਂ ਇੱਕ ਜੀਪ ਉਸ ਦੇ ਪਿੱਛੇ ਚੱਲ ਪਈ
ਫਿਰ ਇੱਕ ਚਿੱਟੀ ਗੱਡੀ ਵੀ ਉਸ ਦੇ ਨਾਲ ਆ ਗਈ। ਫੌਜੀ ਜੀਪ ਫੌਜੀ ਏਜੰਸੀ ਦੀ
ਚਿੱਟੀ ਗੱਡੀ ਐਫ. ਆਈ. ਏ. ਦੀ। ਇੱਕ ਪੈਦਲ ਚੱਲਦੀ ਔਰਤ ਦੀ ਨਿਗਰਾਨੀ ਕ
ਰਹੀਆਂ ਸਨ। ਅੱਧੇ ਫਰਲਾਂਗ ਦੇ ਫ਼ਾਸਲੇ ਉੱਤੇ ਇੱਕ ਬੱਸ ਅੱਡਾ ਸੀ। ਉਸਨੇ ਉਥੋਂ ਹੀ ਬੱ
ਫੜਨੀ ਸੀ। ਉਸਨੂੰ ਹਾਸਾ ਵੀ ਆਇਆ, ਗੁੱਸਾ ਵੀ। ਕੰਮਬਖਤੋ ਇੱਕ ਪੈਦਲ ਚੱਲ
ਔਰਤ ਦੇ ਨਾਲ ਪਹੀਆਂ ਨਾਲ ਚੱਲ ਰਹੇ ਹੋ। ਉਸਨੂੰ ਅੰਦਰ ਕਿਉਂ ਨਹੀਂ ਬਿਠਾ ਲੈਂ
ਆਖ਼ਰ ਕਾਲਜ ਹੀ ਤਾਂ ਜਾ ਰਹੀ ਹਾਂ। ਛੱਡ ਆਓ। ਪਰ ਇਹ ਸ਼ਾਇਦ ਉਸਦੇ ਅਖ਼ਤਿਆ
ਦੀ ਗੱਲ ਨਹੀਂ ਸੀ। ਉਹਨਾਂ ਨੂੰ ਤਾਂ ਹੁਕਮ ਸੀ, "ਨਿਗਰਾਨੀ ਰੱਖੋ।" ਸਾਰੀਆਂ ਹਰਕ
ਤੇ ਠਹਿਰਾਓ ਤੇ ਨਿਗਾਹ ਰੱਖਣਾ- ਕਿੱਥੇ ਜਾਂਦੀ ਹੈ, ਕਿਸਨੂੰ ਮਿਲਦੀ ਹੈ। ਕੌਣ ਆਉਂ
ਹੈ। ਇਹ ਵਿਚਾਰੇ ਮੱਖੀ ਤੇ ਮੱਖੀ ਮਾਰੀ ਜਾਂਦੇ ਹਨ। ਕਿਸ ਕਦਰ ਮਸਖਰੇ ਲੱਗਦੇ ਹ
ਇਹ ਸਟੇਟ ਫੋਰਸ ਦੇ ਅਹਿਲਕਾਰ।

ਕਾਲਜ ਵਿਚ ਦਾਖ਼ਲ ਹੋਈ ਤਾਂ ਹੋਰ ਨਜ਼ਾਰੇ ਸਨ। ਲੋਕਾਂ ਦੇ ਉਹ ਰਵੱਈਏ ਜਿ



ਤੋਂ ਉਹ ਵਾਕਿਫ ਤਾਂ ਸੀ ਪਰ ਆਪਣੇ ਵਾਸਤੇ ਨਹੀਂ। ਗੇਟ ਤੇ ਚੌਂਕੀਦਾਰ ਨੇ ਉਸਨੂੰ ਪਛਾਣ ਕੇ ਸਲਾਮ ਕੀਤਾ ਤੇ ਇੱਕ ਖੁਸ਼ਗਵਾਰ ਹੈਰਾਨੀ ਦਾ ਪ੍ਰਗਟਾਅ ਕੀਤਾ। ਅੱਗੇ ਵਧੀ ਤਾਂ ਇੱਕ ਚੰਗੇ ਸਬੰਧ ਵਾਲੀ ਕੁਲੀਗ ਨੇ ਅੱਖਾਂ ਚੁਰਾ ਲਈਆਂ। ਮੂੰਹ ਫੇਰ ਲਿਆ। ਪਰ ਅੰਦਰ ਕਲੈਰੀਕਲ ਸਟਾਫ ਜੋ ਪੀਪਲਜ਼ ਮੂਵਮੈਂਟ ਨਾਲ ਜੁੜਿਆ ਹੋਇਆ ਸੀ, ਤੇ ਉਸਨੂੰ ਵੀ ਆਪਣਾ ਹੀ ਸਮਝਦੀ ਸੀ, ਖ਼ੁਸ਼ ਤਾਂ ਹੋਇਆ ਪਰ ਉਸਨੂੰ ਟੈਕਨੀਕਲ ਸਲਾਹਾਂ ਦੇਣ ਲੱਗਾ। ਮਿਸ ਸਾਹਿਬਾ, ਪਹਿਲਾਂ ਪ੍ਰਿੰਸੀਪਲ ਨੂੰ ਮਿਲ ਲਓ, ਆਪਣੀ ਛੁੱਟੀ ਦੀ ਦਰਖਾਸਤ ਬਣਾ ਲਓ, ਤੁਹਾਡੀ ਬਹੁਤ ਛੁੱਟੀ ਹੈ, ਇਸ ਸਮੇਂ ਦੀ ਤਨਖਾਹ ਸਮੇਤ ਛੁੱਟੀ ਮਨਜ਼ੂਰ ਕਰ ਲੈਂਦੇ ਹਾਂ। ਉਸਨੂੰ ਤਸੱਲੀ ਹੋਈ। ਅਜੇ ਦੁਨੀਆਂ ਵਿਚ ਰੌਸ਼ਨੀ ਹੈ ਤੇ ਉਹ ਪ੍ਰਿੰਸੀਪਲ ਸਾਹਿਬਾ ਦੇ ਦਫ਼ਤਰ ਵਿਚ ਜਾ ਖੜ੍ਹੀ ਹੋਈ। ਉਸਦਾ ਖ਼ਿਆਲ ਸੀ ਕਿ ਉਹ ਔਰਤ ਅਫਸਰੀ ਵਿਖਾਵੇਗੀ, ਪਤਾ ਨਹੀਂ ਕੈਸੀ-ਕੈਸੀ ਜਵਾਬ-ਤਲਬੀ ਕਰੇ ... ਪਰ ਉਹ ਦਿਨ ਚੰਗਾ ਸੀ ਜਾਂ ਮਿਸ ਨੂਰ ਮੁਹੰਮਦ ਦਾ ਦਿਲ ਦਿਮਾਗ ਹੀ ਚੰਗੀ ਮਿੱਟੀ ਦਾ ਬਣਿਆ ਹੋਇਆ ਸੀ। ਉਸਨੂੰ ਵੇਖਦੇ ਹੀ ਕੁਰਸੀ ਤੋਂ ਉੱਠ ਕੇ ਖੜ੍ਹੀ ਹੋ ਗਈ। ਚਾਹ ਦਾ ਹੁਕਮ ਦਿੱਤਾ ਤੇ ਬਿਨਾਂ ਕੁਝ ਸੁਣੇ ਹੀ ਦੱਸ ਦਿੱਤਾ ਕਿ ਉਸ ਦੀ ਸਾਰੀ ਗ਼ੈਰਹਾਜ਼ਰੀ ਛੁੱਟੀ ਬਣਾ ਦਿੱਤੀ ਗਈ ਹੈ ਤੇ ਇਹ ਕਿ ਮੁਸ਼ਕਿਲ ਵਕਤ ਤਾਂ ਨਿਕਲ ਜਾਵੇਗਾ। ਇਸ ਸਾਰੇ ਸਮੇਂ ਵਿਚ ਜੋ ਤਕਲੀਫ ਉਠਾਈ ਤੇ ਜਿਸ ਦਿਲ ਤੋੜਨ ਦਾ ਸਾਹਮਣਾ ਕੀਤਾ ਸੀ। ਡਾ. ਨੂਰ ਦੇ ਦੋ ਚਾਰ ਸ਼ਬਦਾਂ ਨੇ ਪੂਰੀ ਮਲ੍ਹਮ ਪੱਟੀ ਕਰ ਦਿੱਤੀ। ਕਿਸ ਕਦਰ ਤਾਕਤ ਹੈ ਹਮਦਰਦੀ ਦੀ ਅਤੇ ਹਮ-ਖਿਆਲੀ ਦੇ ਰਵੱਈਏ ਵਿਚ... ਉਸ ਨੇ ਸੋਚਿਆ ਤੇ .... ਪਰ ਅਜੇ ਤਾਂ ਕਈ ਛੁਰੀਆਂ ਰਹਿੰਦੀਆਂ ਸਨ ਤੇ ਮਿਸਿਜ਼ ਸੰਮਾ ਸੱਟਾ ਦਾ ਛੁਰਾ। ਖ਼ੈਰ ਇਸ ਬੁਰੇ ਦੌਰ ਵਿਚ ਉਸਨੂੰ ਵੀ ਬਹੁਤ ਕੁਝ ਮਿਲਿਆ ਸੀ, ਉਸ ਤਬਕੇ ਦੀ ਔਕਾਤ ਦਾ ਪਤਾ ਸੀ।

ਉਹ ਦਿਨ ਜਦੋਂ ਮਾਰਸ਼ਲ-ਲਾਅ ਦੇ ਖੁਦਾਵਾਂ ਵਿਚੋਂ ਇੱਕ ਨੇ ਕਿਸੇ ਗੱਲ ਤੇ ਗੁੱਸੇ ਹੋ ਕੇ ਮਿਸਿਜ਼ ਸੰਮਾ ਸੱਟਾ ਦੇ ਪਤੀ ਦਾ ਦਰਜਾ ਘਟਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਕਿਸ ਤਰ੍ਹਾਂ ਉਹਨਾਂ ਲੋਕਾਂ ਦੇ ਪੈਰਾਂ ਵਿਚ ਆਣ ਡਿੱਗੀ ਸੀ ਤੇ ਤਦ ਹੀ ਉਹ ਖ਼ੁਦ ਉਸ ਤੋਂ ਮੁਆਫ਼ੀ ਮੰਗਣ ਲਈ ਤਿਆਰ ਹੋ ਗਈ ਸੀ। ਕੀ ਪੈਗ਼ਾਮ ਭੇਜਿਆ ਸੀ। "ਉਹ ਆਵੇ ਤੇ ਆਪਣੀ ਸ਼ਿਕਾਇਤ ਦੱਸੇ, ਅਸੀਂ ਮੁਆਫੀ ਮੰਗ ਲਵਾਂਗੇ।" ਤੇ ਉਸਨੇ ਜਵਾਬ ਵਿਚ ਕਹਿ ਭੇਜਿਆ ਸੀ ਕਿ ਜਿਸਨੇ ਮੁਆਫ਼ੀ ਮੰਗਣੀ ਹੈ, ਉਹ ਖ਼ੁਦ ਆ ਜਾਵੇ ਆਪਣੀ ਝੰਡੀ ਵਾਲੀ ਕਾਲੀ ਲੰਮੀ ਕਾਰ ਲੈ ਕੇ। ਪਰ ਜ਼ਰਾ ਵੇਖ ਲਵੇ, ਇਹ ਗਲੀ ਬੜੀ ਤੰਗ ਹੈ ਤੇ ਇਥੋਂ ਦੇ ਲੋਕ ਐਸੀਆਂ ਕਾਰਾਂ ਦੇ ਦੁਸ਼ਮਣ ਹਨ, ਜਿਹੜੀਆਂ ਉਹਨਾਂ ਦੀ ਗਲੀ ਵਿਚ ਫਸ ਜਾਂਦੀਆਂ ਹਨ।

ਇਸਦਾ ਅਸਰ ਅਜੇ ਬਾਕੀ ਸੀ। ਮਿਸਿਜ਼ ਸੰਮਾ ਸੱਟਾ ਨੇ ਉਸਨੂੰ ਵੇਖਿਆ ਤੇ ਉੱਠ ਕੇ ਬਾਹਰ ਆ ਗਈ ਤੇ ਹੱਥ ਵਧਾਇਆ, ਪਰ ਉਸਨੇ ਆਪਣਾ ਹੱਥ ਪਿੱਛੇ ਕਰ ਦਿੱਤਾ ਤਾਂ

ਅੱਗੇ ਵਧ ਕੇ ਧੜੱਮ ਕਰਕੇ ਜੱਫੀ ਪਾ ਲਈ। ਉਸਦਾ ਜਿਸਮ ਪੱਕੀ ਲੱਕੜੀ ਦੇ ਵਾਂਗੂੰ ਆਕੜ ਗਿਆ ਪਰ ਸਿਰਫ਼ ਬਾਹਰ ਤੋਂ। ਅੰਦਰ ਤੋਂ ਕਿਸੇ ਤਾਕਤ ਨੇ ਜਾਂ ਕਮਜ਼ੋਰੀ ਨੇ ਉਸਨੂੰ ਰੋਕਿਆ। ਮਿਸਿਜ਼ ਸੰਮਾ ਸੱਟਾ ਨੂੰ ਧੱਕਾ ਦੇ ਕੇ ਪਰ੍ਹਾ ਹਟਾਉਣ ਤੋਂ ਰੋਕਿਆ। ਸ਼ਾਇਦ ਉਸਦੀ ਉਹ ਪਾਲਣਾ-ਪੋਸ਼ਣਾ ਕਿ ਆਪਣੇ ਤੋਂ ਵੱਡੀ ਉਮਰ ਦੇ ਲੋਕਾਂ ਦਾ ਲਿਹਾਜ਼ ਕਰਨ ਵਾਲੀ ਆਦਤ ਕੰਮ ਆਈ।

ਪਰ ਉਹ ਛੋਟੀਆਂ ਔਰਤਾਂ, ਉਹ ਵੱਡੀਆਂ ਪ੍ਰੋਫੈਸਰਨੀਆਂ ਕਿਸ ਕਦਰ ਕਮੀਨੀਆਂ ਅਤੇ ਬੁਜ਼ਦਿਲ ਸਨ। ਕੀ-ਕੀ ਬੋਲ ਰਹੀਆਂ ਸਨ। ਉਹ ਕਿਵੇਂ ਆ ਗਈ? ਕਿਉਂ ਛੱਡ ਦਿੱਤਾ? ਵਤਨ ਦੁਸ਼ਮਣ, ਗੱਦਾਰ! ਪਰ ਜਦੋਂ ਹੀ ਉਸਨੇ ਕੈਰੀ ਅੱਖ ਨਾਲ ਉਹਨਾਂ ਵੱਲ ਵੇਖਿਆ। ਉਹ ਚੁੱਪ ਹੋ ਗਈਆਂ। ਇੱਕ ਦੋ ਤਾਂ ਖਿਸਆਨੀ ਹਾਸੀ ਦੇ ਦੰਦ ਵੀ ਕੱਢਣ ਲੱਗੀਆਂ। ਪਰ ਅਸਲ ਕੰਮ ਤਾਂ ਉਹਨਾਂ ਨੇ ਦੱਸਿਆ, ਜੋ ਵਿਚਕਾਰਲੀ ਨਸਲ ਦੀਆਂ ਸਨ। ਮੁਖ਼ਾਲਿਫ ਨਾ ਹਾਮੀ, ਸਿਰਫ਼ ਤੇ ਸਿਰਫ਼ ਬਾਹਰੋਂ ਦੋਸਤੀ। ਉਹਨਾਂ ਨੂੰ ਵਿਚਕਾਰ ਰੱਖਕੇ ਉਸਨੇ ਅਸਲੀ ਜ਼ਹਿਰ ਦੇ ਤੀਰ ਚਲਾਏ। "ਅਸੀਂ ਲੋਕ ਮੁਲਕ ਦੇ ਗੱਦਾਰਾਂ ਦੇ ਵਿਰੁੱਧ ਲੜ ਰਹੇ ਹਾਂ। ਇਸ ਲਈ ਅਸਲ ਵਫ਼ਾਦਾਰ ਹਾਂ ਤੇ ਸਿਰਫ਼ ਅਸੀਂ ਹੀ ਵਫ਼ਾਦਾਰੀ ਦਾ ਸਬੂਤ ਹਾਂ। ਚੁੱਪ ਰਹਿ ਕੇ ਮੁਲਕ ਦੀ ਬਰਬਾਦੀ ਦਾ ਤਮਾਸ਼ਾ ਦੇਖਣ ਵਾਲੇ ਵੀ ਗੱਦਾਰ ਹੀ ਹਨ ਤੇ ਉਹ ਗਦਰ ਮਚਾਉਣ ਵਾਲਿਆਂ ਦੀਆਂ ਏਜੰਸੀਆਂ ਦੇ ਮੈਂਬਰ ਤੇ ਮਾਰਸ਼ਲ-ਲਾ ਦੀ ਕਮਾਈ ਦੇ ਹਿੱਸੇਦਾਰ ਹਨ। ਉਹ ਤਾਂ ਹਨ ਹੀ ਬਦਬੂਦਾਰ ਧੋਖੇਬਾਜ।

ਉਸ ਦੀਆਂ ਇਹ ਗੱਲਾਂ ਮਿਸਿਜ਼ ਸੰਮਾ ਸੱਟਾ ਤੱਕ ਵੀ ਪਹੁੰਚੀਆਂ। ਤਾਂ ਉਸਨੇ ਫਿਰ ਤੋਂ ਆਪਣੇ ਘੋੜੇ ਦੌੜਾ ਦਿੱਤੇ ਤੇ ਅਗਲੇ ਹੀ ਦਿਨ ਐਫ. ਆਈ. ਏ. ਟੀਮ ਕਾਲਜ ਪਹੁੰਚ ਗਈ। ਉਸ ਨੂੰ ਦਫਤਰ ਵਿਚ ਉਸ ਵੇਲੇ ਸੱਦਿਆ ਗਿਆ, ਜਦ ਉਹ ਕਲਾਸ ਲੈ ਰਹੀ ਸੀ। ਉਸਨੇ ਆਉਣ ਤੋਂ ਇਨਕਾਰ ਕਰਦੇ ਹੋਏ, ਘਰ ਦਾ ਪਤਾ ਚਿੱਟ ਉੱਤੇ ਲਿਖ ਭੇਜਿਆ ਕਿ ਜਿਸ ਨੇ ਤਫਤੀਸ਼ ਕਰਨੀ ਹੈ, ਉਥੇ ਆ ਕੇ ਕਰੋ। ਏਧਰ ਪ੍ਰਿੰਸੀਪਲ ਨੂਰ ਮੁਹੰਮਦ ਨੂੰ ਪਤਾ ਚੱਲਿਆ ਤਾਂ ਉਹਨਾਂ ਏਜੰਸੀ ਦੇ ਚੀਫ ਨਾਲ ਗੱਲ ਕੀਤੀ ਕਿ ਕਾਲਜ ਨੂੰ ਬਖਸ਼ ਦਿੱਤਾ ਜਾਵੇ। ਓਧਰ ਉਹ ਪਹਿਲਾਂ ਹੀ ਬੜਾ ਪੈਂਤੜਾ ਲੈ ਚੁੱਕੀ ਸੀ ਕਿ ਲੱਖ ਦਬਾਅ ਦੇ ਬਾਵਜੂਦ ਉਸਨੇ ਇੱਕ ਲਫਜ਼ ਵੀ ਉਸਦੇ ਖਿਲਾਫ਼ ਨਹੀਂ ਲਿਖਿਆ। ਸਗੋਂ ਕੁਝ ਐਸੇ ਸ਼ਬਦ ਵਰਤਦੇ ਹੋਏ ਉਸਦੇ ਕੰਮ ਤੇ ਆਚਰਨ ਨੂੰ ਸਰਾਹਿਆ। ਕੁਝ ਅਜਿਹਾ ਹੀ ਸਟੈਂਡ ਉਸਦਾ ਮਹਿਕਮਾ ਵੀ ਲੈ ਚੁੱਕਿਆ ਸੀ। ਉਸਦੀ ਛੁੱਟੀ ਮਨਜ਼ੂਰ ਹੋ ਗਈ। ਲੰਮੀ ਗੈਰਹਾਜ਼ਰੀ ਦੀ ਮਨਜ਼ੂਰੀ ਮਿਲ ਗਈ। ਤਨਖਾਹ ਕਢਵਾ ਦਿੱਤੀ। ਦਰਅਸਲ ਇਥੇ ਉਸਦਾ ਹੀ ਮਾਮਲਾ ਨਹੀਂ ਸੀ। ਬਹੁਤ ਸਾਰੇ ਹੋਰ ਪ੍ਰਗਤੀਵਾਦੀ ਉਸਤਾਦ ਵੀ ਇਸੇ ਤਰ੍ਹਾਂ ਧਰ ਲਏ ਗਏ ਸੀ, ਉਹਨਾਂ ਲਈ ਵੀ ਮਹਿਕਮੇ ਦਾ ਇਹੋ ਪੈਂਤੜਾ ਸੀ। ਇਹ ਇਸ ਕਾਰਨ ਵੀ ਸੀ ਕਿਉਂਕਿ ਮਹਿਕਮੇ ਨੂੰ ਏਜੰਸੀਆਂ ਦਾ ਸਾਥ ਦੇ ਕੇ ਕੁਝ ਮਿਲਣਾ ਤੇ ਹੈ ਨਹੀਂ ਸੀ, ਦੂਜੀ ਗੱਲ ਇਸ



ਕੁਝ ਵਿਰਧ ਦਾ ਸੀ, ਜੋ ਫੌਜੀ ਹਾਕਮਾਂ ਤੇ ਸਿਵਿਲ ਅਫਸਰਸ਼ਾਹੀ ਦੇ ਵਿਚਕਾਰ ਪੈਦਾ ਹੋ ਚੁੱਕਾ ਸੀ। ਮਾਰਸ਼ਲ-ਲਾਅ ਅਫਸਰਸ਼ਾਹੀ ਨੂੰ ਵਰਤ ਰਿਹਾ ਸੀ। ਪਰ ਅਫਸਰਸ਼ਾਹੀ ਬੜੀ ਸਮਝਦਾਰੀ ਨਾਲ ਆਪਣੀ ਤਾਕਤ ਤੇ ਹੈਸੀਅਤ ਨੂੰ ਅਧਿਕਾਰ ਖੇਤਰ ਵਿਚ ਥਾਂ ਸਿਰ ਰੱਖ ਰਹੀ ਸੀ। ਮਾਰਸ਼ਲ-ਲਾ ਦੇ ਸ਼ਿਕਾਰ ਨੂੰ ਆਪਣਾ ਸ਼ਿਕਾਰ ਨਹੀਂ ਮੰਨਦੀ ਸੀ।

ਕਾਫ਼ੀ ਬਚਤ ਹੋ ਗਈ। ਪਰ ਇਹ ਸਭ ਐਨਾ ਹੀ ਨਹੀਂ ਸੀ। ਅੱਗੇ ਉਸਦੇ ਭਾਗਾਂ ਵਿਚ ਕੀ ਸੀ ਤੇ, ਸ਼ਾਇਦ ਭਰਿਆ ਹੋਇਆ। ਉਸਨੂੰ ਇਹ ਗੱਲ ਇਸ ਤਰ੍ਹਾਂ ਯਾਦ ਆਈ। ਉਹ ਖਦਸ਼ਾ ਜੋ ਉਸਦਾ ਠੀਕ ਹੀ ਸੀ, ਅਜੇ ਅੱਗੇ ਬਹੁਤ ਕੁਝ ਹੋਵੇਗਾ। ਤਦ ਉਸਨੂੰ ਅੰਗਰੇਜ਼ੀ ਦਾ ਹੀ ਮੁਹਾਵਰਾ ਯਾਦ ਆਇਆ, ਜੋ ਉਸਨੇ 25 ਸਾਲ ਪਹਿਲਾਂ ਆਪਣੀ ਟੀਚਰ ਦੇ ਸਾਹਮਣੇ ਬੋਲਿਆ ਸੀ। ਅੰਗਰੇਜ਼ੀ ਦੀ ਕਲਾਸ ਪ੍ਰਿੰਸੀਪਲ ਆਪ ਲੈਂਦੀ ਸੀ। ਮਿਸ ਹਮੀਦ ਅਲੀ ਇੱਕ ਸਖ਼ਤ ਪਰ ਬਹੁਤ ਅੱਛੀ ਟੀਚਰ ਸੀ। ਹੁਕਮ ਸੀ ਕਿ ਹਰ ਰੋਜ਼ ਦਸ ਅੰਗਰੇਜ਼ੀ ਮੁਹਾਵਰੇ ਸੁਣੇ ਜਾਣਗੇ। ਉਸਦੇ ਵਲੋਂ ਇਸ਼ਾਰਾ ਹੋਇਆ ਤਾਂ ਉਸਨੇ ਇਕ ਮੁਹਾਵਰਾ ਬੋਲਿਆ, 'What is in store for us?' ਸਖ਼ਤ ਸੁਭਾਅ ਦੀ ਟੀਚਰ ਨੇ ਆਪਣੀਆਂ ਅੱਧ ਖੁੱਲੀਆਂ ਅੱਖਾਂ ਪੂਰੀਆਂ ਖੋਲ੍ਹ ਲਈਆਂ ਤੇ ਉਸਦੇ ਚਿਹਰੇ ਉੱਤੇ ਗੱਡਦੇ ਹੋਏ ਬੋਲੀ, Only God knows (ਰੱਬ ਜਾਣਦਾ) ਪਰ ਕਦੇ ਇਹ ਰੱਬ ਅਸਮਾਨ ਤੋਂ ਉੱਤਰ ਕੇ ਬੰਦੇ ਦੇ ਅੰਦਰ ਵੀ ਆ ਬੈਠਦਾ ਹੈ। ਬੇਵੱਸ ਕਿਸਮ ਦਾ ਰੱਬ ਜਾਣਦਾ ਹੈ ਪਰ ਕਰ ਕੁਝ ਨਹੀਂ ਸਕਦਾ। ਇਸ ਪੂਰੇ ਸਮੇਂ ਵਿਚ, ਉਸਨੇ ਇੱਕ ਵਾਰ ਵੀ ਦੁਆ ਨਹੀਂ ਮੰਗੀ ਸੀ। ਸਖ਼ਤੀ ਹੱਦ ਤੋਂ ਵੱਧ ਗਈ, ਤਾਂ ਵੀ ਨਹੀਂ। ਸਗੋਂ ਉਸਨੇ ਸਭ ਕੁਝ ਜਾਨਣ ਵਾਲੇ ਰੱਬ ਇਲਿਹਾਲਮੀਨ (ਸਾਰੇ ਜਹਾਨ ਦਾ ਮਾਲਕ) ਕਦੇ ਕੁਝ ਪੁੱਛਿਆ ਵੀ ਨਹੀਂ। ਕਿਉਂਕਿ ਉਸਨੂੰ ਡਰ ਲੱਗਦਾ ਸੀ ਕਿ ਉਹਨਾਂ ਦਿਨਾਂ ਵਿਚ ਉਸ ਲਈ ਕੋਈ ਚੰਗੀ ਖ਼ਬਰ ਹੋ ਵੀ ਨਹੀਂ ਸੀ ਸਕਦੀ।

ਹੁਣ ਉਹ ਇੱਕਲੀ ਉਸ ਉਜੜੇ ਜਿਹੇ ਮਕਾਨ ਵਿਚ ਰਹਿੰਦੀ ਸੀ। ਪਰ ਬੜੀ ਸੁਰੱਖਿਅਤ, ਕਿਉਂਕਿ ਬਾਹਰ "ਪਹਿਰੇਦਾਰ" ਚੌਵੀ ਘੰਟੇ ਰਹਿੰਦੇ। ਉਸਦਾ ਜੀਅ ਕਰਦਾ, ਫਿਰ ਤੋਂ ਉਹ ਫਿਜ਼ਾ ਹੋਵੇ, ਬੱਚੇ ਆ ਜਾਣ। ਨਵੀਦ ਆਪਣੀ ਸਾਈਕਲ ਦੀ ਦੇਖ-ਭਾਲ ਕਰੇ। ਲੜਕੀਆਂ ਆਪਣੇ-ਆਪਣੇ ਡੈਸਕ ਉੱਤੇ ਕਿਤਾਬਾਂ ਸਜਾਉਣ। ਰਸੋਈ ਵਿਚ ਖੜ-ਖੜ ਹੋਵੇ। ਤੋੜੀ ਪੱਕਣ ਅਤੇ ਸੜਨ ਦੀ ਖੁਸ਼ਬੂ-ਬਦਬੂ ਫੈਲੇ। ਘਰ ਪਿਆਰਾ ਘਰ!

ਪਰ ਨਹੀਂ, ਹਾਲੀਂ ਤਾਂ ਅਗਲੇ ਸਟੋਰ (ਲੇਖਾਂ ਵਿਚ) ਬਹੁਤ ਕੁਝ ਭਰਿਆ ਸੀ। ਖਤਰਨਾਕ ਬੰਡਲ ਉਸਨੇ ਆਪਣੇ ਹੱਥਾਂ ਨਾਲ ਖੋਲ੍ਹਣੇ ਸੀ। ਉਸਨੇ ਆਪਣੀਆਂ ਉਂਗਲੀਆਂ ਨੂੰ ਵੇਖਿਆ। ਇਕ ਸਾਲ ਵਿਚ ਕਲਮ ਪਕੜ ਕੇ ਹਾਲੀਂ ਵੀ ਉਹਨਾਂ ਦੇ ਸਵਾਲਾਂ ਦੇ ਜਵਾਬ ਲਿਖਣੇ ਸੀ। ਕਿਉਂ ਨਾ ਆਪਣੀ ਕਹਾਣੀ ਲਿਖਾਂ। ਕਿਉਂ ਨਾ ਉਹਨਾਂ ਦੀ ਕਹਾਣੀ ਲਿਖਾਂ, ਜੋ ਪਤਾ ਨਹੀਂ ਕਿੱਥੇ ਹਨ? ਜਾਂ ਉਹਨਾਂ ਦੀ ਜੋ ਜੇਲ੍ਹ ਵਿਚ ਹਨ। ਜਾਂ

ਫਿਰ ਉਹਨਾਂ ਦੀ ਜੋ ਫਾਂਸੀ ਚੜ੍ਹ ਗਏ, ਤਸ਼ੱਦਦ ਝੱਲ ਗਏ। ਤੇ ਉਹ ਅਣਗਿਣਤ ਸਨ, ਜੈ ਬੇ-ਵਤਨ ਹੋਏ, ਜਲਾ-ਵਤਨ ਕਰ ਦਿੱਤੇ ਗਏ.... ਬਹੁਤ ਕੰਮ ਪਿਆ ਹੈ। ਉਸਨੇ ਉੱਪਰ ਵੇਖਿਆ। ਰੁੱਖਾਂ ਦੀਆਂ ਟਾਹਣੀਆਂ ਨੇ ਜਿਵੇਂ ਜੀ ਆਇਆਂ ਕਿਹਾ ਹੋਵੇ। ਕਿੰਨੇ ਦਿਨਾਂ ਤੋਂ ਉਹ ਉਹਨਾਂ ਦੀ ਛਾਂ ਹੇਠ ਨਹੀਂ ਸੀ ਬੈਠੀ। ਸਾਲ ਦੇ ਚਾਰੇ ਮੌਸਮ ਲੰਘ ਗਏ, ਜ਼ਿੰਦਗੀ ਦਾ ਮੌਸਮ ਨਹੀਂ ਬਦਲਿਆ।

ਤੇ ਫਿਰ ਉਸ ਦਿਨ ਜਦੋਂ ਕਿਸੇ ਨੇ ਉਸਦੇ ਦਰਵਾਜ਼ੇ ਦੀ ਘੰਟੀ ਵਜਾਈ। ਕਿਤਨੇ ਦਿਨਾਂ ਬਾਅਦ ਇਹ ਸਾਧਾਰਨ ਆਵਾਜ਼ ਸੁਣੀ ਸੀ ਉਸਨੇ। ਕੌਣ ਹੋ ਸਕਦਾ ਹੈ? ਕੋਈ ਅਣਜਾਣ ਹੋਵੇਗਾ। ਨਹੀਂ ਤਾਂ ਜਾਣ-ਪਛਾਣ ਵਾਲਿਆਂ ਲਈ ਤਾਂ ਇਹ ਦਰਵਾਜ਼ਾ ਖ਼ਤਰਨਾਕ ਹੋ ਚੁੱਕਾ ਸੀ। ਸਾਲ ਭਰ ਵਿਚ ਨਾ ਜਾਣੇ ਕਿੰਨੇ ਮਿਲਣ ਵਾਲੇ, ਆਏ ਤੇ ਉਹਨਾਂ ਦਾ ਪਿੱਛਾ ਕੀਤਾ ਗਿਆ। ਸੋਚਦੀ ਹੋਈ ਉਹ ਦਰਵਾਜ਼ੇ ਤੇ ਗਈ ਤੇ ਆਉਣ ਵਾਲੇ ਨੂੰ ਵੇਖ ਕੇ ਹੈਰਾਨ ਰਹਿ ਗਈ। ਉਹ ਇਸਲਾਮਾਬਾਦ ਤੋਂ ਆਇਆ ਸੀ। ਫੈਡਰਿਲ ਏਜੰਸੀ ਦਾ ਡੀ. ਐਸ. ਪੀ.। ਉਹੀ ਜੋ ਉਥੇ ਉਸਨੂੰ ਹਜ਼ਾਰਾਂ ਸਵਾਲ ਪੁੱਛਦਾ ਸੀ। ਜਵਾਬ ਆਪਣੇ ਹੱਥਾਂ ਨਾਲ ਲਿਖਦਾ ਸੀ। ਪਰ ਇਸ ਵਾਰ ਉਸਦਾ ਇੱਥੇ ਆਉਣਾ ਹੈਰਾਨ ਕਰਨ ਵਾਲਾ ਸੀ। ਇਸ ਲਈ ਲੱਗਿਆ ਕਿ ਪੂਰਾ ਹੈੱਡ-ਕੁਆਟਰ ਤਾਂ ਇਸੇ ਹੀ ਕੰਮ ਤੇ ਲੱਗਿਆ ਹੋਇਆ ਸੀ। ਦਿਨ ਵਿਚ ਛੇ ਵਾਰ ਤਾਂ ਚਿੱਟੀ ਗੱਡੀ ਆਉਂਦੀ ਸੀ। ਤੇ ਜਿਹੜੀ ਪੱਕੇ ਤੌਰ ਤੇ ਇੱਥੇ ਖੜ੍ਹੀ ਰਹਿੰਦੀ ਸੀ ਉਹ ਵੱਖਰੀ। ਖ਼ੈਰ ਉਸਨੇ ਬੂਹਾ ਖੋਲ੍ਹ ਦਿੱਤਾ। ਸੇਵਾ ਮੁਕਤੀ ਦੀ ਉਮਰ ਨੂੰ ਪਹੁੰਚਿਆ ਹੋਇਆ ਡੀ. ਐਸ. ਪੀ. ਏਨਾ ਰੁੱਖਾ ਤੇ ਬਦਤਮੀਜ਼ ਨਹੀਂ ਸੀ, ਜਿੰਨੇ ਬਾਕੀ ਸਨ। ਤੇ ਹੁਣ ਤਾਂ ਬਹੁਤ ਹੀ ਨਰਮੀ ਨਾਲ ਗੱਲ ਕਰ ਰਿਹਾ ਸੀ। ਪਰ ਗੱਲ ਬੜੀ ਅਜੀਬ ਸੀ।

"ਤੂੰ ਮੇਰੀ ਭੈਣ, ਬੇਟੀ ਵਰਗੀ ਹੈਂ।" ਉਸਨੇ ਬਾਤ ਸ਼ੁਰੂ ਕੀਤੀ। ਤੇ ਫਿਰ ਬਹੁਤ ਅਪਣੱਤ ਵਿਚ ਆ ਕੇ ਪੰਜਾਬੀ ਵਿਚ ਗੱਲ ਕਰਨ ਲੱਗਾ। "ਮੈਂ ਤੁਹਾਡੇ ਖਾਨਦਾਨ ਨੂੰ ਜਾਣਦਾ ਹਾਂ। ਮੈਂ ਵੀ ਪਿੱਛੋਂ ਦੁਆਬੇ ਦਾ ਹਾਂ। ਹੁਸ਼ਿਆਰਪੁਰ ਜਲੰਧਰ..... ਤੁਸੀਂ ਇਸ ਘਾਟੇ ਵਿਚੋਂ ਨਿਕਲ ਜਾਓ। ਆਪਣੇ ਲਾਭ ਦੀ ਗੱਲ ਸੋਚੋ - ਸਮਝ ਰਹੀ ਏਂ ਨਾ ਮੇਰੀ ਗੱਲ?"

ਉਸਨੇ ਨਾਂਹ ਵਿਚ ਸਿਰ ਹਿਲਾਇਆ ਤੇ ਪੁੱਛਣ ਲੱਗੀ, "ਤੁਸੀਂ ਕਿਸ ਘਾਟੇ ਦੀ ਗੱਲ ਕਰਦੇ ਹੋ ਅਤੇ ਕਿਹੜੇ ਲਾਭ ਦੀ? ਸੋਚਾਂ ਦਾ ਫ਼ਰਕ ਤਾਂ ਸਮੁੰਦਰੋਂ ਵੱਡਾ ਹੁੰਦਾ ਹੈ।"

"ਵੇਖ ਕਾਕੀ, ਹਕੂਮਤ ਨਾਲ ਟੱਕਰ...."

"ਮੈਂ ਕੋਈ ਟੱਕਰ ਨਹੀਂ ਲੈ ਰਹੀ। ਗਲਤ ਨੂੰ ਗਲਤ ਸਮਝ ਰਹੀ ਹਾਂ। ਬੱਸ ਇਸੇ ਤਰ੍ਹਾਂ ਮੇਰੇ ਬਾਪ ਨੇ ਗਲਤ ਨੂੰ ਗਲਤ ਸਮਝ ਕੇ ਅੰਗਰੇਜ਼ ਦੀ ਗੁਲਾਮੀ ਤੋਂ ਇਨਕਾਰ ਕੀਤਾ ਸੀ।"

"ਠੀਕ ਹੈ, ਮੈਂ ਜੋ ਗੱਲ ਕਹਿਣ ਨੂੰ ਆਇਆ ਹਾਂ ਉਹ ਇਹ ਹੈ ਕਿ ਆਪ ਦੇ ਬਾਰੇ



ਪੂਰੀ ਰਿਪੋਰਟ ਆ ਗਈ ਹੈ। ਜਨਰਲ ਸਾਹਿਬ ਨੇ ਕਿਹਾ ਹੈ, ਇਹ ਤਾਂ ਸੱਚ ਕਹਿ ਰਹੀ ਹੈ। ਇਸਦਾ ਤਾਂ ਮਕਾਨ, ਜ਼ਮੀਨ, ਸਰਮਾਇਆ ਕੁਝ ਵੀ ਨਹੀਂ। ਏਨਾ ਵੱਡਾ ਖਾਨਦਾਨ ਤੇ.....

"ਜੀ ਆਪ ਗਲਤ ਸਮਝ ਰਹੇ ਹੋ। ਮੇਰਾ ਸਰਮਾਇਆ ਇਲਮ ਹੈ ਤੇ ਬਹੁਤ ਹੈ, ਜ਼ਮੀਨ ਸਾਰੀ ਮੇਰੀ ਹੈ ਜਾਂ ਮੇਰੇ ਦੇਸ਼ ਦੀ..... ਮੈਂ ਕੰਗਾਲ ਨਹੀਂ ਹਾਂ। ਮੇਰੀ ਬੜੀ ਇੱਜ਼ਤ ਹੈ ਦੁਨੀਆਂ ਵਿਚ। ਕਿਸੇ ਜਨਰਲ ਸਾਹਿਬ ਦਾ ਮੈਨੂੰ ਫ਼ਿਕਰ ਨਹੀਂ। ਮੈਂ ਆਪਣੇ ਲੋਕਾਂ ਦੇ ਨਾਲ਼ ਹਾਂ। ਉਹ ਸਜਾਵਾਂ ਭੁਗਤ ਰਹੇ ਨੇ। ਮੈਂ ਵੀ ਜ਼ਿੰਦਗੀ ਨੂੰ ਹੌਂਸਲਾ ਦੇਣ ਦੀ ਸਮਝ ਦੇਣ ਵਾਲੀ ਹਾਂ...."

"ਵੇਖ ਕਾਕੀ ਮੈਂ ਸਾਲ ਦੇ ਅਖ਼ੀਰ ਤ਼ੇ ਸੇਵਾ-ਮੁਕਤ ਹੋ ਜਾਣਾ ਹੈ। ਇਹ ਕੇਸ ਲੰਮਾ ਹੈ। ਅੱਗੋਂ ਕੌਣ ਆਵੇ, ਕਿਸ ਤਰ੍ਹਾਂ ਕਰੇ? ਮੈਂ ਚਾਹੁੰਦਾ ਹਾਂ ਤੇਰੇ ਲਈ ਕੁਝ ਠੀਕ ਕਰ ਜਾਵਾਂ।... ਤੂੰ ਪੂਰੀ ਗੱਲ ਤਾਂ ਸੁਣ।" ਉਹ ਜ਼ਰਾ ਨਰਮ ਪੈ ਗਈ। "ਅੱਛਾ ਦੱਸੋ, ਆਪ ਕੀ ਕਰਨਾ ਚਾਹੁੰਦੇ ਹੋ?"

"ਬੱਸ ਤੂੰ ਜ਼ਰਾ ਜਿਹਾ ਬਿਆਨ ਬਦਲ ਦੇ ਆਪਣਾ। ਇਹ ਵੇਖ ਇਸ ਤਰ੍ਹਾਂ "ਪੁਲਿਸ ਵਾਲੇ ਨੇ ਜੇਬ ਚੋਂ ਕਾਗਜ਼ ਕੱਢਿਆ। ਐਸੇ ਤ਼ਰ੍ਹਾਂ ਆਪਣੇ ਹੱਥ ਨਾਲ ਲਿਖ ਦੇ। ਤੇ ਫਿਰ ਉਸਨੇ ਬਰੀਫਕੇਸ ਵਿਚੋਂ ਕੁਝ ਕਾਗਜ਼ ਕੱਢੇ। ਇਹ ਉਥੇ ਇਸਲਾਮਾਬਾਦ ਪਲਾਟ ਤੇ ਰਹੀਮ ਯਾਰ ਖਾਂ ਮੁਰੱਬੇ... ਉਹ ਆਦਮੀ, ਉਸਦਾ ਚਿਹਰਾ ਵੇਖੇ ਬਿਨਾਂ ਹੀ ਬੋਲੀ ਜਾ ਰਿਹਾ ਸੀ।

ਹੁਣ ਜਦੋਂ ਉਸਨੇ ਚਿਰ ਚਿਰ ਕਰਕੇ ਕਾਗਜ਼ ਪਾੜਿਆ, ਤਾਂ ਹੀ ਉਸਨੇ ਵੇਖਿਆ, ਉਹ ਨੀਲੀ ਪੀਲੀ ਹੋ ਰਹੀ ਸੀ। "ਆਪ ਕੀ ਸਮਝਦੇ ਹੋ ਡੀ. ਐਸ. ਪੀ. ਸਾਹਿਬ! ਇਸ ਬਿਆਨ ਉੱਤੇ, ਜੋ ਕਿ ਆਪ ਨੇ ਲਿਖਿਆ ਹੈ, ਅੰਗੂਠਾ ਲਾਉਣ ਤੋਂ ਬਾਅਦ ਕੀ ਹੋਵੇਗਾ। ਮੈਨੂੰ ਮੁਰੱਬੇ ਤੇ ਪਲਾਟ ਮਿਲ ਜਾਵੇਗਾ ਤੇ ਉਹ ਜਿਹਨਾਂ ਦੇ ਖਿਲਾਫ਼ ਇਹ ਸਭ ਲਿਖ ਲਿਆਏ ਹੋ, ਉਹ ਫਾਂਸੀ ਚੜ੍ਹ ਜਾਣਗੇ ਨਾ। ਉਹ ਸਾਰੇ ਜੋ ਮੈਨੂੰ ਆਪਾ (ਵੱਡੀ ਭੈਣ) ਆਖਦੇ ਹਨ, ਉਹਨਾਂ ਦੇ ਵਿਰੁੱਧ ਵਾਅਦਾ-ਮੁਆਫ਼ ਬਣ ਜਾਵਾਂ। ਇਸ ਪਿੱਛੋਂ ਕੀ ਹੋਵੇਗਾ? ਮੈਂ ਜੀਅ ਸਕਾਂਗੀ? ਤੇ ਇਸਲਾਮਾਬਾਦ ਵਿਚ ਕੋਠੀ ਵੀ ਬਣਾ ਸਕੂੰਗੀ? ਤੇ ਮੁਰੱਬੇ? ਆਪ ਨੂੰ ਪਤਾ ਹੈ ਕਿ ਮੇਰੇ ਦਾਦੇ ਦੀ ਜ਼ਮੀਨ ਕਿੰਨੀ ਸੀ? ਤੇ ਹਵੇਲੀ, ਚੁਬਾਰੇ ਕਿੰਨੇ ਉੱਚੇ? ਤੇ ਫਿਰ ਜਦੋਂ ਕਲੇਮ ਦੇਣ ਦਾ ਵਕਤ ਆਇਆ ਤਾਂ ਮੇਰੇ ਬਾਪਨੇ ਕੀ ਕਿਹਾ ਸੀ? ਉਹਨਾਂ ਨੇ ਕਿਹਾ ਸੀ, "ਜੋ ਕਲੇਮ ਕੀਤਾ ਸੀ, ਉਹ ਮਿਲ ਗਿਆ। ਹੁਣ ਕਿਹੜਾ ਕਲੇਮ? ਕੀ ਇਹ ਸਾਰਾ ਮੁਲਕ ਮੇਰਾ ਨਹੀਂ ਹੈ? ਤੇ ਇਸ ਤਰ੍ਹਾਂ ਉਹਨਾਂ ਨੇ ਬਾਪ ਦਾਦੇ ਦੀਆਂ ਜ਼ਮੀਨਾਂ, ਹਵੇਲੀਆਂ ਦੇ ਬਦਲੇ ਵਿਚ ਕੁਝ ਵੀ ਨਾ ਲਿਆ। ਉਹ ਇਕ ਆਈਡੀਆਲਿਸਟ (ਆਦਰਸ਼ਵਾਦੀ) ਸਨ। ਉਹਨਾਂ ਨੇ ਮੇਰੇ ਲਈ ਇੱਕ ਸਰਟੀਫਿਕੇਟ ਛੱਡਿਆ, ਕਾਇਦੇ-ਆਜ਼ਮ ਦਾ ਤਾਰੀਫ਼ੀ ਸਰਟੀਫਿਕੇਟ। ਮੈਂ ਚਾਹੁੰਦੀ ਤਾਂ ਉਸਦੀ ਨੁਮਾਇਸ਼ ਲਗਾ ਕੇ ਅੱਧਾ

ਸ਼ਹਿਰ ਆਪਣੇ ਨਾਮ ਕਰਵਾ ਲੈਂਦੀ। ਪਰ ਮੈਂ 'ਬੇਘਰੀ' ਹੀ ਰਹੀ ਅਤੇ ਕਰੋੜਾਂ ਅਵਾਮ ਤਰ੍ਹਾਂ ਅੱਜ ਵੀ ਮੈਨੂੰ ਇਸੇ ਤਰ੍ਹਾਂ ਹੀ ਰਹਿਣਾ ਹੈ- ਆਪਣੇ ਅਸੂਲਾਂ ਦੇ ਨਾਲ, ਕਿਉਂਕਿ ਕਮਿਊਨਿਸਟ ਹਾਂ।"

ਡੀ. ਐਸ. ਪੀ. ਦਾ ਮੂੰਹ ਲਟਕ ਗਿਆ ਤੇ ਉਹ ਇਹ ਕਹਿੰਦੇ ਹੋਏ ਉੱਠਣ ਲੱਗ "ਮੈਂ ਤਾਂ ਆਪ ਦੇ ਭਲੇ ਦੇ ਲਈ ਕੋਸ਼ਿਸ਼ ਕਰ ਰਿਹਾ ਸੀ। ਸੋਚ ਲੈਣਾ ਕਿਉਂਕਿ ਇਸ ਪਿੱਛੋਂ ਉਹ ਆਪ ਨੂੰ ਗ੍ਰਿਫਤਾਰ ਕਰਕੇ ਲੈ ਜਾ ਸਕਦੇ ਹਨ।" ਤੇ... ਤੇ ਉਹ ਉੱਠ ਕੇ ਖੜ ਹੋ ਗਿਆ।

"ਦੂਸਰੀ ਵਾਰ ਗ੍ਰਿਫਤਾਰ? ਜੇ ਐਸੀ ਗੱਲ ਸੀ ਤਾਂ ਛੱਡਿਆ ਕਿਉਂ? ਇਹ ਸਵਾ ਸੁਣਨ ਲਈ ਤੇ ਜਵਾਬ ਦੇਣ ਲਈ ਉਹ ਰੁਕਿਆ ਨਹੀਂ। ਜੀਪ ਸਟਾਰਟ ਹੋਣ ਦੀ ਆਵਾ ਸੁਣ ਕੇ ਉਸਨੇ ਦਰਵਾਜ਼ਾ ਤਾਂ ਬੰਦ ਕਰ ਦਿੱਤਾ, ਪਰ ਅੰਦਰ ਦਾ ਦਰਵਾਜ਼ਾ ਭੜ ਕਰ ਖੁੱਲ ਗਿਆ। ਖੌਫ਼ ਅੰਦੇਸ਼ੇ ਤੇ ਇੱਕ ਮਨੋ-ਅਵਸਥਾ ਜੋ ਖੌਫ਼-ਅੰਦੇਸ਼ੇ ਤੋਂ ਕਿਤੇ ਬੁਰੀ ਸੀ, ਕ ਉਹ ਮੈਨੂੰ ਵਰਤਣਾ ਚਾਹੁੰਦੇ ਹਨ। ਉਹ ਵੀ ਉਹਨਾਂ ਦੇ ਖਿਲਾਫ਼ ਜੋ ਇੱਕ ਘੁੱਪ-ਹਨ੍ਹੇ ਵਿਚ ਰੌਸ਼ਨੀ ਬਣੇ ਸਨ। ਕੀ ਸਮਝਦੇ ਹਨ, ਕੀ ਉਹਨਾਂ ਦੀ ਮੇਰੀ ਜ਼ਮੀਰ ਤੱਕ ਪਹੁੰਚ ਹੈ

ਇਕਦਮ ਉਸਦਾ ਦਿਲ ਕੀਤਾ, ਉਹ ਕਿਸੇ ਨਾਲ ਇਹ ਗੱਲ ਕਰੇ। ਉੱਚੀ ਆਵਾ ਵਿਚ ਬੋਲੇ। ਪਰ ਕਿਸ ਨਾਲ? ਉਹ ਕਿਤੇ ਜਾ ਨਹੀਂ ਸਕਦੀ। ਕੋਈ ਉਸਦੇ ਪਾਸ ਅ ਨਹੀਂ ਸਕਦਾ। ਉਸਦਾ ਟੈਲੀਫੋਨ ਟੇਪ ਹੁੰਦਾ ਸੀ ਤੇ ਕਾਲਜ ਵਿਚ ਕਿਤਾਬ ਦੇ ਲਫ਼ ਪੜ੍ਹਾਉਣ ਤੋਂ ਬਿਨਾਂ ਉਸ ਉੱਤੇ ਜ਼ੁਬਾਨ-ਬੰਦੀ ਲਾਗੂ ਸੀ। ਹੱਦ ਹੈ ਨਾ। ਕੁਝ ਵਿਦਿਆਰਥੀ ਵੀ ਜਾਸੂਸੀ ਦਾ ਕੰਮ ਕਰ ਰਹੇ ਸੀ। ਮਿਸਿਜ਼ ਸੰਮਾ ਸੱਟਾ ਨੇ ਜਾਲ ਵਿਛਾ ਰੱਖਿਆ ਸੀ ਭਾਵੇਂ ਵਿਦਿਆਰਥੀਆਂ ਦੀ ਬਹੁ-ਗਿਣਤੀ ਉਸਦੇ ਖ਼ਿਆਲਾਂ ਦੀ ਸਮਰਥਕ ਸੀ, ਪਰ ਰਿਪੋਰਟਾਂ ਭੇਜਣ ਵਾਲੇ ਉਸਨੂੰ ਫਸਾ ਦਿੰਦੇ। ਸ਼ੀਸ਼ੇ ਦੇ ਸਾਹਮਣੇ ਖੜ੍ਹੇ ਹੋ ਕੇ ਉਸਨੇ ਆਪਣੇ ਆਪ ਨੂੰ ਵੇਖਿਆ ਤੇ ਜ਼ੋਰ ਨਾਲ ਚੀਕੀ। ਕੀ ਸਮਝਦੇ ਹਨ ਇਹ! ਇਨਸਾਨ ਮਰ ਗਿਆ? ਤੇ ਐ ਖ਼ੁਦਾ! ਤੂੰ ਪਰ ਤੂੰ ਤਾਂ ਬਹੁਤ ਪਹਿਲਾਂ ਹੀ ਬੇਬੱਸ ਹੋ ਚੁੱਕਾ ਸੀ। ਤੇ ਉਹ ਫੁੱਟ ਪਈ। ਧਾਹਾਂ ਮਾਰ ਕੇ ਰੋਈ। ਉਸ ਖਾਲੀ ਧੁੰਦ ਵਾਲੇ ਘਰ ਵਿਚ ਕੋਈ ਨਹੀਂ ਸੀ ਜੋ ਉਸਨੂੰ ਦਿਲਾਸਾ ਦਿੰਦਾ। ਉਸਦੇ ਮੋਢੇ ਤੇ ਹੱਥ ਰੱਖਦਾ। ਉਸਦੀ ਪੀ.ਟੀ. ਵੀ ਮਰ ਚੁੱਕੀ ਸੀ। ਨਹੀਂ ਤੇ ਉਹ ਜ਼ਰੂਰ ਉਸਦੀ ਬਾਂਹ ਤੇ ਆਪਣੀ ਥੂਥਣੀ ਰੱਖ ਦਿੰਦੀ। ਪਰ ਖ਼ੈਰ ਇਹ ਅਮਲ ਵੀ ਆਪਣਾ ਕੰਮ ਕਰ ਗਿਆ। ਉਬਾਲ ਬੈਠ ਗਿਆ ਤੇ ਉਸਨੇ ਨਮਕੀਨ ਪਾਣੀ ਨਾਲ ਭਰੀਆਂ ਅੱਖਾਂ ਮਿੱਠੇ ਪਾਣੀ ਨਾਲ ਧੋ ਦਿੱਤੀਆਂ। ਤਾਂ ਮਿਹਰਬਾਨ ਨੀਂਦ ਦੀ ਪਰੀ ਹੌਲੀ ਹੌਲੀ ਉਤਰਨ ਲੱਗੀ।

ਅਗਲੀ ਸਵੇਰ ਉਸਨੇ ਅਖ਼ਬਾਰ ਵੇਖਿਆ ਤਾਂ ਇੱਕ ਖ਼ਬਰ ਉੱਤੇ ਨਿਗ੍ਹਾ ਟਿਕ ਗਈ। ਮਸ਼ਹੂਰ ਫਲਾਣੇ ਕੇਸ ਦੇ ਟਰਾਇਲ ਜੋ ਇਸ ਹਫ਼ਤੇ ਸ਼ੁਰੂ ਹੋਣ ਵਾਲੇ ਸੀ, ਅਣਮਿੱਥੇ ਸਮੇਂ



ਈ ਰੋਕ ਦਿੱਤੇ ਗਏ ਹਨ। ਸ਼ਾਇਦ ਕੁਝ ਹੋਰ ਲੋਕਾਂ ਨੂੰ ਤਫਤੀਸ਼ ਵਿਚ ਸ਼ਾਮਿਲ ਕਰ ਲਿਆ ਗਿਆ ਹੈ। ਚਾਰਜ-ਸ਼ੀਟ ਵੀ ਤਬਦੀਲ ਕੀਤੀ ਜਾ ਰਹੀ ਸੀ। ਹੋ ਸਕਦਾ ਹੈ....

ਚਲੋ ਚੰਗਾ ਹੈ, ਉਸਨੇ ਸੋਚਿਆ। ਉਹ ਕੀ ਕਹਿੰਦੇ ਹੁੰਦੇ ਹਨ "ਹਮਾ ਯਾਰਾਂ ..... ਟਰ ਰ ਦਰਵਾਜ਼ੇ ਦੀ ਘੰਟੀ ਵੱਜੀ। ਛਾਪਾ ਪਿਆ ਸੀ। ਬਹੁਤ ਸਾਰੀ ਪੁਲਿਸ, ਥੋੜ੍ਹੀ ਜਿਹੀ ਤਫਤੀਸ਼। "ਇੱਥੇ ਕੌਣ-ਕੌਣ ਰਹਿੰਦਾ ਹੈ?" ਅਫਸਰ ਨੇ ਖ਼ੁਸ਼ਵੰਤ ਹੋ ਪੁੱਛਿਆ।

"ਆਪ ਨੂੰ ਪਤਾ ਨਹੀਂ, ਇੱਥੇ ਮੈਂ ਰਹਿੰਦੀ ਹਾਂ। ਮੈਂ ਕਿ ਜਿਸਨੂੰ ਜੁਰਮ ਸਾਬਤ ਹੋਣ ਤੋਂ ਪਹਿਲਾਂ ਹੀ ਮੁਜਰਮ ਬਣਾ ਦਿੱਤਾ ਗਿਆ ਸੀ।

"ਹੋਰ ਕੌਣ ਕੌਣ ਰਹਿੰਦਾ ਹੈ ਆਪ ਦੇ ਨਾਲ?"

ਮੇਰੇ ਨਾਲ ਕਾਫ਼ੀ ਲੋਕ ਰਹਿੰਦੇ ਹਨ। ਆਪ ਬੈਠੋ ਤਾਂ ਦੱਸ ਦਿੰਦੀ ਹਾਂ। ਪਰ ਉਹ ਖੜ੍ਹੇ ਰਹੇ ਤੇ ਕਾਫੀ ਢੀਠਤਾਈ ਨਾਲ ..... ਪਰ ਉਹ ਦਰਵਾਜ਼ੇ ਤੋਂ ਹਟ ਕੇ ਰੱਖੀ ਕੁਰਸੀ ਉੱਤੇ ਬੈਠ ਗਈ ਤੇ ਬੋਲੀ। ਚਲੋ ਲਿਖੋ, ਦੱਸਦੀ ਹਾਂ ਮੇਰੇ ਨਾਲ ਕੌਣ-ਕੌਣ ਰਹਿੰਦਾ ਹੈ। ਇੱਕ ਤਾਂ ਮੈਂ ਖ਼ੁਦ ਆਪਣੇ ਸਾਥ ਰਹਿੰਦੀ ਹਾਂ ਤੇ ਇਹ ਸਾਰੇ ਵੀ ਇੱਥੇ ਹੀ ਰਹਿੰਦੇ ਹਨ। ਉਸਨੇ ਕੁਝ ਤਸਵੀਰਾਂ, ਕਿਤਾਬਾਂ ਵੱਲ ਇਸ਼ਾਰਾ ਕੀਤਾ। ਮਾਓ-ਜੇ-ਤੁੰਗ, ਗੋਰਕੀ, ਕ੍ਰਿਸ਼ਨ ਚੰਦਰ, ਅੰਮ੍ਰਿਤਾ-ਇਮਰੋਜ਼ .... ਉਸਨੇ ਇੱਕ ਪੇਂਟਿੰਗ ਵੱਲ ਇਸ਼ਾਰਾ ਕੀਤਾ। ਤੇ ਇਹ ਪ੍ਰੋਫੈਸਰ ਸਾਹਿਬ ਵੀ। ਉਸਨੇ ਡਾਕਟਰ ਅਬਦੁਲ ਇਸਲਾਮ ਦੀ ਤਸਵੀਰ ਵੱਲ ਵੇਖ ਕੇ ਕਿਹਾ। ਤੇ ਬਾਹਰ ਵਿਹੜੇ ਵਿਚ ਬੈਠੀ ਹੈ ਚਿੱਟੀ ਟੋਨੀ-ਪੌਂ। ਇਸਤੋਂ ਬਿਨਾਂ ਵਿਹੜੇ ਵਿਚ ਦਰੱਖਤਾਂ ਉੱਤੇ ਬਹੁਤ ਸਾਰੀਆਂ ਚਿੜੀਆਂ, ਕਾਂ, ਬੁਲਬੁਲਾਂ ਤੇ ਕਈ ਤੋਤੇ ਵੀ ਰਹਿੰਦੇ ਹਨ। ਇਹ ਸਭ ਮੇਰੇ ਨਾਲ ਹਨ। ਤੇ ਸਾਥੀ ਤੇ ਸਿਆਸੀ ਵੀ। ਉਸਦੀ ਗੱਲ ਸੁਣਦੇ ਹੋਏ ਪੁਲਿਸ ਵਾਲੇ ਨੇ ਇਸ ਤਰ੍ਹਾਂ ਸਿਰ ਹਿਲਾਇਆ, ਜਿਵੇਂ ਕਹਿਣਾ ਚਾਹੁੰਦਾ ਹੋਵੇ, "ਪਾਗਲ ਹੈ, ਬਿਲਕੁਲ ਦਿਮਾਗ ਚੱਲ ਗਿਆ ਲੱਗਦਾ ਹੈ।"

ਹੁਣ ਕੀ ਹੈ? ਉਸਨੇ ਆਪਣੇ ਅੰਦਰ ਵਾਲੇ ਤੋਂ ਪੁੱਛਿਆ। ਉਸਦਾ ਖ਼ੁਦਾ ਕਿਤੇ ਅੰਦਰ ਹੀ ਰਹਿੰਦਾ ਹੈ। ਕਦੇ ਕੋਈ ਕਰਾਮਾਤ ਜਾਂ ਚਮਤਕਾਰ ਨਹੀਂ ਵਿਖਾਉਂਦਾ ਸੀ। ਪਰ ਸਹੀ ਗੱਲ ਕੌੜੀ ਜਾਂ ਮਿੱਠੀ, ਉਸਦਾ ਇਸ਼ਾਰਾ ਜ਼ਰੂਰ ਦੇ ਦਿੰਦਾ ਤੇ ਕਦੇ ਗਲਤ ਵੀ, ਜਿਸ ਨੂੰ ਉਹ ਸਮਝ ਲੈਂਦੀ। ਕੋਈ ਗੱਲ ਨਹੀਂ, ਆਖ਼ਰ ਖ਼ੁਦਾ ਹੈ। ਇਨਸਾਨਾਂ ਦੇ ਮਾਮਲਿਆਂ ਵਿਚ ਉਸ ਕੋਲੋਂ ਗਲਤੀ ਹੋ ਸਕਦੀ ਹੈ। ਸੋ, ਉਸਨੇ ਪੁੱਛਿਆ, ਹੁਣ ਦੱਸ ਐ ਰੱਬ, ਅਜ਼ੀਮ, ਵਾ-ਖਲੀਲ। ਤੇਰੀ ਪੁਰਾਣੀ ਤੇ ਨਵੀਂ ਅਕਲ ਤੇ ਫ਼ਿਕਰ ਦੇ ਮੁਤਾਬਕ ਹੁਣ ਕੀ ਹੋਵੇਗਾ? ਮੇਰੇ ਲਈ ਜ਼ਿੰਦਗੀ ਦੇ ਮਾਲ-ਗੁਦਾਮ ਵਿਚ ਹੋਰ ਕੀ ਰੱਖਿਆ ਹੈ? ਜਵਾਬ ਤੁਰੰਤ ਤੇ ਸਾਫ਼ ਆਇਆ "ਤੂੰ ਆਪਣੇ ਜ਼ੁਰਮ ਨੂੰ ਦੁੱਗਣਾ ਕਰ ਲਿਆ ਹੈ।"

ਪਰ ਕਿਸ ਤਰ੍ਹਾਂ? ਮੈਂ ਤਾਂ ਕੋਈ ਜ਼ੁਰਮ ਕੀਤਾ ਹੀ ਨਹੀਂ। "ਇਹੀ ਤਾਂ ਤੇਰੀ ਗਲਤੀ ਹੈ।"

"ਇਹੀ ਤਾਂ ਤੇਰੀ ਗਲਤੀ ਹੈ।" ਉਹਨਾਂ ਨੇ ਜੋ ਵਕਤ ਦੇ ਹਾਕਮ ਹਨ ਤੇਰੇ ਉੱਤੇ ਫਰਦ ਜੁਰਮ ਲਾਇਆ ਹੈ। ਕੀ ਇਹ ਕਾਫ਼ੀ ਸਬੂਤ ਨਹੀਂ ਕਿ ਤੂੰ ਮੁਜਰਮ ਹੈਂ। ਤੇ ਹੁਣ ਤੂੰ ਉਹਨਾਂ ਦੀ ਹੁਕਮ ਅਦੂਲੀ ਕਰ ਦਿੱਤੀ। ਤੀਸਰੀ ਬਾਤ ਤੇ ਹੋਰ ਵੀ ਗੰਭੀਰ ਹੈ, ਤੂੰ ਉਹਨਾਂ ਦੀ ਪੇਸ਼ਕਸ਼ ਨੂੰ ਮਗਰੂਰ ਤਰੀਕੇ ਨਾਲ ਠੁਕਰਾ ਦਿੱਤਾ ਹੈ ਤੇ ਹੁਣ, ਉਹ ਜੋ ਹਾਕਮ ਤੇ ਮਾਲਕ ਹਨ, ਧੱਕੜਸ਼ਾਹ ਤੇ ਜਾਹਲ ਹਨ, ਤੇ ਹੱਦ ਤੋਂ ਜ਼ਿਆਦਾ ਜ਼ਾਲਮ ਤੇ ਬੇਖ਼ਬਰ ਹਨ, ਤੈਨੂੰ ਸਜ਼ਾ ਦੇਣਗੇ। ਤੇਰੀ ਬਰਦਾਸ਼ਤ ਤੋਂ ਜ਼ਿਆਦਾ ਤੇ ਤੇਰੀ ਹਿੰਮਤ ਤੋੜਨ ਲਈ ਕਾਫ਼ੀ।

ਆਪਣੇ ਅੰਦਰ ਦੀ ਇਹ ਆਵਾਜ਼ ਸੁਣਨ ਤੋਂ ਬਾਅਦ ਉਹ ਵਾਕਿਆ ਹੀ ਨਰਵਸ ਹੋ ਗਈ ਸੀ। ਸ਼ਾਇਦ ਉਸਨੇ ਪੇਸ਼ ਹੋ ਕੇ ਗਲਤੀ ਕੀਤੀ ਸੀ। ਉਸਨੂੰ ਲੋਕਾਂ ਦੀ ਦੁਨੀਆਂ ਵਿਚ ਘੁਲ-ਮਿਲ ਕੇ ਬੇਪਛਾਣ ਹੋ ਜਾਣਾ ਚਾਹੀਦਾ ਸੀ। ਉਡੀਕ ਕਰਨੀ ਚਾਹੀਦੀ ਸੀ, ਜ਼ੁਲਮ ਕਦੇ ਤਾਂ ਅਪਾਹਜ ਹੁੰਦਾ। ਕਦੇ ਤਾਂ ਅਮਨ ਦੀ ਹਵਾ ਚੱਲਦੀ। ਵਕਤ ਦੀ ਉਡੀਕ ਕੈਦਖਾਨੇ ਦੀ ਥਾਂ ਲੋਕਾਂ ਦੀਆਂ ਬਸਤੀਆਂ ਵਿਚ ਕੀਤੀ ਜਾਣੀ ਚਾਹੀਦੀ ਸੀ। ਇਹ ਠੀਕ ਗੱਲ ਸੀ।

ਰਾਤ ਨੂੰ ਵੈਲੀਮ ਦੀ ਗੋਲੀ ਖਾ ਕੇ ਸੁੱਤੀ ਤਾਂ ਪੱਠਿਆਂ ਦੀ ਕਮਜ਼ੋਰੀ ਕੁਝ ਘਟੀ, ਤੇ ਉਹ ਡੋਰੀ, ਉਹ ਆਸ ਦੀ ਡੋਰੀ, ਜੋ ਬਿਲਕੁਲ ਹੀ ਢਿੱਲੀ ਹੋ ਗਈ ਸੀ, ਜ਼ਰਾ ਤਣ ਗਈ। ਸਵੇਰੇ ਉੱਠ ਕੇ ਬਾਹਰ ਝਾਕਿਆ। ਸੋਚ ਦੀਆਂ ਗੁਲਾਬੀ ਸੁਨਹਿਰੀ ਕਿਰਨਾਂ ਹਰੇ ਰੁੱਖਾਂ ਨੂੰ ਛੂਹ ਕੇ ਜ਼ਿੰਦਗੀ ਦਾ ਇਕ ਬਹੁਤ ਹੀ ਖ਼ੂਬਸੂਰਤ ਦ੍ਰਿਸ਼ ਬਣਾ ਰਹੀਆਂ ਸਨ! ਉਸਨੇ ਡੂੰਘਾ ਸਾਹ ਲਿਆ ਤੇ ਬਾਹਰ ਨਿਕਲ ਕੇ ਤਾਜ਼ਾ ਕਿਰਨਾਂ ਦੇ ਝਰਨੇ ਹੇਠ ਖੜ੍ਹੀ ਹੋ ਗਈ। ਉੱਤੇ ਸੰਘਣੇ ਰੁੱਖ ਜ਼ਿੰਦਗੀ ਰਸੀਲਾ ਗੀਤ ਗਾ ਰਹੀ ਸੀ, ਚਿੜੀਆਂ, ਬੁਲਬੁਲਾਂ ਜ਼ਿੰਦਾਬਾਦ, ਕੁਦਰਤ ਕਿੰਨੀ ਵਿਸ਼ਾਲ ਹਿਰਦੇ ਵਾਲੀ ਹੈ।

ਤਦ ਹੀ ਉਸਨੂੰ ਇੱਕ ਖ਼ਿਆਲ ਆਇਆ। ਪੁਰਾਣੇ ਵੇਲਿਆਂ ਦੇ ਉਹ ਸਾਧੂ-ਸੰਤ, ਰਿਸ਼ੀ-ਮੁਨੀ, ਵਲੀ-ਔਲੀਆ, ਸੂਫ਼ੀ ਸੰਤ ਜੋ ਦਰਿਆਵਾਂ ਦੇ ਕਿਨਾਰਿਆਂ, ਰੁੱਖਾਂ ਦੇ ਹੇਠਾਂ, ਜੰਗਲਾਂ ਦੇ ਅੰਦਰ ਗਿਆਨ ਦੀ ਪਾਲਣਾ ਕਰਨ ਵਾਲੇ ਸਨ, ਇਨਸਾਨਾਂ ਦੀ ਦੁਨੀਆਂ ਤੋਂ ਵੱਖਰੇ ਤੇ ਦੂਰ ਕਿਉਂ ਰਹੇ? ਬਹੁਤ ਗੰਦ ਹੈ ਨਾ, ਤੇ ਸ਼ੈਤਾਨ ਤਾਂ ਸਿਰਫ਼ ਇਨਸਾਨਾਂ ਦੀ ਬਸਤੀ ਵਿਚ ਹੀ ਰਹਿੰਦਾ ਹੈ। ਇਸ ਖ਼ਿਆਲ ਦੇ ਨਾਲ ਹੀ ਉਸ ਦੇ ਅੰਦਰ ਇਕ ਅਨੋਖੀ ਇੱਛਾ ਚਮਕੀ। "ਕਾਸ਼ ਉਹ ਵੀ ਕਿਸੇ ਐਸੀ ਦੁਨੀਆਂ ਦਾ ਹਿੱਸਾ ਬਣ ਜਾਵੇ। ਪਰ ਨਾਲ ਹੀ ਸੰਗੀਨ ਹਕੀਕਤ ਦਾ ਪੱਥਰ, ਇਸ ਤਾਂਘ ਦੇ ਸ਼ੀਸ਼ੇ ਨੂੰ ਚਕਨਾਚੂਰ ਕਰ ਗਿਆ। ਹੁਣ ਕਿੱਥੇ ਉਹ ਜੰਗਲ, ਉਹ ਦਰਿਆ, ਉਹ ਕੁਦਰਤ ਦਾ ਸਾਥ ਲਿਵ ਲਗਾਉਣ ਦੀ ਦੁਨੀਆਂ। ਇਹਨਾਂ ਇਨਸਾਨਾਂ ਨੇ ਹੀ ਸਭ ਕੁਝ ਉੱਤੇ ਕਬਜ਼ਾ ਕਰ ਲਿਆ ਤੇ ਬਰਬਾਦ ਕਰ ਦਿੱਤਾ।

ਲੁਕਣ ਦੀ ਕੋਈ ਥਾਂ ਨਹੀਂ। ਕੋਈ ਨਹੀਂ। ਆਜ਼ਾਦੀ? ਕਿਤੇ ਨਹੀਂ, ਕਿਤੇ ਨਹੀਂ, ਕਿਤੇ ਵੀ ਨਹੀਂ। •



ਕਾਂਡ-6

## ਇੱਕ ਜ਼ਿੰਦਗੀ ਵਿਚ ਇੱਕ ਹੀ ਵਾਰ ਮਰੂੰਗੀ

ਉਹਨਾਂ ਦਿਨਾਂ ਵਿਚ ਮੁਲਕ ਵਿਚ ਕਈ ਸਾਜਿਸ਼ ਕੇਸ ਚੱਲ ਰਹੇ ਸਨ। ਪਰ ਇਹ ਗਿਣਤੀ ਪੰਜਾਬ ਵਿਚ ਸਭ ਤੋਂ ਜ਼ਿਆਦਾ ਸੀ ਤੇ ਸਭ ਤੋਂ ਜ਼ਿਆਦਾ ਦੇਰੀ ਵੀ ਇਥੋਂ ਦੇ ਫ਼ੌਜੀ ਮੁਕੱਦਮਿਆਂ ਵਿਚ ਹੋ ਰਹੀ ਸੀ। ਇਸ ਖਾਸ ਕੇਸ ਦੇ ਤਾਂ ਚਾਰ ਸਾਲ ਨਿਕਲ ਗਏ ਸੀ। ਹੁਣ ਨਵੀਂ ਚਾਰਜਸ਼ੀਟ ਆ ਗਈ। ਇਸ ਸਮੇਂ ਵਿਚ ਪਹਿਲੀ ਪੜਤਾਲ ਦੇ ਸਭ ਅਫਸਰ ਸੇਵਾ-ਮੁਕਤ ਹੋ ਗਏ ਸਨ, ਵੱਡੀ ਏਜੰਸੀ ਦੇ ਕਰਨਲ, ਬਰਗੇਡੀਅਰ ਤੇ ਦੂਸਰੀਆਂ ਏਜੰਸੀਆਂ ਦੇ ਡੀ. ਐਸ. ਪੀ. ਸਾਰੇ ਬਦਲੇ ਗਏ ਸਨ। ਤੇ ਸਾਰੇ ਇਕ ਦਰਜਾ ਵੱਧ ਭੈੜੇ ਆ ਗਏ ਸਨ। ਪਰ ਉਹ ਫੈਡਰਲ ਵਾਲਾ ਤਾਂ ਸ਼ਾਇਦ ਸੌ ਦਰਜੇ ਬੁਰਾ ਆਇਆ ਸੀ।

ਅਤਿ ਦਾ ਗੁਸਤਾਖ ਤੇ ਬਦਜ਼ਾਤ ਤਰੀਕੇ ਨਾਲ ਗੱਲ ਕਰਨ ਵਾਲਾ ਤੇ ਸਾਰੀ ਪੜਤਾਲ ਸਿਰਫ਼ ਧਮਕੀਆਂ ਦੀ ਭਾਸ਼ਾ ਵਿਚ। ਉਸਨੇ ਨਵੇਂ ਸਿਰੇ ਤੋਂ ਸਭ ਕੁਝ ਕੀਤਾ। ਓਧਰ ਜੋ ਲੋਕ ਜੇਲ੍ਹਾਂ ਵਿਚ ਬੰਦ ਸਨ, ਉਹਨਾਂ ਨੂੰ ਐਸੀ ਹਾਲਤ ਵਿਚ ਪੰਜਵਾਂ ਸਾਲ ਲੱਗ ਗਿਆ ਸੀ ਤੇ ਬਾਹਰ ਦੇ ਪ੍ਰੈਸ ਅਤੇ ਐਮਨੈਸਟੀ ਰਾਹੀਂ ਇਹ ਆਵਾਜ਼ ਉੱਠਣ ਲੱਗੀ ਸੀ ਕਿ ਉਹ ਲੋਕ ਜ਼ਮੀਰ ਦੇ ਕੈਦੀ ਹਨ ਅਤੇ ਮੁਲਕ ਵਿਚ ਦਹਿਸ਼ਤਗਰਦੀ ਰਾਜ ਕਰ ਰਹੀ ਸੀ। ਇਸਦਾ ਕੁਝ ਅਸਰ ਇਹ ਹੋਇਆ ਕਿ ਇਹਨਾਂ ਕੈਦੀਆਂ ਨੂੰ ਇਕ ਹੱਦ ਤੀਕ ਲੀਗਲ ਏਡ (ਕਾਨੂੰਨੀ ਸਹਾਇਤਾ) ਦੀ ਆਗਿਆ ਮਿਲੀ ਤੇ ਇਸ ਲੰਮੀ ਕੈਦ ਉੱਤੇ ਵੀ ਉਂਗਲ ਉੱਠਣ ਲੱਗੀ। ਤਦ ਉਸਦਾ ਦਿਲ ਕੀਤਾ ਕਿ ਉਹ ਵੀ ਐਨੇ ਸਮੇਂ ਜੇਲ੍ਹ ਵਿਚ ਹੀ ਰਹਿੰਦੀ ਤਾਂ ਠੀਕ ਸੀ, ਕਿਉਂਕਿ ਜੇਲ੍ਹ ਤੋਂ ਬਾਹਰ ਜ਼ਿਆਦਾ ਬੇਇੱਜ਼ਤੀਆਂ ਤੇ ਤੰਗੀਆਂ ਸਨ। ਤੇ ਹੁਣ ....

ਇਕ ਨਵੇਂ ਸਿਰੇ ਤੋਂ ਉਸ ਉੱਤੇ ਦਬਾਅ ਵਧਾ ਕੇ ਉਸਨੂੰ ਆਪਣਿਆਂ ਦੇ ਖ਼ਿਲਾਫ਼ ਗਵਾਹ ਬਣਾਉਣ ਦੀ ਉਹਨਾਂ ਦੀ ਕੋਸ਼ਿਸ਼ ਖ਼ਤਰਨਾਕ ਸੀ। ਇਹ ਸਭ ਕੁਝ ਉਸਨੂੰ ਤੋੜਨ ਦੇ ਪਿੱਛੋਂ ਹੀ ਸੰਭਵ ਸੀ। ਜੇਲ੍ਹ ਦੇ ਅੰਦਰ ਉਹਨਾਂ ਨੇ ਕਈ ਲੋਕਾਂ ਨਾਲ ਬਹੁਤ ਜ਼ਿਆਦਾ ਸਖ਼ਤੀ ਦੇ ਬਾਅਦ ਉਹਨਾਂ ਨੂੰ ਖ਼ਾਸ ਰਿਆਇਤਾਂ ਦੇ ਕੇ ਇਸ ਕੰਮ ਦੇ ਲਈ ਤਿਆਰ ਕੀਤਾ। ਪਰ ਉਹ ਟੁੱਟੇ ਨਹੀਂ। ਆਖਰ ਵਿਚ ਆ ਕੇ ਉਹ ਮੁਨਕਰ ਹੋ ਗਏ। ਹੁਣ ਇਹਨਾਂ ਮਰਦਾਂ ਦਾ ਖ਼ਿਆਲ ਸੀ ਕਿ ਔਰਤ ਨੂੰ ਨਿਰਬਲ ਕਰਨਾ ਸੌਖਾ ਹੋਵੇਗਾ। ਪਹਿਲਾ ਹਰਬਾ ਜੋ ਪਹਿਲਾਂ ਹੀ ਅਸਫਲ ਹੋ ਗਿਆ ਸੀ। ਹੁਣ ਦੂਸਰੇ ਹਥਿਆਰਾਂ ਦੇ ਪਰਖੇ ਜਾਣ ਦੀ ਨੌਬਤ ਆ ਚੁੱਕੀ ਸੀ ਤੇ ਅੰਦਰ ਕਿਤੇ ਉਹ ਆਪਣੇ ਸਰੀਰਕ ਵਜੂਦ ਦੇ ਪੱਠਿਆਂ ਵਿਚ ਕਮਜ਼ੋਰੀ ਮਹਿਸੂਸ ਕਰ ਰਹੀ ਸੀ। ਪਰ ਆਚਾਰਨਕ ਤਾਕਤ ਵੱਧ ਗਈ ਸੀ।

ਅਖ਼ੀਰ ਨੂੰ ਉਹ ਦਿਨ ਆ ਗਿਆ ਜਦੋਂ ਫੌਜੀ ਅਦਾਲਤ ਨੇ ਸੰਮਨ ਕੀਤਾ। ਉਹਨਾਂ ਦੇ ਹੁਕਮ ਇਕ ਦੂਸਰੀ ਏਜੰਸੀ ਰਾਹੀਂ ਆਏ ਸੀ। ਉਸਦਾ ਜੀ ਕੀਤਾ ਕਿ ਉਹ ਨਾ ਜਾਵੇ, ਪਰ ਉਸ ਨੂੰ ਲਿਜਾਇਆ ਗਿਆ।

ਮਿਲਟਰੀ ਕੋਰਟ, ਜੇਲ੍ਹ ਦੇ ਅੰਦਰ ਹੀ ਲੱਗੀ ਸੀ। ਅੰਗਰੇਜ਼ ਬਸਤੀਵਾਦੀ ਦੌਰ ਦੀ ਬਣੀ ਚੌੜੀ ਅਤੇ ਖ਼ਤਰਨਾਕ ਜੇਲ੍ਹ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਤਿੰਨ ਵੱਡੇ ਫਾਟਕਾਂ ਤੋਂ ਲੰਘਣਾ ਪੈਂਦਾ ਸੀ। ਫਿਰ ਇੱਕ ਵੱਡਾ ਅਹਾਤਾ ਅਤੇ ਮੁਸ਼ੱਕਤੀ ਕੈਦੀਆਂ ਦੇ ਬੈਰਕ, ਫਿਰ ਪ੍ਰਬੰਧਕੀ ਅਮਲੇ ਦੇ ਦਫਤਰ ਤੇ ਪਿੱਛੇ ਕਿਤੇ ਦਰਜਾ-ਬਦਰਜਾ ਕਾਲ-ਕੋਠੜੀਆਂ, ਚੱਕੀਆਂ ਤੇ ਫਾਂਸੀ ਘਰ। ਅੰਗਰੇਜ਼ ਹਾਕਮ ਵੀ ਸਿਆਸੀ ਕੈਦੀਆਂ ਨੂੰ ਪੱਕਾ ਬੰਦ ਕਰਦੇ ਸੀ। ਪਰ ਫੌਜੀ ਅਦਾਲਤਾਂ ਉੱਥੇ ਲਾਉਂਦੇ ਸੀ, ਕੁਝ ਪਤਾ ਨਹੀਂ, ਪਰ ਸਾਰੀ ਤਵਾਰੀਖ਼ ਵਿਚ ਸ਼ਾਇਦ ਹੀ ਕੋਈ ਔਰਤ ਇਸ ਤਰ੍ਹਾਂ ਦੀ ਗਵਾਹੀ ਦੇਣ ਲਈ ਸੱਦੀ ਗਈ ਹੋਵੇ।

ਤੀਸਰੇ ਗੇਟ ਦੇ ਅੰਦਰ ਆ ਕੇ ਉਸਨੂੰ ਉਹ ਪੁਰਾਣਾ ਪਿੱਪਲ ਵਿਖਾਈ ਦਿੱਤਾ, ਜਿਸਦੇ ਤਣੇ ਉੱਤੇ ਕੁਝ ਕੈਦੀਆਂ ਨੇ ਆਪਣੇ ਨਾਂ ਖੋਦ ਦਿੱਤੇ ਸੀ, ਤੇ ਬਾਅਦ ਵਿਚ ਖ਼ੁਦ ਉਸਨੇ ਇਸੇ ਰੁੱਖ ਉੱਤੇ ਕਵਿਤਾ ਲਿਖੀ -

ਤੂੰ ਵੀ ਕੈਦੀ
ਮੈਂ ਵੀ ਕੈਦੀ
ਵੇ ਪਿੱਪਲਾ ਜੇਲ੍ਹ ਦਿਆ।

ਉਹ ਨਜ਼ਮ ਨਾਗਮਣੀ ਵਿਚ ਅੰਮ੍ਰਿਤਾ ਪ੍ਰੀਤਮ ਨੇ ਛਾਪੀ ਸੀ ਤਾਂ ਇਮਰੋਜ਼ ਨੇ ਉਸ 'ਪਿੱਪਲ ਦੀ ਤਸਵੀਰ ਵੀ ਬਣਾਈ ਸੀ।

ਪਰ ਉਸ ਵਕਤ ਉਸਨੇ ਸੋਚਿਆ। ਉਹ ਇਹ ਕਿ ਉਥੇ ਕਈ ਕਵੀ ਤੇ ਅਦੀਬ ਕੈਦੀ ਰਹਿ ਚੁੱਕੇ ਸਨ। ਤੇ ਇੱਕ ਸਾਲ ਪਹਿਲਾਂ ਪੀਪਲਜ਼ ਪਾਰਟੀ ਦੇ ਆਗੂ ਨੂੰ ਉੱਥੇ ਹੀ ਤਸੀਹੇ ਤੇ ਫਾਂਸੀ ਦਿੱਤੀ ਗਈ ਸੀ। ਹੁਣ ਉਹ ਇਕਤਾਲੀ ਸਿਆਸੀ ਵੀ ਉਥੇ ਹੀ ਬੰਦ ਸੀ। ਉਹਨਾਂ ਤੇ ਮੁਕੱਦਮਾ ਚੱਲਣ ਵਾਲਾ ਸੀ। ਕੀ ਹੋਵੇਗਾ? ਕੁਝ ਲਟਕਾ ਦਿੱਤੇ ਜਾਣਗੇ, ਕੁਝ ਲੰਮੀ ਤੇ ਤਕਲੀਫ ਦੇਣ ਵਾਲੀ ਕੈਦ ਵਿਚ ਸੁੱਟ ਦਿੱਤੇ ਜਾਣਗੇ।

ਪਰ ਸ਼ਾਇਦ ਉਹਨਾਂ ਵਿਚੋਂ ਕਿਸੇ ਦੀ ਸਜ਼ਾ ਏਨੀ ਪ੍ਰੀਖਿਆ ਭਰੀ ਨਾ ਸੀ, ਜਿੰਨੀ ਮੇਰੀ ਸੀ। ਉਸਨੇ ਆਪਣੇ ਬਾਰੇ ਸੋਚਿਆ ਤੇ ਜਾ ਕੇ ਉੱਥੇ ਬਹਿ ਗਈ ਜਿੱਥੇ ਉਹਨਾਂ ਨੇ ਇਸ਼ਾਰਾ ਕੀਤਾ। ਸਿਰਫ਼ ਇਕ ਕੁਰਸੀ ਹੀ ਵੱਖਰੀ ਪਈ ਸੀ। ਇੱਕ ਮੇਜ਼ ਦੇ ਗਿਰਦ ਅੱਠ-ਦਸ ਬਘਿਆੜਾਂ ਵਰਗੇ ਆਦਮੀ ਬੈਠੇ ਹੋਏ ਸੀ। ਕੁਝ ਫਾਈਲਾਂ, ਰਜਿਸਟਰ, ਸ਼ਾਇਦ ਉਹਨਾਂ ਦੀਆਂ ਸਰਗਰਮੀਆਂ, ਜੋ ਏਜੰਸੀਆਂ ਨੇ ਬਣਾਈਆਂ ਸੀ। ਥੋੜ੍ਹੀ ਦੇਰ ਬਾਅਦ ਉਸਦੇ ਸਾਹਮਣੇ ਤੋਂ ਉਹ ਸਾਰੇ ਲੰਘੇ। ਹੱਥਾਂ ਵਿਚ ਹੱਥਕੜੀਆਂ, ਪੈਰਾਂ ਵਿਚ ਬੇੜੀਆਂ ਤੇ ਲੰਮੀ ਕਤਾਰ। ਹਰ ਕੈਦੀ ਦੇ ਨਾਲ ਇੱਕ ਸਿਪਾਹੀ, ਹੱਥ-ਕੜੀ ਦੀ ਸੰਗਲੀ ਫੜੀ ਹੋਈ,



ਛਣ-ਛਣ ਉਸਦੇ ਕੈਦੀ ਕਦਮ ਇੱਕ ਸੰਗੀਤ ਪੈਦਾ ਕਰ ਰਹੇ ਸਨ। ਨਾਚ ਜ਼ੰਜੀਰਾਂ ਪਾ ਕੇ ਵੀ ਹੋ ਸਕਦਾ ਹੈ, ਤੇ ਖ਼ੁਦ ਜ਼ੰਜੀਰਾਂ ਵੀ ਸੰਗੀਤ ਪੈਦਾ ਕਰਦੀਆਂ ਨੇ।

ਪੰਜੇਬ ਤੇ ਝਾਂਜਰ ਦੀ ਝਣਕਾਰ ਤੋਂ ਖ਼ੁਸ਼ੀ ਨੱਚਦੀ ਹੈ ਤੇ ਜ਼ੰਜੀਰਾਂ ਦੀਆਂ ਕੜੀਆਂ ਵਿਚੋਂ ਦਰਦ ਗਾਉਂਦਾ ਹੈ। ਕੰਨਾਂ ਉੱਤੇ ਅਸਰ ਤਾਂ ਦੋਵੇਂ ਹੀ ਕਰਦੇ ਨੇ।

ਐਸੀਆਂ ਊਟ-ਪਟਾਂਗ ਗੱਲਾਂ ਉਹ ਸੋਚਦੀ ਰਹੀ ਸੀ ਕਿ ਉਸਦੇ ਨੇੜੇ ਇੱਕ ਚੇਲਾ ਆ ਕੇ ਖੜ੍ਹਾ ਹੋ ਗਿਆ। ਸਹਿਮ ਕੇ ਉਸਨੇ ਉੱਪਰ ਵੇਖਿਆ। "ਇਹ ਆਪ ਦਾ ਬਿਆਨ ਹੈ। ਬੱਸ ਇਹੀ ਬੋਲਣਾ ਹੈ ਆਪ ਨੇ ਮਿਲਟਰੀ ਕੋਰਟ ਦੇ ਸਾਹਮਣੇ।"

ਉਸਨੇ ਕਾਗਜ਼ ਪਕੜ ਲਿਆ ਅਤੇ ਪੜ੍ਹਨ ਲੱਗੀ। ਉਹੀ ਖ਼ਤਰਨਾਕ ਲਿਖਤ ਜੋ ਉਸ ਦੇ ਘਰ ਵੀ ਲਿਆਂਦੀ ਗਈ ਸੀ। ਵੇਖੋ, ਮੈਂ ਇਹ ਬਿਆਨ ਕਿਸ ਤਰ੍ਹਾਂ ਦੇ ਸਕਦੀ ਹਾਂ। ਅਜੇ ਉਸਨੇ ਗੱਲ ਪੂਰੀ ਨਹੀਂ ਕੀਤੀ ਸੀ ਕਿ ਉਹ ਚਲਾ ਗਿਆ। ਤੇ ਦੂਸਰੇ ਦੋ ਗੁਰਗੇ (ਚੇਲੇ) ਉਸਦੇ ਕੋਲ ਆ ਕੇ ਖੜ੍ਹੇ ਹੋ ਗਏ। ਉਹਨਾਂ ਵਿਚੋਂ ਇੱਕ ਦੇ ਲੰਮੇ-ਲੰਮੇ ਦੰਦ ਸੀ। ਦੂਸਰੇ ਦੇ ਮੂੰਹ ਉੱਤੇ ਕੱਟ ਦਾ ਨਿਸ਼ਾਨ। "ਤਾਂ ਤੁਸੀਂ ਇਨਕਾਰੀ ਹੋ?" ਵੇਖੋ, ਇਹ ਬਹੁਤ ਹੀ ਖ਼ਤਰਨਾਕ ਸ਼ਬਦ ਹਨ। ਕਿਸੇ ਲਈ ਖਤਰਾ, ਪੂਰੀ ਗੱਲ ਸੁਣਨ ਤੋਂ ਪਹਿਲਾਂ ਹੀ ਉਹ ਗੁਰਾਅ ਉੱਠੇ। "ਇਧਰ ਵੱਡੇ ਸਾਹਿਬ ਦੇ ਕੋਲ ਜਾ ਕੇ ਗੱਲ ਕਰੋ।"

ਵੱਡੇ ਸਾਹਿਬ ਆਪਣੀਆਂ ਵੱਡੀਆਂ-ਵੱਡੀਆਂ ਮੁੱਛਾਂ ਤੇ ਲਾਲ ਅੱਖਾਂ ਨਾਲ ਬਹੁਤ ਹੀ ਖ਼ੂੰਖ਼ਾਰ ਦਿਖਾਈ ਦਿੱਤਾ। ਉਸਦੇ ਲਾਗੇ ਇਕ ਬੁੱਲ-ਡਾਗ ਕਿਸਮ ਦਾ ਕਿਰਦਾਰ ਬੈਠਾ ਸੀ ਤੇ ਉਹ ਦੋਵੇਂ ਵੀ ਆ ਕੇ ਉਥੇ ਬੈਠ ਗਏ। ਧਮਕੀ, ਨਰਮੀ, ਨੁਕਸਾਨ, ਨਫ਼ਾ ਤੇ ਖ਼ਤਰਨਾਕ ਨਤੀਜਿਆਂ ਦੇ ਹਥਿਆਰ ਇਹ ਔਜ਼ਾਰ (ਸੰਦ) ਉਹਨਾਂ ਨੇ ਵਰਤੇ। ਉਹ ਚੁੱਪ-ਚਾਪ ਸੁਣਦੀ ਰਹੀ ਤੇ ਅੰਦਰ ਦੀ ਅੰਦਰ ਆਪਣਾ ਬਚਾਅ ਮਜ਼ਬੂਤ ਕਰਦੀ ਰਹੀ। ਜੋ ਵੀ ਹੋਵੇ, ਉਸਨੇ ਇਹ ਜੁਰਮ ਨਹੀਂ ਕਰਨਾ। ਅਖ਼ੀਰ ਉੱਤੇ ਸਿਰਫ਼ ਏਨਾ ਕਿਹਾ, "ਵੇਖੋ ਜਨਾਬ! ਆਪ ਜੋ ਵੀ ਹੋ, ਬਹੁਤ ਤਾਕਤਵਰ ਹੋ। ਮਾਸੂਮ ਨੂੰ ਮੁਜਰਮ ਬਣਾ ਸਕਦੇ ਹੋ। ਤੇ ਫਿਰ ਕਰੋ ਜੋ ਕਰਨਾ ਹੈ। ਇਹਨਾਂ ਨਾਲ ਤੇ ਮੇਰੇ ਨਾਲ ਵੀ। ਅਸੀਂ ਆਪ ਦੇ ਕਬਜ਼ੇ ਵਿਚ ਹਾਂ, ਪਰ ਮਰਨ ਤੋਂ ਪਹਿਲਾਂ ਹੱਕ ਸੱਚ ਦੀ ਗੱਲ ਕਹਿਣ ਦਿਓ। ਕੁਫ਼ਰ ਕਿਉਂ ਤੁਲਵਾਉਂਦੇ ਹੋ? ਕਿਸੇ ਬੇਗੁਨਾਹ ਦਾ ਖ਼ੂਨ ਮੇਰੇ ਸਿਰ ਕਿਉਂ ਰੱਖਦੇ ਹੋ। ਮੈਂ ਤਾਂ ਇੱਕ ਆਮ ਇਨਸਾਨ ਹਾਂ। ਆਪ ਸਟੇਟ ਦੇ ਪ੍ਰਤੀਨਿਧ।

"ਕੀ ਆਖਿਆ ਦਰਿੰਦੇ" ਵੱਡਾ ਗੁਰਗਾ ਝਿੰਗਾੜਿਆ।

ਉਹ ਮੁਸਕਰਾ ਪਈ। ਆਪ ਨੇ ਗਲਤ ਸੁਣਿਆ ਮੈਂ ਤਾਂ ਨੁਮਾਇੰਦੇ ਆਖਿਆ ਸੀ।

ਹੂੰ! ਆਪ ਲੋਕਾਂ ਨੂੰ ਗੱਲਾਂ ਬਥੇਰੀਆਂ ਆਉਂਦੀਆਂ ਹਨ। ਉਹ ਲੋਕ ਵੀ ਬਹੁਤ ਗੱਲਾਂ ਕਰਦੇ ਹਨ। ਉਹ, ਜਿਹਨਾਂ ਨੂੰ ਇਹਨਾਂ ਗੱਲਾਂ ਨਾਲ ਫਾਂਸੀ ਮਿਲੀ।

"ਤਦ ਤਾਂ ਮੇਰਾ ਜ਼ੁਰਮ ਸਾਬਤ ਹੈ। ਉਸਨੇ ਸਿਰਫ਼ ਸੋਚਿਆ। ਕਿਉਂਕਿ ਉਹ ਸਾਰੇ

ਇਕਦਮ ਉੱਠ ਕੇ ਕਿਤੇ ਚਲੇ ਗਏ। ਅਦਾਲਤ ਬੈਠਣ ਵਾਲੀ ਹੈ ਨਾ। ਉਸਨੂੰ ਪਹਿਰੇ ਵਾਲੇ ਸਿਪਾਹੀ ਨੇ ਦੱਸਿਆ ਤੇ ਕਈ ਹੋਰ ਗੱਲਾਂ ਵੀ ਦੱਸ ਦਿੱਤੀਆਂ। ਉਸਨੂੰ ਪਤਾ ਸੀ। ਹਰ ਜਗ੍ਹਾ ਅਫਸਰਸ਼ਾਹੀ ਨਾਲ ਇਹਨਾਂ ਛੋਟੇ ਮੁਲਾਜਮਾਂ ਤੇ ਨੌਕਰਾਂ ਦਾ ਵਿਰੋਧ ਹੁੰਦਾ ਹੈ ਤੇ ਬਾਹਰ ਵਾਲਿਆਂ ਨਾਲ ਕੋਈ ਝਗੜਾ ਨਹੀਂ। ਸੋ ਉਸਨੇ ਕਈ ਕੰਮ ਦੀਆਂ ਗੱਲਾਂ ਪੁੱਛੀਆਂ ਤੇ ਇਹ ਕਿ ਮਿਲਟਰੀ ਕੋਰਟ ਦਾ ਕਰਨਲ ਕੌਣ ਹੈ?

ਤਦ ਹੀ ਉਸਨੇ ਅਦਾਲਤ ਨੂੰ ਏਸੇ ਰਾਹ ਥਾਣੀਂ ਜਾਂਦੇ ਵੇਖਿਆ। ਫੌਜੀ ਅਦਾਲਤ, ਸਿਵਿਲ ਅਦਾਲਤ ਨਾਲੋਂ ਕਿਸ ਕਦਰ ਵੱਖਰੀ ਹੁੰਦੀ ਹੈ। ਏਥੇ ਮੁਲਜ਼ਮ ਪਹਿਲਾਂ ਹੀ ਲਿਆ ਕੇ ਬਿਠਾ ਦਿੱਤੇ ਜਾਂਦੇ ਹਨ ਤੇ ਫੈਸਲੇ ਵੀ ਪਹਿਲਾਂ ਹੀ ਕੀਤੇ ਜਾ ਚੁੱਕੇ ਹੁੰਦੇ ਹਨ। ਮੁਲਜ਼ਮ ਦਾ ਵਕੀਲ ਕੋਈ ਨਹੀਂ ਹੁੰਦਾ ਤੇ ਜੱਜ ਵਰਦੀ ਤੇ ਬੂਟ ਪਾਈ ਮੁਨਸਫ ਦੀ ਕੁਰਸੀ ਉੱਤੇ ਆ ਬੈਠਦਾ ਹੈ ਤੇ ਸਰਸਰੀ ਸਮਰੀ ਸੁਣਵਾਈ ਦੇ ਪਿੱਛੋਂ ਫੈਸਲਾ ਸੁਣਾ ਦਿੰਦਾ ਹੈ। ਇਥੇ ਉਸਨੇ ਤਿੰਨ ਚਾਰ ਫੌਜੀ ਅਫਸਰਾਂ ਨੂੰ ਸੱਜੀਆਂ ਵਰਦੀਆਂ ਤੇ ਚਮਕਦੇ ਬੂਟਾਂ ਨਾਲ ਜਾਂਦੇ ਵੇਖਿਆ ਤਾਂ ਉਸ ਪਹਿਰੇਦਾਰ ਨੂੰ ਪੁੱਛਿਆ, "ਇਹ ਕਈ ਫੌਜੀ?"

"ਜੀ ਇੱਕ ਕਰਨਲ ਸਾਹਿਬ, ਤਿੰਨ ਮੇਜਰ ਸਾਹਿਬ ਮੁਕੱਦਮਾ ਬਹੁਤ ਖ਼ਾਸ ਹੈ। ਸਮਰੀ ਕੋਰਟ ਤੋਂ ਬਹੁਤ ਵੱਡੀ। ਏਥੇ ਤਾਂ 60 ਗਵਾਹੀਆਂ ਹਨ। ਇਕਤਾਲੀ ਮੁਜਰਮ ਹਨ ਤੇ ਵੱਡੇ ਗ਼ਦਰ ਦਾ ਮੁਕੱਦਮਾ ਹੈ। ਪੂਰੇ ਸੱਤਾਂ ਦਿਨਾਂ ਦੀ ਸੁਣਵਾਈ ਹੈ। ਹੁਣੇ ਹੀ ਆਪ ਨੂੰ ਵੀ ਬੁਲਾਉਣਗੇ।"

ਪਰ ਸੱਤ ਘੰਟੇ ਲੰਘ ਗਏ। ਉਸਨੂੰ ਬੁਲਾਇਆ ਨਹੀਂ ਗਿਆ। ਵਿਚਕਾਰ ਟੀ-ਬਰੇਕ ਹੋਈ। ਲੋਕੀਂ ਉਸੇ ਰਾਹ ਤੋਂ ਚਾਹ ਪੀਣ ਲਈ ਆਏ ਤੇ ਫਿਰ ਲੰਘੇ। ਪਰ ਉਸਨੂੰ ਕਿਸੇ ਨੇ ਨਹੀਂ ਪੁੱਛਿਆ। ਸ਼ਾਮ ਢਲ ਗਈ ਤੇ ਫਿਰ ਅਦਾਲਤ ਬਰਖ਼ਾਸਤ ਹੋ ਗਈ। ਉਸਨੂੰ ਕਹਿ ਦਿੱਤਾ ਗਿਆ, ਆਪ ਦੀ ਗਵਾਹੀ ਫਿਰ ਕਦੇ ਹੋਵੇਗੀ। ਤੇ ਹੁਣ ਮੈਂ ਕੀ ਕਰਾਂ? ਉਸਨੇ ਆਪਣੇ ਆਪ ਤੋਂ ਪੁੱਛਿਆ, "ਉਠ ਕੇ ਬਾਹਰ ਨਿਕਲੀ। ਕੀ ਕਰੇ? ਕਿਵੇਂ ਜਾਵੇ ਤੇ ਕਿੱਥੇ ਜਾਵੇ? ਏਨੇ ਨੂੰ ਉਸਨੇ ਫੌਜੀਆਂ ਦਾ ਟੋਲਾ ਆਉਂਦਾ ਵੇਖਿਆ। ਭੱਜਕੇ ਉਥੇ ਪਹੁੰਚੀ, ਕਰਨਲ, ਉਸਨੂੰ ਪਤਾ ਲੱਗ ਗਿਆ ਸੀ, ਪਿਛਲੀ ਜੰਗ ਵਿਚ ਹਾਰ ਖਾ ਚੁੱਕਾ ਜੰਗੀ ਕੈਦੀ ਰਹਿ ਚੁੱਕਾ ਸੀ, ਸ਼ਾਇਦ ਕੁਝ ਬੰਦੇ ਦਾ ਪੁੱਤ ਬਣ ਗਿਆ ਹੋਵੇ। ਆਪਣੀ ਪੂਰੀ ਨਾਗਰਿਕ ਸ਼ਾਨ ਨਾਲ ਤੇ ਇਕ ਟੀਚਰ ਅਤੇ ਲੇਖਿਕਾ ਦੀ ਸ਼ਾਨ ਨਾਲ ਉਸਨੇ ਫੌਜੀ ਅਫਸਰ ਨੂੰ ਬੁਲਾਇਆ।

ਆਪ ਨੇ ਮੈਨੂੰ ਗਵਾਹੀ ਲਈ ਸੱਦਿਆ ਤੇ ਦਿਨ ਭਰ ਭੁੱਖੀ ਪਿਆਸੀ ਬਿਠਾਈ ਰੱਖਿਆ। ਕੀ ਗਵਾਹ ਕੋਈ ਮੁਜਰਮ ਹੁੰਦਾ ਹੈ? ਤੇ ਹੁਣ ਮੇਰੇ ਵਾਪਿਸ ਜਾਣ ਲਈ ਕੋਈ ਪ੍ਰਬੰਧ ਨਹੀਂ। ਆਖ਼ਰ ਮੈਂ ਇਕ ਔਰਤ ਹਾਂ। ਤੇ ਇਸੇ ਦੇਸ਼ ਦੀ ਸ਼ਹਿਰੀ ਹਾਂ ਜਿਸਦੇ ਆਪ... ਤੇ ਮੈਂ ਕੋਈ ਮਾਮੂਲੀ ਇਨਸਾਨ ਵੀ ਨਹੀਂ। ਟੀਚਰ ਹਾਂ। ਕਲਮ ਦੀ ਰੌਂ ਵਿਚ ਇੱਕ ਵੱਡੀ



ਹੈਸੀਅਤ ਦੀ ਮਾਲਕ। ਕਰਨਲ ਸ਼ਾਇਦ ਆਪਣੀ ਕਿਸੇ ਪੁਰਾਣੀ ਪੜ੍ਹਾਈ, ਤੇ ਪੁਰਾਣੇ ਤਜਰਬੇ ਦੀ ਕਹਾਣੀ ਸੁਣਾ ਰਿਹਾ ਸੀ। ਤੁਰੰਤ ਸਭਿਅਕ ਹੋ ਗਿਆ ਤੇ ਪਛਤਾਵਾ ਕਰਨ ਲੱਗਾ ਤੇ ਕਿਸੇ ਨੂੰ ਹੁਕਮ ਦਿੱਤਾ "ਬੇਗਮ ਸਾਹਿਬਾ ਨੂੰ ਜਿੱਥੇ ਇਹ ਕਹਿੰਦੇ ਹਨ, ਉਥੇ ਪਹੁੰਚਾ ਕੇ ਆਓ।"

ਉਹੀ ਤਿੰਨ ਗੇਟ ਪਾਰ ਕਰਕੇ ਬਾਹਰ ਸੜਕ ਤੇ ਆ ਕੇ ਉਸਨੂੰ ਲੱਗਿਆ, ਉਹ ਸੱਤ ਘੰਟੇ ਨਹੀਂ ਚੌਦਾਂ ਸਾਲ ਦੀ ਕੈਦ ਕੱਟ ਕੇ ਰਿਹਾ ਕੀਤੀ ਗਈ ਹੋਵੇ। ਸੜਕ ਦੀਆਂ ਬੱਤੀਆਂ ਜਗ ਪਈਆਂ ਸਨ। ਜਦੋਂ ਸਰਕਾਰੀ ਅਹਿਲਕਾਰ ਨੇ ਬਾਹਰ ਖੜ੍ਹੀ ਗੱਡੀ ਵੱਲ ਇਸ਼ਾਰਾ ਕਰਦੇ ਹੋਏ ਪੁੱਛਿਆ, "ਕਿੱਥੇ ਜਾਓਗੇ ਆਪ?" ਉਹ ਪ੍ਰੇਸ਼ਾਨ ਹੋ ਗਈ "ਚਲੋ ਦੱਸਦੀ ਹਾਂ... ਜੇਲ੍ਹ ਦੀ ਸੜਕ ਖਤਮ ਹੁੰਦੇ ਹੀ ਉਸਦੀ ਹੋਸ਼ ਕੰਮ ਕਰਨ ਲੱਗੀ। "ਮੈਨੂੰ ਆਪ ਬੱਸ ਅੱਡੇ ਉਤਾਰ ਦਿਉ।" "ਬੱਸ ਅੱਡੇ?" ਡਰਾਈਵਰ ਸ਼ਾਇਦ ਏਨੀ ਦੂਰ ਜਾਣ ਲਈ ਤਿਆਰ ਨਹੀਂ ਸੀ।

ਛੇ ਘੰਟੇ ਉਸਨੂੰ ਬੱਸ ਦੀ ਸੀਟ ਤੇ ਬੈਠੇਂ ਹੀ ਬੀਤ ਗਏ। ਵਕਤ ਦੀ ਸੈਰ ਕਰਦੀ ਰਹੀ। ਆਸ-ਪਾਸ ਸਾਰੇ ਮੁਸਾਫ਼ਿਰ ਇਕ ਦੂਸਰੇ ਦੇ ਮੋਢਿਆਂ ਉੱਤੇ ਸਿਰ ਟਿਕਾਈ ਸੌਂ ਰਹੇ ਸਨ। ਪਰ ਉਹ ਸਿੰਗਲ ਸੀਟ ਉੱਤੇ ਬੈਠੀ ਸੀ ਤੇ ਉਹਨਾਂ ਵੇਲਿਆਂ ਨੂੰ ਚੇਤੇ ਕਰ ਰਹੀ ਸੀ ਜਦੋਂ ਇਸ ਮੁਲਕ ਦੇ ਅਵਾਮ ਦੇ ਲਈ ਆਜ਼ਾਦੀ ਅਤੇ ਹੱਕਾਂ ਲਈ ਲਹਿਰਾਂ ਚਲਾਈਆਂ ਗਈਆਂ ਸਨ। ਪਹਿਲਾਂ ਤਾਂ ਆਪਣਾ ਮੁਲਕ ਹੀ ਵੱਖਰਾ ਕਰਵਾਇਆ ਗਿਆ। ਸਾਰੇ ਹੱਕਾਂ ਲਈ ਤੇ ਫਿਰ ਰੋਟੀ ਕੱਪੜਾ ਤੇ ਮਕਾਨ ਦੇ ਲਈ। ਸੋਚ, ਫ਼ਿਕਰ ਦੀ ਆਜ਼ਾਦੀ ਲਈ, ਤਰੱਕੀ ਅਤੇ ਤਾਲੀਮ ਲਈ, ਲੋਕ-ਰਾਜ ਤੇ ਸਮਾਜੀ ਇਨਸਾਫ ਦੇ ਲਈ। ਤੇ ਸਾਰੀਆਂ ਬੇਇਨਸਾਫ਼ੀਆਂ ਦੇ ਖਿਲਾਫ਼, ਲੁੱਟ-ਖਸੁੱਟ ਦੇ ਪ੍ਰਬੰਧ ਦੇ ਖ਼ਾਤਮੇ ਲਈ, ਮੁਜਾਰੇਦਾਰੀ, ਦਲਾਲ, ਸਰਮਾਏਦਾਰੀ ਦੇ ਖਾਤਮੇ ਲਈ, ਮਿਹਨਤ ਤੇ ਹੁਨਰ ਦੀ ਸਰ-ਬੁਲੰਦੀ ਵਾਸਤੇ। ਤੇ ਫਿਰ ਕੀ ਕੁਝ ਨਹੀਂ ਹੋਇਆ। ਕੈਸੇ-ਕੈਸੇ ਸਾਮਰਾਜੀ ਹਮਲੇ, ਕੈਸੇ-ਕੈਸੇ ਮਾਰਸ਼ਲ-ਲਾਅ, ਕੈਸੀ-ਕੈਸੀ ਬੇਹੁਰਮਤੀ (ਜ਼ਲੀਲ ਕਰਨਾ) ਉਹਨਾਂ ਸਭ ਦੀ, ਜਿਹਨਾਂ ਨੇ ਉਥੇ ਖ਼ਵਾਬ ਵੇਖੇ ਸੀ। ਪਰ ਲੋਕ ਜਿਹਨਾਂ ਕੋਈ ਖਵਾਬ ਵੀ ਨਹੀਂ ਸੀ ਵੇਖੇ, ਕਿਸ ਤਰ੍ਹਾਂ ਜ਼ਿੰਦਗੀ ਨੂੰ ਉਹਨਾਂ ਲਈ ਸਜ਼ਾ ਬਣਾ ਦਿੱਤਾ ਗਿਆ... ਮਹਿਰੂਮੀ ਤੇ ਨਾਕਾਰੀ ਨੂੰ ਕਿਸ ਤਰ੍ਹਾਂ ਉਹਨਾਂ ਦਾ ਮੁਕੱਦਰ ਬਣਾ ਦਿੱਤਾ ਗਿਆ ਤੇ ਅਖ਼ੀਰ ਇਹ ਡਰਾਉਣਾ ਸੁਪਨਾ..... ਇਹ ਮਾਰਸ਼ਲ-ਲਾਅ... ਖ਼ੂਬਸੂਰਤ ਸ਼ਬਦਾਂ ਤੇ ਖ਼ਿਆਲਾਂ ਦੀਆਂ ਘੁੱਗੀਆਂ ਤੇ ਬੁਲਬੁਲਾਂ... ਉਸ ਦੇ ਦਿਮਾਗ ਵਿਚ ਫਿਰ ਤੋਂ ਕਵਿਤਾ ਉੱਗਣ ਲੱਗੀ।

ਰਾਤ ਅੱਧੀ ਤੋਂ ਜ਼ਿਆਦਾ ਲੰਘ ਚੁੱਕੀ ਸੀ। ਜਦੋਂ ਬੱਸ ਲਾਹੌਰ ਅੱਡੇ ਤੇ ਆਣ ਕੇ ਰੁਕੀ। 'ਚਲੋ ਜੀ ਉਤਰੋ।" ਕਿਸੇ ਨੇ ਕਿਸੇ ਨੂੰ ਆਖਿਆ। ਟੈਕਸੀ, ਟੈਕਸੀ, ਰਿਕਸ਼ਾ, ਰਿਕਸ਼ਾ। ਅਜਬ ਭੂਤਾਂ ਵਰਗੇ ਲੋਕ ਬੋਲ ਰਹੇ ਸਨ। ਉਸਨੇ ਉੱਪਰ ਵੇਖਿਆ, ਆਸਮਾਨ ਤੇ

ਸਿਤਾਰੇ ਸਨ ਤੇ ਦੂਰ ਪਰ੍ਹੇ ਕਿਸੇ ਕੁੱਕੜ ਨੇ ਆਜ਼ਾਨ ਦਿੱਤੀ। ਅਜੇ ਤੇ ਸ਼ਾਇਦ ਮਸਜਿਦ ਦੇ ਮੀਨਾਰ ਬਿਲਕੁਲ ਚੁੱਪ ਸਨ। ਜਾਨਵਰਾਂ ਨੂੰ ਪਤਾ ਲੱਗ ਹੀ ਜਾਂਦਾ ਹੈ। ਇਸ ਘੜੀ ਸ਼ਾਇਦ ਕਿਤੇ ਦੂਰ ਹਨ੍ਹੇਰੇ, ਰੌਸ਼ਨੀ ਨੇ ਇਕ ਦੂਜੇ ਨੂੰ ਸੈਨਤ ਮਾਰੀ। ਕਹਿੰਦੇ ਹਨ, ਜਦੋਂ ਹਨ੍ਹੇਰ ਆਖਰੀ ਹੱਦ ਤੱਕ ਸੰਘਣਾ ਹੋ ਜਾਵੇ, ਤਦ ਰੌਸ਼ਨੀ ਦਾ ਪਹਿਲਾ ਪਲ ਪੈਦਾ ਹੁੰਦਾ ਹੈ। ਅਜੀਬ ਗੱਲ ਹੈ ਨਾ, ਹਨ੍ਹੇਰਾ ਹੀ ਰੌਸ਼ਨੀ ਤੋਂ ਗਰਭ ਧਾਰਨ ਕਰਦਾ ਹੈ। ਕੁਦਰਤ ਦਾ ਪ੍ਰਬੰਧ ਵੀ ਖ਼ੂਬ ਹੈ। ਹਰ ਥਾਂ ਕੁਦਰਤ ਦਾ ਇਕ ਹੀ ਕਾਨੂੰਨ ਕੰਮ ਕਰਦਾ ਹੈ। ਖ਼ਿਆਲ ਦੀ ਰੌਸ਼ਨੀ ਸਮਾਜ ਦੇ ਹਨ੍ਹੇਰੇ ਤੋਂ.... 'ਬਾਜੀ ਰਿਕਸ਼ਾ ਚਾਹੀਦਾ। ਕਿੱਥੇ ਜਾਣਾ ਹੈ ਆਪ ਨੇ?" ਅੱਧੀ ਰਾਤ ਦੇ ਸਮੇਂ ਉਸਦੇ ਖ਼ਿਆਲਾਂ ਦੀ ਰੌਅ ਟੁੱਟ ਗਈ। ਅੱਧੀ ਰਾਤ ਨੂੰ ਉਸਨੂੰ ਲਿਜਾਣ ਲਈ ਕਿਹੜਾ ਰਿਕਸ਼ਾ ਠੀਕ ਰਹੇਗਾ? ਪਿਛਲੀ ਵਾਰ ਉਸਨੇ ਪਖ਼ਤੂਨ ਰਿਕਸ਼ੇ ਵਾਲੇ ਤੇ ਭਰੋਸਾ ਕੀਤਾ ਸੀ ਤੇ ਉਸ ਤੋਂ ਵੀ ਬਹੁਤ ਪਹਿਲਾਂ, ਜਦੋਂ ਕੋਇਟਾ ਵਿਚ ਪਠਾਣ ਤੇ ਪੰਜਾਬੀ ਤਨਾਓ ਸੀ ਤਾਂ ਇਕ ਸਿੰਧੀ ਹਿੰਦੂ ਰਿਕਸ਼ੇ ਵਾਲਾ ਲੱਭਿਆ ਗਿਆ ਸੀ। ਕਿੱਥੇ ਹੈ ਆਪਣਾ ਦੇਸ਼, ਕਿੱਥੇ ਹੈ ਮਨੁੱਖ ਦੀ ਆਜ਼ਾਦੀ ਤੇ ਸੁਰੱਖਿਆ.... ਕਿੱਥੇ ਹੈ ਉਹ ਸਭ ਕੁਝ ਜੋ ਜ਼ਮੀਨ ਆਪਣੇ ਬੱਚਿਆਂ ਨੂੰ ਦਿੰਦੀ ਹੈ?

ਘਰ ਦਾ ਤਾਲਾ ਖੋਲ੍ਹ ਕੇ ਅੰਦਰ ਦਾਖਲ ਹੋਣ ਤੋਂ ਪਹਿਲਾਂ ਉਸਨੂੰ ਅਜੀਬ ਜਿਹੀ ਝਿਜਕ ਹੋਈ। ਅੰਦਰ ਹਨ੍ਹੇਰਾ, ਚੁੱਪ ਤੇ ਵੀਰਾਨੀ ਦੇ ਸਿਵਾ ਕੀ ਹੋਵੇਗਾ? ਪਰ ਨਹੀਂ। ਚੂੰ ਚੂਚਕ, ਇਕ ਚਿੜੀ ਬੋਲੀ, ਫਿਰ ਦੂਸਰੀ ਤੇ ਫਿਰ ਬਹੁਤ ਸਾਰੀਆਂ। ਉਸ ਦੀਆਂ ਵਧੀਆਂ ਦੋਸਤਾਂ ਤੇ ਗੁਲੂਕਾਰਾ ਬੁਲਬੁਲੀਨਾ ਨੇ ਉਹੀ ਰੌਸ਼ਨ ਜਹੀ ਤਾਨ ਛੇੜ ਲਈ ਤਾਂ ਉਸਨੂੰ ਲੱਗਾ, ਸੁਬਾਹ-ਸਾਦਕ ਹੋ ਗਈ ਹੈ। ਜ਼ਿੰਦਗੀ ਵਿਚ ਉਸਦੇ ਆਪਣੇ ਹੋਰ ਦੋਸਤ ਵੀ ਮੌਜੂਦ ਹਨ। ਹੁਣੇ ਹੀ ਸੂਰਜ ਵੀ ਆਪਣਾ ਚਿਹਰਾ ਵਿਖਾਲੇਗਾ। ਧੁੱਪ ਉਸ ਦੀ ਸਦਾ ਸਹੇਲੀ ਰਹੀ ਹੈ ਤੇ ਉਹ ਰਸੋਈ ਵਿਚ ਜਾ ਕੇ ਡੱਬੀ ਲੱਭਣ ਲੱਗੀ, ਤਾਂਕਿ ਚੁੱਲਾ ਬਾਲ਼ ਕੇ ਚਾਹ ਬਣਾਵੇ। ਅੰਦਰ ਦੀ ਠੰਢੀ ਇਕੱਲਤਾ ਵਿਚ ਗਰਮ-ਗਰਮ ਚਾਹ ਦਾ ਭਰਿਆ ਮੱਗ ਕੇਹਾ ਟਾਨਿਕ ਹੈ।

ਸੱਤ ਦਿਨ ਚੁੱਪ ਵਿਚ ਲੰਘੇ। ਉਸਨੇ ਇੱਕ ਕਹਾਣੀ ਲਿਖਣੀ ਆਰੰਭ ਕਰ ਦਿੱਤੀ। ਪਰ ਜਿਹੜੀ ਘੰਟੀ ਦਰਵਾਜ਼ੇ ਉੱਤੇ ਵੱਜਦੀ ਉਸਨੂੰ ਭੈਭੀਤ ਕਰਦੀ ਕਿ ਫਿਰ ਤੋਂ ਸੱਦਾ ਆਇਆ ਹੋਵੇਗਾ। ਆਖ਼ਿਰ ਸੱਤਵੇਂ ਦਿਨ ਨੋਟਿਸ ਆ ਗਿਆ। ਉਸਨੂੰ ਫਿਰ ਤੋਂ ਹਾਜ਼ਰ ਹੋਣ ਦਾ ਹੁਕਮ ਸੀ। ਇਹ ਹੁਕਮ ਉਸ ਫ਼ੌਜੀ ਅਦਾਲਤ ਦੇ ਸਰਬਰਾਹ ਕਰਨਲ ਵਲੋਂ ਆਇਆ ਸੀ। ਪਰ ਐਫ. ਆਈ. ਏ. ਵਾਲੇ ਇੱਕ ਵਾਰ ਫਿਰ ਤੋਂ ਤਿਆਰ ਹੋ ਕੇ ਗੇੜੇ ਕੱਢਣ ਲੱਗੇ। ਗਵਾਹੀ ਦੇ ਨਾਂ ਤੋਂ ਉਸਨੂੰ ਖਿਝ ਆਉਣ ਲੱਗੀ। ਇਸ ਨਾਲੋਂ ਚੰਗਾ ਹੈ ਬੰਦਾ ਕੁਝ ਖਾ ਕੇ ਸੌਂ ਜਾਵੇ। ਉਸਦਾ ਦਿਮਾਗ ਕਦੇ ਤਾਂ ਬਹੁਤ ਹੀ ਨਿਰਾਸ਼ ਹੋ ਜਾਂਦਾ, ਪਰ ਕਦੇ ਉਸਦੇ ਅੰਦਰੋਂ ਇਕ ਤਾਕਤ ਜਾਗਦੀ। ਕੋਈ ਮਾਰਕਸ ਬੋਲਦਾ, ਕੋਈ ਲੈਨਿਨ, ਕੋਈ



ਮਾਓ-ਜ਼ੇ-ਤੁੰਗ.... ਸੰਘਰਸ਼, ਮੁਕਾਬਲਾ, ਲੋਕਾਂ ਨਾਲ ਏਕਤਾ, ਲੋਕਾਂ ਦੀ ਜੰਗ ਜੋ ਉਸ ਨਾਲੋਂ ਕਿਤੇ ਜ਼ਿਆਦਾ ਮੁਸ਼ਕਿਲ ਸੀ। ਗੁਲਾਮੀ ਦੇ ਵਿਰੁੱਧ ਜੰਗ, ਜੱਦੋ-ਜ਼ਹਿਦ, ਮੁਕਾਬਲਾ ਸੀ। ਜਾਬਰਾਂ ਦੇ ਖ਼ਿਲਾਫ਼ ਮੋਰਚਾ, ਇਹ ਸਭ ਕੁਝ ਏਨਾ ਮੁਸ਼ਕਿਲ ਨਾ ਸੀ, ਪਰ ਇਹ ਪ੍ਰੀਖਿਆ ਇੱਕ ਅਜ਼ਮਾਇਸ਼ ਮੁਸ਼ਕਿਲ ਸੀ, ਜਿਸ ਵਿਚ ਉਸਨੂੰ ਪਾ ਦਿੱਤਾ ਗਿਆ ਸੀ... ਆਪਣੇ ਹੀ ਲੋਕਾਂ ਦੇ ਖਿਲਾਫ਼ .....।

ਇਹ ਜੋ ਹੋਇਆ, ਉਹ ਆਮ ਸੋਚਦੇ ਬੰਦੇ ਲਈ ਇਕ ਬੁਝਾਰਤ ਸੀ। ਪਰ ਉਸਨੂੰ ਪਤਾ ਸੀ। ਇਹ ਇਨਸਾਨੀ ਤਾਕਤ ਹੈ। ਬਹੁਤ ਮੁਸ਼ਕਿਲ ਹਾਲਤਾਂ ਵਿਚ ਪ੍ਰਗਟ ਹੁੰਦੀ ਹੈ ਤੇ ਕਿਸੇ ਵੱਡੇ ਮਿਸ਼ਨ ਵਿਚ ਵੀ ਪੈਦਾ ਹੁੰਦੀ ਹੈ। ਹੁਣ ਦੀ ਵਾਰੀ ਉਹ ਕਹਿਰ ਦੇ ਉਸ ਸ਼ਹਿਰ ਜਾਣ ਵਾਸਤੇ ਇੱਕ ਵੱਖਰੇ ਦਿਮਾਗ ਦੇ ਨਾਲ ਬੱਸ ਵਿਚ ਸਵਾਰ ਹੋਈ ਤੇ ਉਸ ਵਕੀਲ ਦੇ ਦਫਤਰ ਜਾ ਉੱਤਰੀ। ਜੋ ਉਹਨਾਂ ਰਾਜਸੀ ਮੁਲਜ਼ਮਾਂ ਦੇ ਲਈ ਲੜ ਰਿਹਾ ਸੀ। ਇਹ ਇੱਕ ਖ਼ਤਰਨਾਕ ਬਾਤ ਸੀ। ਕਿਉਂਕਿ ਸਾਰੇ ਮਾਮਲੇ ਨੂੰ ਅਤਿ ਦਾ ਗੁਪਤ ਰੱਖਣ ਲਈ ਉਸਨੂੰ ਸਖ਼ਤ ਅਤੇ ਧਮਕੀ ਭਰੀ ਤਾਕੀਦ ਕੀਤੀ ਗਈ ਸੀ।

ਐਸੀ ਕੀ ਤੈਸੀ, ਉਸਨੇ ਸੋਚਿਆ। ਮੇਰਾ ਕੰਮ ਉਹਨਾਂ ਦੀ ਹੁਕਮ-ਅਦੂਲੀ ਹੈ। ਹਾਮੀ ਭਰਨੀ ਨਹੀਂ। ਵਕੀਲ ਨਾਲ ਜੋ ਗੱਲ ਹੋਈ ਉਹ ਉਹਨਾਂ ਇਕਤਾਲੀ ਕੈਦੀਆਂ ਨੂੰ ਪਹੁੰਚ ਗਈ ਤੇ ਉਹਨਾਂ ਦੇ ਦਿਲ ਵੱਡੇ ਹੋ ਗਏ। ਇਸ ਤੋਂ ਪਹਿਲਾਂ ਉਹਨਾਂ ਦੇ ਕੁਝ ਅਜੀਜ਼ਾਂ (ਪਿਆਰਿਆਂ) ਰਿਸ਼ਤੇਦਾਰਾਂ ਨੇ ਉਸ ਨਾਲ ਸੰਪਰਕ ਕੀਤਾ ਸੀ। ਉਹ ਉਸਦੀ ਗਵਾਹੀ ਤੋਂ ਡਰੇ ਹੋਏ ਸੀ ਤੇ ਉਹਨਾਂ ਦੇ ਖ਼ਿਆਲ ਵਿਚ ਇਹ ਬਾਤ ਨਹੀਂ ਸੀ ਕਿ ਉਸ ਮੁਸ਼ਕਿਲ ਹਾਲਤ ਵਿਚ ਉਹ ਕੀ ਕਰਨ ਵਾਲੀ ਹੈ। ਚੰਗੇ ਚੰਗੇ ਲੋਕ ਹੌਂਸਲੇ ਹਾਰ ਜਾਂਦੇ ਹਨ। ਪਰ ਉਹ ਇਹਨਾਂ ਚੰਗੇ ਲੋਕਾਂ ਵਿਚੋਂ ਨਹੀਂ ਸੀ। ਉਸਦੀ ਵਿਚਾਰਧਾਰਾ ਹੀ ਹੋਰ ਸੀ। ਉਹਨਾਂ ਦੇ ਵਕੀਲ ਨੂੰ ਉਸ ਨੇ ਸਿਰਫ਼ ਏਨਾ ਹੀ ਕਿਹਾ ਕਿ ਉਹ ਸਭ ਨੂੰ ਬਚਾਉਣਾ ਚਾਹੁੰਦੀ ਹੈ।

ਪਰ ਕਿਸ ਤਰ੍ਹਾਂ? ਵਕੀਲ ਨੇ ਉਲਟਾ ਉਸਨੂੰ ਹੀ ਸਵਾਲ ਕਰ ਦਿੱਤਾ ਤਾਂ ਉਸਨੂੰ ਇਹੀ ਕਹਿਣਾ ਪਿਆ। ਪਤਾ ਨਹੀਂ, ਉਸਨੂੰ ਸੱਚਮੁੱਚ ਪਤਾ ਨਹੀਂ ਸੀ। ਹਾਂ, ਪਰ ਇੱਕ ਨੀਂਹ ਸੀ, ਉਸਨੇ ਪੜਤਾਲ ਵਿਚ ਉਹਨਾਂ ਸਾਰਿਆਂ ਨੂੰ ਮਾਸੂਮ ਲਿਖਿਆ ਸੀ। ਜਿਸ ਉੱਤੇ ਪੜਤਾਲੀਆ ਕਰਨਲ ਨੇ ਅਗਲੇ ਦਿਨ ਖ਼ੁਦ ਉਸਦੇ ਹੱਥਾਂ ਦੇ ਲਿਖੇ ਬਿਆਨਾਂ ਦਾ ਪੁਲੰਦਾ ਲਿਆ ਕੇ ਉਸ ਦੇ ਸਾਹਮਣੇ ਰੱਖ ਦਿੱਤਾ ਤੇ ਇੱਕ ਵਿਅੰਗਮਈ ਹਸਾਉਣੀ ਮੁਸਕਰਾਹਟ ਦੇ ਨਾਲ ਕਿਹਾ ਸੀ, "ਇਤਨੇ ਮਾਸੂਮ ਤਾਂ ਉਹਨਾਂ ਨੇ ਆਪਣੇ ਆਪ ਨੂੰ ਲਿਖਿਆ। ਜਿੰਨੇ ਤੁਸੀਂ ਦੱਸ ਰਹੇ ਹੋ। ਇਹ ਵੇਖੋ ਉਹਨਾਂ ਨੇ ਮਾਰਸ਼ਲ-ਲਾਅ ਦੇ ਵਿਰੁੱਧ ਆਪਣੀ ਜੱਦੋ-ਜਹਿਦ ਦਾ ਖੁੱਲ੍ਹਾ ਇਕਬਾਲ ਕੀਤਾ ਹੈ।

ਹੁਣ? ਉਸਨੇ ਆਪਣੇ ਅੰਦਰ ਵਾਲੀ ਨੂੰ ਸਵਾਲ ਕੀਤਾ। ਅੱਜਕੱਲ੍ਹ ਇਹਨਾਂ ਦੋਵਾਂ ਦੇ ਵਿਚਕਾਰ ਵਿਰੋਧ ਦੀ ਖਾੜੀ ਉੱਤੇ ਸਮਝੌਤੇ ਦਾ ਪੁਲ ਬਣਿਆ ਹੋਇਆ ਹੈ। ਦੋਵੇਂ ਹੀ

ਮੁਸ਼ਕਿਲ ਵਿਚ ਸਨ ਨਾ। ਸੋ ਇਸ ਸਵਾਲ ਉੱਤੇ ਫ਼ਰਕ ਨਹੀਂ, ਇਕੋ ਰਾਏ ਹੋ ਗਈ, ਜੋ ਕਰਨਾ ਹੈ, ਉਹੀ ਕਰਨਾ ਹੈ। ਤੇ ਜੋ ਕਿਹਾ ਸੀ, ਉਹੀ ਕਹਿਣਾ ਹੈ। ਤੇ ਇਹ ਵੀ ਕਿ ਮੈਂ ਕਹਿ ਰਹੀ ਹਾਂ। ਆਪਣੇ ਗਿਆਨ ਦੇ ਅਨੁਸਾਰ ਤੇ ਆਪਣੀ ਯਾਦ-ਸ਼ਕਤੀ ਦੇ ਹਵਾਲੇ ਨਾਲ ਕਹਿ ਰਹੀ ਹਾਂ। ਵਕੀਲ ਨਾਲ ਮਿਲਣ ਦਾ ਇੱਕ ਲਾਭ ਤਾਂ ਇਹ ਹੋਇਆ ਕਿ ਉਸਨੇ ਦੱਸ ਦਿੱਤਾ ਕਿ 63 ਵਿਚੋਂ 60 ਗਵਾਹੀਆਂ ਪਹਿਲਾਂ ਹੋ ਚੁੱਕੀਆਂ ਹਨ। ਦੋ ਗਵਾਹ ਵਾਇਦਾ ਮੁਆਫ਼, ਜਿਹੜੇ ਉਨ੍ਹਾਂ ਨੇ ਬਣਾਏ ਸੀ ਤੇ ਜਿਹਨਾਂ ਨੂੰ ਫਾਂਸੀ ਹੋਣੀ ਸੀ ਉਹ ਇਨਕਾਰੀ ਹੋ ਗਏ ਹਨ। ਐਨ ਵਕਤ ਉੱਤੇ ਉਹਨਾਂ ਨੇ ਖਾਧਾ ਹਰਾਮ ਕਰ ਦਿੱਤਾ। ਦੋ ਸਾਲ ਤੋਂ ਉਹਨਾਂ ਨੂੰ ਤਿਆਰ ਕੀਤਾ ਜਾ ਰਿਹਾ ਸੀ। ਬਹੁਤ ਜ਼ਿਆਦਾ ਸਹੂਲਤਾਂ ਦਿੱਤੀਆਂ ਗਈਆਂ ਸਨ। ਬਹੁਤ ਸਾਰੀਆਂ ਫਰਮਾਇਸ਼ਾਂ ਪੂਰੀਆਂ ਕੀਤੀਆਂ ਗਈਆਂ ਸਨ, ਪਰ ਉਹ ਕਟਹਿਰੇ ਵਿਚ ਖਲੋ ਕੇ ਸਾਫ ਮੁੱਕਰ ਗਏ। ਉਹ ਸਬਕ ਜੋ ਫੈਡਰਲ ਏਜੰਸੀ ਨੇ ਬੜੀ ਮਿਹਨਤ ਨਾਲ ਉਹਨਾਂ ਨੂੰ ਰਟਾਇਆ ਸੀ, ਐਨ ਵਕਤ ਉੱਤੇ ਭੁੱਲ ਗਏ। ਫੌਜ ਦੇ ਕਰਨਲ, ਮੇਜਰ ਤਾਂ ਬਹੁਤ ਵਿਗੜੇ, ਪਰ ਚਾਰੇ ਵਕੀਲ ਤੇ ਸਿਵਿਲ ਮੈਜਿਸਟਰੇਟ ਬਹੁਤ ਖੁਸ਼ ਹੋਏ। ਮੁਕੱਦਮੇ ਦੀ ਨੀਂਹ ਬਿਲਕੁਲ ਹੀ ਟੁੱਟ ਗਈ ਹੈ। ਇਹ ਗੱਲ ਵਕੀਲ ਨੇ ਅਖ਼ੀਰ ਵਿਚ ਆਖੀ।

"ਪਰ ਉਹ ਕਿਵੇਂ? 62 ਗਵਾਹਾਂ ਵਿਚੋਂ ਦੋ ਹੀ ਮੁਨਕਰ ਹੋਏ, ਬਾਕੀ?"

"ਇਹ ਗੱਲ ਕਦੇ ਫਿਰ ਕਰ ਲਵਾਂਗੇ। ਅਜੇ ਤਾਂ ਆਪ ਦਾ ਮਸਲਾ ਬਹੁਤ ਮੁਸ਼ਕਿਲ ਹੈ। ਕਿਉਂਕਿ ਹੁਣ ਸਾਰਾ ਬੋਝ ਆਪ ਦੇ ਉੱਪਰ ਹੈ। ਆਖਰੀ ਗਵਾਹੀ, ਆਖਰੀ ਫੈਸਲਾ ਕਰੇਗੀ।"

ਤੇ ਇਹ ਆਖਰੀ ਗਵਾਹੀ ਇੱਕ ਔਰਤ ਦੀ ਸੀ। ਇੱਕ ਔਰਤ, ਸਾਰੇ ਡਰਾਮੇ ਵਿਚ ਸਿਰਫ਼ ਇੱਕ ਹੀ ਔਰਤ ਹੈ, ਉਸਨੇ ਸੋਚਿਆ। ਮੁਲਜ਼ਮ, ਗਵਾਹ, ਪੁਲਿਸ, ਫੌਜ, ਖੁਫ਼ੀਆ ਏਜੰਸੀਆਂ, ਵਕੀਲ, ਮੈਜਿਸਟਰੇਟ ਤੇ ਗਵਾਹ ਮਰਦ ਹੀ ਮਰਦ। ਕਈ ਸੈਂਕੜੇ ਮਰਦ। ਪਰ ਸਾਰਾ ਮਲਬਾ, ਸਾਰੀਆਂ ਉਮੀਦਾਂ, ਹਾਂ ਆਸਾਂ ਵੀ ਇਸ ਕਦਰ ਟਕਰਾਉਂਦੀਆਂ। ਐਫ. ਆਈ. ਏ. ਤੇ ਦੂਸਰੀਆਂ ਏਜੰਸੀਆਂ ਜਿਹਨਾਂ ਨੇ ਪੂਰੇ ਚਾਰ ਸਾਲ ਤੱਕ ਇਸ ਕੇਸ ਨੂੰ ਉਸਾਰਿਆ ਸੀ, ਕੌਮਾਂਤਰੀ ਮਸ਼ਹੂਰੀ ਦਿਵਾਈ ਸੀ। ਇੱਕ "ਵੱਡੀ ਸਾਜਿਸ਼" ਪਕੜੀ ਸੀ। ਤੇ ਹੁਣ ਕੀ ਹੈ? ਉਸਦੇ ਸਾਰੇ ਗਵਾਹ .... ਉਹਨਾਂ ਦੇ ਆਪਣੇ ਕਰਨਲ, ਬਰਗੇਡੀਅਰ, ਐਸ. ਪੀ., ਡੀ. ਐਸ. ਪੀ. ਤੇ ਡਾਇਰੈਕਟਰ ਰਿਟਾਇਰ ਹੋ ਚੁੱਕੇ ਸੀ। ਉਹਨਾਂ ਨੇ ਜੋ ਪੁਲ ਆਪਣੇ ਹੱਥਾਂ ਨਾਲ ਉਸਾਰਿਆ ਸੀ, ਉਸਦਾ ਲੋਹਾ ਖ਼ੁਦ ਹੀ ਖਿੱਚ ਲਿਆ। ਗਵਾਹੀ ਦੇ ਵਾਸਤੇ ਆਏ ਤਾਂ ਆਪਣੀਆਂ ਲਿਖੀਆਂ ਗੱਲਾਂ ਤੋਂ ਇਹ ਕਹਿ ਕੇ ਗੋਲ ਕਰ ਗਏ ਕਿ "ਅਸੀਂ ਇਹ ਸਭ ਸੁਣਿਆ ਸੀ" ਹੁਣ ਉਹ ਕਿਸੇ ਨੂੰ ਫਾਂਸੀ ਲਵਾਉਣ ਦੀ ਜਿੰਮੇਵਾਰੀ ਲੈਣਾ ਹੀ ਨਹੀਂ ਚਾਹੁੰਦੇ ਸੀ। ਉਹਨਾਂ ਦਾ ਵਿਗੜਨਾ ਵੀ ਕੀ ਸੀ। ਪਰ ਉਸਦਾ ਤਾਂ



ਬਚਦਾ ਹੀ ਕੁਝ ਨਹੀਂ ਸੀ। Devil and the Deep Sea ਵਿਚਕਾਰ ਉਹ ਇਕੱਲੀ ਖਲੋਤੀ ਸੀ। •

ਕਾਂਡ-7

## -ਪੁਲ ਸਰਾਤ ਤੋਂ ਮੁਸ਼ਕਿਲ ਤਰ ਹੈ ਇਹ ਰਸਤਾ

ਇਹ ਸੱਚ ਹੈ, ਉਸਨੇ ਸੋਚਿਆ, ਜ਼ਿੰਦਗੀ ਦੇ ਕਈ ਰਾਹ ਪੁਲਸਰਾਤ ਤੋਂ ਵੱਧ ਮੁਸ਼ਕਿਲ ਹੁੰਦੇ ਹਨ। ਵੇਖੋ ਨਾ, ਪੁਲਸਰਾਤ ਦੇ ਇਕ ਪਾਸੇ ਨਰਕ ਹੁੰਦਾ ਹੈ ਤਾਂ ਦੂਸਰੀ ਤਰਫ਼ ਸਵਰਗ ਵੀ ਤਾਂ ਹੁੰਦਾ ਹੈ। ਮੌਕਾ ਪੰਜਾਹ, ਪੰਜਾਹ। ਉਮੀਦ ਅੱਧੀ, ਨਾ-ਉਮੀਦੀ ਵੀ ਅੱਧੀ। ਪਰ ਇਥੇ ਤਾਂ ਦੋਵੇਂ ਪਾਸੇ ਨਰਕ ਸੀ। ਦੋਵੇਂ ਪਾਸੇ ਨਿਰਾਸ਼ਤਾ, ਸਜ਼ਾ ਹੀ ਸਜ਼ਾ। ਇਨਾਮ (ਜਜ਼ਾ)? ਹਾਂ ਹੈ ਤਾਂ ਸਹੀ। ਬੜੀ ਦੇਰ ਤੱਕ ਖ਼ਿਆਲਾਂ ਦਾ ਗੋਰਖਧੰਦਾ ਕਰਦੇ-ਕਰਦੇ ਉਸ ਨੂੰ ਲੰਮੀ ਹਨ੍ਹੇਰੀ ਸੁਰੰਗ ਦੇ ਆਖਰੀ ਸਿਰੇ ਉੱਤੇ ਰੌਸ਼ਨੀ ਦੀ ਝਲਕ ਵਿਖਾਈ ਦੇ ਗਈ। ਸ਼ੁਕਰ ਹੈ, ਉਹ ਕਿਸੇ ਬੰਦ ਸੁਰੰਗ ਵਿਚ ਨਹੀਂ ਧਕੇਲੀ ਗਈ। ਉਸਨੂੰ ਬੋਲਣ ਦਾ ਮੌਕਾ ਮਿਲ ਰਿਹਾ ਹੈ ਤੇ ਉਹ ਆਪਣੇ ਬੋਲ ਹੀ ਬੋਲੇਗੀ।

ਤੇ ਫਿਰ ਉਹ ਦਿਨ, ਜਦੋਂ ਉਹ ਕੁਰਾਨ ਹੱਥ ਵਿਚ ਫੜੀ ਫੌਜੀ ਅਦਾਲਤ ਦੇ ਰੂ-ਬਰੂ ਖੜ੍ਹੀ ਸੀ। ਸਾਹਮਣੇ ਪੰਜ ਵਰਦੀ ਵਾਲੇ। ਇੱਕ ਤਰਫ਼ ਸਿਵਿਲ ਮੈਜਿਸਟਰੇਟ ਤੇ ਚਾਰ ਵਕੀਲ। ਤੇ ਇਸ ਲੰਮੀ ਜਿਹੀ ਬੈਰਕ ਵਿਚ ਦੋ ਲੰਮੀਆਂ-ਲੰਮੀਆਂ ਕਤਾਰਾਂ ਵਿਚ ਬੈਠੇ ਉਹ ਰਾਜਸੀ ਕਾਰਕੁੰਨ, ਜਿਹਨਾਂ ਨੂੰ ਚਾਰ ਸਾਲ ਤੋਂ ਬਗੈਰ ਮੁਕੱਦਮਾ ਚਲਾਏ ਬੰਦ ਰੱਖਿਆ ਗਿਆ ਸੀ। ਉਹਨਾਂ ਵਿਚੋਂ ਕਈ ਲੜਕੇ ਉਸਨੂੰ ਜਾਣਦੇ ਸੀ, ਆਪਾ (ਵੱਡੀ ਭੈਣ) ਆਖਦੇ ਸੀ, ਉਸ ਦੀਆਂ ਲਿਖੀਆਂ ਕਿਤਾਬਾਂ ਪੜ੍ਹਦੇ, ਸਟੱਡੀ ਸਰਕਲ ਵਿਚ ਮਿਲਿਆ ਕਰਦੇ ਸੀ। ਅੱਜ ਤਾਂ ਉਸਦੀ ਇੱਕ ਮੰਗ ਵੀ ਮੰਨੀ ਗਈ ਸੀ। ਹੱਥ-ਕੜੀ ਵਾਲੇ ਹੱਥ ਵਿਚ ਕਲਮ ਵੀ ਸੀ ਤੇ ਸਾਹਮਣੇ ਕਾਗਜ਼। ਉਸਦੇ ਮੂੰਹ ਵਿਚੋਂ ਨਿਕਲਿਆ ਇੱਕ-ਇੱਕ ਸ਼ਬਦ ਉਹ ਲਿਖ ਰਹੇ ਸੀ। ਇਸ ਲਈ ਉਸ ਸ਼ਾਨਦਾਰ ਅਦਾਲਤ ਵਿਚ ਜਿੱਥੇ ਏਨੇ ਸਾਰੇ ਲੰਮੇ ਇਕ ਰਾਜਸੀ ਮੁਕੱਦਮੇ ਦਾ ਆਖਰੀ ਦਿਨ ਭੁਗਤ ਰਹੇ ਸੀ। ਬਰਾਬਰ ਸੰਗੀਤ ਵੱਜ ਰਿਹਾ ਸੀ... ਛਨ, ਛਨ... ਉਸਦੀ ਕਲਮ ਸ਼ਬਦ ਲਿਖ ਰਹੀ ਸੀ ਤੇ ਹੱਥਕੜੀ ਗੀਤ ਗਾ ਰਹੀ ਸੀ। ਜ਼ੰਜੀਰਾਂ ਦੇ ਸਾਜ਼ ਨਾਲ ਨਾਚ ਦੀ ਗੱਲ ਤੇ ਸੁਣੀ ਸੀ, ਪਰ ਜ਼ੰਜੀਰਾਂ ਦੇ ਸਾਜ ਨਾਲ ਲਫਜ਼ ਲਿਖਣ ਦਾ ਕੰਮ ਉਹ ਆਪਣੇ ਕੰਨਾਂ ਤੇ ਅੱਖਾਂ ਨਾਲ ਸਾਹਮਣੇ ਵੇਖ ਰਹੀ ਸੀ।

ਉਹਨਾਂ ਨੇ ਉਸ ਨੂੰ ਕਟਹਿਰੇ ਵਿਚ ਬੁਲਾਇਆ ਤੇ ਕੁਰਾਨ ਲਿਆ ਕੇ ਉਸਦੇ ਅੱਗੇ ਰੱਖ ਦਿੱਤਾ। ਤੇ ਫਿਰ ਕੁਰਾਨ ਤੇ ਹੱਥ ਰੱਖਕੇ ਆਪਣਾ ਤੇ ਆਪਣੇ ਬਾਪ ਦਾ ਨਾਂ ਲੈ ਕੇ ਸਹੁੰ ਚੁੱਕੀ "ਜੋ ਕਹਾਂਗੀ ਸੱਚ ਕਹੂੰਗੀ। ਸੱਚ ਦੇ ਸਿਵਾ ਕੁਝ ਨਹੀਂ ਕਹੂੰਗੀ।" ਇਸ ਹਲਫ ਪਿੱਛੋਂ ਉਹਨਾਂ ਨੇ ਕੁਰਾਨ ਉਸ ਦੇ ਹੱਥ ਦੇ ਹੇਠੋਂ ਖਿੱਚਣਾ ਚਾਹਿਆ ਪਰ ਉਸਨੇ ਪੂਰੀ ਤਾਕਤ ਨਾਲ ਆਪਣਾ ਹੱਥ ਦਬਾਈ ਰੱਖਿਆ ਤੇ ਖਾਸੇ ਕੜਕੇ ਨਾਲ ਬੋਲੀ, "ਮਤ ਹਟਾਓ।

ਕੁਰਾਨ ਨੂੰ ਮੇਰਾ ਗਵਾਹ ਰਹਿਣ ਦਿਓ। ਆਖ਼ਰ ਮੈਨੂੰ ਵੀ ਇੱਕ ਗਵਾਹ ਦੀ ਲੋੜ ਹੈ।" ਤੇ ਫਿਰ ਉਸਨੇ ਬਿਆਨੰ ਸ਼ੁਰੂ ਕੀਤਾ, ਲੋਕ-ਰਾਜ ਦੇ ਕਤਲ ਦੀ ਕਹਾਣੀ, ਲੋਕ-ਰਾਜ ਨੂੰ ਬਚਾਉਣ ਦੇ ਸੰਘਰਸ਼ ਦੀ ਲੰਮੀ ਕਹਾਣੀ ਦਾ ਬਿਆਨ ਦਰਦਨਾਕ ਹੁੰਦਾ ਚਲਾ ਗਿਆ। ਪਰ ਐਫ. ਆਈ. ਏ. ਦੇ ਡਾਇਰੈਕਟਰ ਦਾ ਦਿਮਾਗ ਪ੍ਰੇਸ਼ਾਨ ਹੋ ਗਿਆ ਤੇ ਉਹ ਚੀਖ ਉੱਠਿਆ। "ਟੂ ਦੀ ਪੁਆਇੰਟ (ਨੁਕਤੇ ਤੇ ਕੇਂਦਰਤ ਰਹੋ) ਜਨਾਬੇ-ਵਾਲਾ ਗਵਾਹ ਗਲਤ ਰਾਹੇ ਪੈ ਗਿਆ ਹੈ। ਅਦਾਲਤ ਨੇ ਆਪਣੀਆਂ ਭਾਰੀਆਂ ਭਵਾਂ ਸੁਕੇੜ ਕੇ ਉਸਨੂੰ ਪੀਲੀਆਂ ਅੱਖਾਂ ਨਾਲ ਵੇਖਿਆ। ਟੂ ਦੀ ਪੁਆਇੰਟ! ਮੇਜਰ ਨੇ ਆਰਡਰ ਦੇ ਲਈ ਆਪਣੀ ਭੱਦੀ ਆਵਾਜ਼ ਦੀ ਵਰਤੋਂ ਕੀਤੀ।

"ਜੀ ਜਨਾਬੇ-ਵਾਲਾ' ਕਹਿ ਕੇ ਉਸਨੇ ਕਹਾਣੀ ਅੰਤ ਦੇ ਕਰੀਬ ਤੋਂ ਸ਼ੁਰੂ ਕੀਤੀ, "ਜਦੋਂ ਜ਼ੁਲਮ ਹੱਦ ਤੋਂ ਵੱਧ ਗਿਆ ਤਾਂ ਲੋਕ ਭੱਜਣ ਲੱਗੇ। ਦੂਸਰੇ ਦੇਸ਼ਾਂ ਵਿਚ ਸ਼ਰਨਾਰਥੀ ਬਣ ਗਏ। ਡੀ. ਐਸ. ਪੀ. ਦਾ ਪਾਰਾ ਚੜ੍ਹ ਗਿਆ। ਆਪ ਦੱਸੋ, ਫਲਾਣੇ ਦੇਸ਼ ਵਿਚ ਇਹ ਕੀ ਕਰਨ ਗਏ ਸੀ? ਜੀ ਮੈਂ ਦੱਸਦੀ ਹਾਂ। ਇਹ ਲੋਕ ਆਪਣੇ ਅਸਫਲ ਸੰਘਰਸ਼ ਵਿਚ ਥੱਕ-ਟੁੱਟ ਗਏ ਸੀ। ਬੇਰੁਜ਼ਗਾਰੀ ਨੇ ਇਹਨਾਂ ਦਾ ਬੁਰਾ ਹਸ਼ਰ ਕਰ ਦਿੱਤਾ ਸੀ। ਇਹ ਤੇਲ ਵਾਲੇ ਮੁਲਕ ਵਿਚ ਜਾ ਕੇ ਚੰਗੀ ਰੋਟੀ ਕਮਾਉਣ ਦੀ ਇੱਛਾ ਇਹਨਾਂ ਨੂੰ ਉਥੇ ਲੈ ਗਈ।

"ਸਾਫ਼ ਸਾਫ਼ ਦੱਸੋ। ਉਹਨਾਂ ਨੇ ਉਥੇ ਅਸਲੇ ਦੀ ਟਰੇਨਿੰਗ ਲਈ।" ਪੁਲਿਸ ਵਾਲਾ ਬੁਰੀ ਤਰ੍ਹਾਂ ਤਿਲਮਿਲਾ ਰਿਹਾ ਸੀ।

"ਅਸਲਾ ਟਰੇਨਿੰਗ? ਉਸਨੇ ਹੈਰਾਨੀ ਦਾ ਪ੍ਰਗਟਾਵਾ ਕੀਤਾ। ਇਹ ਲੋਕ ਸਿਰਫ਼ ਨਾਹਰਿਆਂ ਦੀ ਤੋਪ ਚਲਾਉਂਦੇ ਹੁੰਦੇ ਸੀ। ਇੱਕ ਨਿਹੱਥੀ ਪਾਰਟੀ ਦੇ ਵਰਕਰ ਹਨ। ਆਪਣੇ ਲੀਡਰ ਨੂੰ ਨਹੀਂ ਬਚਾ ਸਕੇ। ਲੋਕ-ਰਾਜ ਦਾ ਕਤਲ ਉਹਨਾਂ ਦੀਆਂ ਅੱਖਾਂ ਸਾਹਮਣੇ ਹੋਇਆ। ਤੇ ਇੱਕ ਜ਼ਿੰਦਾਬਾਦ ਮੁਰਦਾਬਾਦ ਕਰਦੇ ਰਹਿ ਗਏ....

ਦਿਨ ਢਲ ਗਿਆ ਸੀ। ਪਰ ਉਹਨਾਂ ਸਭ ਦੇ ਚਿਹਰਿਆਂ ਤੇ ਸੂਰਜ ਖਿੜ ਪਿਆ ਸੀ। ਉਹ ਜੋ ਉਸਦੀ ਗਵਾਹੀ ਤੋਂ ਡਰੇ ਹੋਏ ਸਨ ਤੇ ਜਿਹਨਾਂ ਦੇ ਵਿਰੁੱਧ ਉਸਦਾ ਇੱਕ ਸ਼ਬਦ ਫਾਂਸੀ ਦੇ ਤਖਤੇ ਤੀਕ ਲੈ ਜਾ ਸਕਦਾ ਸੀ। ਅਦਾਲਤ ਨੇ ਚਾਹ-ਪਾਣੀ ਦੀ ਛੁੱਟੀ ਕੀਤੀ। ਵਕੀਲਾਂ ਦੇ ਚਿਹਰਿਆਂ ਉੱਤੇ ਅਜੀਬ ਤਰ੍ਹਾਂ ਦਾ ਪ੍ਰਭਾਵ ਸੀ। ਉਹਨਾਂ ਨੂੰ ਪਤਾ ਸੀ ਕਿ ਹੁਣ ਉਸ ਨਾਲ ਕੀ ਨਹੀਂ ਹੋਣ ਵਾਲਾ। ਵੈਸੇ ਤਾਂ ਉਹਨਾਂ ਨਾਲ ਵੀ ਉਹੋ ਕੁਝ ਹੋਣਾ ਸੀ, ਜੋ ਡਿਕਟੇਟਰਾਂ ਦੀ ਮਰਜ਼ੀ ਅਤੇ ਜ਼ਰੂਰਤ ਸੀ। ਪਰ ਉਸਨੂੰ ਗਵਾਹ ਬਣਾਕੇ ਨਹੀਂ। ਹਾਂ, ਉਸਦਾ ਆਪਣਾ ਸਿਰ ਕਿੰਨਾ ਹਲਕਾ ਸੀ। ਪਰ ਅਜੇ ਤਾਂ ਦੂਸਰਾ ਸੈਸ਼ਨ ਰਹਿੰਦਾ ਸੀ। ਇਸ ਹਿੰਮਤ ਨੂੰ ਕਾਇਮ ਰੱਖੋ। ਇੱਕ ਵਕੀਲ ਨੇ ਉਸਦੇ ਲਾਗੋਂ ਦੀ ਲੰਘਦੇ ਹੋਏ ਆਖਿਆ ਤੇ ਫਿਰ ਦਫਤਰ ਤੋਂ ਉਸਨੂੰ ਬੁਲਾਵਾ ਆ ਗਿਆ। ਉਹੀ ਸੱਤ ਗੁਰਗੇ ਬੜੇ ਭੜਕੇ ਹੋਏ ਬੈਠ ਸੀ।



"You will face the consequences (ਤੁਸੀਂ ਇਸਦੇ ਸਿੱਟੇ ਭੁਗਤੋਗੇ)

"ਕਿਸ ਜ਼ੁਰਮ ਦੀ ਸਜ਼ਾ ਵਿਚ?"

"ਪਤਾ ਲੱਗ ਜਾਵੇਗਾ" ਬਘਿਆੜ ਗੁਰਾਇਆ।

"ਤੁਸੀਂ ਖੁਦ ਵੀ ਉਹਨਾਂ ਨਾਲ ਜੁਰਮ ਵਿਚ ਭਾਈਵਾਲ ਹੋ।" ਦੂਸਰਾ ਬਘਿਆੜ ਗੁਰਾਇਆ।

"ਆਪ ਦਾ ਬਚਾਅ ਇਸੇ ਵਿਚ ਹੈ ਕਿ ਉਹੋ ਬਿਆਨ ਦੁਹਰਾਓ, ਜੋ ਆਪਨੇ ਲਿਖ ਕੇ ਦਿੱਤਾ ਸੀ" ਉਸਨੇ ਪੁਲਸ ਵਾਲੇ ਦੀ ਗੱਲ ਪੂਰੀ ਕਰ ਦਿੱਤੀ। ਤੇ ਫਿਰ ਕਹਿਣ ਵਾਲੀ ਸੀ ਕਿ ਪੁਲਿਸ ਦੀ ਇਬਾਰਤ ਦੁਹਰਾਉਣ ਦੇ ਲਈ ਕੁਰਾਨ ਨੂੰ ਜ਼ਾਮਨ ਕਿਉਂ ਬਣਾਇਆ? ਲੋਕਾਂ ਨੂੰ ਮੁਜਰਮ ਬਣਾਉਣਾ ਪੁਲਿਸ ਦਾ ਕੰਮ ਹੈ, ਮੇਰਾ ਨਹੀਂ। ਮੈਨੂੰ ਜੋ ਤੰਗੀ ਤੇ ਨੁਕਸਾਨ ਪਹੁੰਚਾਣਾ ਹੈ, ਪਹੁੰਚਾ ਲਓ, ਕਿਉਂਕਿ ਉਹ ਤਕਲੀਫ਼ ਏਨੀ ਨਹੀਂ ਹੋਵੇਗੀ, ਜਿੰਨੀ ਆਪਣੀ ਜ਼ਮੀਰ ਦਾ ਗਲਾ ਘੁੱਟਣ ਦੇ ਬਾਅਦ ਹੋਵੇਗੀ।"

ਦੂਸਰੇ ਸੈਸ਼ਨ ਲਈ ਅਦਾਲਤ ਬੈਠੀ ਤੇ ਉਹ ਕਟਹਿਰੇ ਵਿਚ ਆਈ ਤਾਂ ਉਸਨੇ ਖ਼ੁਦ ਕੁਰਾਨ ਦੀ ਜ਼ਮਾਨਤ ਮੰਗੀ ਤੇ ਨਵੇਂ ਸਿਰੇ ਤੋਂ ਹਲਫ਼ ਲਿਆ।

"ਮੈਂ ਮੁਸੰਮਾ ਫਲਾਣੀ, ਧੀ ਫਲਾਣੇ ਦੀ ਕੌਮ ਰਾਜਪੂਤ ਵਤਨ ਪਾਕਿਸਤਾਨ, ਮਜ਼ਹਬ ਇਸਲਾਮ, ਤਾਰੀਖ ਤੇ ਸਾਲ, ਪਹਿਲੀ ਵਾਰ ਇਸ ਦੁਨੀਆਂ ਵਿਚ ਜੰਮੀ ਤੇ ਸਿਰਫ਼ ਇੱਕ ਵਾਰ ਆਪਣੀ ਕੁਦਰਤੀ ਮੌਤ ਮਰਨਾ ਚਾਹਾਂਗੀ। ਕੋਈ ਐਸਾ ਬਿਆਨ ਨਹੀਂ ਦੇ ਸਕਦੀ, ਜੋ ਕਿਸੇ ਬੇਗੁਨਾਹ ਦੀ ਫਾਂਸੀ ਦਾ ਬਹਾਨਾ ਬਣ ਜਾਵੇ। ਜ਼ਿੰਦਗੀ ਝੂਠੀ ਗਵਾਹੀ ਦਾ ਨਾਂ ਨਹੀਂ ਹੈ, ਇੱਕ ਪ੍ਰੀਖਿਆ ਹੈ।

ਅਦਾਲਤ ਦੇ ਕਮਾਂਡਰ ਕਰਨਲ ਨੇ ਨਾਲ ਬੈਠੇ ਹੋਏ ਮੇਜਰ ਨੂੰ ਹਦਾਇਤ ਕੀਤੀ ਤੇ ਕਾਰਵਾਈ ਬੰਦ ਕਰਨ ਦਾ ਇਸ਼ਾਰਾ ਕੀਤਾ। ਪਰ ਕੁਝ ਹੋਰ ਵੀ ਤਾਂ ਹੋ ਗਿਆ। ਇਕਤਾਲੀ ਕੈਦੀਆਂ ਨੇ ਆਪਣੇ ਹੱਥਾਂ ਦੀਆਂ ਜ਼ੰਜੀਰਾਂ ਛਣਕਾ ਕੇ ਤਾੜੀ ਵਜਾਈ ਅਤੇ ਇੱਕ ਨੇ ਤਾਂ ਕਿਤਿਓਂ ਤਾਜ਼ਾ ਸੁਰਖ਼ ਗੁਲਾਬ ਦੇ ਤਿੰਨ ਚਾਰ ਫੁੱਲ ਉਸਨੂੰ ਪੇਸ਼ ਕੀਤੇ। "ਇਹ ਜੇਲ੍ਹ ਦੇ ਫੁੱਲ ਹਨ" ਕੈਦੀ ਨੇ ਆਖਿਆ। "ਮੈਂ ਵੇਖ ਸਕਦੀ ਹਾਂ ਕਿ ਜੇਲ੍ਹ ਦੇ ਲਾਲ ਫੁੱਲ ਬਹੁਤ ਖ਼ੁਸ਼ਬੂਦਾਰ ਹਨ।" ਉਸਨੇ ਉੱਤਰ ਵਿਚ ਕਿਹਾ। ਕਦੇ ਫੌਜੀ ਅਦਾਲਤਾਂ ਵਿਚ ਐਸਾ ਨਹੀਂ ਹੋਇਆ ਹੋਵੇਗਾ। ਪਰ ਕਿਸੇ ਨੇ ਫੌਜੀ ਦੇ ਵਾਸਤੇ ਇੱਕ ਐਸੀ ਨਜ਼ਮ ਵੀ ਕਿਤਿਓਂ ਲਿਖ ਲਿਆਂਦੀ।

ਕਰਨਲ .... ਦਸ ਸਾਲ ਪਹਿਲਾਂ ਇੱਕ ਹਥਿਆਰ ਸੁੱਟਣ ਵਾਲੀ ਬਟਾਲੀਅਨ ਦਾ ਹਿਸਾ ਸੀ ਤੇ ਜੰਗੀ ਕੈਦੀ ਹੋ ਗਿਆ ਸੀ ਤੇ ਹੁਣ ਉਹ ਇਸ ਮਾਰਸ਼ਲ-ਲਾ ਦਾ ਹਿਸਾ ਹੋ ਕੇ ਵੀ ਸ਼ਾਇਦ ਉਸ ਤਰ੍ਹਾਂ ਦਾ ਨਹੀਂ ਹੋ ਸਕਿਆ ਸੀ, ਜਿਵੇਂ ਫੌਜੀ ਹੁੰਦੇ ਹਨ। ਤੇ ਫਿਰ ਉਹ

ਨਜ਼ਮ ਜੋ ਉਸਨੂੰ ਪਹੁੰਚ ਚੁੱਕੀ ਸੀ। ਗੈਰ-ਇਰਾਦੇ ਦੇ ਤੌਰ ਤੇ ਇਹ ਕਵਿਤਾ ਆਪਣੀ ਕਹਾਣੀ ਦੱਸਣ ਲੱਗੀ।

## ਸੋਚ ਜ਼ਰਾ

ਸੋਚ ਜ਼ਰਾ, ਜ਼ਰਾ ਸੋਚ
ਵਕਤ ਦੀਆਂ ਅੱਖਾਂ ਵਿਚ ਵੇਖ ਜ਼ਰਾ
ਵਕਤ ਦੀਆਂ ਨੇ ਦੋਵੇਂ ਅੱਖਾਂ ਮੈਲੀਆਂ
ਮੈਂ ਤੈਨੂੰ ਆਖਾਂ, ਐ ਖਾਕੀ ਵਰਦੀ ਵਾਲੇ
ਅਰੇ ਕੋਰਟ ਮਾਰਸ਼ਲ ਕਰਨੇ ਵਾਲੇ
ਮਾਰਸ਼ਲ-ਲਾ ਦੇ ਰਖਵਾਲੇ
ਸੋਚ ਜ਼ਰਾ, ਜ਼ਰਾ ਸੋਚ।

ਮੇਰੀ ਕੈਦ ਦੇ ਵਰ੍ਹਿਆਂ ਤੋਂ ਅੱਗੇ ਵੇਖ ਜ਼ਰਾ
ਉਥੇ ਖਲੋਤਾ ਹੈ
ਇਕ ਮੌਸਮ ਨਿਆਰਾ ਜਿਹਾ
ਉਸ ਮੌਸਮ ਦਾ ਇਕ ਦਿਨ ਹੋਵੇਗਾ
ਉਹ ਦਿਨ ਇਸ ਤਰ੍ਹਾਂ ਦਾ ਹੋਵੇਗਾ।

ਜਦੋਂ ਕੋਈ ਕੇਸ ਟਰਾਇਲ
ਤੇਰੇ ਮੇਰੇ ਵਿਚਕਾਰ ਨਹੀਂ ਹੋਵੇਗਾ
ਉਹ ਵੀ ਮੇਰੇ ਜੀਵਨ ਦਾ ਇਕ ਰੰਗ ਹੋਵੇਗਾ
ਪਰ ਤੇਰੇ ਲਈ ਮੌਤ ਦਾ ਰੰਗ ਹੋਵੇਗਾ।

ਸੋਚ ਜ਼ਰਾ, ਜ਼ਰਾ ਸੋਚ
ਪਰ ਉਹ ਦੁੱਖ ਤੇਰਾ ਹੋਵੇਗਾ
ਬੱਸ ਤੇਰਾ ਹੀ ਤੇਰਾ!!

ਮੇਰੀ ਕੈਦ ਦੇ ਮੌਸਮ ਤੋਂ ਅੱਗੇ ਵੇਖ ਜ਼ਰਾ
ਉਸ ਵਕਤ ਵੀ ਇਹ ਧਰਤੀ ਹੋਵੇਗੀ
ਧਰਤੀ ਦੇ ਸਭ ਰਿਸ਼ਤੇ ਸਾਂਝੇ ਹੋਣਗੇ
ਅਤੇ ਤੂੰ ਤੇ ਮੈਂ ਮੁਜਰਮ, ਮੁਨਸਫ਼
ਨਹੀਂ ਹੋਵਾਂਗੇ।

ਫਿਰ ਕੀ ਹੋਵੇਗਾ?
ਸੋਚ ਜ਼ਰਾ
ਜੇ ਕਦੇ ਮਿਲ ਗਏ ਆਪਾਂ ਚੁਰਸਤੇ ਤੇ
ਕਿਤੇ ਰਾਹ, ਗਲੀ, ਸਫ਼ਰ ਵਿਚ
ਕਿਸੇ ਲਿਫਟ ਦੇ ਅੰਦਰ
ਆਉਂਦੇ ਜਾਂਦੇ ਆਹਮਣਾ-ਸਾਹਮਣਾ
ਹੋਵੇਗਾ ਹਾਟ ਬਾਜ਼ਾਰ ਦੇ ਅੰਦਰ।

ਸੋਚ ਜ਼ਰਾ
ਜਦ ਅਸੀਂ ਦੋਵੇਂ ਦੁਸ਼ਮਣ
ਮਰ ਜਾਵਾਂਗੇ
ਇਸ ਧਰਤੀ ਵਿਚ ਦਫ਼ਨਾਏ ਜਾਵਾਂਗੇ
ਉਹ ਵੀ ਤੇ ਇੱਕ ਜੀਵਨ ਹੋਵੇਗਾ
ਮੁਕੱਦਮਾ ਤੇਰੇ ਮੇਰੇ ਵਿਚਕਾਰ
ਕੋਈ ਨਹੀਂ ਹੋਵੇਗਾ
ਕੈਸਾ ਲੱਗੇਗਾ ਉਹ ਮਿਲਣਾ
ਕੈਸਾ ਲੱਗੇਗਾ, ਉਹ ਜੀਣਾ ਮਰਨਾ
ਕਿੰਨਾ ਦੁੱਖ ਹੋਵੇਗਾ

ਅੱਜ ਉਸਨੂੰ ਜੇਲ੍ਹ ਤੋਂ ਬਾਹਰ ਜਾਣ ਦੀ ਪ੍ਰੇਸ਼ਾਨੀ ਕੁਝ ਘੱਟ ਸੀ। ਦੋ ਜਣੇ ਪ੍ਰਸਿੱਧ ਵਕੀਲ ਅੰਦਰ ਹਾਜ਼ਰ ਹਨ, ਜੋ ਉਸਨੂੰ ਗੇਟ ਤੋਂ ਬਾਹਰ ਲਿਜਾ ਸਕਦੇ ਸੀ ਤੇ ਉਹਨਾਂ ਤੋਂ ਹੀ ਉਸਨੇ ਪੁੱਛਿਆ ਸੀ, ਕਿ ਹੁਣ ਮੈਂ ਕੀ ਕਰਾਂ?



ਵਕੀਲ ਬੜੀ ਗੰਭੀਰਤਾ ਨਾਲ ਮੁਸਕਰਾਇਆ ਤੇ ਬੋਲਿਆ, "ਆਪ ਨੇ ਬਹੁਤ ਕੁਝ, ਸਗੋਂ ਸਭ ਕੁਝ ਮੁਕੰਮਲ ਤੌਰ ਤੇ ਕਹਿ ਦਿੱਤਾ ਹੈ। ਹੁਣ ਇਹ ਕਿਸੇ ਨੂੰ ਫਾਂਸੀ ਨਹੀਂ ਲਗਾ ਸਕਦੇ। ਬੱਸ ਲੰਮੀ ਕੈਦ ਕਰ ਸਕਦੇ ਹਨ। ਪਰ ਕਿੰਨੀ ਲੰਮੀ? ਵਕਤ ਬਦਲ ਜਾਵੇਗਾ। ਉਸਨੇ ਉਥੇ ਜੇਲ੍ਹ ਦੇ ਅਹਾਤੇ ਵਿਚ ਖੜ੍ਹੇ ਹੋ ਕੇ ਉੱਪਰ ਆਸਮਾਨ ਵੱਲ ਵੇਖਿਆ ਤਾਂ ਉਸਨੂੰ ਲੱਗਾ, ਸੂਰਜ ਥੱਕਿਆ-ਥੱਕਿਆ ਤੁਰ ਰਿਹਾ ਹੈ। ਇਹੀ ਤਾਂ ਆਸ ਦੀ ਗੱਲ ਹੈ ਕਿ ਸੂਰਜ ਚੱਲਦਾ ਹੈ ਤੇ ਥੱਕਦਾ ਹੈ। ਇਤਿਹਾਸ ਦਾ ਪਹੀਆ ਘੁੰਮਦਾ ਹੈ ਤੇ ਅੱਗੇ ਵਧਦਾ ਹੈ। ਜ਼ਿੰਦਗੀ ਆਪਣੇ ਗਿਰਦ ਘੁੰਮਦੀ ਹੈ ਤੇ ਕਾਇਨਾਤ ਦੀ ਧੁਰੀ ਵਿਚੋਂ ਨਵਾਂ ਵਕਤ ਪੈਦਾ ਹੁੰਦਾ ਰਹਿੰਦਾ ਹੈ ਤੇ ਪੁਰਾਣਾ ਪਿੱਛੇ ਪਰਤ ਜਾਂਦਾ ਹੈ।

"ਵਕਤ ਬਦਲ ਜਾਵੇਗਾ" ਕੌਣ ਬੋਲਿਆ? ਕੋਈ ਉਸਦੇ ਅੰਦਰ ਤੋਂ ਬੋਲਿਆ ਸੀ। ਆਸਮਾਨ ਦੀ ਤਰਫੋਂ ਵੀ ਨਹੀਂ। ਇਹ ਵਕੀਲ ਦੀ ਆਵਾਜ਼ ਸੀ, ਜੋ ਕਹਿ ਰਿਹਾ ਸੀ, "ਕੱਲ੍ਹ ਨੂੰ ਮਾਰਸ਼ਲ-ਲਾ ਦੇ ਕੈਦੀ ਰਿਹਾ ਹੋ ਜਾਣਗੇ ਤੇ ਉਹਨਾਂ ਵਿਚੋਂ ਕੋਈ, ਜਾਂ ਇਹ ਔਰਤ ਵੀ ਜਿਸ ਦੇ ਸਾਥ ਅੱਜ ਤੁਸਾਂ ਬਦਸਲੂਕੀ ਕੀਤੀ ਹੈ। ਤੁਹਾਡੀ ਤਕਦੀਰ ਦਾ ਮਾਲਕ ਬਦਲ ਜਾਵੇਗਾ। ਉਹ ਏਜੰਸੀ ਦੇ ਡਾਇਰੈਕਟਰ ਨਾਲ ਗੱਲ ਕਰ ਰਿਹਾ ਸੀ ਤੇ ਉਸਨੇ ਵੇਖਿਆ, ਬਘਿਆੜ ਦੇ ਚਿਹਰੇ ਤੇ ਪੀਲੱਤਣ ਖਿੰਡ ਰਹੀ ਸੀ, "ਅਸੀਂ ਤਾਂ ਹੁਕਮ ਦੇ ਗੁਲਾਮ ਹਾਂ" ਕਿਸੇ ਨੇ ਕਿਹਾ।

ਜੇਲ੍ਹ ਦੇ ਗੇਟ ਤੋਂ ਬਾਹਰ ਨਿਕਲਦੇ ਹੋਏ ਦੂਸਰਾ ਵਕੀਲ ਵੀ ਉਸ ਨਾਲ ਆਣ ਮਿਲਿਆ ਤੇ ਕਰਨਲ ਵੀ ਆਪਣੀ ਜੀਪ ਦੀ ਤਰਫ ਜਾਂਦੇ-ਜਾਂਦੇ ਇਕ ਛਿਣ ਦੇ ਲਈ ਰੁਕਿਆ, ਫਿਰ ਅੱਗੇ ਵਧ ਗਿਆ। ਉਸਨੂੰ ਲੱਗਿਆ, ਉਹ ਕੁਝ ਕਹਿਣਾ ਚਾਹੁੰਦਾ ਸੀ- ਸ਼ਾਇਦ ਉਹੀ ਗੱਲ, "ਅਸੀਂ ਤਾਂ ਹੁਕਮ ਦੇ ਬੱਧੇ ਹਾਂ। ਫੈਸਲੇ ਤਾਂ ਉੱਪਰ ਹੁੰਦੇ ਨੇ।"

ਤੇ ਠੀਕ ਇੱਕ ਹਫ਼ਤੇ ਬਾਅਦ ਉਸਨੇ ਅਖ਼ਬਾਰ ਵਿਚੋਂ ਪੜ੍ਹ ਲਿਆ। ਇਸ ਕੇਸ ਦੇ ਕੁਝ ਮੁਲਜ਼ਮਾਂ ਨੂੰ ਬਹੁਤ ਲੰਮੀ ਅਤੇ ਕੁਝ ਨੂੰ ਘੱਟ ਲੰਮੀ ਮੁੱਦਤ ਦੀ ਸਜ਼ਾ ਸੁਣਾਈ ਗਈ ਸੀ। ਫਾਂਸੀ ਕਿਸੇ ਨੂੰ ਵੀ ਨਾ ਮਿਲੀ, ਕਿਉਂਕਿ ਐਸਾ ਕੋਈ ਗਵਾਹ ਹੀ ਨਹੀਂ ਮਿਲਿਆ ਸੀ... ਗਵਾਹ! ਉਹਨਾਂ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਵਾਲੀ ਗਵਾਹੀ ਦਾ ਗਵਾਹ ਨਹੀਂ ਮਿਲਿਆ। ਉਸਨੇ ਮਾਰੇ ਖੁਸ਼ੀ ਦੇ ਉਸ ਨਾ ਮਿਲਣ ਵਾਲੇ ਗਵਾਹ ਨੂੰ ਜੱਫੀ ਪਾਉਣੀ ਚਾਹੀ ਤੇ ਫਿਰ ਆਪਣੇ ਹੀ ਹੱਥ ਤੇ ਬਾਹਾਂ ਚੁੰਮ ਲਈਆਂ। ਜ਼ਿੰਦਾਬਾਦ! ਉਸਨੇ ਆਪਣਾ ਨਾਮ ਲਿਆ। ਜੁੱਗ ਜੁੱਗ ਜੀਵੇ ਤੇਰਾ ਨਾਮ। ਉਸਨੇ ਸ਼ੀਸ਼ੇ ਦੇ ਸਾਹਮਣੇ ਖੜ੍ਹੇ ਹੋ ਕੇ ਆਪਣਾ ਚਿਹਰਾ ਵੇਖਿਆ।

ਤੇ ਫਿਰ ਕੁਝ ਦਿਨਾਂ ਬਾਅਦ ਸਭ ਤੋਂ ਛੋਟੀ ਉਮਰ ਦੇ ਕੈਦੀ ਦੀ ਮਾਂ ਉਸਨੂੰ ਮਿਲਣ

ਆਈ ਤਾਂ ਉਸਨੇ ਦੱਸਿਆ ਕਿ "ਮੇਰੇ ਇੱਕੀ ਸਾਲ ਦੇ ਬੇਟੇ ਨੂੰ ਉਹਨਾਂ ਨੇ 65 ਸਾਲ ਕੈਦ-ਬ-ਮੁਸ਼ੱਕਤ ਦੀ ਸਜ਼ਾ ਸੁਣਾਈ। ਐਨੀ ਲੰਮੀ ਕੈਦ। ਮੈਂ ਤੇ ਰੋਣ ਲੱਗੀ ਸੀ। ਪਰ ਮੇਰੇ ਬੇਟੇ ਨੇ ਜੋ ਕਿਹਾ, ਉਹ ਮੈਂ ਤੈਨੂੰ ਦੱਸਣ ਆਈ ਹਾਂ। ਉਸਨੇ ਕਿਹਾ, "ਮਾਂ ਰੋਂਦੀ ਕਿਉਂ ਹੈਂ। ਆਸ ਦੀ ਡੋਰੀ ਫੜੀ ਰੱਖੋ। ਮੈਂ ਛੇਤੀ ਰਿਹਾ ਹੋ ਜਾਵਾਂਗਾ। ਤੇ ਜਦ ਮੇਰੀ ਵਾਰੀ ਆਵੇਗੀ ਤਾਂ ਇਨ੍ਹਾਂ ਨੂੰ ਵੀ ਉਹਨਾਂ ਦੀਆਂ ਉਮਰਾਂ ਨਾਲੋਂ ਲੰਮੀਆਂ ਸਜ਼ਾਵਾਂ ਸੁਣਾਵਾਂਗਾ।"

ਵਕਤ ਬਦਲਦੇ-ਬਦਲਦੇ ਚਾਰ ਸਾਲ ਲੈ ਗਿਆ। ਠੀਕ ਅੱਠ ਸਾਲ ਬਾਅਦ ਵੀ ਕੈਦ ਕੱਟ ਕੇ ਉਹ ਸਾਰੇ ਰਿਹਾ ਹੋਏ ਤਾਂ ਉਸਨੇ ਢੇਰ ਸਾਰੇ ਗੁਲਾਬ ਦੇ ਫੁੱਲ ਖਰੀਦੇ। ਉਨ੍ਹਾਂ ਚਾਰ ਕੈਦੀ ਫੁੱਲਾਂ ਦੀ ਯਾਦ ਵਿਚ, ਜੋ ਉਸਨੂੰ ਜੇਲ੍ਹ ਵਿਚ ਪੇਸ਼ ਕੀਤੇ ਗਏ ਸਨ। ਇਸ ਯਕੀਨ ਦੇ ਨਾਲ ਕਿ ਇਹ ਫੁੱਲ ਆਜ਼ਾਦ ਖੇਤਾਂ ਵਿਚ ਉੱਗੇ ਹਨ ਤੇ ਇਸ ਆਸ ਨਾਲ, ਕਿ ਕਿਸੇ ਦਿਨ ਜੇਲ੍ਹ ਦੇ ਅੰਦਰ ਦੀ ਜ਼ਮੀਨ ਵੀ ਆਜ਼ਾਦ ਖੇਤਾਂ ਵਿਚ ਬਦਲ ਜਾਵੇਗੀ। ਆਸ ਦੀ ਡੋਰੀ ਉਸ ਦਿਨ ਬੜੀ ਮਜ਼ਬੂਤ ਹੋ ਗਈ ਸੀ।

ਪਰ ਕੁਝ ਮਹੀਨਿਆਂ ਬਾਅਦ ਹੀ ਉਹ ਡੋਰੀ ਤੜੱਕ ਕੇ ਟੁੱਟ ਗਈ। ਕੀ ਹੋਇਆ ਸੀ, ਉਸ ਦਿਨ? ਹਾਂ, ਇੱਕ ਦਿਨ ਉਸ ਨੂੰ ਸਰਕਾਰੀ ਖ਼ਤ ਮਿਲਿਆ ਸੀ। ਨਵੀਂ ਸਰਕਾਰ ਨੇ ਰਾਜਧਾਨੀ ਵਿਚ ਉਸਨੂੰ ਇੱਕ ਰਿਹਾਇਸ਼ੀ ਪਲਾਟ ਪੇਸ਼ ਕਰਦੇ ਹੋਏ ਉਸਦੇ ਸੰਘਰਸ਼ ਨੂੰ ਪ੍ਰਵਾਨਗੀ ਦਿੱਤੀ ਸੀ ਤੇ ਇਹ ਸਲਾਹ ਵੀ ਕਿ ਉਹ ਆਸਾਨ ਸ਼ਰਤਾਂ ਉੱਤੇ ਕਰਜ਼ਾ ਲੈ ਕੇ ਆਪਣਾ ਘਰ ਬਣਾ ਸਕਦੀ ਹੈ, ਕਿੰਨਾ ਤੇਜ਼ ਝਟਕਾ ਲੱਗਾ ਸੀ ਉਸਨੂੰ। ਅਹਿਸਾਸ, ਉਮੀਦ ਤੇ ਯਕੀਨ ਦੇ ਧਾਗਿਆਂ ਦੀ ਡੋਰ ਕਿ ਉਸ ਦੀਆਂ ਹੱਡੀਆਂ ਵੀ ਚਸਕਣ ਲੱਗ ਪਈਆਂ। ਕੀ ਉਸ ਨੇ ਸਾਰਾ ਸੰਘਰਸ਼ ਏਸੇ ਲਈ ਕੀਤਾ ਸੀ? ਇਹ ਸਵਾਲ ਜੇਲ੍ਹ ਦੇ ਦਰਵਾਜ਼ੇ ਦਾ ਕੁੰਡਾ ਜਿਹਾ ਬਣਕੇ ਉਸਦੇ ਰੂ-ਬ-ਰੂ ਖੜ੍ਹਾ ਹੋ ਗਿਆ.... ਓਧਰ ਉਹ ਸਾਰੇ ਫੁੱਲ ਸੁੱਕ ਕੇ ਬਦਰੰਗ ਹੋ ਗਏ। ਉਸ ਨੇ ਖਿੜਕੀ ਤੋਂ ਬਾਹਰ ਆਸਮਾਨ ਨੂੰ ਵੇਖਿਆ। ਸੂਰਜ ਹੌਲੀ-ਹੌਲੀ ਚੱਲ ਰਿਹਾ ਸੀ। ਹੂੰ! ਇਹ ਸ਼ਾਮ ਤੀਕ ਹਨ੍ਹੇਰੇ ਦੀ ਜ਼ਮੀਨ ਵਿਚ ਦਾਖਲ ਹੋ ਜਾਵੇਗਾ ਤੇ ਫਿਰ ਇੱਕ ਹੋਰ ਹਨ੍ਹੇਰੀ ਰਾਤ ਦਾ ਸਫ਼ਰ ਕੱਟ ਕੇ ਸਵੇਰ ਦੀ ਰੌਸ਼ਨੀ ਵੇਖੇਗਾ। ਨਵੀਂ ਸਵੇਰ ਦੀ ਰੌਸ਼ਨੀ ਸ਼ਾਇਦ ਮੈਂ ਵੀ ਵੇਖਾਂਗੀ।

ਉਸਨੇ ਆਪਣੀ ਕਲਮ ਲੱਭੀ ਤੇ ਕਾਲੀ ਸਿਆਹੀ ਵਿਚ ਡੁਬੋ ਕੇ ਚਿੱਟੇ ਕਾਗਜ਼ ਉੱਤੇ ਇਹ ਸ਼ਬਦ ਅੰਕਿਤ ਕੀਤੇ, "ਮੈਂ ਉਹ ਜੱਦੋ-ਜ਼ਹਿਦ ਨਵੀਂ ਸਵੇਰ ਤੇ ਗੁਲਾਮ ਖੇਤਾਂ ਦੀ ਆਜ਼ਾਦੀ ਲਈ ਕੀਤੀ ਸੀ, ਨਾ ਕਿ ਦਸ ਮਰਲੇ ਪਲਾਟ ਨੂੰ ਆਪਣੇ ਨਾਂ ਅਲਾਟ ਕਰਵਾਉਣ ਦੇ ਲਈ। ਮਿਹਰਬਾਨੀ ਕਰਕੇ ਇਸ ਪਲਾਟ ਨੂੰ ਮੇਰੇ ਨਾਂ ਤੋਂ ਕੈਂਸਲ ਕੀਤਾ ਜਾਵੇ ਤਾਂ ਕਿ ਮੈਂ ਆਪਣੀ ਜੱਦੋ-ਜ਼ਹਿਦ ਜਾਰੀ ਰੱਖਣ ਦੇ ਲਈ ਆਜ਼ਾਦ ਰਹਿ ਸਕਾਂ।"



ਖ਼ਤ ਡਾਕ ਵਿਚ ਪਾਉਣ ਦੇ ਲਈ ਉਹ ਖ਼ੁਦ ਡਾਕਖਾਨੇ ਤੀਕ ਗਈ ਤੇ ਵਾਪਸ ਆ ਕੇ ਆਪਣੀ ਜੁੱਤੀ ਉੱਤੇ ਜੰਮੀ ਧੂੜ ਵੇਖਕੇ ਇਕ ਜੋਸ਼ ਦੇ ਨਾਲ ਪੈਰ ਜ਼ਮੀਨ ਉੱਤੇ ਮਾਰੇ। ਇਹ ਕਰਦੇ ਹੋਏ ਉਹ ਕੀ ਕਰ ਰਹੀ ਸੀ? ਸ਼ਾਇਦ ਕਈ ਕੰਮ ਇਕ ਸਾਥ ਹੀ ਕਰ ਰਹੀ ਸੀ.. ਝਾੜਨ, ਕੁਚਲਣ ਤੇ ਕਦਮ ਉਠਾਉਣ ਦਾ ਕੰਮ..... ਉਹ ਪੈਰਾਂ ਤੋਂ ਮਿੱਟੀ ਝਾੜ ਰਹੀ ਸੀ ਜਾਂ ਉਸ ਖ਼ਤ ਨੂੰ ਪੈਰਾਂ ਥੱਲੇ ਮਿੱਧ ਰਹੀ ਸੀ ਜੋ ਉਸਨੂੰ ਰਾਜਧਾਨੀ ਤੋਂ ਬੰਨ੍ਹਣ ਲਈ ਆਇਆ ਸੀ। ਜਾਂ ਫਿਰ **Quick March** ਤੇਜ਼ ਚੱਲੋ, ਨਵੀਂ ਜੱਦੋ-ਜ਼ਹਿਦ ਦਾ ਆਰੰਭ ਕਰ ਰਹੀ ਸੀ।

ਅਗਲੇ ਹੀ ਦਿਨ, ਲੋਕਾਂ ਨੇ ਅਖ਼ਬਾਰ ਵਿਚ ਉਸਦਾ ਤਾਜ਼ਾ ਕਾਲਮ ਪੜ੍ਹਿਆ, "ਇਹ ਗ਼ੁਲਾਮ ਲੋਕ-ਰਾਜ ਹੈ। ਇਸੇ ਸਿਰਲੇਖ ਅਧੀਨ ਉਸਨੇ ਵਿਸਥਾਰ ਨਾਲ ਲਿਖਿਆ ਸੀ, ਲੋਕ-ਰਾਜ ਨੂੰ ਵੀ ਆਜ਼ਾਦ ਕਰਵਾਉਣ ਦੀ ਲੋੜ ਹੈ ਤੇ ਇਹ ਵੀ ਕਿ ਲੋਕ-ਰਾਜ ਦਾ ਰਾਜ ਇੱਕ ਗ਼ਲਤ ਤਸੱਵਰ ਸੀ। ਜਮਹੂਰੀਅਤ ਰਾਜ ਨਹੀਂ ਕਰਦੀ ਹੁੰਦੀ। ਜਿਸ ਤਰ੍ਹਾਂ ਆਜ਼ਾਦੀ ਦਾ ਰਾਜ ਇੱਕ ਗ਼ਲਤ ਖ਼ਿਆਲ ਹੈ। ਆਜ਼ਾਦੀ ਕਿਸੇ ਥਾਂ ਲੋਕਾਂ ਦੇ ਨਾਲ ਵੱਸਦੀ ਹੈ, ਰਾਜ ਨਹੀਂ ਕਰਦੀ ਹੁੰਦੀ।

ਉਸਨੂੰ ਯਾਦ ਸੀ, ਇਹ ਸਭ ਕੁਝ ਉਹ ਕਰਦੀ ਫਿਰੀ ਸੀ, ਪਰ ਯਾਦ ਨਹੀਂ, ਕਿਸ ਛਿਣ ਉਸਨੇ ਆਸ ਦੀ ਟੁੱਟੀ ਡੋਰੀ ਨੂੰ ਜੋੜ ਲਿਆ ਤੇ ਕਿਸ ਵੇਲੇ ਇੱਕ ਕਰੋੜ ਬੇਘਰ ਲੋਕਾਂ ਵਲੋਂ ਇਹ ਦਾਅਵਾ ਦਾਇਰ ਕਰ ਦਿੱਤਾ ਕਿ ਉਹਨਾਂ ਦੇ ਘਰਾਂ ਦੀ ਜ਼ਮੀਨ ਕੋਠੀਆਂ ਤੇ ਹਵੇਲੀਆਂ ਵਿਚ ਘੇਰ ਲਈ ਗਈ ਹੈ। ਹਰ ਕਿਸੇ ਦੇ ਪੰਜ ਮਰਲੇ ਕਿਸੇ ਨਾ ਕਿਸੇ ਕਨਾਲ ਵਿਚ ਬੰਦ ਨੇ ਤੇ ਆਜ਼ਾਦ ਕੀਤੇ ਜਾਣ। ਪਰ ਆਪਣੇ ਲਈ ਉਸਨੇ ਮਿਸਿਜ਼ ਸੰਮਾ ਸੱਟਾ ਦਾ ਨਾਂ ਲਿਆ, ਜਿਸਦੀ ਪੰਜ ਕਨਾਲ ਦੀ ਕੋਠੀ ਵਿਚ ਉਸਨੇ ਪੰਜ ਮਰਲੇ ਘਿਰੇ ਹੋਏ ਹੋਣ ਦੀ ਵਜ੍ਹਾ ਕਾਰਨ ਉਹ ਬੇ-ਘਰ ਹੈ। ਏਨਾ ਹੀ ਨਹੀਂ, ਨਬੇਲਾ ਸਟੇਲਾ ਅਤੇ ਬਸ਼ੀਰ ਸਕੀਨਾ ਵੀ ਏਸ ਕਾਰਨ ਬੇਘਰ ਹੈ ਕਿ ਬਾਕੀ ਚਾਰ ਕਨਾਲਾਂ ਵਿਚ ਉਹਨਾਂ ਦੇ ਹਿੱਸੇ ਦੇ ਪੰਜ ਮਰਲੇ ਵੀ ਘੇਰ ਲਏ ਗਏ ਹਨ। ਇਹ ਘੇਰਾ ਤੋੜਨਾ ਚਾਹੀਦਾ ਹੈ।

"ਜ਼ਮੀਨ ਆਜ਼ਾਦ ਕੀਤੀ ਜਾਵੇ।" ਉਸਨੇ ਜਨਤਾ ਦੇ ਨਵੇਂ ਵਿਧਾਨ ਦਾ ਬੁਨਿਆਦੀ ਅਸੂਲ ਸੋਚ ਲਿਆ ਸੀ ਤੇ ਜ਼ਿੰਦਗੀ ਫਿਰ ਅਰਥ ਭਰਪੂਰ ਬਣ ਗਈ। ਪਰ....

ਉਹ ਜੋ ਅਜਾਈਂ ਗਿਆ?

ਉਸਦਾ ਜਵਾਬ ਤਾਂ ਇਤਿਹਾਸ ਵਿਚ ਦਰਜ ਹੋ ਚੁੱਕਾ। ਸੰਘਰਸ਼ ਤਾਂ ਖ਼ੁਦ ਹੀ ਇੱਕ ਕਾਮਯਾਬੀ ਹੈ। •

# ਦਿਲਗੀਰ ਸਿੰਘ

- ਅਫ਼ਜ਼ਲ ਤੌਸੀਫ਼

ਇਹ ਕਹਾਣੀ ਮੈਂ ਆਪਣੇ ਤਾਏ ਕੋਲੋਂ ਸੁਣੀ। ਆਪ ਤਾਏ ਨੂੰ ਇਹ ਕਹਾਣੀ ਓਸ ਵੇਲੇ ਲੱਭੀ, ਜਦੋਂ ਉਹ ਆਪਣੇ ਪਿੰਡੋਂ ਲੁੱਟਿਆ ਪੁੱਟਿਆ, ਵੇਲੇ ਦਾ ਮਾਰਿਆ ਲਾਹੌਰ ਆ ਵੜਿਆ। ਫੇਰ, ਕੁਝ ਦਿਨਾਂ ਪਿੱਛੋਂ ਉਹ ਵਾਲਟਨ ਦੇ ਪਨਾਹਗੀਰ ਕੈਂਪ ਛੱਡ ਕੇ ਸ਼ੇਖ਼ੂਪੁਰੇ ਦੇ ਇੱਕ ਪਿੰਡ ਵਸ ਜਾਣ ਲਈ ਚਲੇ ਗਿਆ। ਉਥੇ ਉਹਨੂੰ ਕੁਝ ਖੇਤ "ਗੁਜ਼ਾਰਾ ਯੂਨਿਟ" ਦੇ ਹਿਸਾਬ ਵਿਚ ਅਲਾਟ ਹੋਏ ਸੀ। ਉਸ ਖੇਤ ਦੇ ਬੰਨੇ ਤੇ ਬੈਠਾ ਉਹ ਕਹਾਣੀ ਵਾਲਾ ਮਿਲਿਆ। "ਇਹ ਦਿਲਗੀਰ ਸਿੰਘ ਏ" ਤਾਏ ਨੂੰ ਪਟਵਾਰੀ ਨੇ ਦੱਸਿਆ। ਤਾਏ ਨੇ ਵੇਖਿਆ, ਬਹੁਤ ਮੈਲੇ ਕੱਪੜੇ ਪਾਈ ਇੱਕ ਜਵਾਨ ਸਿੱਖ ਨੀਵਾਂ ਕਰੀ ਭੁੰਜੇ ਬੈਠਾ ਕੁਝ ਲਿਖ-ਲਿਖ ਕੇ ਮੇਟੀ ਜਾਂਦਾ ਸੀ। ਪਟਵਾਰੀ ਉਥੋਂ ਦਾ ਪੁਰਾਣਾ ਵਾਸੀ ਸੀ। ਉਹਨੇ ਸਾਰੀ ਗੱਲ ਦੱਸੀ।

"ਇਹ ਸਿਖੜਾ ਅਜੇ ਵੀ ਏਥੇ ਈ ਮੁਰੱਬੇ ਨੂੰ ਚਿੰਬੜ ਕੇ ਬੈਠਾ ਹੋਇਆ ਏ। ਨਾ ਘਰਦਿਆਂ ਨਾਲ ਗਿਆ, ਨਾ ਪਿੰਡ ਦਿਆਂ ਨਾਲ" ਹਾ, ਹਾ।

ਪਟਵਾਰੀ ਉੱਚੀ ਸਾਰੀ ਹੱਸਿਆ। ਤਾਏ ਨੂੰ ਉਹਦਾ ਹਾਸਾ ਚੰਗਾ ਨਾ ਲੱਗਿਆ। ਫਿਰ ਵੀ ਉਹ ਆਪਣੀ ਬਕਵਾਸ ਕਰਦਾ ਰਿਹਾ। "ਰੱਸੀ ਸੜ ਗਈ, ਪਰ ਵੱਟ ਨਾ ਗਿਆ। ਇਹ ਹਾਲੇ ਵੀ ਆਪਣੇ ਆਪ ਨੂੰ ਮੁਰੱਬਿਆਂ ਵਾਲਾ ਸਮਝਦਾ ਏ। ਹਾ ਹਾ" ਇਹ ਥੋੜ੍ਹਾ ਜਿਹਾ ਗਵੱਈਆ ਵੀ ਏ। ਫੇਰ ਮਾੜਾ ਜਿਹਾ ਖੰਘ ਕੇ ਆਖਣ ਲੱਗਾ। "ਕਿਉਂ ਭਾਈ ਸਰਦਾਰਾ! ਕਿੱਥੇ ਗਈ ਤੇਰੀ ਹੀਰ ਸਲੇਟੀ? ਪਤਾ ਏ ਮੁਰੱਬੇ ਦਾ ਨਵਾਂ ਮਾਲਕ ਆ ਗਿਆ ਏ। ਹੁਣ ਦੱਸ ਤੇਰਾ ਕੀ ਇਰਾਦਾ?

ਦਿਲਗੀਰ ਸਿੰਘ ਨੇ ਪਟਵਾਰੀ ਦੀ ਗੱਲ ਵੱਲ ਧਿਆਨ ਹੀ ਨਾ ਦਿੱਤਾ। ਉਸੇ ਤਰ੍ਹਾਂ ਜ਼ਮੀਨ ਤੇ ਬੈਠਾ ਆਪਣੀਆਂ ਉਂਗਲਾਂ ਨਾਲ ਕੁਝ ਲਿਖਦਾ ਰਿਹਾ। ਤਾਏ ਨੇ ਉਹਦੇ ਲਿਖੇ ਹੋਏ ਲਫ਼ਜ਼ ਪੜ੍ਹੇ।

ਗੱਡੀ ਆਈ ਏ ਖੁਦਾਈ ਵਾਲੀ,
ਉੱਠ ਵਿਦਿਆ ਕਰ ਬਾਲੋ, ਸਾਡੀ ਰਾਤ ਜੁਦਾਈ ਵਾਲੀ।"

ਪਟਵਾਰੀ ਚਲਾ ਗਿਆ ਤਾਂ ਦਿਲਗੀਰ ਸਿੰਘ ਉੱਠ ਕੇ ਤਾਏ ਕੋਲ ਆ ਗਿਆ। ਹੁਣ ਉਹ ਦੋਵੇਂ ਇਕ ਦੂਜੇ ਨੂੰ ਵੇਖ ਰਹੇ ਸਨ। ਦੋਵਾਂ ਦੀਆਂ ਅੱਖਾਂ ਵਿਚ ਬਥੇਰਾ ਕੁਝ ਸੀ। ਪਰ ਉਹ ਨਫ਼ਰਤ ਨਹੀਂ ਸੀ, ਜੀਹਦੇ ਤੂਫ਼ਾਨ ਖੜ੍ਹੇ ਕੀਤੇ ਗਏ ਸਨ। ਓਸੇ ਨਫ਼ਰਤ ਨੇ ਉਹਨਾਂ ਦੋਵਾਂ ਨੂੰ ਉਜਾੜ ਛੱਡਿਆ ਸੀ। ਬੜੀ ਹੈਰਾਨੀ ਨਾਲ ਉਹ ਇੱਕ ਦੂਜੇ ਕੋਲੋਂ ਅੱਖਾਂ ਦੀ ਜ਼ੁਬਾਨੀ ਪੁੱਛ ਰਹੇ ਸਨ। 'ਕਿਵੇਂ, ਕਿੰਝ, ਕਿਹਦੀ ਕਰਨੀ? ਉਹ ਦੋਵੇਂ ਇੱਕ ਹੁਸ਼ਿਆਰਪੁਰ ਦਾ, ਇੱਕ ਸ਼ੇਖ਼ੂਪੁਰੇ ਦਾ। ਇੱਕ ਦੂਜੇ ਦੇ ਸਾਹਮਣੇ ਆਣ ਖਲੋਤੇ। ਵੇਲੇ ਨੇ ਕੀ ਕੀਤਾ? ਸ਼ਾਇਦ ਈ ਦੁਨੀਆਂ ਵਿਚ ਕਦੇ ਇਸ ਤਰ੍ਹਾਂ ਦੀ ਹੋਈ ਹੋਵੇ। ਉਹਨਾਂ ਦੀ ਚੁੱਪ ਦੇ ਅਰਥ ਬੇਹਿਸਾਬ ਸਨ, ਪਰ ਐਨੇ ਲਫ਼ਜ਼ ਕਿੱਥੋਂ ਆਉਂਦੇ। ਅਖ਼ੀਰ ਉਹਨਾਂ ਵਿਚੋਂ ਇੱਕ ਬੋਲਿਆ, "ਜਿਹਦਾ ਨਾਂ ਦਿਲਗੀਰ ਸਿਆਂ ਸੀ। ਤੈਨੂੰ ਏਥੇ ਛੇ ਕਿੱਲੇ ਮਿਲੇ ਹੋਏ ਨੇ। ਹੈ ਨਾ। ਉਂਝ ਇਹ ਸਾਰਾ ਮੁਰੱਬਾ ਈ ਮੇਰਾ ਏ। ਨਾਲ ਵਾਲਾ ਵੀ ਮੇਰਾ ਏ। ਸਾਰੇ ਪਿੰਡ ਵਿਚ ਇਹ ਦੋ ਮੁਰੱਬੇ ਇੱਕ ਨੰਬਰ ਨੇ। ਮੈਂ ਆਪ ਕਮਾਏ ਨੇ, ਮੈਂ ਨਿੱਕਾ ਜਿਹਾ ਹੁੰਦਾ ਸਾਂ ਜਦੋਂ ਆਪਣੇ ਮਾਂ ਅਤੇ ਬਾਪੂ ਨਾਲ ਏਥੇ ਆਇਆ। ਇਹ ਜ਼ਮੀਨਾਂ ਉਜਾੜ ਸਨ, ਅਸਾਂ ਆਬਾਦ ਕੀਤੀਆਂ। ਇਹ ਸਾਰੀ ਮਿੱਟੀ ਮੈਂ ਆਪ ਕਮਾਈ ਏ। ਮੈਂ।" ਉਹਨੇ ਬਾਹਾਂ ਖਿਲਾਰ ਕੇ ਜਿਵੇਂ ਸਾਰੀ ਧਰਤੀ ਨੂੰ ਆਪਣੇ ਕਲਾਵੇ ਵਿਚ ਲੈਣਾ ਚਾਹਿਆ। ਫਿਰ ਦੋਵੇਂ ਮੁੱਠੀ ਭਰ ਕੇ ਮਿੱਟੀ ਉਹਨੇ ਆਪਣੇ ਖੁੱਲ੍ਹੇ ਗਲਮੇਂ ਅੰਦਰ ਸਾਰੇ ਪਿੰਡੇ ਉੱਤੇ ਧੂੜ ਲਈ। ਮਿੱਟੀ ਭਰੇ ਹੱਥ ਉਹਨੇ ਆਪਣੇ ਵਾਲਾਂ ਨਾਲ ਸਾਫ਼ ਕਰ ਲਏ।

"ਇਹ ਸਾਰੀ ਫ਼ਸਲ" ਉਹਨੇ ਗੰਨੇ ਅਤੇ ਕਪਾਹ ਨਾਲ ਭਰੇ ਖੇਤਾਂ ਵੱਲ ਇਸ਼ਾਰਾ ਕੀਤਾ "ਇਹ ਸਭ ਮੇਰੇ ਹੱਥਾਂ ਦੀ ਬੀਜੀ ਹੋਈ ਏ।" ਦੂਜੇ ਪਾਸੇ ਮੁੰਜੀ ਦੀਆਂ ਪੈਲੀਆਂ, ਬਾਸਮਤੀ ਦੇ ਖ਼ੁਸ਼ਬੂਦਾਰ ਗੁੱਛਿਆਂ ਨਾਲ ਲੱਦੀਆਂ ਖੜ੍ਹੀਆਂ ਸਨ। ਮੁੰਜੀ ਦੀ ਫਸਲ ਹਾਲੀਂ ਗਿੱਠ-ਗਿੱਠ ਉੱਚੀ ਹੋਈ ਹੋਣੀ ਏ। ਬਰਸਾਤ ਦੀਆਂ ਫੁਹਾਰਾਂ ਵਿਚ ਨਹਾ ਕੇ ਉਹਨਾਂ ਦੀ ਖ਼ੂਬਸੂਰਤ ਹਰਿਆਲੀ ਨਿਖਰ ਰਹੀ ਸੀ। ਅਚਨਚੇਤੀ ਲਹੂ ਵਰ੍ਹਨ ਲੱਗਾ। ਆਂਧੀਆਂ ਗ਼ਮ ਕੀ ਐਸੀ ਚਲੀ....... ਉਹ ਗ਼ਮ ਦੀ ਦੁਨੀਆਂ ਵਿਚ ਗਵਾਚਣ ਲੱਗਾ ਸੀ ਕਿ ਤਾਏ ਨੇ ਸਵਾਲ ਕਰ ਦਿੱਤਾ "ਕੀ ਏਥੇ ਵੀ ਉਸੇ ਤਰ੍ਹਾਂ ਵੱਢ ਟੁੱਕ ਹੋਈ?" ਤਾਏ ਨੇ ਆਪਣੀ ਵੱਢੀ ਹੋਈ ਬਾਂਹ ਤੇ ਹੱਥ ਰੱਖਿਆ।

"ਹਾਂ, ਬੇਲੀਆ ਏਥੇ ਵੀ ਸਭ ਕੁਝ ਹੋਇਆ। ਕਹਿਰ ਦੀ ਹਨ੍ਹੇਰੀ ਝੁੱਲ ਗਈ, ਸਭ ਕੁਝ ਉੱਡ-ਪੁੱਡ ਗਿਆ। ਮੇਰੇ ਦੋ ਭਰਾ ਸਨ, ਜਵਾਨ ਭੈਣ ਤੇ ਭਰਜਾਈ, ਹੋਰ ਮੇਰਾ..... ਦਿਲਗੀਰ ਦੀ ਆਵਾਜ਼ ਬੈਠ ਗਈ। ਗਲ ਵਿਚ ਬੇਹਿਸਾਬ ਹਉਕੇ ਫਸ ਗਏ ਸਨ। ਉਹਨੇ ਕੌੜੇ ਅੱਥਰੂ ਘੁੱਟ ਭਰਕੇ ਪੀਤੇ। ਫਿਰ ਘੁੰਮ ਕੇ ਦੂਜੇ ਪਾਸੇ ਮੂੰਹ ਕਰਕੇ ਆਪ ਆਪਣੀਆਂ ਅੱਖਾਂ ਪੂੰਝ ਲਈਆਂ। 'ਉਹ ਵੇਖ' ਉਹਨੇ ਇਕ ਉੱਚੀ ਜਿਹੀ ਥਾਂ ਵੱਲ ਇਸ਼ਾਰਾ ਕੀਤਾ। ਉਸ ਥਾਂ ਕਈ ਨਿੱਕੀਆਂ-ਨਿੱਕੀਆਂ ਟਾਹਲੀਆਂ ਬੀਜੀਆਂ ਗਈਆਂ ਸਨ। "ਮੇਰੇ ਟੱਬਰ ਦੇ ਜੀਅ ਓਥੇ ਹੀ ਦੱਬੇ ਗਏ ਨੇ। ਮੈਂ ਉਹਨਾਂ ਦੇ ਹੱਡ ਅੱਗ ਦੇ ਹਵਾਲੇ ਨਹੀਂ ਕਰ ਸਕਿਆ। ਏਥੇ ਮਿੱਟੀ ਵਿਚ ਲੁਕੋ ਦਿੱਤੇ ਨੇ। ਹੁਣ ਮੈਂ ਆਪ ਵੀ ਏਥੇ ਹੀ ਆਂ। ਆਪਣੇ ਖੇਤ ਵਿਚ ਪਨਾਹਗੀਰ ਹੋਇਆ ਬੈਠਾ ਹਾਂ। ਮੇਰਾ ਕੋਈ ਨਹੀਂ। ਤੇਰੇ ਵਾਂਗ ਉਹਨਾਂ ਨੂੰ ਵੀ ਕਿਸੇ ਹੋਰ ਦੀ ਜ਼ਮੀਨ ਤੇ, "ਗੁਜ਼ਾਰਾ ਯੂਨਿਟ" ਮਿਲ ਗਿਆ ਹੋਵੇ। ਥੋੜ੍ਹੇ ਬਹੁਤੇ ਰਿਸ਼ਤੇਦਾਰ ਖਬਰੇ

ਕਾਫਲਿਆਂ ਨਾਲ ਰਲਕੇ ਹਿੰਦੁਸਤਾਨ ਚਲੇ ਗਏ ਹੋਣਗੇ।"

ਪਤਾ ਨਹੀਂ ਕਿਹੜੇ ਵੇਲੇ ਤਾਏ ਨੇ ਦਿਲਗੀਰ ਸਿੰਘ ਦੀ ਬਾਂਹ ਫੜ ਲਈ। ਦੁੱਖ ਸੁੱਖ ਦੀਆਂ ਗੱਲਾਂ ਟੁਰ ਪਈਆਂ। ਉਹ ਦੋਵੇਂ ਕਿਸਾਨ ਸਨ। ਗੱਲਾਂ ਕਰਦੇ-ਕਰਦੇ ਉਹਨਾਂ ਦੇ ਹੱਥ ਕਪਾਹ ਦੀਆਂ ਫੁੱਟੀਆਂ ਚੁਗਣ ਲੱਗ ਪਏ। ਖਿੜ-ਖਿੜ ਹੱਸਦੀ ਕਪਾਹ ਕਿਸੇ ਚੁਗਣ ਵਾਲੇ ਹੱਥਾਂ ਦਾ ਇੰਤਜ਼ਾਰ ਕਰਦੀ ਉਦਾਸ ਜਿਹੀ ਹੋ ਗਈ ਸੀ। ਫੁੱਟੀ ਚੁਗਦਾ ਦਿਲਗੀਰ ਗੱਲਾਂ ਕਰੀ ਗਿਆ।

"ਮੇਰੀ ਕਪਾਹ ਵਰਗਾ ਫੁੱਲ ਇੱਥੇ ਕਿਸੇ ਖੇਤ ਵਿਚ ਨਹੀਂ ਖਿੜਦਾ। ਮੇਰੇ ਗੰਨਿਆਂ ਜਿੱਡੇ ਉੱਚੇ ਗੰਨੇ ਕਿਸੇ ਵੀ ਕਮਾਦੀ ਵਿਚ ਨਹੀਂ ਉਗਦੇ। ਮੇਰੇ ਚੌਲਾਂ ਦੀ ਖੁਸ਼ਬੂ ਰਾਵੀਓਂ ਪਾਰ ਜਾਂਦੀ ਏ। ਜਦ ਵੀ ਕਿਸੇ ਘਰ ਪ੍ਰਾਹੁਣਾ ਆਉਂਦਾ ਏ।"

ਇੱਕ ਪਲ ਵਾਸਤੇ ਵੇਲੇ ਦੇ ਪਰਿੰਦੇ ਨੇ ਉਡਾਣ ਭਰੀ, ਮੇਰੇ ਚੌਲ, ਮੇਰੇ ਖੇਤ, ਮੇਰਾ ਘਰ.... ਫੇਰ ਪੰਛੀ ਮੁੜ ਗਿਆ। ਉਹਦੇ ਖੰਭ ਕੱਟੇ ਗਏ ਸਨ। ਦਿਲਗੀਰ ਉਦਾਸ ਹੋ ਗਿਆ। ਇੱਕ ਭੋਲਾ ਕਿਸਾਨ ਲੁੱਟਿਆ, ਉਜੜਿਆ, ਜ਼ਖ਼ਮੀ, ਇੱਕ ਦਿਹਾਤੀ ਬੰਦਾ, ਸਿਆਸਤ ਵਾਲਿਆਂ ਦਾ ਸ਼ਿਕਾਰ, ਮਜ਼ਹਬ ਵਾਲਿਆਂ ਦਾ ਸ਼ਿਕਾਰ। ਚੁੱਪ ਦੇ ਦੋ ਪਲ ਲੰਘ ਗਏ। "ਚੰਗਾ ਹੋਇਆ ਚੌਧਰੀ ਤੂੰ ਏਥੇ ਆ ਗਿਆਂ ਏਂ।" ਉਹ ਬੜੇ ਰਸਾਣ ਨਾਲ ਬੋਲਿਆ, "ਇਹ ਜ਼ਮੀਨ ਸੋਨਾ ਏ। ਤੂੰ ਸਾਰਾ ਮੁਰੱਬਾ ਆਪਣੇ ਨਾਂ ਪਵਾ ਲਈਂ। ਮੇਰੀ ਥਾਂ ਤੂੰ ਹਲ ਵਾਹੀਂ। ਪਰ ਵੇਖੀਂ ਓਸ ਥਾਂ ਦਾ ਧਿਆਨ ਰੱਖੀਂ। ਜਿੱਥੇ ਮੈਂ ਨਵੀਆਂ ਟਾਹਲੀਆਂ ਲਾਈਆਂ ਨੇ, ਉਹਨਾਂ ਥੱਲੇ ਮੇਰੀ ਅਮਾਨਤ ਏ।"

ਫਿਰ ਉਹਨੇ ਤਾਏ ਦਾ ਹੱਥ ਫੜ ਲਿਆ "ਮੈਂ ਵੀ ਪਨਾਹੀਂ, ਤੂੰ ਵੀ ਪਨਾਹੀਂ। ਸਾਡੇ ਵਿਚ ਫ਼ਰਕ ਕੀ ਏ? ਪਰ ਅੱਜ ਸਾਡੀ ਦੋਹਾਂ ਦੀ ਸੱਜਣੀ ਰੁੱਸ ਗਈ ਏ। ਅਸੀਂ ਬੇਠਿਕਾਣੇ ਹੋ ਗਏ ਆਂ।" ਉਹ ਦੋਵੇਂ ਧਰਤੀ ਦੇ ਪੁੱਤਰ ਬੈਠੇ ਰੋਂਦੇ ਰਹੇ।

ਤਾਏ ਨੇ ਰੋਟੀ ਲੱਸੀ ਖ਼ਾਤਰ ਦਿਲਗੀਰ ਨੂੰ ਆਖਿਆ, ਪਰ ਉਹ ਮੰਨਿਆ ਨਹੀਂ "ਓਥੇ ਪਿੰਡ ਵਿਚ ਹੁਣ ਮੇਰਾ ਕੀ ਏ। ਮੁੜ ਕਦੇ ਆਖੀਂ ਵੀ ਨਾ। ਨਹੀਂ ਤਾਂ ਮੇਰਾ ਸਾਹ ਨਿਕਲ ਜਾਊ।" ਫਿਰ ਉਹ ਗੀਤ ਜੋੜ ਕੇ ਲਿਖਣ ਲੱਗ ਪਿਆ

"ਸੁਫਨਿਆਂ ਦੇ ਹਵਾਲੇ, ਸੁਫਨਿਆਂ ਦੇ ਹਵਾਲੇ
ਮੇਰਾ ਪਿੰਡ, ਮੇਰਾ ਦਿਲ, ਸਾਡੀ ਰਾਤ ਜੁਦਾਈ ਵਾਲੀ
ਵਿਦਿਆ ਕਰ ਬਾਲੋ।"

ਕਈ ਦਿਨ ਇਸੇ ਤਰ੍ਹਾਂ ਗੱਲਾਂ ਹੋਈਆਂ। ਹੁਣ ਉਹਨਾਂ ਦੀ ਦੋਸਤੀ ਜਨਮ-ਜਨਮ ਪੱਕੀ ਸੀ। ਦਿਲ ਦੀ ਧਰਤੀ ਵਿਚ, ਦਰਦਾਂ ਦੀ ਸਾਂਝ ਨੇ ਜੜ੍ਹ ਫੜ ਲਈ ਸੀ ਨਾ। ਕਿੰਨੇ ਹੀ ਦਿਨ ਤਾਏ ਨੇ ਰੋਟੀ ਲੱਸੀ ਲਿਆ ਕੇ ਦਿਲਗੀਰ ਨੂੰ ਖਵਾਇਆ ਪਿਆਇਆ। ਉਹ ਤਾਂ ਜਿਵੇਂ ਕਾਮਾ ਈ ਬਣ ਗਿਆ ਸੀ। ਸਾਰਾ ਦਿਨ ਖੇਤਾਂ ਉੱਤੇ ਕੰਮ ਕਰੀ ਜਾਂਦਾ। ਕਪਾਹ ਦੀ



ਫੁੱਟੀ-ਫੁੱਟੀ ਚੁਗ ਕੇ ਢੇਰੀਆਂ ਲਾਉਂਦਾ। ਸਬਜ਼ੀ ਨੂੰ ਗੋਡੀ ਦਿੰਦਾ। ਨਰਮ-ਨਰਮ, ਤੋਰੀਆਂ ਘੀਏ ਤੋੜ ਕੇ ਰੱਖ ਲੈਂਦਾ। ਪਾਣੀ ਦੀਆਂ ਆਡਾਂ, ਖਾਲ਼ੇ ਠੀਕ ਕਰਦਾ। ਜਦੋਂ ਥੱਕ ਜਾਂਦਾ ਤਾਂ ਉਹ ਆਪਣਾ ਠੀਕਰੀ ਦਾ ਕਲਮ ਫੜ ਕੇ ਜ਼ਮੀਨ ਤੇ ਲਿਖਣ ਲੱਗ ਪੈਂਦਾ। ਨਾਲ ਨਾਲ ਗਾਉਂਦਾ। ਡੁੱਬਦੇ ਸੂਰਜ ਨੂੰ ਵੇਖਦਾ ਰਹਿੰਦਾ। ਫਿਰ ਜਦੋਂ ਰਾਤ ਪੈ ਜਾਂਦੀ, ਤਾਂ ਉਥੇ ਹੀ ਪੈ ਕੇ ਸੌਂ ਜਾਂਦਾ। ਖੇਤ ਦੇ ਇੱਕ ਪਾਸੇ ਬੰਨੇ ਨਾਲ, ਪੁਰਾਣੀ ਟਾਹਲੀ ਥੱਲੇ, ਉਹਨੇ ਥਾਂ ਨੀਵੀਂ ਕਰਕੇ ਪਰਾਲੀ ਵਿਛਾਈ ਹੋਈ ਸੀ। ਉਹੋ ਉਹਦਾ ਬਿਸਤਰਾ ਸੀ, ਉਹੋ ਰਜਾਈ ਇਸ ਤਰ੍ਹਾਂ ਦੇ ਹਾਲਾਤ ਵਿਚ ਉਹ ਇੰਝ ਰਹਿੰਦਾ ਪਿਆ ਸੀ, ਜਿਵੇਂ ਜਨਮ ਜਨਮ ਤੋਂ ਇਸੇ ਤਰ੍ਹਾਂ ਰਹਿੰਦਾ ਪਿਆ ਹੋਵੇ। ਜਿਵੇਂ ਜਨਮ ਤੋਂ ਬੇ-ਘਰਾਂ, ਬੇ-ਵਤਨਾ ਹੋਵੇ। ਉਹ ਸਿੱਖ ਸੀ, ਪਰ ਮਜ਼ਹਬ ਉਹਦਾ ਮਾਮਲਾ ਨਹੀਂ ਸੀ। ਉਹ ਤਾਂ ਆਪਣੀ ਪਿਆਰ ਦੀ ਧਰਤੀ ਨਾਲ ਬੰਨ੍ਹਿਆਂ ਹੋਇਆ ਸੀ। ਇਸੇ ਤਰ੍ਹਾਂ ਤਾਇਆ ਵੀ ਸੀ। ਫਿਰ ਵੀ ਤਾਏ ਨੇ ਉਹਨੂੰ ਮਸ਼ਵਰਾ ਦਿੱਤਾ। ਉਹ ਕੇਸ ਕਟਾ ਕੇ, ਨਾਂ ਬਦਲ ਕੇ ਇੱਥੇ ਹੀ ਰਹੇ ਆਰਾਮ ਨਾਲ।

"ਨਹੀਂ" ਉਹਨੇ ਜਵਾਬ ਦਿੱਤਾ। "ਇਹ ਤਾਂ ਦੂਜੀ ਵਾਰੀ ਜਨਮ ਲੈਣ ਦੇ ਬਰਾਬਰ ਦੀ ਗੱਲ ਹੋਈ। ਦੂਜੀ ਵਾਰੀ ਜਨਮ ਹੁੰਦਾ ਏ, ਪਰ ਬੰਦੇ ਦੀ ਮਰਜ਼ੀ ਨਾਲ ਨਹੀਂ। ਇਸ ਤਰ੍ਹਾਂ ਤਾਂ ਨਾਂ ਦੇ ਨਾਲ ਮੈਨੂੰ ਮਾਂ ਵੀ ਬਦਲਣੀ ਪਵੇਗੀ, ਇੰਝ ਵੀ ਕਦੇ ਹੋਇਆ। ਇੱਕ ਆਦਮੀ ਦੀਆਂ ਦੋ-ਦੋ ਮਾਵਾਂ ਹੋਣ। ਜਾਨਵਰ ਦੀਆਂ ਵੀ ਦੋ ਨਹੀਂ ਹੁੰਦੀਆਂ।"

ਪਰ ਤਾਏ ਦੀਆਂ ਫ਼ਿਕਰਾਂ ਕੁਝ ਹੋਰ ਸਨ। ਲੋਕਾਂ ਨੇ ਇਤਰਾਜ਼ ਕਰਨੇ ਸ਼ੁਰੂ ਕਰ ਦਿੱਤੇ ਸਨ। ਸਿੱਖ ਇੱਥੇ ਕਿਉਂ ਰਹਿੰਦਾ ਏ? ਉਹਨੂੰ ਜਾਣਾ ਚਾਹੀਦਾ ਏ।" ਸੱਚੀ ਗੱਲ ਤਾਂ ਇਹ ਏ ਪਈ ਤਾਇਆ ਦਿਲੋਂ ਨਹੀਂ ਸੀ ਚਾਹੁੰਦਾ ਕਿ ਦਿਲਗੀਰ ਜਾਵੇ। ਉਹ ਪਿੱਛੇ ਪੰਜ ਭਰਾ ਮਰਵਾ ਕੇ ਆਇਆ ਸੀ। ਉਹਦਾ ਦਿਲ ਕਰਦਾ ਸੀ ਦਿਲਗੀਰ ਦੀ ਜੂਨ ਉਹਨਾਂ ਵਿਚੋਂ ਕਿਸੇ ਇੱਕ ਵਰਗੀ ਹੋ ਜਾਵੇ। ਉਹਨੂੰ ਦੂਜੀ ਬਾਂਹ ਮਿਲ ਜਾਵੇ। ਉਹਨੂੰ ਚੰਗਾ ਵੀ ਲੱਗਾ ਸੀ।

ਇੱਕ ਦਿਨ ਦੁਪਹਿਰਾਂ ਵੇਲੇ ਲੱਸੀ ਦਾ ਛੰਨਾ ਖਾਲੀ ਕਰਕੇ ਉਹਨੇ ਤਾਏ ਕੋਲੋਂ ਪੁੱਛਿਆ, "ਸੱਚ ਦੱਸੀਂ ਚੌਧਰੀ, ਇਹ ਕਿਹੜੀ ਮੱਝ ਦੀ ਲੱਸੀ ਏ?"

"ਬੂਰੀ ਦੀ" ਤਾਏ ਨੇ ਦੱਸਿਆ।

"ਬੂਰੀ ਪੰਜ ਕਲਿਆਣੀ ਦੀ?"

"ਆਹੋ"

"ਉਹਦੀ ਇੱਕ ਅੱਖ ਬਲੌਰੀ ਏ?"

"ਆਹੋ"

"ਉਹਦੇ ਮੱਥੇ ਫੁੱਲ ਏ?"

"ਆਹੋ, ਪਰ ਤੂੰ ਕਾਹਦੇ ਲਈ ਪੁੱਛੀ ਜਾਨਾ ਏ?"

"ਸਹੁੰ ਰੱਬ ਦੀ ਚੌਧਰੀ, ਇਹ ਆਪਣੀ ਮੱਝ ਏ। ਮੇਰੀ ਭਾਬੋ ਦੇ ਦਾਜ ਵਿਚ, ਝਾਂਜਰਾਂ ਪਾ ਕੇ ਆਈ ਸੀ। ਬੜੀ ਨਰੋਈ ਲੱਸੀ ਏ ਇਹਦੀ।"

ਫਿਰ ਉਹਨੇ ਆਪਣੇ ਦਿਲ ਦੀ ਗੱਲ ਦੱਸੀ, ਸਗੋਂ ਫਰਮਾਇਸ਼ ਕੀਤੀ।

"ਚੌਧਰੀ ਬੂਰੀ ਦੀ ਖਿਦਮਤ ਕੀਤੀ ਨੂੰ ਬਹੁਤ ਦਿਨ ਹੋ ਗਏ ਨੇ। ਕਿਸੇ ਦਿਨ ਮੁਰੱਬੇ ਲਿਆ ਨਾ। ਮੈਂ ਉਸੇ ਤਰ੍ਹਾਂ ਮਲ-ਮਲ ਕੇ ਨੁਹਾਵਾਂਗਾ ਉਹਨੂੰ। ਤਾਏ ਨੇ ਫਰਮਾਇਸ਼ ਪੂਰੀ ਕਰ ਦਿੱਤੀ ਤਾਂ ਅਜਬ ਤਮਾਸ਼ਾ ਲੱਗਾ। ਬੂਰੀ ਦੂਰੋਂ ਅੜਿੰਗਣ ਲੱਗ ਪਈ। ਉਹਨੂੰ ਦਿਲਗੀਰ ਦੀ ਖੁਸ਼ਬੂ ਆ ਗਈ ਸੀ। ਦਿਲਗੀਰ ਨੇ ਮੱਝ ਦੀ ਆਵਾਜ਼ ਸੁਣੀ ਤਾਂ ਪਾਗਲਾਂ ਵਾਂਗ ਨੱਸਿਆ। ਉਹਦੇ ਗਲ ਵਿਚ ਬਾਹਾਂ ਪਾ ਕੇ ਸਿਰ ਮੱਥਾ ਚੁੰਮਿਆ। ਇੰਝ ਜਿਵੇਂ ਉਹਦਾ ਕੋਈ ਭੈਣ-ਭਰਾ ਮਿਲ ਗਿਆ ਹੋਵੇ। ਦੋਵੇਂ ਰੋਣ ਲੱਗ ਪਏ। ਤਾਇਆ ਵੀ ਦਿਲਗੀਰ ਵੀ, ਧਾਹਾਂ ਮਾਰ ਕੇ ਰੋਏ ਤਾਂ ਬੂਰੀ ਉਹਨਾਂ ਦੋਹਾਂ ਦੇ ਸਿਰ ਮੂੰਹ ਚੱਟ ਕੇ ਤਸੱਲੀ ਦਿੰਦੀ ਰਹੀ। ਓਸ ਦਿਨ ਦਿਲਗੀਰ ਨੇ ਬੜੇ ਚਾਅ ਨਾਲ ਬੂਰੀ ਨੂੰ ਨਹਾਇਆ। ਮਲ-ਮਲ ਕੇ ਮੈਲ ਲਾਹੁੰਦਾ, ਉਹਦੇ ਨਾਲ ਗੱਲਾਂ ਵੀ ਕਰਦਾ ਰਿਹਾ। ਬੂਰੀ ਦਾ ਪਿੰਡਾ ਲਿਸ਼ਕਣ ਲੱਗ ਪਿਆ ਤਾਂ ਦਿਲਗੀਰ ਨੂੰ ਇੰਝ ਤਸੱਲੀ ਹੋਈ ਜਿਵੇਂ ਮਾਂ ਨੂੰ ਆਪਣਾ ਬਾਲ ਸਾਫ-ਸੁਥਰਾ ਕਰਕੇ ਹੁੰਦੀ ਏ।

ਫਿਰ ਉਹਨੇ ਪੁਰਾਣੀਆਂ ਗੱਲਾਂ ਯਾਦ ਕੀਤੀਆਂ। ਉਹ ਦਿਨ ਜਦੋਂ ਬੂਰੀ ਉਹਨਾਂ ਦੇ ਘਰ ਆਈ ਸੀ। ਭਾਬੀ ਦੀ ਡੋਲੀ ਦੇ ਮਗਰ-ਮਗਰ ਸੱਜੀ, ਸ਼ਿੰਗਾਰੀ ਹੋਈ। ਸਿਰ ਤੇ ਸੁੱਚੇ ਰੇਸ਼ਮ ਦਾ ਫੁੰਮਣਾਂ ਵਾਲਾ ਸਿਹਰਾ, ਪੈਰੀਂ ਚਾਂਦੀ ਦੀਆਂ ਝਾਂਜਰਾਂ, ਗਲ ਵਿਚ ਲਾਲ ਪੀਲੇ ਰੰਗ ਦਾ ਔਟਾ। ਲੋਕੀ ਖੜ੍ਹੇ ਹੋ ਕੇ ਵੇਖਦੇ ਸਨ। ਕੇਹੀ ਮੱਝ ਦਿੱਤੀ ਏ ਦਾਜ ਵਿਚ।

ਫਿਰ ਉਹਨੇ ਬੜੀ ਮਾਰਫਤ ਵਾਲੀ ਗੱਲ ਕੀਤੀ। ਕਹਿਣ ਲੱਗਾ, "ਇਹ ਮੱਝ ਸਿੱਖਾਂ ਦੀ ਮੱਝ ਸੀ, ਹੁਣ ਮੁਸਲਮਾਨਾਂ ਦੀ ਹੋ ਗਈ ਏ। ਇਹ ਲੱਸੀ ਦਾ ਸਵਾਦ ਉਹੋ ਹੀ ਹੈ। ਇਹਨੇ ਤਾਂ ਆਪਣਾ ਮਜ਼ਹਬ ਨਹੀਂ ਬਦਲਿਆ। ਬੂਰੀ ਤਾਂ ਬੂਰੀ ਏ। ਉਹਨੂੰ ਜੋ ਵੀ ਆਪਣੇ ਕਿੱਲੇ ਨਾਲ ਬੰਨ੍ਹ ਲਵੇ।

ਤਾਇਆ ਆਪ ਵੀ ਇਸੇ ਤਰ੍ਹਾਂ ਸੋਚਦਾ ਸੀ ਪਰ ਦਿਲਗੀਰ ਨੂੰ ਦੱਸ ਨਹੀਂ ਸਕਿਆ। ਬੰਦੇ ਨੇ ਬੰਦੇ ਨੂੰ ਕਿਸ ਤਰ੍ਹਾਂ ਦਾ ਜਨੌਰ ਬਣਾ ਛੱਡਿਆ ਏ। ਕਦੇ ਕਿੱਲੇ ਬੰਨ੍ਹ ਦਿੰਦਾ ਏ, ਕਦੇ ਪਰਾਂ ਹਿੱਕ ਦਿੰਦਾ ਏ।

ਦਿਲਗੀਰ ਦਾ ਦਿਲ ਹਰ ਵੇਲੇ ਦਲੀਲਾਂ ਵਿਚ ਪਿਆ ਰਹਿੰਦਾ। ਅੱਜ ਭਾਵੇਂ ਉਹ ਜਨੌਰ ਦੀ ਜੂਨੇ ਜੀ ਰਿਹਾ ਸੀ। ਇਨਸਾਨਾਂ ਦੀ ਦੁਨੀਆਂ ਵਿਚ ਉਹਦੀ ਕੋਈ ਥਾਂ ਨਹੀਂ ਸੀ ਰਹੀ। ਉਹ ਥਾਂ ਮੰਗਣ ਲਈ ਉਹਨੂੰ ਗਰੰਥ ਸਿਰ ਤੇ ਚੁੱਕ ਕੇ ਬਾਰਡਰ ਪਾਰ ਕਰਨਾ ਪੈਂਦਾ ਸੀ, ਪਰ ਜੇ ਉਹ 'ਸ਼ਾਰਟ-ਕੱਟ' ਕਰਦਾ ਤਾਂ ਰਾਵੀ ਦੇ ਪਾਣੀ ਪਾਰ ਕਰਦੇ ਈ ਦੂਜੇ ਕੰਢੇ ਉਹਨੂੰ ਜ਼ਿੰਦਗੀ ਦਾ ਪ੍ਰਵਾਨਾ ਮਿਲ ਜਾਂਦਾ। ਪਰ ਹਾਲੇ ਉਹ ਦਿਲ ਦੀ ਲੜਾਈ ਲੜੀ ਜਾ ਰਿਹਾ ਸੀ। ਜਿੰਨੇ ਦਿਨ ਵੀ ਆਪਣੀ ਧਰਤੀ, ਆਪਣਾ ਪਿੰਡ ਇੱਕ-ਮੁੱਕ ਰਵੇ, ਓਨੇ ਦਿਨ



ਆਪਣੇ। ਹੁਣ ਤਾਏ ਦੇ ਆਵਣ ਨਾਲ ਉਹਦੇ ਵਜੂਦ ਦਾ ਉਖੜਿਆ ਬੂਟਾ ਮੁੜ ਜੀਵਨ ਧਰਤੀ ਵਿਚ ਆਪਣੀ ਥਾਂ ਬਨਾਵਣ ਲੱਗ ਪਿਆ ਸੀ। ਤਾਏ ਦੇ ਨਿਆਣੇ ਵੇਖਦਾ ਤਾਂ ਉਹਦੇ ਵਿਚ ਨਵ ਜਾਨ ਪੈ ਜਾਂਦੀ। ਦੋਵਾਂ ਨੂੰ ਆਪਣੇ ਮੋਢਿਆਂ ਤੇ ਬਿਠਾ ਕੇ ਉਹ ਊਠ ਵਾਂਗ ਖੇਤਾਂ ਵਿਚ ਨੱਸਿਆ ਫਿਰਦਾ ਰਹਿੰਦਾ। ਮੈਨੂੰ ਚਾਚਾ ਕਹਿ ਕੇ ਹਾਕ ਮਾਰੋ। ਮੈਂ ਤੁਹਾਡੇ ਲਈ ਵਧੀਆ ਗੰਨੇ ਭੰਨ ਕੇ ਲਿਆਵਾਂਗਾ।"

ਫਿਰ ਉਹ ਗੰਨੇ ਛਾਂਟਣ ਕਮਾਦੀ ਵਿਚ ਉਤਰ ਜਾਂਦਾ। ਫਿਰ ਇੱਕ ਦਿਨ ਕੁਝ ਲੋਕੀ ਉਹਨੂੰ ਮਾਰਨ ਲਈ ਆਏ। ਉਹਨੇ ਗੰਨੇ ਮਾਰ-ਮਾਰ ਕੇ ਉਹਨਾਂ ਦੀਆਂ ਲਾਠੀਆਂ ਤਾਂ ਰਖਾ ਲਈਆਂ, ਪਰ ਉਦਾਸ ਬੜਾ ਹੋਇਆ। ਮੈਂ ਇਥੇ ਨਹੀਂ ਰਹਿ ਸਕਦਾ। ਇਸ ਗੱਲ ਦਾ ਯਕੀਨ ਉਹਨੂੰ ਹੋਣ ਲੱਗਾ ਸੀ। ਹੁਣ ਉਹ ਕਿਸੇ ਸ਼ੈਅ ਦਾ ਮਾਲਕ ਨਹੀਂ ਸੀ। ਫਿਰ ਵੀ ਕਿਸੇ ਕਾਂ ਚਿੜੀ ਵਾਂਗ ਆਪਣੀ ਟਾਹਲੀ ਤੇ ਰਹਿ ਕਿਉਂ ਨਹੀਂ ਸਕਦਾ? ਇਹ ਬੰਦਾ ਹੋਣਾ ਵੀ ਕੇਡਾ ਪਾਪ ਏ। ਆਹੋ ਬੰਦਾ ਹੋਣਾ। ਕਿਉਂ ਜੇ ਇੱਕ ਮਜ਼ਹਬ ਵਾਲੇ ਵੀ ਤਾਂ ਇੱਕ ਦੂਜੇ ਦੇ ਗਾਟੇ ਕੱਟ ਰਹੇ ਸਨ। ਉਹਨੇ ਅੱਖੀਂ ਵੇਖ ਲਿਆ ਸੀ।

ਇਸੇ ਕਰਕੇ ਇੱਕ ਦਿਨ ਤਾਏ ਨੂੰ ਦੱਸਿਆ ਕਿ ਪਟਵਾਰੀ ਦੀ ਨੀਅਤ ਠੀਕ ਨਹੀਂ ਲੱਗਦੀ। ਉਹ ਇਸ ਜ਼ਮੀਨ ਉੱਤੇ ਕਿਸੇ ਹੋਰ ਦਾ ਕਬਜ਼ਾ ਕਰਾਉਣਾ ਚਾਹੁੰਦਾ ਏ। ਵੱਢੀ ਖਾ ਲਈ ਹੋਣੀ ਏ। ਇੰਝ ਉਹ ਕਿਸੇ ਸਰਕਾਰੀ ਅਹਿਲਕਾਰ ਨੂੰ ਵੀ ਨਾਲ ਲਈ ਫਿਰਦਾ ਏ। ਇਸ ਮੁਰੱਬੇ ਉੱਤੇ ਸਰਕਾਰੀ ਅਹਿਲਕਾਰ ਦੀ ਵੀ ਨਜ਼ਰ ਲੱਗਦੀ ਏ। ਪਟਵਾਰੀ ਜ਼ਰੂਰ ਇਹ ਜ਼ਮੀਨ ਉਹਦੇ ਨਾਂ ਕਰ ਦੇਵੇਗਾ। ਤਾਏ ਨੂੰ ਬੇਵਸ ਪਨਾਹੀ ਸਮਝਕੇ ਕੋਈ ਹਲਕੀ ਜ਼ਮੀਨ ਦੇ ਦੇਵੇਗਾ। ਪਿੱਛੋਂ ਹੋਇਆ ਵੀ ਇਸੇ ਤਰ੍ਹਾਂ। ਪਰ ਇਸ ਤੋਂ ਪਹਿਲਾਂ ਜੋ ਹੋਇਆ, ਉਹ ਇਸ ਤਰ੍ਹਾਂ ਸੀ ਕਿ ਪਟਵਾਰੀ ਨੇ, ਦਿਲਗੀਰ ਸਿੰਘ ਨੂੰ ਆਪਣੇ ਘਰ ਸੱਦਿਆ, ਉਹ ਗਿਆ ਨਹੀਂ। ਫਿਰ ਆਪ ਆ ਕੇ ਉਹਨੇ ਧਮਕੀ ਦਿੱਤੀ ਪਈ ਇਹ ਮੁਰੱਬਾ ਛੱਡ ਕੇ ਆਪੇ ਚਲਾ ਜਾਵੇ ਨਹੀਂ ਤਾਂ .....

ਦਿਲਗੀਰ ਨੇ ਪਟਵਾਰੀ ਨੂੰ ਜੋ ਜਵਾਬ ਦਿੱਤਾ, ਉਹ ਬੱਸ ਐਨਾ ਕੁ ਹੀ ਸੀ। "ਜੇ ਮੈਂ ਜਾਣ ਵਾਲਾ ਹੁੰਦਾ ਤਾਂ ਓਸੇ ਦਿਨ ਚਲਾ ਗਿਆ ਹੁੰਦਾ। ਮੈਨੂੰ ਵੇਲੇ ਨੇ ਫੜ ਕੇ ਏਥੇ ਕੈਦ ਕੀਤਾ ਹੋਇਆ ਹੈ। ਜਿਸ ਦਿਨ ਛੱਡ ਦਿੱਤਾ। ਮੈਂ ਜਹਾਨ ਤੋਂ ਹੀ ਚਲਿਆ ਜਾਵਾਂਗਾ।" ਦੋ ਚਾਰ ਦਿਨ ਚੁੱਪ ਕਰਕੇ ਲੰਘ ਗਏ। ਇੱਕ ਦਿਨ ਸਵੇਰ ਨੂੰ ਦਿਲਗੀਰ ਜਾਗਿਆ ਈ ਨਾ। ਆਪਣੀ ਆਦਤ ਦੇ ਵਿਰੁੱਧ ਉਹ ਦਿਨ ਚੜ੍ਹੇ ਤਾਈਂ ਪਰਾਲੀ ਵਿਚ ਹੀ ਪਿਆ ਰਿਹਾ। ਰੋਜ਼ ਤਾਂ ਉਹ ਤੜਕੇ ਉੱਠ ਕੇ ਕੰਮ ਕਰਨ ਲੱਗ ਜਾਂਦਾ ਸੀ। ਨਰਮ ਦੁਪਹਿਰੇ ਜਦੋਂ ਤਾਇਆ ਉਹਦੇ ਲਈ ਲੱਸੀ ਲੈ ਕੇ ਆਇਆ ਤਾਂ ਪਰਾਲੀ ਉਹਦੇ ਮੂੰਹ ਤੋਂ ਪਰ੍ਹਾਂ ਕੀਤੀ। ਉਹਦਾ ਪਿੰਡਾ ਠੰਢਾ ਸੀ। ਉਹਦੇ ਬੁੱਲ੍ਹ ਨੀਲੇ ਕੱਚ। ਉਹਦੀ ਪੁੜਪੁੜੀ ਉੱਤੇ ਗੁੰਮ ਜਿਹਾ ਜ਼ਖ਼ਮ ਸੀ। ਉਹਨੂੰ ਡੰਗ ਲਿਆ ਸੀ .... ਕਾਲੇ ਨਾਗ ਨੇ ... ਖਬਰੇ ਪਟਵਾਰੀ ਨੇ। ਕੋਈ ਵੀ ਨਹੀਂ

ਜਾਣਦਾ। ਤਾਏ ਨੇ ਆਪਣੇ ਅੱਥਰੂਆਂ ਨਾਲ ਉਹਦਾ ਮੂੰਹ ਧੋਤਾ। ਫਿਰ ਟੋਇਆ ਕੱਢ ਕੇ ਦੱਬ ਦਿੱਤਾ। ਉਥੇ ਉਸੇ ਖੇਤ ਵਿਚ। ਫਿਰ ਉਹਦੀ ਕਬਰ ਤੇ ਇੱਕ ਨਵੀਂ ਟਾਹਲੀ ਲਾ ਦਿੱਤੀ। ਉਹ ਨਿਸ਼ਾਨੀ ਹੁਣ ਜਵਾਨ ਹੋ ਚੁੱਕੀ ਏ। ਤਾਏ ਨੇ ਮੈਨੂੰ ਸਾਰੀ ਕਹਾਣੀ ਸੁਣਾਉਂਦੇ ਹੋਏ ਦੱਸਿਆ ਸੀ। ਬੱਸ ਤਾਏ ਨੂੰ ਪਤਾ ਸੀ ਉਹ ਟਾਹਲੀ ਕਿਹੜੀ ਏ। ਉਹਨਾਂ ਟਾਹਲੀਆਂ ਦਾ ਵੀ ਕੇਵਲ ਤਾਏ ਨੂੰ ਹੀ ਪਤਾ ਸੀ, ਜੋ ਦਿਲਗੀਰ ਨੇ ਇਕ ਖ਼ਾਸ ਥਾਂ ਤੇ ਬੀਜੀਆਂ ਸਨ। ਤਾਏ ਨੇ ਉਹਨਾਂ ਦੀ ਚੰਗੀ ਤਰ੍ਹਾਂ ਦੇਖਭਾਲ ਕੀਤੀ। ਇਹਨਾਂ ਟਾਹਲੀਆਂ ਦੀ ਖਾਤਰ ਉਹਨੇ ਆਪਣੀ ਬਹੁਤੀ ਜ਼ਮੀਨ ਛੱਡ ਕੇ ਇਥੇ ਥੋੜ੍ਹੀ ਜ਼ਮੀਨ ਲੈਣੀ ਕਬੂਲ ਕੀਤੀ ਸੀ। ਇਸ ਗੱਲ ਦਾ ਮੈਨੂੰ ਹੀ ਪਤਾ ਸੀ। ਹੁਣ ਹੋਰ ਕਿਸੇ ਨੂੰ ਨਹੀਂ। ਹੁਣ ਸਾਰੀਆਂ ਟਾਹਲੀਆਂ ਜਵਾਨ ਹੋ ਚੁੱਕੀਆਂ। ਉਂਝ ਤੇ ਹੋਰ ਬਥੇਰੀਆਂ ਟਾਹਲੀਆਂ, ਜੋ ਏਸ ਜ਼ਮੀਨ ਵਿਚ ਥਾਂ-ਥਾਂ ਉੱਗੀਆਂ ਖੜ੍ਹੀਆਂ, ਮੇਰੇ ਤਾਏ ਦੇ ਦਿਲ ਵਿਚ ਜਿੱਥੇ ਸਨ, ਉਹਨਾਂ ਸਾਰੀਆਂ ਉੱਤੇ ਵੇਲੇ ਨੇ ਆਪਣੀਆਂ ਟਾਹਲੀਆਂ ਬੀਜ ਦਿੱਤੀਆਂ। ਇਹ ਗੱਲ ਵੀ ਤਾਏ ਆਪੇ ਹੀ ਕਹੀ ਸੀ, “ਵੇਲਾ ਆਪ ਵੀ ਟਾਹਲੀਆਂ ਬੀਜ ਦਿੰਦਾ ਏ।” ਫਿਰ ਵੀ ਦੁੱਖਾਂ ਦੀਆਂ ਹੱਡੀਆਂ ਮਿੱਟੀ ਵਿਚ ਲੁਕੀਆਂ ਰਹਿ ਜਾਂਦੀਆਂ ਨੇ। ਲਫ਼ਜ਼ਾਂ ਦੇ ਕੱਪੜੇ ਪਾ ਕੇ ਜਦੋਂ ਦਿਲਗੀਰ ਦੀ ਕਹਾਣੀ ਇਥੋਂ ਤੋੜੀ ਪਹੁੰਚੀ ਤਾਂ ਮੇਰਾ ਤਾਇਆ ਆਪਣੀਆਂ ਬੁੱਢੀਆਂ ਅੱਖਾਂ ਮੀਟ ਕੇ ਅੰਦਰ-ਅੰਦਰ ਈ ਘੁੱਟ ਅੱਥਰੂ ਪੀ ਗਿਆ। “ਕੁਝ ਨਹੀਂ ਲਾਲੀ। ਇਹ ਦੁਨੀਆਂ ਕੁਝ ਨਹੀਂ। ਇਹਦੀ ਖੁਸ਼ੀ ਚੰਗੀ ਨਹੀਂ, ਨਾ ਇਹਦਾ ਦੁੱਖ ਭਲਾ।” ਇਹ ਲਫ਼ਜ਼ ਤਾਏ ਨੇ ਕਹਾਣੀ ਦੇ ਅੰਤ ਵਿਚ ਆਖੇ। ਉਹੋ ਲਫ਼ਜ਼ ਤਾਂ ਅੰਤ ਹੋ ਗਏ, ਪਰ ਇਹ ਕਹਾਣੀ ਅੰਤ ਦੀ ਕਹਾਣੀ ਬਿਲਕੁਲ ਨਹੀਂ। •

ਲਿੱਪੀ ਪਰਿਵਰਤਨ - ਹਰਭਜਨ ਸਿੰਘ ਹੁੰਦਲ


ਪ੍ਰਸਿੱਧ ਪੰਜਾਬੀ ਗ਼ਜ਼ਲਗੋ
ਸੁਲੱਖਣ ਸਰਹੱਦੀ ਦਾ
ਨਵਾਂ
ਗ਼ਜ਼ਲ - ਸੰਗ੍ਰਹਿ
**ਬਲਦੇ ਖੰਭਾਂ ਦੀ ਲੋਅ**
ਪੰਨੇ- 144 ਮੁੱਲ - 225 ਰੁਪਏ
ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ






# ਪੋਸਟ ਮਾਰਟਮ ਰਿਪੋਰਟ

- ਅਫ਼ਜ਼ਲ ਤੌਸੀਫ਼

ਮੈਂ ਇੱਕ ਡਾਕਟਰ ਹਾਂ। ਇੱਕ ਕਾਰੀਗਰ ਸਰਜਨ। ਇਹੋ ਮੇਰੀ ਸ਼ੁਹਰਤ ਏ। ਪਿਛਲੇ ਵੀਹ-ਪੰਝੀ ਵਰ੍ਹਿਆਂ ਤੋਂ ਉਪਰੇਸ਼ਨ ਕਰਦਾ ਆ ਰਿਹਾ ਹਾਂ। ਕਈ ਭੋਲ਼ੇ ਲੋਕੀ ਮੈਨੂੰ ਚੀਰ ਫਾੜ ਕਰਨ ਵਾਲਾ ਕਸਾਈ ਵੀ ਸਮਝ ਲੈਂਦੇ ਹਨ। ਪਰ ਦਰਦ ਨਾਲ ਤੜਫਦੇ, ਚੀਕਾਂ ਮਾਰਦੇ ਮਰੀਜ਼ ਦਾ ਪੇਟ ਖੋਲ੍ਹ ਕੇ ਅੰਦਰੋਂ ਗਲੇ ਸੜੇ ਪੱਤੇ ਕੱਢ ਸੁੱਟਦਾ ਵਾਂ। ਗੁਰਦਿਆਂ ਵਿਚ ਫਸੀਆਂ ਹੋਈਆਂ ਪੱਥਰੀਆਂ ਚੁਗ ਲੈਨਾਂ, ਕਸਾਈਆਂ ਵਾਲਾ ਕੰਮ ਤਾਂ ਨਹੀਂ। ਮੈਂ ਤਾਂ ਜ਼ਿੰਦਗੀ ਬਚਾਉਣ ਵਾਲੇ ਕੰਮ ਕਰਦਾ ਹਾਂ। ਜ਼ਹਿਰ ਨਾਲ ਭਰੀ ਹੋਈ ਅਪੈਂਡਿਕਸ ਨੂੰ ਅੰਦਰੋਂ ਕੱਢ ਲਿਆਵਣ ਵਾਸਤੇ ਪੇਟ ਚਾਕ ਕਰਨਾ ਵੀ ਜਰੂਰੀ ਏ। ਅੰਦਰ ਆਂਦਰਾਂ ਦੇ ਜ਼ਖ਼ਮ ਸੀਣ ਲਈ ਬਾਹਰ ਦੇ ਕਈ ਬਖੀਏ ਉਧੇੜਨੇ ਲਾਜ਼ਮੀ ਹੁੰਦੇ ਨੇ। ਜੋ ਤਕਲੀਫ਼ ਹੋਵੇ, ਜਿੱਥੇ ਵੀ ਹੋਵੇ, ਸਰਜਨ ਦਾ ਕੰਮ ਨਸ਼ਤਰ ਲਾਣਾ ਏ। ਇਹ ਕੰਮ ਮੈਂ ਬੜੇ ਦਿਨ ਲਾ ਕੇ ਸਿੱਖਿਆ। ਫਿਰ ਵੀ ਉਪਰੇਸ਼ਨ ਕਰਨਾ ਸੌਖਾ ਕੰਮ ਨਹੀਂ। ਇਸ ਕਰਕੇ ਪਈ ਬੰਦੇ ਦਾ ਜਿਸਮ ਕੋਈ ਸਾਦਾ ਤੇ ਸੌਖਾ ਪ੍ਰਬੰਧ ਨਹੀਂ। ਉਸਦੇ ਅੰਦਰ ਬੜੀਆਂ ਤੈਹਾਂ ਅੰਤ ਦੀਆਂ ਬਾਰੀਕੀਆਂ ਲੁਕੀਆਂ ਹੋਈਆਂ ਨੇ। ਉੱਤੇ ਵਾਲੀ ਖ਼ਲ ਭਾਵੇਂ ਹਿਫ਼ਾਜਤ ਤੇ ਹੁਸਨ ਦਾ ਕੰਮ ਕਰਦੀ ਏ, ਪਰ ਆਪੇ ਇੱਕ ਗੁੰਝਲਦਾਰ ਨਜ਼ਾਮ ਏ। ਮੱਕੜੀ ਦੇ ਜਾਲਿਆਂ ਵਰਗੇ ਰੇਸ਼ੇ ਦਾ ਤਾਣਾ-ਬਾਣਾ ਕੁਦਰਤ ਦੇ ਕਾਰੀਗਰ ਹੱਥਾਂ ਨੇ ਬੰਨਿਆ ਹੋਇਆ ਹੁੰਦਾ ਏ। ਉਪਰੇਸ਼ਨ ਵੇਲੇ ਇਹ ਰੇਸ਼ੇ ਵੱਖਰੇ-ਵੱਖਰੇ ਕੱਟ ਕੇ ਉਸੇ ਤਰ੍ਹਾਂ ਵੱਖਰੇ-ਵੱਖਰੇ ਜੋੜਨੇ ਵੀ ਹੁੰਦੇ ਨੇ। ਫਿਰ ਕੁਦਰਤ ਦੇ ਕਾਰੀਗਰ ਦਰਜ਼ੀ ਨੇ ਖੱਲ ਦੇ ਅੰਦਰ ਕਈ ਅਸਤਰ ਵੀ ਲਾਏ ਹੁੰਦੇ ਨੇ। ਕਿਉਂ ਜੋ ਇਸੇ ਪੈਕਿੰਗ ਦੇ ਅੰਦਰ ਇਨਸਾਨੀ ਮਸ਼ੀਨ ਦੇ ਨਾਜ਼ਕ ਤੇ ਹੱਸਾਸ ਪੁਰਜ਼ੇ ਪੈਕ ਕੀਤੇ ਗਏ ਨੇ। ਕਿਸੇ ਵੀ ਜਿਉਂਦੇ ਜੀਅ ਦੇ ਵਜੂਦ ਦਾ ਨਜ਼ਾਮ ਬੜਾ ਗਹਿਰਾ ਏ। ਫਿਤਰਤ ਦੇ ਆਪਣੇ ਨਜ਼ਾਮ ਵਾਂਗ ਅਜਿਹੇ ਰਾਜ, ਜਿਸ ਨਾਲ ਆਦਮੀ ਦੀ ਵਾਕਫ਼ੀਅਤ ਕਦੇ ਵੀ ਮੁਕੰਮਲ ਨਹੀਂ ਹੋ ਸਕਦੀ।

ਮੈਂ ਤੁਹਾਨੂੰ ਦੱਸਿਆ ਕਿ ਪਿਛਲੇ ਵੀਹਾਂ ਵਰ੍ਹਿਆਂ ਤੋਂ ਮੈਂ ਫਿਤਰਤ ਦੇ ਇਸ ਸ਼ਾਹਕਾਰ ਦੀ ਮੁਰੰਮਤ ਆਪਣੇ ਹੱਥਾਂ ਨਾਲ ਕਰਦਾ ਆ ਰਿਹਾ ਹਾਂ। ਫਿਰ ਵੀ ਸਿੱਖਿਆ ਦਾ ਕੰਮ ਅਜੇ ਪੂਰਾ ਨਹੀਂ ਹੋਇਆ। ਹਰ ਇਕ ਉਪਰੇਸ਼ਨ ਵੇਲੇ ਮੈਨੂੰ ਲੱਗਦਾ ਏ, ਬੰਦੇ ਦਾ ਜਿਸਮ ਕੋਈ ਭੇਤ ਹੈ। ਜਿਸਨੂੰ ਪਹਿਲੀ ਵਾਰ ਖੋਲ੍ਹਣ ਲੱਗਾ ਵਾਂ। ਕੁਦਰਤ ਦੀ ਕਾਰੀਗਰੀ ਵਿਚ ਦਖਲ ਦੇਣ ਲੱਗਾ ਵਾਂ। ਸੰਭਲ ਕੇ ਧਿਆਨ ਨਾਲ। ਕਿਧਰੇ ਕੋਈ ਰੇਸ਼ਾ ਫਾਲਤੂ ਨਾ ਕੱਟ ਹੋ ਜਾਵੇ। ਕਿਧਰੇ ਕੋਈ ਵਟ ਨਾ ਰਹਿ ਜਾਵੇ। ਫਿਰ ਵੀ ਮੇਰੇ ਕੰਮ ਵਿਚ ਅਤੇ ਅਸਲੀ ਕੰਮ

ਵਿਚ ਬੜਾ ਫ਼ਰਕ ਏ। ਇੰਝ ਲੱਗਦਾ ਏ ਜਿਵੇਂ ਪਿਕਾਸੋ ਦੇ ਸ਼ਾਹਕਾਰ ਨੂੰ ਕਿਸੇ ਅਣਜਾਣ ਰੰਗ ਸਾਜ਼ ਨੇ ਰੀਟੱਚਿੰਗ ਕਰਨ ਦੀ ਕੋਸ਼ਿਸ਼ ਕੀਤੀ ਹੋਵੇ। ਫਿਤਰਤ ਜੋ ਬਣ ਚੁੱਕੀ ਏ ਉਹਦੇ ਵਰਗਾ ਬਣਾਉਣਾ ਕਿਸੇ ਦੇ ਵੱਸ ਦੀ ਗੱਲ ਨਹੀਂ। ਗ਼ੈਰ ਫਿਤਰਤ ਜੋ ਵਿਗਾੜੇ, ਉਹਨੂੰ ਠੀਕ ਕਰਨਾ ਸਰਜਨ ਵਾਸਤੇ ਇਕ ਚੈਲਿੰਜ, ਇਕ ਵੰਗਾਰ ਹੈ। ਬਥੇਰੇ ਚੈਲਿੰਜ ਮੈਂ ਕਬੂਲ ਕੀਤੇ। ਹਰ ਵਾਰੀ ਚੰਗਾ ਕੰਮ ਕੀਤਾ। ਫਿਰ ਵੀ ਦਾਗ਼ ਰਹਿ ਜਾਂਦਾ ਏ। ਹਾਲੇ ਤਾਂ ਮੁਕਾਬਲਾ ਚੱਲ ਰਿਹਾ ਏ। ਪੰਜਾਹ ਹਜ਼ਾਰ ਟਾਂਕੇ ਲਾਵਣ ਦੀ ਮਸ਼ਕ ਸਰਜਨ ਨੂੰ ਜੋ ਅਖਤਿਆਰ ਦੇਂਦੀ ਏ, ਉਹਦਾ ਬੁਢੇਪਾ ਖੋਹ ਲੈਂਦਾ ਏ। ਹੱਥ ਕੰਬਣ ਲੱਗ ਜਾਣ ਜਾਂ ਅੱਖਾਂ ਵਿਚ ਜਾਲਾ ਆ ਜਾਵੇ, ਕਿਸੇ ਵੀ ਸਰਜਨ ਨੂੰ ਉਪਰੇਸ਼ਨ ਕਰਨ ਦਾ ਕੰਮ ਛੱਡਣਾ ਪੈਂਦਾ ਏ। ਇਹ ਜਰੂਰੀ ਏ।

ਮੈਂ ਵੀ ਆਪਣਾ ਕੰਮ ਛੱਡ ਰਿਹਾ ਹਾਂ। ਪਰ ਇਸ ਕਰਕੇ ਨਹੀਂ ਪਈ ਮੇਰੇ ਹੱਥ ਕੰਬਣ ਲੱਗ ਪਏ ਨੇ। ਹਾਂ ਮੇਰੀਆਂ ਅੱਖਾਂ ਵਿਚ ਮੋਤੀਆ ਫੁੱਲ ਗਿਆ ਏ। ਅਜੇ ਤਾਂ ਮੇਰੇ ਵੀਹ ਸਾਲ ਰਹਿੰਦੇ ਨੇ। ਹਜ਼ਾਰਾਂ ਟਾਂਕੇ ਹੋਰ ਲਾ ਸਕਦਾ ਵਾਂ, ਪਰ ਨਹੀਂ ਅੱਜ ਪਿੱਛੋਂ ਮੈਂ ਕੋਈ ਉਪਰੇਸ਼ਨ ਨਹੀਂ ਕਰਾਂਗਾ। ਮੈਂ ਆਪਣੇ ਕਲੀਨਿਕ ਦੇ ਦਰਵਾਜ਼ੇ ਤੋਂ ਉਹ ਤਖ਼ਤੀ ਲਾਹ ਛੱਡੀ ਏ, ਜਿਹਨੂੰ ਪੜ੍ਹ-ਕੇ ਦਰਦ ਨਾਲ ਤੜਫਦੇ ਲੋਕ ਅੰਦਰ ਆ ਜਾਂਦੇ ਸਨ। ਹਾਂ, ਅੱਜ ਮੈਂ ਹਾਰ ਗਿਆ ਹਾਂ। ਮੈਂ ਸਰਜਨ ਦੇ ਨਾਂ ਵਾਲੀ ਤਖਤੀ ਲੁਕੋ ਦਿੱਤੀ ਏ। ਕਿਸੇ ਡਰਪੋਕ ਵਾਂਗ ਨਹੀਂ। ਮੇਰਾ ਕੋਈ ਉਪਰੇਸ਼ਨ ਖਰਾਬ ਨਹੀਂ ਹੋਇਆ। ਐਡਾ ਸੰਵੇਦਨਸ਼ੀਲ ਮੈਂ ਹੈ ਵੀ ਨਹੀਂ। ਮੇਰੀ ਲਾਪ੍ਰਵਾਹੀ ਨਾਲ ਉਪਰੇਸ਼ਨ ਦੀ ਮੇਜ਼ ਤੇ ਕੋਈ ਮਰੀਜ਼ ਨਹੀਂ ਮੋਇਆ। ਮੈਨੂੰ ਅਦਾਲਤ ਵਿਚ ਕਿਸੇ ਨਹੀਂ ਖਿਚਿਆ। ਦਸ ਪੰਜ ਲੱਖ ਦਾ ਜ਼ੁਰਮਾਨਾ? ਨਹੀਂ ਐਸੀ ਕੋਈ ਗੱਲ ਈ ਨਹੀਂ। ਮੇਰੇ ਅੰਦਰੋਂ ਕੋਈ ਹਾਰ ਨਹੀਂ ਹੋਈ। ਮੇਰੇ ਔਜ਼ਾਰ ਵੀ ਖੁੰਡੇ ਨਹੀਂ ਹੋਏ, ਮੈਂ ਅੱਜ ਵੀ ਦਸ ਹਜ਼ਾਰ ਫੀ ਘੰਟਾ ਫੀਸ ਲਾ ਕੇ ਉਪਰੇਸ਼ਨ ਕਰ ਸਕਦਾ ਵਾਂ। ਵਿਚੋਂ ਇੱਕ ਘੰਟਾ ਅੱਲਾ ਦੇ ਨਾਂ ਦਾ ਵੀ ਕੱਢ ਸਕਦਾ ਵਾਂ, ਪਰ ਨਹੀਂ ਮੇਰੇ ਉਪਰੇਸ਼ਨ ਦੀ ਲੋੜ ਈ ਨਹੀਂ ਰਹੀ। ਉਹ ਵੇਲਾ ਈ ਨਹੀਂ ਜਦੋਂ ਮੈਡੀਕਲ ਔਜ਼ਾਰਾਂ ਨਾਲ ਦਰਦਾਂ ਦਾ ਇਲਾਜ ਹੋ ਸਕਦਾ ਸੀ। ਮੈਂ ਮਜ਼ਾਕ ਨਹੀਂ ਕਰ ਰਿਹਾ। ਇਹ ਪਾਗਲਾਂ ਵਾਲੀ ਗੱਲ ਵੀ ਨਹੀਂ। ਮੈਂ ਤੁਹਾਨੂੰ ਦੱਸਦਾ ਹਾਂ। ਮੇਰੇ ਆਪਣੇ ਮਰੀਜ਼ ਉੱਤੇ ਇੱਕ ਵੱਡਾ ਉਪਰੇਸ਼ਨ ਹੋਇਆ। ਉਸ ਨੂੰ ਵੇਖ ਕੇ ਮੈਂ ਛੋਟੇ ਉਪਰੇਸ਼ਨ ਛੱਡ ਦਿੱਤੇ ਨੇ। ਮੈਨੂੰ ਲੱਗਦਾ ਏ ਮੈਂ ਫੇਲ੍ਹ ਹੋ ਗਿਆ ਵਾਂ। ਮੇਰੇ ਸਾਰੇ ਉਪਰੇਸ਼ਨ ਜੋ ਮੈਂ ਕਰ ਚੁੱਕਾ ਤੇ ਅੱਗੋਂ ਕਰਨੇ ਸਨ, ਫੇਲ੍ਹ ਹੋ ਗਏ। ਡਾਕਟਰ ਤਾਂ ਡਾਕਟਰ ਮੈਨੂੰ ਲੱਗਦਾ ਮੈਂ ਇਨਸਾਨ ਵੀ ਨਹੀਂ ਰਿਹਾ। ਜ਼ਿੰਦਗੀ ਦੇ ਸਾਰੇ ਜ਼ਮਾਨੇ ਜੋ ਇਨਸਾਨ ਨੇ ਇਨਸਾਨ ਨੂੰ ਲੱਭ ਲੈਣ ਦੀ ਤਪੱਸਿਆ ਵਿਚ ਗੁਜ਼ਾਰੇ, ਅੱਜ ਫੇਲ੍ਹ ਹੋ ਗਏ ਲੱਗਦੇ ਨੇ।

ਮੈਂ ਤੁਹਾਨੂੰ ਸਾਰੀ ਗੱਲ ਦੱਸ ਦਿੰਦਾ ਹਾਂ। ਉਹ ਮਰੀਜ਼, ਜਿਸ ਦਾ ਵੱਡਾ ਉਪਰੇਸ਼ਨ ਹੋਇਆ, ਦੋ ਵਰ੍ਹੇ ਪਹਿਲਾਂ ਮੇਰੇ ਕੋਲ ਆਪੇ ਆਇਆ ਸੀ। ਉਹ ਇੱਕ ਟਰੱਕ ਡਰਾਈਵਰ



ਸੀ। ਪੰਝੀ ਕੁ ਸਾਲ ਦੀ ਉਮਰ ਦਾ, ਪਤਲਾ ਜਿਹਾ ਜਵਾਨ, ਐਬਟਾਬਾਦ ਦਾ ਰਹਿਣ ਵਾਲਾ, ਸੋਹਣਾ, ਸੁਨੱਖਾ ਯੂਨਾਨੀ ਬੁੱਤ ਵਰਗਾ। ਉਹ ਪੰਜ ਸਾਲ ਤੋਂ ਟਰੱਕ ਡਰਾਈਵਰੀ ਦਾ ਕੰਮ ਕਰ ਰਿਹਾ ਸੀ। ਉਸ ਦਿਨ ਉਸਦੇ ਪੇਟ ਵਿਚ ਬੜਾ ਹੀ ਦਰਦ ਹੋ ਰਿਹਾ ਸੀ। ਉਹ ਖ਼ੂਨ ਦੀ ਉਲਟੀ ਵੀ ਕਰੀ ਜਾ ਰਿਹਾ ਸੀ। ਉਹਦੇ ਨਾਲ ਆਵਣ ਵਾਲੇ ਸੰਗੀ-ਸਾਥੀ ਨੇ ਆਖਿਆ, "ਡਾਕਟਰ ਲਾਲਾ ਹਸਕੀ ਸਿਲ ਦੀ ਬੀਮਾਰੀ ਏ। ਤੁਸੀਂ ਛੇਤੀ ਇਲਾਜ ਕਰੋ। ਨਹੀਂ ਤਾਂ ਇਹ ਲਾ-ਇਲਾਜ ਹੋ ਵੈਸੀ।"

ਮੈਂ ਆਰਾਮ ਨਾਲ ਉਹਦਾ ਮੁਆਇਨਾ ਕੀਤਾ ਤਾਂ ਪਤਾ ਚੱਲਿਆ, ਉਹਦੇ ਮਿਹਦੇ ਵਿਚ ਪੁਰਾਣੇ ਅਲਸਰ ਸਨ, ਜੋ ਕਿਸੇ ਵੇਲੇ ਫਟ ਵੀ ਸਕਦੇ ਸਨ। ਏਸ ਤਰ੍ਹਾਂ ਦੀ ਹਾਲਤ ਵਿਚ ਮਰੀਜ਼ ਤੜਫ ਜਾਂਦਾ ਏ। ਪਰ ਉਹ ਤਾਂ ਦੰਦਾਂ ਥੱਲੇ ਜੀਭ ਲਈ ਖੜ੍ਹਾ ਸੀ। ਦਰਦ ਉਹਦੀਆਂ ਅੱਖਾਂ ਵਿਚੋਂ ਲਾਟ ਬਣਕੇ ਨਿਕਲ ਰਿਹਾ ਸੀ। ਉਪਰੇਸ਼ਨ ਉਸੇ ਪਲ ਚਾਹੀਦਾ ਸੀ। ਉਹਦੇ ਘਰ ਵਾਲੇ ਐਬਟਾਬਾਦ ਲਾਗੇ ਕਿਸੇ ਪਿੰਡ ਵਿਚ ਰਹਿੰਦੇ ਸਨ। ਉਹਨਾਂ ਦੇ ਆਉਂਦਿਆਂ ਬੜੀ ਦੇਰ ਲੱਗ ਸਕਦੀ ਸੀ। ਮੈਂ ਚਾਹੁੰਦਾ ਤਾਂ ਉਸਨੂੰ Pain Killer ਦੇ ਕੇ ਟਾਲ ਵੀ ਸਕਦਾ ਸੀ। ਇਸੇ ਤਰ੍ਹਾਂ ਕਰੀਦਾ ਏ। ਗਰੀਬ ਮਰੀਜ਼ਾਂ ਕੋਲੋਂ ਲੈਣਾ ਵੀ ਕੀ। ਆਪਣੀ ਮਿਹਨਤ ਤੇ ਵੇਲਾ ਬਰਬਾਦ ਕਰਨ ਦੀ ਲੋੜ ਵੀ ਕੀ। ਪਰ ਨਹੀਂ, ਉਸ ਮਰੀਜ਼ ਦਾ ਚਿਹਰਾ ਬੜਾ ਹੀ ਸੰਵੇਦਨਸ਼ੀਲ ਸੀ। ਉਹਦੀਆਂ ਗੱਲਾਂ ਵੀ ਆਮ ਟਰੱਕ ਡਰਾਈਵਰ ਕੋਲੋਂ ਫ਼ਰਕ ਤੇ ਉਹਦੀ ਅਖ਼ਲਾਕੀ ਜੁਅਰਤ ਉਹਨਾਂ ਸਾਰਿਆਂ ਕੋਲੋਂ ਉੱਚੀ ਸੀ, ਜਿਹਨਾਂ ਨੂੰ ਮੈਂ ਹੁਣ ਤਾਈਂ ਮਿਲਿਆ ਵਾਂ। ਉਹਦੀਆਂ ਗੱਲਾਂ ਮੇਰੇ ਲਈ ਤੇ ਮੇਰੇ ਪੇਸ਼ੇ ਲਈ ਇੱਕ ਵੰਗਾ ਬਣ ਗਈਆਂ। ਬੜੀ ਥੱਕੀ ਆਵਾਜ਼ ਵਿਚ ਆਖਣ ਲੱਗਾ, "ਡਾਕਟਰ ਲਾਲਾ, ਤੁਸਾਂ ਨੂੰ ਮੇਰਾ ਉਪਰੇਸ਼ਨ ਕਰਨਾ ਮਨਜ਼ੂਰ ਏ ਤਾਂ ਦੱਸੋ। ਮੈਂ ਤੁਸਾਂ ਦੀ ਫੀਸ ਜਰੂਰ ਦੇਸਾਂ। ਇਸ ਵੇਲੇ ਮੇਰੇ ਕੋਲ ਇਹਾ ਕੁਝ ਏ।"

ਉਹਨੇ ਜੇਬ ਵਿਚੋਂ ਕੁਝ ਮੁੜੇ ਤੁੜੇ ਜਿਹੇ ਨੋਟ ਕੱਢੇ। ਵਿਚ ਸੁਰਖ਼ ਰੰਗ ਦੇ ਦੋ ਵੱਡੇ ਨੋਟ ਸਨ। ਬਾਕੀ ਨਿੱਕੇ ਮੋਟੇ। ਫਿਰ ਆਖਣ ਲੱਗਾ, "ਸ਼ਾਮ ਤੋੜੀ ਮੇਰਾ ਦੋਸਤ ਮਾਂ ਨੂੰ ਲੈ ਕੇ ਆ ਜਾਸੀ। ਪਰ ਵਾਅਦਾ ਕਰੋ ਤੁਸੀਂ ਉਹਦੇ ਕੋਲੋਂ ਫੀਸ ਨਹੀਂ ਮੰਗੋਗੇ, ਕਿਉਂ ਜੋ ਉਹਦੇ ਕੋਲ ਪੈਸਾ ਨਾ ਹੋਸੀ। ਉਹ ਕਰਜ਼ਾ ਚੁੱਕਣ ਦੀ ਕੋਸ਼ਿਸ਼ ਕਰਸੀ। ਇਸੇ ਕਰਜ਼ੇ ਸਾਨੂੰ ਬਰਬਾਦ ਕਰ ਛੱਡੇ ਨੇ। ਪਹਿਲੋਂ ਬਾਪ ਦੀ ਬੀਮਾਰੀ ਉੱਤੇ ਚੁੱਕੇ ਕਰਜ਼ੇ ਬਦਲੇ ਮੈਂ ਆਪਣਾ ਸਾਰਾ ਬਚਪਨ ਤੇ ਜਵਾਨੀ ਦੇ ਪੰਜ ਸੱਤ ਵਰ੍ਹੇ ਦੇ ਚੁੱਕਾ ਹਾਂ। ਪਰ ਕਰਜ਼ੇ ਅਜੇ ਵੀ ਪੂਰੇ ਨਹੀਂ ਉਤਰੇ।"

ਤਾਹੀਓਂ ਮੈਨੂੰ ਪਤਾ ਲੱਗਾ ਪਈ ਉਹ ਦਸਾਂ ਸਾਲਾਂ ਤੋਂ ਗਿਰਵੀ ਪਿਆ ਹੋਇਆ ਏ, ਉਹ ਜੀਹਦਾ ਨਾਂ ਰੌਸ਼ਨ ਖਾਂ ਟਰੱਕ ਡਰਾਈਵਰ ਸੀ। ਉਹਦਾ ਬਾਪ ਵੀ ਟਰੱਕ ਡਰਾਈਵਰ ਸੀ। ਉਸੇ ਮਾਲਕ ਦਾ ਜਿਸ ਕੋਲੋਂ ਕਰਜ਼ਾ ਚੁੱਕ ਕੇ ਇਕਰਾਰਨਾਮੇ ਉੱਤੇ ਉਹਨੇ ਆਪਣਾ ਅੰਗੂਠਾ ਲਾਇਆ ਸੀ, ਪਈ ਜੇ ਕਿਸੇ ਵਜ੍ਹਾ ਨਾਲ ਉਹ ਆਪ ਕਰਜ਼ਾ ਨਾ ਤਾਰ ਸਕਿਆ

ਤਾਂ ਉਹਦਾ ਪੁੱਤਰ ਤਾਰੇਗਾ। ਪੁੱਤਰ ਜਦੋਂ ਤੋੜੀ ਕਮਾਵਣ ਜੋਗਾ ਨਹੀਂ ਹੁੰਦਾ, ਕਰਜ਼-
ਖ਼ਵਾਹ ਕੋਲ ਗਿਰਵੀ ਪਿਆ ਰਹੇਗਾ। ਬਾਪ ਜੋ ਉਸ ਬੀਮਾਰੀ ਤੋਂ ਬਚ ਨਹੀਂ ਸਕਿਆ।
ਜਾਣ ਲੱਗਿਆ ਪੁੱਤਰ ਨੂੰ ਕਰਜ਼ ਦਾ ਤੇ ਜ਼ਿੰਦਗੀ ਦਾ ਭਾਰ ਵਿਰਸੇ ਵਿਚ ਦੇ ਗਿਆ।
ਰੌਸ਼ਨ ਦੀ ਉਮਰ ਉਸ ਵੇਲੇ ਦਸ ਸਾਲ ਸੀ।

ਅੱਜ ਉਹ ਪੰਝੀ ਸਾਲ ਦੀ ਉਮਰ ਵਿਚ ਅਲਸਰਾਂ ਨਾਲ ਭਰਿਆ ਹੋਇਆ ਮਿਹਦਾ
ਲਈ ਮੇਰੇ ਸਾਹਮਣੇ ਖੜ੍ਹਾ ਸੀ। ਉਹਨੂੰ ਉਪਰੇਸ਼ਨ ਦੀ ਲੋੜ ਸੀ। ਮਹਿੰਗਾ ਇਲਾਜ
ਚਾਹੀਦਾ ਏ। ਉਹ ਮੈਨੂੰ ਕਹਿ ਰਿਹਾ ਏ (ਮੱਖਣ-ਮਲਾਈ ਦੇ ਲਹਿਜ਼ੇ ਵਿਚ) "ਫ਼ਿਕਰ ਦੀ
ਗੱਲ ਕੋਈ ਨਹੀਂ ਯਾਰਾ। ਮੈਂ ਤੁਸਾਂ ਦਾ ਕਰਜ਼ਾ ਲਾਹ ਛੋੜਸਾਂ, ਪੈਸਾ ਪੈਸਾ ਆਪਣੀ ਜਾਨ
ਉੱਤੇ ਰਖਸਾਂ।"

ਉਹਦੀ ਗੱਲ ਸੁਣ ਕੇ ਮੇਰੇ ਅੰਦਰ ਦਾ ਹਰੀਸ ਬੰਦਾ ਉਸ ਘੜੀ ਗੈਰ-ਹਾਜ਼ਰ ਸੀ।
ਨੋਟ ਗਿਣਨ ਵਾਲੇ ਨੂੰ ਵੀ ਸ਼ਰਮ ਆ ਗਈ। ਮੈਂ ਚੈਲਿੰਜ ਕਬੂਲ ਕੀਤਾ। ਫਿਰ ਉਪਰੇਸ਼ਨ
ਥਿਏਟਰ ਵਿਚ ਕਈ ਘੰਟੇ ਲਾ ਕੇ ਉਹਦਾ ਪੇਟ ਖੋਲ੍ਹਿਆ। ਅਲਸਰ ਕੱਟੇ। ਖ਼ੂਨ ਦੀ ਬੋਤਲ
ਵੀ ਲਾਈ।

ਇਸ ਉਪਰੇਸ਼ਨ ਵਿਚ ਐਨੀ ਕੁ ਇਹਤਿਆਤ ਵਰਤੀ ਜਿੰਨੀ ਇੱਕ ਡਾਕਟਰ ਨੂੰ
ਇਨਸਾਨ ਦੀ ਜ਼ਿੰਦਗੀ ਤੇ ਆਪਣੇ ਪੇਸ਼ੇ ਦੀ ਆਬਰੂ-ਇੱਜ਼ਤ ਰੱਖਣ ਵਾਸਤੇ ਵਰਤਣੀ
ਚਾਹੀਦੀ ਏ। ਸ਼ਾਇਦ ਕੁਝ ਖਾਸ ਤਵੱਜੋ ਮੈਂ ਰੌਸ਼ਨ ਨੂੰ ਦਿੱਤੀ, ਕਿਉਂ ਜੋ ਮੇਰੀ ਫੀਸ ਉਹਦੇ
ਕੋਲ ਅਮਾਨਤ ਸੀ। ਉਪਰੇਸ਼ਨ ਦਾ ਅਮਲ ਵੀ ਕਿੱਡਾ ਵਿਸਥਾਰ ਵਾਲਾ ਹੁੰਦਾ ਏ।
ਪਹਿਲਾਂ ਉਹਦੇ ਪੇਟ ਨੂੰ ਸਾਫ਼ ਕਰਕੇ ਉੱਤੋਂ ਦਵਾਈ ਸਪਰੇ ਕੀਤੀ, ਫਿਰ ਜਦੋਂ ਅਨਥੀਜੀਆ
ਦਿੱਤਾ ਜਾ ਚੁੱਕਾ ਤਾਂ ਚਮੜੀ ਦੀ ਇੱਕ-ਇੱਕ ਪਰਤ ਵੱਖਰੀ-ਵੱਖਰੀ ਕੀਤੀ। ਪਤਲੀ ਤੋਂ
ਪਤਲੀ ਝਿੱਲੀ ਫੁੱਲ ਵਾਂਗ ਚੁੱਕੀ। ਫਿਰ ਅਲਸਰ ਦੇ ਮੋਢੀ ਬਾਹਰ ਕੱਢ ਕੇ ਅੰਦਰ ਬਾਹਰ
ਟਾਂਕੇ ਲਾਏ। ਇਸ ਕੰਮ ਵਿਚ ਕਈ ਘੰਟੇ ਮੈਨੂੰ ਤੇ ਮੇਰੀ ਮਦਦਗਾਰ ਟੀਮ ਨੂੰ ਪੈਰਾਂ ਉੱਤੇ ਖੜ੍ਹੇ
ਰਹਿਣਾ ਪਿਆ। ਦੁਨੀਆਂ ਤੋਂ ਬੇਖ਼ਬਰ ਹੋ ਕੇ ਈ ਅਜਿਹੇ ਨਾਜ਼ੁਕ ਕੰਮ ਹੋ ਸਕਦੇ ਨੇ
ਤਿਆਰੀ ਦੀ ਗੱਲ ਵੱਖਰੀ ਏ। ਡਾਕਟਰ ਦੇ ਹੱਥਾਂ ਸਣੇ ਸਾਰੀਆਂ ਸ਼ੈਆਂ..... ਔਜ਼ਾਰ ਸਾਰੇ
ਕੀਟਾਣੂ-ਰਹਿਤ ਕੀਤੇ ਜਾਂਦੇ ਨੇ, ਖੁੱਲ੍ਹੇ ਜ਼ਖ਼ਮ ਵਿਚ ਮਾੜੀ ਜਿਹੀ ਗੰਦਗੀ ਵੀ ਨੁਕਸਾਨ
ਕਰ ਸਕਦੀ ਏ। ਏਥੇ ਸਾਰੇ ਖਰਚ ਵੀ ਮੇਰੇ ਵਲੋਂ ਸਨ। ਬੱਸ ਖ਼ੂਨ ਦੀ ਇੱਕ ਬੋਤਲ ਉਹਦੇ
ਆੜੀ ਨੇ ਆਪਣੀਆਂ ਰਗਾਂ ਵਿਚੋਂ ਕੱਢ ਕੇ ਦਿੱਤੀ।

ਓਸ ਵੇਲੇ ਰੌਸ਼ਨ ਦੀ ਮਾਂ ਉਪਰੇਸ਼ਨ ਥਿਏਟਰ ਤੋਂ ਬਾਹਰ ਦਰਵਾਜ਼ੇ ਨਾਲ ਲੱਗੀ ਖੜ੍ਹੀ
ਦੁਆ ਮੰਗਦੀ ਰਹੀ। ਮੈਂ ਬਾਹਰ ਨਿਕਲਿਆ ਤਾਂ ਉਹਨੇ ਤੜਫ ਕੇ ਮੇਰੇ ਵੱਲ ਤੱਕਿਆ
"ਮੈਂਡੇ ਬੱਚੜੇ ਦਾ ਕੀ ਹਾਲ ਏ ਡਾਕਟਰ ਸਾਹਿਬ? ਉਹ ਠੀਕ ਹੋਵੈਸੀ?"

"ਹਾਂ, ਹਾਂ ਬਿਲਕੁਲ ਠੀਕ ਏ।" ਮੈਂ ਉਹਨੂੰ ਤਸੱਲੀ ਦਿੱਤੀ। ਇਹ ਦਵਾਈ



ਮੰਗਵਾ ਲਓ। ਮੈਂ ਉਹੋ ਰੌਸ਼ਨ ਵਾਲੇ 215 ਰੁਪਏ ਕੱਢ ਕੇ ਦਿੱਤੇ। ਇਹ ਪੈਸੇ ਰੌਸ਼ਨ ਨੇ ਅਮਾਨਤ ਰਖਵਾਏ ਸਨ। ਮੈਂ ਪੱਜ ਲਾਇਆ।

ਰੌਸ਼ਨ ਦੇ ਜਿਸਮ ਵਿਚ ਜ਼ਖ਼ਮਾਂ ਨੂੰ ਠੀਕ ਕਰਨ ਦੀ ਤਾਕਤ ਬੜੀ ਸੀ। ਪਰ ਅਸਲੀ ਤਾਕਤ ਤਾਂ ਉਹਦੇ ਇਰਾਦੇ ਦੀ ਤਾਕਤ ਸੀ। ਬੜੇ ਛੇਤੀ ਉਹਦੇ ਟਾਂਕੇ ਸੁੱਕ ਗਏ। ਬੜੀ ਛੇਤੀ ਕਮਜ਼ੋਰੀ ਦੂਰ ਹੋ ਗਈ। ਹੁਣ ਉਹ ਆਪਣੇ ਕੰਮ ਤੇ ਜਾਣ ਵਾਸਤੇ ਬੇਕਰਾਰ ਸੀ। ਮੈਂ ਉਹਨੂੰ ਮਨ੍ਹਾ ਕੀਤਾ। "ਘੱਟੋ ਘੱਟ ਇੱਕ ਮਹੀਨੇ ਦਾ ਆਰਾਮ।"

"ਇੱਕ ਮਹੀਨਾ। ਡਾਕਟਰ ਲਾਲਾ, ਮਜ਼ਦੂਰ ਵਾਸਤੇ ਇੱਕ ਮਹੀਨਾ ਬਹੁੰ ਏ। ਥੋੜ੍ਹੀ ਰਿਆਇਤ ਚਾ ਕਰੋ। ਮੈਂ ਗਿਰਵੀ ਵਾਲਾ ਮਜ਼ਦੂਰ ਹਾਂ।" ਫਿਰ ਮੇਰੇ ਪੁੱਛਣ ਤੇ ਉਹਨੇ ਗਿਰਵੀ ਵਾਲੀ ਗੱਲ ਖੋਲ੍ਹ ਕੇ ਦੱਸੀ। ਠੇਕੇਦਾਰ ਦਾ ਟਰੱਕ ਜੋ ਉਹ ਸਵੇਰੇ ਲੈ ਕੇ ਨਿਕਲਦਾ, ਉਹਦੀ ਪਗਾਰ ਫੇਰੇ ਦੇ ਹਿਸਾਬ ਨਾਲ ਬਣਦੀ ਏ। ਇਸੇ ਵਿਚੋਂ ਕਰਜ਼ੇ ਦੀ ਕਿਸ਼ਤ ਕੱਟੀ ਜਾਂਦੀ ਏ। ਕਰਜ਼ਾ ਉਹਦੇ ਬਾਪ ਨੇ ਚੁੱਕਿਆ ਸੀ। ਆਪਣੀ ਮਾਂ ਅਤੇ ਬੀਵੀ ਬੱਚੇ ਵਾਸਤੇ ਉਹੋ ਰਾਤ ਦੀ ਸ਼ਿਫਟ ਵਿਚ ਟਰੱਕ ਚਲਾ ਕੇ ਕਮਾਉਂਦਾ ਸੀ।

ਉਪਰੇਸ਼ਨ ਪਿੱਛੋਂ ਮੇਰੀ ਤੇ ਰੌਸ਼ਨ ਦੀ ਦੋਸਤੀ ਪੱਕੀ ਹੋ ਗਈ। ਸਿਆਲ ਵਿਚ ਜਦ ਕਦੇ ਉਹਦਾ ਚੱਕਰ ਲੱਗਦਾ ਤਾਂ ਆਪਣੇ ਪਿੰਡ ਵਲੋਂ ਨਰਗਿਸ ਦੇ ਫੁੱਲ ਮੇਰੇ ਲਈ ਲੈ ਕੇ ਆਉਂਦਾ। ਇੱਕ ਵਾਰੀ ਬੜੀ ਵਧੀਆ ਸ਼ਾਲ ਆਪਣੀ ਮਾਂ ਦੇ ਹੱਥਾਂ ਦੀ ਕੱਢੀ ਹੋਈ ਲੈ ਕੇ ਆਇਆ। ਇਸੇ ਤਰ੍ਹਾਂ ਕਸੀਦੇ ਵਾਲੀ ਟੀ-ਕੋਜ਼ੀ ਵੀ ਲਿਆਇਆ, ਪਰ ਸਭ ਤੋਂ ਬਹੁਤੀਆਂ ਖ਼ੁਸ਼ਬੂਦਾਰ ਤਾਂ ਉਹਦੀਆਂ ਗੱਲਾਂ ਹੁੰਦੀਆਂ ਸਨ। ਉਹ ਆਪਣੇ ਮਿੱਠੇ ਲਹਿਜ਼ੇ ਵਿਚ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਰਹਿੰਦਾ। ਇੱਕ ਵਾਰ ਮੈਂ ਉਹਨੂੰ ਪੁੱਛ ਹੀ ਲਿਆ, "ਰੌਸ਼ਨ ਇੱਕ ਗੱਲ ਤਾਂ ਦੱਸ ਤੂੰ ਬਚਪਨ ਤੋਂ ਗਿਰਵੀ ਪਿਆ ਇੱਕ ਮਜ਼ਦੂਰ, ਟਰੱਕ ਲੋਡ, ਅਨਲੋਡ ਕਰਨ ਦੇ Rough Rude ਅੱਡਿਆਂ ਨਾਲ ਬੰਨ੍ਹਿਆ ਹੋਇਆ। ਫੇਰ ਅੱਗੋਂ ਡਰਾਈਵਰ ਬਣਕੇ ਸੜਕਾਂ ਦਾ ਕੈਦੀ। ਐਡੀਆਂ ਸਿਆਣੀਆਂ ਗੱਲਾਂ ਕਿੱਥੋਂ ਸਿੱਖੀਆਂ? ਇਹ ਲਫ਼ਜ਼, ਇਹ ਖ਼ਿਆਲ ..... ਇਸਤਿਹਾਲ ਫਿਊਡਲ, ਸਰਮਾਏਦਾਰੀ, ਚਾਈਲਡ ਲੇਬਰ ਵਰਗੇ ਨਵੀਂ ਸੋਚ, ਨਵੀਂ ਕੋਸ਼ ਦੇ ਲਫ਼ਜ਼?" ਉਹ ਹੱਸ ਪਿਆ, "ਬੱਸ ਜੀ ਹੈਸੀ ਕੋਈ ਮਿਹਰਬਾਨ ਤੁਹਾਡੇ ਵਰਗਾ ਡਾਕਟਰ ਲਾਲਾ। ਉਹ ਕਿਤਾਬਾਂ ਦਾ ਡਾਕਟਰ ਸੀ। ਉਹਨੇ ਸਿਖਾ ਛੱਡੀਆਂ ਨਵੇਂ ਜ਼ਮਾਨੇ ਦੀਆਂ ਗੱਲਾਂ।"

"ਉਹ ਤੈਨੂੰ ਕਿੱਥੇ ਮਿਲਿਆ?"

ਸਾਡੇ ਅੱਡੇ ਉੱਤੇ ਆਉਂਦਾ ਰਹਿੰਦਾ ਸੀ। ਚਾਈਲਡ ਲੇਬਰ ਉੱਤੇ ਖੋਜ ਕਰ ਰਿਹਾ ਸੀ ਉਹ। ਉਸੇ ਦੇ ਨਾਲ ਕਦੇ-ਕਦੇ ਇੱਕ ਦਵਾਈ ਵਾਲਾ ਡਾਕਟਰ ਵੀ ਆਉਂਦਾ। ਉਹ ਮਜ਼ਦੂਰ ਬੱਚਿਆਂ ਉੱਤੇ ਬੀਮਾਰੀਆਂ ਦੀ ਖੋਜ ਕਰ ਰਿਹਾ ਸੀ।"

"ਅੱਛਾ! ਉਹਨਾਂ ਦੋਵਾਂ ਨੇ ਤੈਨੂੰ ਸਮਾਜਿਕ ਵਿਗਿਆਨ ਅਤੇ ਡਾਕਟਰੀ ਵਿਗਿਆਨ

ਦੋਵੇਂ ਪੜ੍ਹਾ ਦਿੱਤੀਆਂ ਨੇ।" ਮੈਂ ਉਹਨੂੰ ਛੇੜਿਆ ਤੇ ਉਹ ਹੱਸ ਪਿਆ। ਫਿਰ ਹੌਲੀ-ਹੌਲ ਨਿੱਕੇ-ਨਿੱਕੇ ਲਫ਼ਜ਼ਾਂ ਵਿਚ ਉਹਨੇ ਇੱਕ ਬਹੁਤ ਵੱਡੀ ਗੱਲ ਕੀਤੀ,

"ਜੀ ਲਾਲਾ ਜੀ, ਉਹਨਾਂ ਇੱਕ ਤਰ੍ਹਾਂ ਨਾਲ ਸਾਡਾ ਉਪਰੇਸ਼ਨ ਈ ਕੀਤਾ। ਉ ਤਰ੍ਹਾਂ ਜਿਵੇਂ ਤੁਸੀਂ ਪੇਟ ਦੀ ਬਲਾ ਨੂੰ ਬਾਹਰ ਕੱਢ ਕੇ ਸੁੱਟਿਆ ਏ। ਉਹਨਾਂ ਦਿਮਾਗ ਦ ਬਲਾ ਨੂੰ ਬਾਹਰ ਕੱਢ ਦਿੱਤਾ। ਜਹਾਲਤ ਵੀ ਤੇ ਇੱਕ ਬਲਾ ਈ ਹੁੰਦੀ ਏ ਨਾ। ਅਜਿ ਬਲਾ ਜੋ ਆਜ਼ਾਦੀ ਦੇ ਅਹਿਸਾਸ ਦੀ ਕਰੂੰਬਲ ਨੂੰ ਬੱਕਰੀ ਵਾਂਗ ਚਰ ਜਾਂਦੀ ਏ। ਇ ਡਾਕਟਰ ਸਾਹਿਬ ਅਸਾਂ ਕੋਈ ਮੁਫ਼ਤ ਨਹੀਂ ਪੜ੍ਹਿਆ। ਫੀਸ ਦੇ ਕੇ ਪੜ੍ਹਾਈ ਕੀਤੀ। ਉ ਦਿਨ ਉਹ ਗੱਪ-ਸ਼ੱਪ ਦੇ ਰੌਂਅ ਵਿਚ ਸੀ। ਮੈਂ ਵੀ ਦਿਲਚਸਪੀ ਲੈਂਦਾ ਰਿਹਾ। ਅੱਛਾ ਤੂੰ ਫੀ ਦੇ ਕੇ ਨਵੀਂ ਸੋਚ ਨੂੰ ਪੜ੍ਹਿਆ। ਉਹ ਕਿਸ ਤਰ੍ਹਾਂ? ਮੈਂ ਪੁੱਛਿਆ।

"ਉਹ ਜੀ ਬਦਲੇ ਵਿਚ ਅਸਾਂ ਵੀ ਉਹਨਾਂ ਨੂੰ ਬਥੇਰਾ ਕੁਝ ਪੜ੍ਹਾਉਂਦੇ ਰਹਿੰਦੇ ਸਾਂ "ਤੁਸੀਂ?" "ਹਾਂ ਜੀ, ਇਹ ਗੱਲ ਦੀ ਕਿਤਾਬ ਵਾਲੇ ਡਾਕਟਰ ਲਾਲੇ ਆਖੀ ਸੀ। ਮਜ਼ਦੂ ਬੱਚਿਆਂ ਬਾਰੇ ਖਬਰਾਂ ਤਾਂ ਅਸੀਂ ਜਮ੍ਹਾ ਕਰਦੇ ਸਾਂ। ਉਹ ਕਿੱਥੇ-ਕਿੱਥੇ ਕੀ ਕੀ ਕੰਮ ਕਰਦੇ ਨੇ। ਕਿਸ-ਕਿਸ ਮੁਸ਼ਕਿਲ ਵਿਚ ਹਨ। ਸਾਰੀਆਂ ਗੱਲਾਂ ਯਾਰ ਜੀ ਨੂੰ ਦੱਸਦੇ ਤਾਂ ਉ ਕਹਿੰਦੇ, ਤੁਸੀਂ ਮੈਨੂੰ ਇਲਮ ਦਿੰਦੇ ਓ। ਮੈਂ ਵੀ ਤੁਹਾਨੂੰ ਕੁਝ ਦੇਵਾਂਗਾ ਜ਼ਰੂਰ। ਬੱਸ ਫਿਰ ਕ ਸੀ, ਅਲਫ਼, ਬੇ, ਪੇ, ਏ. ਬੀ. ਸੀ., ਦੋ ਦੂਣੀ ਚਾਰ ਦੇ ਨਾਲ਼-ਨਾਲ਼ ਉਹਨਾਂ ਸਾਨੂੰ ਜ਼ਿੰਦਗੀ ਦਾ ਸਬਕ ਵੀ ਪੜ੍ਹਾ ਦਿੱਤਾ। ਦੁਨੀਆਂ ਦਾ ਨਕਸ਼ਾ ਖੋਲ੍ਹ ਕੇ ਸਾਰੇ ਮੁਲਕ ਵਿਖਾਏ। ਵਿਚਕਾਰ ਮੇਰਾ ਦੇਸ਼ ਵੀ। ਫਿਰ ਮਜ਼ਦੂਰਾਂ ਦੀ ਦੁਨੀਆਂ ਵੀ। ਇਨਸਾਨ ਦੀ ਹਿਸਟਰੀ, ਸਾਰੀ ਦੁਨੀਆਂ ਵਿਚ ਖਿਲਰੀ ਹੋਈ ਇਨਸਾਨ ਦੀ ਤਾਕਤ। ਇਲਮ ਤੇ ਮਿਹਨਤ ਦੀ ਤਰੱਕੀ। ਮਿਹਨਤ ਕਰਨ ਵਾਲਿਆਂ ਦੀ ਤਾਕਤ... ਉਹਨਾਂ ਦੇ ਤਾਕਤਵਰ ਸੁਪਨੇ....."

ਉਹਨਾਂ ਅੱਧ-ਖੁੱਲੀਆਂ ਅੱਖਾਂ ਨਾਲ ਕਿਧਰੇ ਦੂਰ ਦੇਖਦਾ ਹੋਇਆ ਉਹ ਬੋਲ ਰਿਹਾ ਸੀ। ਮੈਂ ਉਸਨੂੰ ਟੋਕਿਆ, "ਲੱਗਦਾ ਏ ਕਿਤਾਬ ਵਾਲੇ ਡਾਕਟਰ ਨੇ ਤੈਨੂੰ ਸੁਪਨੇ ਵੇਖਣੇ ਵੀ ਸਿਖਾ ਛੱਡੇ ਨੇ।"

"ਸੁਪਨੇ ਤਾਂ ਮੈਂ ਪਹਿਲਾਂ ਵੀ ਵੇਖਦਾ ਸਾਂ, ਪਰ ਉਹ ਮਾੜੇ ਸੁਪਨੇ ਸਨ। ਮੇਰੀ ਦੁਨੀਆਂ ਠੇਕੇਦਾਰ ਦੀ ਖੁਸ਼ਹਾਲਤ ਕੋਲੋਂ ਅੱਗੇ ਨਹੀਂ ਸੀ ਜਾਂਦੀ। ਹੁਣ ਤਾਂ ਮੈਨੂੰ ਸ਼ਰਮ ਆਉਂਦੀ ਏ। ਮੈਂ ਠੇਕੇਦਾਰੀ ਨੂੰ ਬੜੀ ਤਾਕਤ ਸਮਝਦਾ ਸੀ। ਇਨਸਾਨ ਦੀ ਅਸਲ ਤਾਕਤ ਕੋਲੋਂ ਬੇਖ਼ਬਰ ਜੋ ਸਾਂ।"

"ਚੰਗਾ ਤੇਰੇ ਉਸਤਾਦ ਨੇ ਤੈਨੂੰ ਤਾਕਤਵਰ ਬਣਾ ਦਿੱਤਾ।" ਮੈਂ ਉਹਨਾਂ ਇੱਕ ਵਾਰ ਫਿਰ ਛੇੜਿਆ।

ਨਹੀਂ ਜੀ, ਇੰਝ ਤੇ ਜਾਨਣਾ ਵੀ ਇੱਕ ਤਾਕਤ ਏ ਪਰ ਮੈਂ ਸਮਝਦਾਂ ਉਹਨਾਂ ਮੈਨੂੰ



ਅਕਲਮੰਦ ਬਣਾ ਛੱਡਿਆ। ਅੱਜ ਮੈਨੂੰ ਪਤਾ ਏ, ਮੈਂ ਇਕੱਲਾ ਨਹੀਂ। ਕੋਈ ਵੀ ਇਕੱਲਾ ਨਹੀਂ ਰਹਿ ਸਕਦਾ। ਅਸੀਂ ਸਾਰੇ ਤਾਕਤਵਰ ਹੋ ਜਾਵਾਂਗੇ, ਜਦੋਂ ਇੱਕ-ਇੱਕ ਕਾਮਾ ਇਲਮ ਦਾ ਮਾਲਕ ਹੋ ਜਾਵੇਗਾ.... ਜਦੋਂ ਤੁਹਾਡੇ ਵਰਗੇ ਲੋਕੀ .... ਹਾਂ, ਲਾਲਾ ਜੀ ਤੁਹਾਡੇ ਵਰਗੇ ਗੁਣੀ ਸਾਡੇ ਨਾਲ ਹੋਣਗੇ। ਕੀ ਕਿਤਾਬਾਂ ਦੇ ਡਾਕਟਰ, ਕੀ ਦਵਾਈਆਂ ਦੇ ਡਾਕਟਰ। ਕਿਉਂ ਜੋ ਸਰਮਾਏਦਾਰੀ ਦੇ ਨਾਲ ਤੁਹਾਡੀ ਵੀ ਕੋਈ ਇੱਜ਼ਤ ਨਹੀਂ ਬਣਦੀ। ਬੇਸ਼ੱਕ ਸਾਡੇ ਕੋਲ ਦੇਣ ਵਾਸਤੇ ਵੱਡੀਆਂ-ਵੱਡੀਆਂ ਫੀਸਾਂ ਨਹੀਂ, ਪਰ ਦੂਜੇ ਪਾਸੇ ਤੁਹਾਡੇ ਲਈ ਤੇ ਤੁਹਾਡੇ ਇਲਮ ਲਈ ਇੱਜ਼ਤ ਵੀ ਨਹੀਂ।"

ਮੈਨੂੰ ਲੱਗਾ, ਰੌਸ਼ਨ ਮੇਰੇ ਕੋਲੋਂ ਵੱਧ, ਮੇਰੇ ਲਈ ਸੋਚਦਾ ਸਮਝਦਾ ਏ। ਉਹਦਾ ਉਸਤਾਦ ਲਾਲਾ ਵੀ ਠੀਕ ਹੀ ਕਹਿੰਦਾ ਏ। ਮਿਹਨਤ ਤੇ ਸਿਆਣਪ ਦੋਵੇਂ ਸਕੀਆਂ ਭੈਣਾਂ ਨੇ। ਤਾਕਤ ਤੇ ਹੁਸਨ ਮਿਲ ਜਾਵਣ ਤਾਂ ਜ਼ਿੰਦਗੀ ਦਾ ਕਰਮ ਧਰਮ ਵੱਧ ਜਾਂਦਾ ਏ। ਪਰ ਦੂਜੇ ਪਾਸੇ ਜੋ ਹੁੰਦਾ ਰਿਹਾ ਏ, ਸਦੀਆਂ ਤੋਂ ਜਾਗੀਰਦਾਰੀ ਪ੍ਰਬੰਧ ਦੀ ਆਚਰਨ-ਪ੍ਰਣਾਲੀ ਨੇ ਸੂਝ ਨੂੰ ਸਰਮਾਏ ਦੀ ਸੇਵਕ ਬਣਾ ਕੇ ਰੱਖਿਆ। ਕਿੰਨਾ ਵੱਡਾ ਸ਼ੋਸ਼ਣ ਹੁੰਦਾ ਰਿਹਾ ਮੇਰਾ, ਰੌਸ਼ਨ ਦਾ ਤੇ ਹੋਰ ਸਾਰਿਆਂ ਦਾ। ਮੈਨੂੰ ਆਪਣਾ ਜ਼ਮਾਨਾ ਯਾਦ ਆਉਂਦਾ। ਮੈਂ ਵੀ ਤੇ ਇੱਕ ਕਿਸਾਨ ਦਾ ਪੁੱਤਰ ਸਾਂ। ਭਾਵੇਂ ਮੇਰਾ ਬਾਪ ਕਿਸੇ ਦਾ ਮੁਜ਼ਾਰਾ ਨਹੀਂ ਸੀ, ਪਰ ਥੋੜ੍ਹੀ ਜ਼ਮੀਨ ਤੇ ਬਹੁਤ ਸਾਰੀ ਜ਼ਮੀਨ ਦਾ ਫ਼ਰਕ ਉਹੋ ਜਾਣ ਸਕਦੇ ਨੇ, ਜੋ ਏਸ ਫ਼ਰਕ ਦੀ ਆਰੀ ਨਾਲ ਚੀਰੇ ਜਾਂਦੇ ਰਹੇ ਹੋਣ। ਉਹ ਦਿਨ ਜਦੋਂ ਮੈਂ ਆਪਣੇ ਪਿੰਡ ਤੋਂ ਤਿੰਨ ਮੀਲ ਦੂਰ ਟੁਰ ਕੇ ਸਕੂਲ ਜਾਂਦਾ ਸਾਂ। ਕਿਉਂ ਜੋ ਚੌਧਰੀ ਨੇ ਪਿੰਡ ਵਿਚ ਸਕੂਲ ਖੁੱਲ੍ਹਣ ਨਹੀਂ ਸੀ ਦਿੱਤਾ। ਆਪਣੇ ਪੁੱਤਰਾਂ ਨੂੰ ਤਾਂ ਉਹ ਵੱਡੇ ਸ਼ਹਿਰ ਦੇ ਸ਼ਾਨਦਾਰ ਸਕੂਲਾਂ ਵਿਚ ਪੜ੍ਹਾ ਰਿਹਾ ਸੀ। ਫਿਰ ਜਦੋਂ ਮੈਂ ਚੰਗੇ ਨੰਬਰਾਂ ਵਿਚ ਮੈਟ੍ਰਿਕ ਕਰ ਲਈ ਤਾਂ ਚੌਧਰੀ ਸਾਹਿਬ ਨੇ ਮੈਨੂੰ ਆਪਣਾ ਮੁਨਸ਼ੀ ਰੱਖ ਲੈਣ ਦੀ ਗੱਲ ਕੀਤੀ ਜਾਂ ਫਿਰ ਕਿਧਰੇ ਛੋਟਾ ਕਲਰਕ ਰਖਵਾ ਦੇਣ ਦਾ ਅਹਿਸਾਨ ਕਰਨਾ ਚਾਹਿਆ। ਮਤਲਬ ਸਾਫ਼ ਸੀ। ਉਹ ਨਹੀਂ ਸੀ ਚਾਹੁੰਦਾ ਕਿ ਮੈਂ ਕਿਧਰੇ ਸ਼ਹਿਰ ਦੇ ਕਾਲਜ ਪੜ੍ਹਨ ਜਾਵਾਂ, ਬਹੁਤਾ ਪੜ੍ਹ ਜਾਵਾਂ। ਉਹਦੇ ਪੁੱਤਰਾਂ ਦੇ ਬਰਾਬਰ ਆ ਜਾਵਾਂ। ਮੇਰੇ ਗਰੀਬ ਬਾਪ ਨੇ ਆਪਣੇ ਸੁਪਨਿਆਂ ਕੋਲੋਂ ਜੁਰਅਤ ਲਈ। ਉਧਾਰ ਪੈਸਾ ਚੁੱਕ ਕੇ ਮੈਨੂੰ ਸ਼ਹਿਰ ਦੇ ਚੰਗੇ ਕਾਲਜ ਵਿਚ ਦਾਖਲ ਕਰਾਇਆ। ਫਿਰ ਅੱਗੋਂ ਅੱਧੀ ਜ਼ਮੀਨ ਗਹਿਣੇ ਪਾ ਕੇ ਮੈਡੀਕਲ ਕਾਲਜ ਵਿਚ ਡਾਕਟਰ ਬਣਨ ਲਈ ਭੇਜਿਆ। ਉਥੇ ਮੈਨੂੰ ਅਜਿਹੇ ਵਿਦਿਆਰਥੀ ਵੀ ਮਿਲੇ ਜਿਹਨਾਂ ਉੱਤੇ ਦੌਲਤ ਦਾ ਮੀਂਹ ਵਰ੍ਹਦਾ ਸੀ। ਵੱਡੀਆਂ-ਵੱਡੀਆਂ ਕਾਰਾਂ ਭਜਾਈ ਫਿਰਦੇ ਸਨ, ਪਰ ਪੜ੍ਹਾਈ ਵਿਚ ਮੈਂ ਉਹਨਾਂ ਕੋਲੋਂ ਅੱਗੇ ਹੀ ਰਿਹਾ ਮੇਰੀ ਇੱਜ਼ਤ ਬਣ ਗਈ।

ਫਿਰ ਉਹ ਦਿਨ ਵੀ ਆਇਆ ਜਦੋਂ ਮੇਰੇ ਪਿੰਡ ਦੇ ਚੌਧਰੀ ਸਾਹਿਬ ਆਪ ਮੈਨੂੰ ਮਿਲਣ ਵਾਸਤੇ ਆਏ। ਪਰ ਪ੍ਰਿੰਸੀਪਲ ਦੇ ਸਾਹਮਣੇ ਮੈਨੂੰ ਸੱਦਕੇ ਐਲਾਨ ਕਰ ਗਏ, ਪਈ

ਮੈਂ ਉਹਨਾਂ ਦੇ ਪਿੰਡ ਦੇ ਇੱਕ ਗ਼ਰੀਬ ਹੱਲ-ਵਾਹਕ ਦਾ ਪੁੱਤਰ ਹਾਂ। ਉਸੇ ਦਿਨ ਮੈਂ ਆਪਣੇ ਪਿੰਡ ਕੋਲੋਂ ਨਫ਼ਰਤ ਜਿਹੀ ਹੋ ਗਈ। ਆਪਣੀ ਸਾਰੀ ਪਿਛੋਕੜ ਕੋਲੋਂ ਨਿਖ ਗਿਆ। ਮੈਂ ਵੀ ਦੌਲਤ ਨਾਲ ਪਿਆਰ ਕਰਨ ਲੱਗ ਪਿਆ। ਦੌਲਤ ਸਾਰੇ ਐਬ ਜੋ ਢੱ ਲੈਂਦੀ ਏ। ਗਰੀਬੀ ਸਾਰੇ ਹੁਨਰ ਬਰਬਾਦ ਕਰ ਛੱਡਦੀ ਏ। ਇਸੇ ਕਰਕੇ ਵੱਡੀਆਂ-ਵੱਡੀਆ ਫ਼ੀਸਾਂ ਲੈ ਕੇ ਅਮੀਰਾਂ ਦਾ ਇਲਾਜ ਕਰਨਾ ਮੇਰਾ ਮਕਸਦ ਬਣ ਗਿਆ। ਬੜੀ ਤੇਜ਼ੀ ਨਾ ਮੈਂ ਆਪਣੀ ਜਾਤ ਨੂੰ ਦੌਲਤ ਦੇ ਗੁੰਬਦ ਵਿਚ ਲੁਕਾਵਣ ਲੱਗ ਪਿਆ। ਗਰੀਬ ਲੋਕੀ ਮੈਨੂੰ ਮੇਰਾ ਅਸਲਾ ਯਾਦ ਕਰਾਉਂਦੇ ਨੇ। ਇਸੇ ਕਰਕੇ ਗਰੀਬ ਮਰੀਜ਼ਾਂ ਨੂੰ ਵੇਖਦੇ ਮੈਨੂੰ Pain Killer (ਪੀੜ ਘਟਾਉਣ ਵਾਲੀ ਗੋਲੀ) ਯਾਦ ਆ ਜਾਂਦੀ ਏ। ਮੈਂ ਉਸੇ ਨਾਲ ਜਾਨ ਛੁਡਾ ਲੈਂਦਾਂ। ਕੀ ਫ਼ਾਇਦਾ ਅਜਿਹੀ ਖ਼ਲਕਤ ਉੱਤੇ ਮਿਹਨਤ ਕਰਨ ਦਾ, ਜਿਹਦੇ ਪੱਲੇ ਪੈਸ ਨਹੀਂ। ਐਨੇ ਚਿਰ ਵਿਚ ਮੈਨੂੰ ਭੁੱਲ ਗਿਆ ਸੀ, ਪਈ ਸਰਜਰੀ ਵਿਚ ਮੁਹਾਰਤ ਹਾਸਲ ਕਰਨ ਲਈ ਸਾਡੇ ਤਜਰਬੇ (ਡੱਡੂਆਂ ਨੂੰ ਛੱਡ ਕੇ) ਗਰੀਬਾਂ ਉੱਤੇ ਈ ਕੀਤੇ ਸਨ। ਉਹਨ ਦੀਆਂ ਲਾਸ਼ਾਂ ਹੁੰਦੀਆਂ ਸਨ। ਉਹਨਾਂ ਦੇ ਬੀਮਾਰ ਜਿਸਮ ਦੇ ਅੰਗ, ਜਿਹਨਾਂ ਉੱਤੇ ਸਿੱਖਣ ਵਾਲੇ ਤਜਰਬੇ ਕੀਤੇ। ਕੋਈ ਅਮੀਰ ਆਪਣਾ ਆਪ ਸਿੱਖਣ ਵਾਲੇ ਡਾਕਟਰ ਦੇ ਹਵਾਲੇ ਨਹੀਂ ਕਰਦਾ। ਹੁਣ ਜੋ ਉਪਰੇਸ਼ਨ ਮੈਂ ਕਰਦਾਂ, ਉਹਦੇ ਵਿਚ ਹਜ਼ਾਰਾਂ ਦੀ ਫ਼ੀਸ ਤਾਂ ਆਪਣੇ ਹੱਥਾਂ ਦੀ ਮੁਹਾਰਤ ਵਾਸਤੇ ਰੱਖ ਲੈਂਦਾ ਵਾਂ। ਹਜ਼ਾਰਾਂ ਕਲੀਨਿਕ ਦੇ ਖਰਚ ਵਿਚ। ਕਿਉਂ ਨਾ ਕਰਾਂ। ਮੇਰੇ ਬਾਪ ਨੇ ਜ਼ਮੀਨ ਵੇਚ ਕੇ ਤੰਗੀ ਨਾਲ ਮੈਨੂੰ ਡਾਕਟਰੀ ਦੀ ਪੜ੍ਹਾਈ ਕਰਾਈ। ਅੱਜ ਮੇਰੀ ਕੋਠੀ ਉੱਤੇ ਸੰਗਮਰਮਰ ਚੜ੍ਹ ਚੁੱਕਾ ਏ। ਅੱਗੋਂ ਮੇਰੀ ਔਲਾਦ ਦਾ ਭਵਿੱਖ ਵੀ ਤਾਂ ਹੈ, ਜਿਸ ਨੂੰ ਮੈਂ ਸੋਨੇ ਦੀਆਂ ਇੱਟਾਂ ਨਾਲ ਬਣਵਾਉਣਾ ਚਾਹੁੰਦਾ ਹਾਂ।

ਫਿਰ ਵੀ ਮੈਨੂੰ ਲੱਗਦਾ, ਮੈਂ ਵੇਲੇ ਦੀ ਭੱਠੀ ਉੱਤੇ ਠੀਕ ਤਰ੍ਹਾਂ ਪੱਕ ਨਹੀਂ ਸਕਿਆ। ਕੁਝ ਕੱਚਾ ਰਹਿ ਗਿਆ ਏ। ਮੇਰੇ ਲਹੂ ਦੀ ਪੂਰੀ ਤਬਦੀਲੀ ਨਹੀਂ ਹੋਈ। ਇਸੇ ਕਰਕੇ ਇੱਕ ਆਮ ਜਿਹੀ ਡਰਾਈਵਰ ਦੀਆਂ ਗੱਲਾਂ ਨੇ ਮਖੌਟਾ ਲਾਹ ਕੇ ਮੇਰੀ ਖੱਲ ਛਿੱਲ ਸੁੱਟੀ ਤਾਂ ਅੰਦਰੋਂ ਉਹੋ ਪੁਰਾਣਾ ਕਿਸਾਨ ਦਾ ਪੁੱਤਰ ਨਿਕਲ਼ ਕੇ ਖਲੋ ਗਿਆ। ਉਹਦੇ ਲਫ਼ਜ਼ (ਡਾਕਟਰ ਲਾਲਾ) "ਇਹ ਥੋੜ੍ਹੇ ਜਿਹੇ ਪੈਸੇ ਚਾ ਘਿਨੋ, ਲੰਮੀ ਫ਼ੀਸ ਪਿੱਛੇ ਦੇ ਛੋੜਸਾਂ। ਮੈਂਡੀ ਜਾਨ ਗਿਰਵੀ ਪਈ ਹੋਈ ਏ। ਖ਼ਬਰੇ ਤੇਰੇ ਖਾਤੇ ਵੀ ਗਿਰਵੀ ਪੈ ਜਾਸਾਂ। ਸਾਰੀ ਰਕਮ ਲਾਹ ਦੇਸਾਂ। ਨਹੀਂ ਤਾਂ ਮੇਰੀ ਮਾਓਂ ਸ਼ਾਲ ਬਣਾਸੀ। ਤੁਹਾਡੀ ਬੇਗਮ ਸਾਹਿਬਾ ਵਾਸਤੇ ਡਾਢੀ ਸੁਹਣੀ ਸ਼ਾਲ, ਰੇਸ਼ਮ ਦੇ ਫੁੱਲ ਬੂਟੇ ਪਾ ਕੇ ਆਪਣੀਆਂ ਉਂਗਲਾਂ ਦੇ ਲਹੂ ਵਿਚ ਅੱਖੀਆਂ ਦਾ ਨੂਰ ਰਲਾ ਕੇ ਅਨਮੋਲ ਕਸੀਦਾ ਕੱਢਦੀ ਏ ਮੇਰੀ ਅੰਮੜੀ" ਉਹਦੇ ਇਹ ਲਫ਼ਜ਼ ਮੇਰੀ ਹਸਤੀ ਦਾ ਉਪਰੇਸ਼ਨ ਕਰ ਗਏ।

ਓਸ ਦਿਨ ਦੋਵੇਂ ਉਪਰੇਸ਼ਨ ਕਾਮਯਾਬ ਹੋਏ।

ਰੌਸ਼ਨ ਨੂੰ ਚੌਖੇ ਆਰਾਮ ਦੀ ਲੋੜ ਸੀ। ਪਰ ਉਹਨੇ ਬਹੁਤਾ ਆਰਾਮ ਨਾ ਕੀਤਾ।



ਡਬਲ ਸ਼ਿਫਟ ਦਾ ਕੰਮ ਵੀ ਨਾ ਛੱਡਿਆ। ਏਸੇ ਤਰ੍ਹਾਂ ਉਹ ਡਰਾਈਵਰਾਂ ਵਾਲੀ ਕੜਕ ਚਾਹ ਵੀ ਪੀਂਦਾ ਰਿਹਾ। ਉਹਨੂੰ ਇੱਕ ਡਰ ਸੀ। ਉਹਦੀ ਮਾਂ ਦਿਨ-ਬ-ਦਿਨ ਕਮਜ਼ੋਰ ਹੋਈ ਜਾ ਰਹੀ ਸੀ। ਜੇ ਮਰ ਗਈ ਤਾਂ ਉਹਦੀ ਜਵਾਨ ਵਹੁਟੀ ਤੇ ਨਿੱਕਾ ਜਿਹਾ ਕਾਕਾ ਪਿੱਛੇ ਇਕੱਲਾ ਰਹਿ ਜਾਣਗੇ। ਸਖ਼ਤ ਮਿਹਨਤ, ਬੇ-ਆਰਾਮੀ ਤੇ ਟੈਨਸ਼ਨ ਨਾਲ ਉਹ ਫਿਰ ਬੀਮਾਰ ਹੋ ਗਿਆ। ਦੂਜੀ ਵਾਰ ਆਉਂਦੇ ਸਾਰ ਆਖਣ ਲੱਗਾ, "ਅੱਲਾ ਦੀ ਕਸਮ ਏ ਡਾਕਟਰ ਲਾਲਾ, ਮੈਂ ਬਹੁਤ ਸ਼ਰਮਸਾਰ ਹਾਂ। ਪਿਛਲੇ ਪੈਸੇ ਪੂਰੇ ਨਹੀਂ ਕਰ ਸਕਿਆ। ਹੁਣ ਫਿਰ ਨਾਮੁਰਾਦ ਦਰਦ" ਉਹਨਾਂ ਦੋਹਾਂ ਹੱਥਾਂ ਨਾਲ ਆਪਣਾ ਪੇਟ ਫੜ ਲਿਆ। ਮੈਂ ਝੂਠੇ ਗੁੱਸੇ ਨਾਲ ਉਹਨੂੰ ਆਖਿਆ ਤੇ ਡਾਂਟਿਆ, "ਇੱਕ ਪਾਸੇ ਮੈਨੂੰ ਕਹਿਨਾ ਏਂ, ਦੂਜੇ ਪਾਸੇ ਗ਼ੈਰਾਂ ਵਾਲੀ ਗੱਲ ਕਰਦਾ ਏਂ, ਸੱਚ ਦੱਸਾਂ ਰੌਸ਼ਨ ਤੇਰਾ, ਉਪਰੇਸ਼ਨ ਮੈਨੂੰ ਬੜਾ ਕੁਝ ਸਿੱਖਣ ਵਿਚ ਮਦਦ ਵੀ ਕਰਦਾ ਏ। ਭੁੱਲ ਗਿਆ ਏ ਆਪਣੇ ਡਾਕਟਰ ਲਾਲਾ ਦੀ ਗੱਲ, ਜਿਵੇਂ ਉਹ ਤੇਰਾ ਕਿਤਾਬਾਂ ਵਾਲਾ ਲਾਲਾ ਕਹਿੰਦਾ ਸੀ ਨਾ, ਮੈਂ ਵੀ ਗਰੀਬਾਂ ਕੋਲੋਂ ਇਲਮ ਲੈਂਦਾ ਹਾਂ ਅਮੀਰਾਂ ਕੋਲੋਂ ਫ਼ੀਸ, ਮੈਨੂੰ ਕੋਈ ਘਾਟਾ ਨਹੀਂ ਪੈਂਦਾ। ਇਹ ਗੱਲ ਮੈਂ ਉਹਨੂੰ ਅੰਦਰੋਂ ਸੌਖਾ ਕਰਨ ਲਈ ਆਖੀ ਸੀ।

ਰੌਸ਼ਨ ਦਾ ਦੂਜਾ ਉਪਰੇਸ਼ਨ ਕਾਮਯਾਬ ਤਾਂ ਹੋ ਗਿਆ, ਪਰ ਮੈਨੂੰ ਕਹਿਣਾ ਪੈ ਗਿਆ, "ਹੁਣ ਤੂੰ ਆਪਣੀ ਜਾਤ ਵਾਸਤੇ ਫ਼ਿਕਰ ਕਰ। ਦੂਜਾ ਉਪਰੇਸ਼ਨ ਐਡੀ ਛੇਤੀ ਤੇਰੀ ਹਿੰਮਤ ਬਚਾ ਗਈ। "ਹਿੰਮਤ, ਵਿੰਮਤ ਕੁਝ ਨਹੀਂ ਲਾਲਾ। ਉਹ ਜਿਹੜੀ ਮਰੀਅਮ ਵਰਗੀ ਹੈਗੀ ਨਾ। ਪਿੱਛੇ ਘਰ ਬੈਠੀ ਕਹਿੰਦੇ ਕਹਿੰਦੇ ਉਹਦਾ ਮੁੱਖ ਲਾਲ ਗੁਲਾਬ ਹੋ ਗਿਆ। ਹਰ ਵੇਲੇ ਮੇਰੇ ਵੱਲ ਵੇਖਦੀ ਰਹਿੰਦੀ ਏ ਉਹਦੀ ਨਰਗਿਸੀ ਅੱਖ ਹਰ ਵਾਰੀ ਜ਼ਿੰਦਗੀ ਵੱਲ ਸੱਦ ਲਿਜਾਂਦੀ ਏ।"

"ਖ਼ੈਰ, ਉਹਨੇ ਸੁੱਖ ਦਾ ਸਾਹ ਲੈ ਕੇ ਆਖਿਆ, "ਹੁਣ ਕਰਜ਼ਾ ਥੋੜ੍ਹਾ ਰਹਿ ਗਿਆ ਏ। ਕੁਝ ਕਮਿਸ਼ਨ ਵੀ ਵਧ ਗਈ ਏ। ਓਧਰ ਮੇਰੀ ਨੂਰਾਂ ਵੀ ਮਾਂ ਦੇ ਨਾਲ ਸ਼ਾਲ ਬਨਾਵਣ ਲੱਗ ਪਈ ਏ। ਹੁਣ ਮੈਂ ਡਬਲ ਸ਼ਿਫਟ ਦੇ ਚੱਕਰ ਵਿਚੋਂ ਨਿਕਲ ਆਵਾਂਗਾ। ਫਿਰ ਉਹਨਾਂ ਸਾਰਿਆਂ ਨੂੰ ਰਾਵਲਪਿੰਡੀ ਕੀ ਸੈਰ ਕਰਾਵਣ ਲੈ ਕੇ ਆਵਾਂਗਾ।"

ਇਸ ਗੱਲ ਨੂੰ ਮਹੀਨਾ ਡੇਢ ਮਹੀਨਾ ਹੀ ਗੁਜ਼ਰਿਆ ਹੋਣਾ ਏ ਜਦੋਂ ਪੂਰੇ ਮੁਲਕ ਦਾ ਉਪਰੇਸ਼ਨ ਹੋਇਆ। "ਉਪਰੇਸ਼ਨ ਫੇਅਰ ਪਲੇ' ਆਖ ਕੇ ਉਹਨਾਂ "ਫਾਊਲ ਪਲੇ" ਕੀਤਾ। ਇੰਝ ਤਾਂ ਮੁਲਕ ਦਾ ਇਹ ਤੀਸਰਾ ਉਪਰੇਸ਼ਨ ਸੀ। ਹਾਲਾਤ ਵਿਗੜੇ ਤਿਗੜੇ ਹੋ ਗਏ। ਮੁਲਕ ਦਾ ਮਰੀਜ਼ ਪਹਿਲਾਂ ਬੀਮਾਰ ਸੀ। ਤੀਜੀ ਵਾਰੀ ਚੀਰਫਾੜ ਨਾਲ ਔਖੇ ਸਾਹਵਾਂ ਤੇ ਆ ਗਿਆ। ਜਿੱਥੇ ਹਰ ਵੇਲੇ ਪੁਲਿਸ ਰਾਜ ਰਹਿੰਦਾ ਸੀ। ਹੁਣ ਫ਼ੌਜੀ ਰਾਜ ਵੀ ਆ ਗਿਆ। ਸਿੱਧਾ ਸਿੱਧਾ ਗੋਲ਼ੀ, ਸਿੱਧੀ ਫਾਂਸੀ। ਸੜਕਾਂ ਬਜ਼ਾਰਾਂ ਵਿਚ ਕੋੜੇ, ਲੋਕੀਂ ਕਹਿੰਦੇ ਕੰਪਨੀ ਦਾ ਰਾਜ ਏ। ਅੰਗਰੇਜ਼ੀ ਰਾਜ ਦਾ ਭੈੜਾ ਜ਼ਮਾਨਾ। ਫ਼ੌਜ ਦੇ ਕਪਤਾਨ, ਮੇਜਰ ਛਾਉਣੀਆਂ

ਤੋਂ ਬਾਹਰ ਨਿਕਲ ਕੇ ਆਬਾਦੀਆਂ ਵਿਚ ਆ ਕੇ ਮਿਲਟਰੀ ਕੋਰਟ ਲਾ ਕੇ ਬੈਠ ਗਏ। ਕੋਈ ਮੁਨਸਿਫ (ਜੱਜ) ਬਣ ਗਿਆ। ਕੋਈ ਲਾਅ-ਐਂਡ ਆਰਡਰ ਨਾਲ ਡੀਲ ਕਰਨ ਲੱਗ ਪਿਆ। ਨਜ਼ਰੀਏ ਦੇ ਨਾਲ਼ ਤੇ ਉਹਨਾਂ ਆਰਟ ਕਲਚਰ ਦੇ ਡੱਕਰੇ ਕਰ ਛੱਡੇ। ਸਿਆਸੀ ਮਾਮਲੇ ਦੀ ਜੜ੍ਹ ਵੀ ਉੱਕਾ ਈ ਵੱਢੀ ਗਈ।

ਰੌਸ਼ਨ ਪ੍ਰਾਈਵੇਟ ਟਰਾਂਸਪੋਰਟ ਦੀ ਯੂਨੀਅਨ ਦਾ ਚੁਣਿਆ ਹੋਇਆ ਸੈਕਟਰੀ ਸੀ। ਮਾਰਸ਼ਲ-ਲਾਅ ਲੱਗਣ ਪਿੱਛੋਂ ਇਸ ਤਰ੍ਹਾਂ ਦੇ ਸਾਰੇ ਸਿਆਸੀ ਲੋਕਾਂ ਦੀਆਂ ਲਿਸਟਾਂ ਬਣੀਆਂ ਤੇ ਉੱਤੇ ਪਹੁੰਚ ਗਈਆਂ। ਸਿਆਸੀ ਕਾਮਿਆਂ ਦਾ ਉਹਨਾਂ ਆਪਣੀ ਬੋਲੀ ਵਿਚ "ਤਖਰੀਬਕਾਰ" ਰੱਖਿਆ (ਭੰਨ ਤੋੜ ਕਰਨ ਵਾਲੇ) ਉਹਨਾਂ ਦਿਨਾਂ ਵਿਚ ਮਾਲਕ ਬੜੇ ਸ਼ੇਰ ਹੋ ਗਏ। ਉਹਨਾਂ ਸ਼ਿਫਟਾਂ ਦੇ ਮੁਆਵਜ਼ੇ ਘਟਾ ਦਿੱਤੇ। ਪਿਛਲੀਆਂ ਅਦਾਇਗੀਆਂ ਵੀ ਪਿੱਛੇ ਕਰ ਦਿੱਤੀਆਂ। ਇਸ ਤੋਂ ਪਹਿਲਾਂ ਆਪ ਉਹਨਾਂ ਨੂੰ ਭਾਰੇ ਜੁਰਮਾਨੇ ਮਾਰਸ਼ਲ-ਲਾਅ ਟੀਮਾਂ ਵਲੋਂ ਹੋ ਚੁੱਕੇ ਸਨ। ਜੁਰਮਾਨੇ ਭਰ ਕੇ ਉਹਨਾਂ ਕੁਝ ਰਿਆਇਤ ਵੀ ਪ੍ਰਾਪਤ ਕੀਤੀ। ਉਹ ਰਿਆਇਤ ਕਾਰਕੁਨਾਂ ਦੇ ਖ਼ਿਲਾਫ਼ ਕਾਰਵਾਈ ਤੋਂ ਅੱਗੇ ਕੁਝ ਨਹੀਂ ਸੀ। ਯੂਨੀਅਨ ਤੋੜ ਛੱਡੀ। ਕੋੜੇ ਲਾਠੀ ਦੀ ਇਮਦਾਦ ਨਾਲ ਉਹਨਾਂ ਮਜ਼ਦੂਰਾਂ ਨੂੰ ਬੇਵੱਸ ਕਰਨ ਦੀ ਕੋਸ਼ਿਸ਼ ਕੀਤੀ। ਯੂਨੀਅਨ ਦੇ ਅੰਦਰੋਂ ਵਿਰੋਧ ਵੀ ਹੋਇਆ। ਰੌਸ਼ਨ ਵਰਗੇ ਸੱਚੇ ਕਾਮੇ ਸ਼ਾਮ ਦੀ ਸ਼ਿਫਟ ਦਾ ਇਵਜ਼ਾਨਾ ਪੂਰਾ ਲੈਣ ਲਈ ਸੰਘਰਸ਼ ਕਰਨ ਲਈ ਜੁੱਟ ਗਏ। ਮਾਲਕਾਂ ਤੇ ਫੌਜੀਆਂ ਦਾ ਏਕਾ ਤਾਂ ਹੋ ਈ ਚੁੱਕਾ ਸੀ। ਉਹਨਾਂ ਪਹਿਲਾਂ ਯੂਨੀਅਨ ਦੀ ਮੀਟਿੰਗ ਤੇ ਹਮਲਾ ਕੀਤਾ। ਨਿਹੱਥੇ ਮਜ਼ਦੂਰਾਂ ਉੱਤੇ ਲਾਠੀ-ਚਾਰਜ ਕਰਕੇ ਕਈਆਂ ਨੂੰ ਜ਼ਖ਼ਮੀ ਕਰ ਛੱਡਿਆ। ਕਈਆਂ ਦੇ ਸਿਰ ਖੁੱਲ੍ਹੇ। ਕਈਆਂ ਦੀਆਂ ਬਾਹਾਂ ਟੁੱਟ ਗਈਆਂ। ਰੌਸ਼ਨ ਨੂੰ ਵੀ ਕਈ ਲਾਠੀਆਂ ਲੱਗੀਆਂ। ਪਰ ਉਹ ਬਚ ਗਿਆ। ਅਗਲੇ ਦਿਨ ਉਹਨਾਂ ਪੱਟੀਆਂ ਬੰਨ੍ਹ ਕੇ ਅਨਾਜ ਮੰਡੀ ਵਿਚ ਰੋਸ ਕੀਤਾ। ਅਮਨ ਦੀ ਮੀਟਿੰਗ ਉੱਤੇ ਲਾਠੀ-ਚਾਰਜ ਦਾ ਮਤਲਬ ਪੁੱਛਿਆ। ਮਾਰਸ਼ਲ-ਲਾਅ ਕੋਲੋਂ ਕੁਝ ਵੀ ਪੁੱਛਿਆ ਨਹੀਂ ਜਾ ਸਕਦਾ। ਕਈ ਬੰਦੇ ਗ੍ਰਿਫ਼ਤਾਰ ਕਰ ਲਏ ਗਏ।

ਮੈਨੂੰ ਸਾਰੀਆਂ ਗੱਲਾਂ ਰੋਜ਼ੀ ਖਾਂ ਨੇ ਸੁਣਾਈਆਂ। ਰੌਸ਼ਨ ਨੂੰ ਤੀਸਰੀ ਵਾਰੀ ਮੇਰੇ ਕੋਲ ਲੈ ਕੇ ਆਵਣ ਵਾਲਾ ਰੋਜ਼ੀ ਖਾਂ ਉਹਨਾਂ ਦਾ ਪੱਕਾ ਯਾਰ ਸੀ। ਹੜਤਾਲ ਵਾਲੀ ਘਟਨਾ ਤੋਂ ਛੇ ਦਿਨ ਪਿੱਛੋਂ ਰੌਸ਼ਨ ਮੇਰੇ ਕੋਲ ਆਇਆ। ਆਇਆ ਵੀ ਕਿੱਥੇ, ਲਿਆਂਦਾ ਗਿਆ। ਬੁਰੀ ਤਰ੍ਹਾਂ ਜ਼ਖ਼ਮੀ। ਕੋਈ ਕੋਈ ਸਾਹ। ਉਹ ਟਰੱਕ ਚਲਾਉਂਦਾ ਜ਼ਖ਼ਮੀ ਹੋਇਆ ਸੀ। ਇਹ ਗੱਲ ਨਹੀਂ ਪਈ ਉਹਦਾ ਐਕਸੀਡੈਂਟ ਹੋ ਗਿਆ ਹੋਵੇ। ਨਿਰੀ ਚੈਕਿੰਗ ਦੀ ਗੱਲ ਸੀ। ਮਾਰਸ਼ਲ-ਲਾਅ ਟੀਮ ਦਾ ਛਾਪਾ ਪਿਆ। ਕਾਰਕਰਦਗੀ ਤੇ ਉਗਰਾਹੀ ਵਾਸਤੇ ਹਰ ਪਾਸੇ ਏਸੇ ਤਰ੍ਹਾਂ ਹੋ ਰਿਹਾ ਸੀ।

ਹੋਇਆ ਇਸ ਤਰ੍ਹਾਂ ਪਈ ਸਵੇਰੇ ਸਵੇਰੇ ਸਮਾਨ ਨਾਲ ਲੱਦੇ ਹੋਏ ਟਰੱਕ ਸ਼ਹਿਰੋਂ



ਨਿਕਲ਼ੇ ਤਾਂ ਅੱਗੇ ਰੋਕ ਲਏ ਗਏ। ਵੇਖ ਭਾਲ ਸ਼ੁਰੂ ਹੋਈ। ਟਾਇਰ, ਬੱਤੀ, ਬਰੇਕ ਤੇ ਲੋਡ। ਚਾਲਾਕ ਡਰਾਈਵਰਾਂ ਨੇ ਲਾਲ-ਲਾਲ ਨੋਟ ਕੱਢ ਕੇ ਫੌਜੀ ਥੈਲੇ ਵਿਚ ਪਾ ਦਿੱਤੇ। ਰੌਸ਼ਨ ਦੀ ਵਾਰੀ ਆਈ ਤਾਂ ਉਹ ਇਮਾਨਦਾਰੀ ਨਾਲ ਟਰੱਕ ਦੀ ਚੈਕਿੰਗ ਕਰਵਾਉਣ ਲੱਗ ਪਿਆ। ਜੁਰਮਾਨੇ ਦੀ ਗੱਲ ਉੱਤੇ ਅੜ ਗਿਆ। ਸਭ ਕੁਝ ਤਾਂ ਠੀਕ ਏ। ਫਿਰ ਜੁਰਮਾਨੇ ਬਿਨਾਂ ਰਸੀਦ। ਅਸੂਲ ਦੀ ਗੱਲ ਆਪਣੀ ਥਾਂ। ਮਾਰਸ਼ਲ ਲਾਅ ਨੂੰ ਅਸੂਲ ਦੀ ਗੱਲ ਠੀਕ ਨਹੀਂ ਲੱਗਦੀ। ਉਹਨਾਂ ਰੌਸ਼ਨ ਨੂੰ ਭਾਰਾ ਜੁਰਮਾਨਾ ਕੀਤਾ। ਖਰਾਬੀ ਇੱਕ ਵੀ ਨਹੀਂ ਸੀ। ਉਹਨਾਂ ਦਰਜਨ ਭਰ ਲਿਖ ਛੱਡਦਿਆਂ, ਰੌਸ਼ਨ ਬਹਿਸ ਕਰਨ ਲੱਗ ਪਿਆ।

"ਤੁਸੀਂ ਚੈਕਿੰਗ ਕਰੋ ਜੀ" ਉਹਨੇ ਬੱਤੀਆਂ ਬਾਲਕੇ ਵਿਖਾਈਆਂ। ਬਰੇਕ ਤਾਂ ਫਸਟ ਕਲਾਸ ਏ। ਰੈਸ਼ ਡਰਾਈਵਿੰਗ (ਲਾਪ੍ਰਵਾਹੀ ਨਾਲ ਗੱਡੀ ਚਲਾਉਣਾ) ਦਾ ਸਵਾਲ ਕਿੱਥੇ. ਹਾਲੀਂ ਤਾਂ ਸ਼ਹਿਰ ਦੀ ਹੱਦ ਵਿਚ ਕੀੜੀ ਦੀ ਚਾਲ ਚੱਲ ਰਹੇ ਸੀ। ਮੇਰਾ ਟਰੱਕ ਤਾਂ ਲਾਈਨ ਦੇ ਵਿਚਕਾਰ ਫਸਿਆ ਹੋਇਆ ਏ। ਐਕਸੀਡੈਂਟ? ਪਿਛਲੇ ਪੰਜਾਂ ਵਰ੍ਹਿਆਂ ਤੋਂ ਇੱਕ ਵਾਰੀ ਵੀ ਨਹੀਂ। ਤੁਸੀਂ ਮੇਰੇ ਕਾਗਜ਼ ਚੈੱਕ ਕਰ ਸਕਦੇ ਓ।" ਉਥੇ ਬਘਿਆੜ-ਲੇਲੇ ਦੀ ਕਹਾਣੀ ਚੱਲ ਰਹੀ ਸੀ। "ਤੂੰ ਨਹੀਂ, ਤੇਰੇ ਬਾਪ ਨੇ ਨਦੀ ਦਾ ਪਾਣੀ ਗੰਦਾ ਕੀਤਾ ਹੋਣਾ ਏ।"

ਮੇਜਰ ਨੂੰ ਦਲੀਲ ਨਹੀਂ ਮਾਲ ਚਾਹੀਦਾ ਸੀ। ਮਾਲ ਨਹੀਂ ਤਾਂ ਖ਼ੂਨ। ਡਰਾਈਵਰ ਦੀ ਅਸੂਲ-ਪਸੰਦੀ ਦੀ ਥਾਂ ਖੁਸ਼ਾਮਦ ਮਾੜੀ ਜਿਹੀ ਕੰਮ ਆ ਸਕਦੀ ਸੀ। ਸਦਾ ਤੋਂ ਹਾਕਮਾਂ ਨੂੰ ਰਈਅਤ ਦੀ ਚੌਪਾਇਆ ਚਾਲ ਈ ਪਸੰਦ ਹੁੰਦੀ ਏ। ਜ਼ਮਾਨਾ ਵੀ ਤਾਂ ਵੇਖੋ ਕਿਹੜਾ? ਉਹੋ ਜਿਹਦੇ ਕੋਲੋਂ ਯੂਸਫ ਕਨਿਆਣ ਦੇ ਜ਼ਮਾਨੇ ਦੇ ਬਘਿਆੜਾਂ ਪਨਾਹ ਮੰਗੀ ਸੀ। ਵੇਲੇ ਦੇ ਵਹਿਸ਼ੀ ਹਾਕਮ ਕੋਲ ਸਭੇ ਕੁਝ ਹੈ ਸੀ। ਟਿਕਟਿਕੀ, ਤੇਲ ਵਿਚ ਭਿੱਜਾ ਹੋਇਆ ਕੋੜਾ, ਜੱਲਾਦ, ਵਹਿਸ਼ੀ ਸਜ਼ਾ, ਕਾਨੂੰਨ ਤਾਂ ਇੱਕੋ ਚੱਲਦਾ ਸੀ। "ਫੌਜੀ ਦੀ ਮਰਜ਼ੀ" ਦੂਜੇ ਪਾਸੇ ਰੌਸ਼ਨ ਸੀ। ਅਸੂਲ ਪ੍ਰਸਤ, ਜੋਸ਼ੀਲਾ, ਮਿਹਨਤ-ਕਸ਼ ਤਬਕੇ ਦੀ ਗ਼ੈਰਤ ਤੇ ਖ਼ੁਦਦਾਰੀ ਦੇ ਸਬਕ ਪੜ੍ਹਿਆ ਹੋਇਆ। ਉਹਨੇ ਇੱਕ ਵਾਰੀ ਵੀ ਲਿਫ਼ ਕੇ ਗੱਲ ਨਾ ਕੀਤੀ। ਫੌਜੀ ਹਾਕਮ ਨੂੰ ਮਾਈ ਬਾਪ ਨਾ ਆਖਿਆ। ਸਗੋਂ ਇੱਕ ਵਾਰੀ ਉਹਦੇ ਮੂੰਹੋਂ ਮੇਜਰ-ਲਾਲਾ ਜ਼ਰੂਰ ਨਿਕਲ ਗਿਆ। ਫੌਜੀ ਅਫਸਰ ਨੂੰ ਮਾਰਸ਼ਲ ਦਾ ਨਸ਼ਾ ਚੜ੍ਹਿਆ ਹੋਇਆ ਸੀ। ਇਸ ਲਫ਼ਜ਼ "ਲਾਲਾ" ਕੋਲੋਂ ਖਲੂਸ ਦੀ ਖੁਸ਼ਬੂ ਕਿੱਥੋਂ ਆਉਂਦੀ। ਉਹਦੇ ਕੋਲ ਤਾਂ ਰਿਪੋਰਟ ਸੀ, ਪਈ ਲੋਕ-ਪਾਰਟੀ ਦਾ ਕਾਰਕੁੰਨ ਏ, ਸਿਆਸੀ ਨਾਲੇ ਗਰੀਬ ਬੜਾ "ਖਤਰਨਾਕ" ਹੋ ਸਕਦਾ ਏ।

ਰੌਸ਼ਨ ਨੂੰ ਹਜ਼ਾਰਾਂ ਦਾ ਜੁਰਮਾਨਾ ਸੁਣਾਇਆ ਗਿਆ। ਉਸੇ ਵੇਲੇ, ਉਸੇ ਥਾਂ। ਜੇ ਨਾ ਦੇ ਸਕੇ ਤਾਂ ਦਸ ਕੋੜੇ। ਮੇਜਰ ਨੇ ਟਿਕਟਿਕੀ ਅੱਗੇ ਮੰਗਵਾ ਲਈ। ਰੌਸ਼ਨ ਉਸੇ ਤਰ੍ਹਾਂ ਖੜ੍ਹਾ ਸਭ ਕੁਝ ਵੇਖਦਾ ਰਿਹਾ। ਕਹਿੰਦਾ ਵੀ ਰਿਹਾ। ਮੇਜਰ ਸਾਹਿਬ ਤੁਸੀਂ ਮੈਨੂੰ ਕੋੜੇ ਨਹੀਂ ਮਾਰ ਸਕਦੇ। ਕਿਸ ਤਰ੍ਹਾਂ ਮਾਰ ਸਕਦੇ ਓ। ਇਹ ਤਾਂ ਮੁਜਰਮਾਂ ਦੀ ਸਜ਼ਾ ਏ, ਕਤਲ, ਅਗਵਾ,

ਜ਼ਨਾ। ਮੈਂ ਅਜਿਹਾ ਕੁਝ ਨਹੀਂ ਕੀਤਾ। ਮਿਹਨਤ ਦੀ ਰੋਟੀ ਕਮਾਉਂਦਾ ਵਾਂ। ਤੁਸੀਂ ਮੇਰੇ ਟਰੱਕ ਵਿਚੋਂ ਇੱਕ ਵੀ ਖਰਾਬੀ ਨਹੀਂ ਕੱਢ ਸਕੇ। ਮੇਰਾ ਕਸੂਰ ਤਾਂ ਦੱਸੋ।"

ਮੇਜਰ ਦੇ ਆਦਮੀਆਂ ਨੇ ਉਹਦੇ ਦੋਵੇਂ ਹੱਥ ਫੜ ਲਏ। ਉਹਦਾ ਕੁੜਤਾ ਤਾਰ-ਤਾਰ ਕਰ ਛੱਡਿਆ। ਤਾਹੀਓਂ ਉਹਨੇ ਆਪਣੇ ਜ਼ਖ਼ਮ ਦੀ ਦੁਹਾਈ ਦਿੱਤੀ। "ਵੇਖ ਸਕਦੇ ਹੋ, ਮੇਰਾ ਦੋਹਰਾ ਉਪਰੇਸ਼ਨ ਥੋੜ੍ਹੇ ਦਿਨ ਪਹਿਲਾਂ ਹੋਇਆ। ਤੁਸੀਂ ਮੈਨੂੰ ਕੋੜੇ ਨਹੀਂ ਮਾਰ ਸਕਦੇ। ਆਪਣੇ ਡਾਕਟਰ ਕੋਲੋਂ ਪੁੱਛ ਲਵੋ। ਜ਼ੁਲਮ ਦੇ ਵੀ ਕੋਈ ਅਸੂਲ ਹੁੰਦੇ ਨੇ। ਵੇਖੋ ਨਾ ਕੋੜੇ ਦਾ ਨਿਸ਼ਾਨ ਬਣਾਉਣ ਤੋਂ ਪਹਿਲਾਂ ਪਿੰਡਾ ਬੇਦਾਗ ਹੋਣਾ ਚਾਹੀਦਾ ਏ। ਜਿਸ ਤਰ੍ਹਾਂ ਫਾਂਸੀ ਤੋਂ ਪਹਿਲਾਂ ਬੰਦੇ ਨੂੰ ਤੰਦਰੁਸਤ ਹੋਣਾ ਜ਼ਰੂਰੀ ਏ। ਆਖਰ ਤੁਸੀਂ ਉੱਪਰ ਕਿਸੇ ਹਾਕਮ ਨੂੰ ਜਵਾਬ ਦੇਣਾ ਏ ਕਿ ਨਹੀਂ। ਕੋਈ ਤਾਂ ਗਵਾਹ ਹੋਵੇਗਾ। ਇਹ ਚਮਕਦਾਰ ਸੂਰਜ, ਇਹ ਚਲਦੀ ਹਵਾ ਤੁਹਾਡੇ ਸਾਥੀ ਨਹੀਂ। ਜ਼ਰੂਰ ਇਹਨਾਂ ਦੀਆਂ ਅੱਖਾਂ ਵੇਖ ਲੈਣਗੀਆਂ। ਜ਼ੁਲਮ ਲੁਕਿਆ ਨਹੀਂ ਰਹਿੰਦਾ ਹੁੰਦਾ। ਮੇਜਰ ਨੂੰ ਝੱਲ ਚੜ੍ਹ ਗਿਆ। "ਬਦਮਾਸ਼ ਕਮਿਊਨਿਸਟ ਕਿੰਨੀਆਂ ਗੱਲਾਂ ਕਰਦਾ ਏ।" ਕਹਿੰਦੇ ਹੋਏ ਉਹਨੇ ਸਜ਼ਾ ਬਦਲ ਛੱਡੀ।

ਉਸ ਦਿਨ ਰੌਸ਼ਨ ਦੀ ਪਿੱਠ ਉੱਤੇ ਚਮੜੇ ਦਾ ਕੋਈ ਕੋੜਾ ਸੱਚੀ ਮੁੱਚੀ ਨਹੀਂ ਮਾਰਿਆ ਗਿਆ। ਜੱਲਾਦ ਨੇ ਕੁਝ ਨਹੀਂ ਕੀਤਾ। ਮੇਜਰ ਨੇ ਆਪੇ ਕੀਤਾ। ਉਹਨੇ ਫੌਜੀ ਬੂਟ ਦਾ ਠੁੱਡਾ ਰੱਖ ਕੇ ਰੌਸ਼ਨ ਦੇ ਪੇਟ ਉੱਤੇ ਮਾਰਿਆ। ਇੱਕ ਠੁੱਡਾ, ਦੂਸਰਾ.... ਤੀਸਰਾ.... ਰੌਸ਼ਨ ਡਿੱਗ ਪਿਆ ਤਾਂ ਫੌਜੀ ਨੇ ਹੱਥ ਝਾੜ ਕੇ ਜੀਪ ਸਟਾਰਟ ਕਰ ਲਈ।

ਉਸ ਦਿਨ ਅਖੀਰਲੀ ਵਾਰੀ ਰੌਸ਼ਨ ਮੇਰੇ ਕੋਲ ਆਇਆ। ਉਹਨੇ ਇੱਛਾ ਪ੍ਰਗਟ ਕੀਤੀ ਸੀ ਕਿ ਡਾਕਟਰ ਲਾਲਾ ਕੋਲ ਲੈ ਚੱਲੋ। ਉਸ ਵੇਲੇ ਉਹ ਬੇਹੋਸ਼ ਸੀ। ਉਸਦੇ ਪੇਟ ਦੇ ਟਾਂਕੇ ਜੋ ਮੈਂ ਰੇਸ਼ਮ ਦੀ ਤਾਰ ਨਾਲ ਹੌਲਾ ਹੱਥ ਰੱਖ ਕੇ ਲਾਏ ਸਨ, ਉੱਕਾ ਹੀ ਨਕਾਰਾ ਹੋ ਚੁੱਕੇ ਸਨ। ਠੁੱਡਾ ਲੱਗਣ ਨਾਲ ਉਹਦਾ ਪਿੱਤਾ ਪਾਟ ਗਿਆ ਸੀ। ਫਿਰ ਕਈ ਮੀਲ ਦੂਰੋਂ ਲਿਆਂਦੇ ਹੋਏ ਬੜਾ ਖੂਨ ਨੁੱਚੜ ਗਿਆ ਸੀ। ਫਿਰ ਵੀ ਉਹਦਾ ਦਿਲ ਅਜੇ ਧੜਕ ਰਿਹਾ ਸੀ। ਮੈਂ ਉਹਨੂੰ ਹੋਸ਼ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ। ਪਲ ਦੀ ਪਲ ਉਹਨੇ ਅੱਖ ਖੋਲ੍ਹ ਕੇ ਮੇਰੇ ਵੱਲ ਵੇਖਿਆ। ਉਹਦੀਆਂ ਅੱਖਾਂ ਵਿਚ ਲਿਖੀ ਹੋਈ ਲਿਖਤ ਮੈਂ ਪੜ੍ਹ ਲਈ, ਪਰ ਲਿਖ ਨਹੀਂ ਸਕਦਾ। ਉਸ ਵੇਲੇ ਮੈਂ ਘਬਰਾ ਗਿਆ ਸੀ। ਇੱਕ ਡਾਕਟਰ ਦੀ ਹੈਸੀਅਤ ਨਾਲ ਉੱਕਾ ਦਿਲ ਛੱਡ ਚੁੱਕਾ ਸੀ।

"ਹੁਣ ਦੱਸ ਮੈਂ ਕੀ ਕਰਾਂ ਰੌਸ਼ਨ। ਮੈਂ ਤਾਂ ਪਹਿਲਾਂ ਈ ਤੇਰੇ ਦੋ ਉਪਰੇਸ਼ਨ ਕਰ ਚੁੱਕਾ।" ਰੌਸ਼ਨ ਨੇ ਮੇਰੀ ਗੱਲ ਸੁਣ ਲਈ। ਕਹਿਣ ਲੱਗਾ, ਹੁਣ ਤੁਸੀਂ ਕੁਝ ਵੀ ਨਾ ਕਰੋ ਡਾਕਟਰ ਲਾਲਾ। ਤੁਹਾਡਾ ਕੰਮ ਖਤਮ। ਮੇਰਾ ਤਾਂ ਵੱਡਾ ਉਪਰੇਸ਼ਨ ਹੋ ਚੁੱਕਾ। ਬੂਟ ਉਪਰੇਸ਼ਨ ਇਸੇ ਤਰ੍ਹਾਂ ਹੁੰਦਾ ਏ। ਮੇਰੇ ਲੋਕੀਂ ਮੈਨੂੰ ਦਫ਼ਨਾ-ਦੇਣਗੇ। ਪਰ ਤੁਸੀਂ ਮੇਰੀ ਪੋਸਟਮਾਰਟਮ ਰਿਪੋਰਟ ਜ਼ਰੂਰ ਲਿਖਣਾ। ਕੋਸ਼ਿਸ਼ ਕਰਨਾ ਕਿ ਮੇਰੇ ਨਾਲ ਇਨਸਾਫ ਕਰਕੇ ਕੁਤਬਾ ਜ਼ਰੂਰ ਲਾਉਣਾ,



ਤਾਂ ਜੋ ਆਵਣ ਵਾਲੇ ਜ਼ਮਾਨਿਆਂ ਦੇ ਲੋਕੀ ਪੜ੍ਹਨ।"

"ਰੌਸ਼ਨ ਖਾਨ, ਇਸ ਧਰਤੀ ਦਾ ਜਵਾਨ ਪੁੱਤਰ, ਉਮਰ ਪੰਝੀ ਸਾਲ, ਪੇਸ਼ਾ ਟਰੱਕ ਡਰਾਇਵਰੀ। ਇੱਕ ਕਾਲੀ ਰਾਤ ਨੂੰ ਕਾਲੇ ਰਸਤੇ ਉੱਤੇ ਰੌਸ਼ਨੀ ਦਾ ਨਾਂ ਲੈਂਦਾ-ਲੈਂਦਾ ਮਾਰਿਆ ਗਿਆ। ਇਹ ਜ਼ਰੂਰ ਕਰਨਾ ਡਾਕਟਰ। ਕਰਸੋ ਨਾ।"

ਰੌਸ਼ਨ ਦਾ ਸਵਾਲ ਮੇਰੇ ਸਾਹਮਣੇ ਤੋਂ ਹਟ ਗਿਆ। ਮੈਂ ਉਹਦੀ ਪੋਸਟ ਮਾਰਟਮ ਰਿਪੋਰਟ ਤਿਆਰ ਕਰ ਲਈ। ਵੇਲਾ, ਤਾਰੀਖ, ਸਾਲ, ਸਦੀ, ਸਮਝੋ ਸਭ ਕੁਝ ਲਿਖ ਛੱਡਿਆ। ਰਿਪੋਰਟ ਸੰਖੇਪ ਜਿਹੀ ਸੀ। ਬੱਸ ਪੇਟ ਉੱਤੇ ਇੱਕ ਵੱਡੇ ਬੂਟ ਦਾ ਨਿਸ਼ਾਨ, ਇੱਕ ਠੁੱਡੇ ਨਾਲ ਉਹਦਾ ਪਿੱਤਾ ਪਾਟ ਗਿਆ। ਦੂਜੇ ਨਾਲ ਤਿਲੀ। ਮੈਡਲ ਉਪਰੇਸ਼ਨ ਦੀ ਬੇਕਦਰੀ, ਕੁਦਰਤੀ ਆਦਿ, ਰੌਸ਼ਨ ਦੇ ਨਿੱਕੇ ਜਿਹੇ ਪੁੱਤਰ ਦੇ ਭਵਿੱਖ ਦਾ ਸਵਾਲ ਕੋਈ ਨਹੀਂ। ਹੁਣ ਉਹ ਠੇਕੇਦਾਰ ਕੋਲ ਗਿਰਵੀ ਹੋ ਜਾਵੇਗਾ। ਹਰ ਹਾਲ ਵਿਚ ਜਿਉਂਦਾ ਰੱਖ ਲਿਆ ਜਾਵੇਗਾ। ਉਹਨੇ ਆਪਣੇ ਪਿਉ ਦਾਦੇ ਦੇ ਕਰਜ਼ੇ ਜੋ ਲਾਹੁਣੇ ਹੋਏ। ਕੀ ਪਤਾ ਤੀਸਰੀ ਨਸਲ ਦੇ ਜਵਾਨ ਹੋਣ ਤੋੜੀ ਕਿੰਨੇ ਵੱਡੇ ਉਪਰੇਸ਼ਨ ਹੋਰ ਹੋਣੇ ਨੇ।

ਪਰ ਮੈਂ ਕੀ ਕਰਾਂ? ਆਪਣੇ ਲਈ, ਆਪਣੇ ਸਵਾਲ ਲਈ? ਮੈਂ ਇੱਕ ਸਰਜਨ ਹਾਂ। ਰੌਸ਼ਨ ਦੇ ਵੱਡੇ ਉਪਰੇਸ਼ਨ ਪਿੱਛੋਂ, ਸਰਜਰੀ ਵਾਸਤੇ ਨਕਾਰਾ ਹੋ ਚੁੱਕਾ ਵਾਂ। ਮੇਰੇ ਕੰਮ ਦੀ ਜਰੂਰਤ ਵੀ ਕਿੱਥੇ ਰਹਿ ਗਈ ਏ। ਜਰਾਹੀ ਦਾ ਸਾਰਾ ਸਮਾਨ ਇਕੱਠਾ ਕਰਕੇ ਦਫ਼ਨ ਕਰਨਾ ਚਾਹੁੰਦਾ ਹਾਂ। ਮੈਂ ਜ਼ਿੰਦਗੀ ਦਾ ਉਹ ਅੰਤ ਵੇਖ ਲਿਆ, ਜਿਸ ਪਿੱਛੋਂ ਹੋਰ ਕੁਝ ਵੇਖਣ ਦੀ ਕੋਈ ਇੱਛਾ ਨਹੀਂ। ਉਹ ਜ਼ਖ਼ਮ ਜਿਸਨੂੰ ਡਾਕਟਰ ਡਿਊਟ ਨਾਲ ਧੋਤੀ ਉਂਗਲੀ ਲਾਉਣ ਤੋਂ ਡਰਦਾ ਏ, ਉਹ ਜ਼ਖ਼ਮ ਇਕ ਚਿੱਕੜ ਭਰੇ ਫੌਜੀ ਠੁੱਡੇ ਨੇ ਉਧੇੜ ਛੱਡੇ। ਫਿਰ ਵੀ ਮੇਰੀਆਂ ਦੋਵੇਂ ਅੱਖਾਂ ਦੁਨੀਆਂ ਨੂੰ ਵੇਖ ਰਹੀਆਂ ਨੇ। ਮੈਂ ਡਾਕਟਰ ਨਹੀਂ ਰਿਹਾ। ਨਿਰਾ ਰੋਟੀ ਖਾਣ ਵਾਲਾ ਜਨੌਰ ਰਹਿ ਗਿਆ ਵਾਂ। ਇਸ ਜਨੌਰ ਦੇ ਕਈ ਬੱਚੇ ਵੀ ਨੇ, ਕਿਸੇ ਸਿਆਣੇ ਨੇ ਮੈਨੂੰ ਸਲਾਹ ਦਿੱਤੀ ਏ ਕਿ ਮੈਂ ਆਪਣੇ ਕਲੀਨਿਕ ਨੂੰ ਬੂਟ ਬਨਾਵਣ ਵਾਲੀ ਫੈਕਟਰੀ ਵਿਚ ਬਦਲ ਦੇਵਾਂ, ਚੰਗੀ ਚੱਲੇਗੀ। ਪਰ ਇੱਕ ਮੁਸ਼ਕਿਲ ਮੇਰਾ ਪੁੱਤਰ ਹੈ। ਉਹ ਸਰਜਨ ਬਣਕੇ ਮੇਰੇ ਉਪਰੇਸ਼ਨ ਥਿਏਟਰ ਦਾ ਵਾਰਿਸ ਬਣਨ ਦਾ ਖ਼ਾਬ ਵੇਖ ਰਿਹਾ ਏ। ਉਹਦੇ ਖ਼ਾਬ ਬਦਲਾਉਣੇ ਪੈਣਗੇ। ਸਗੋਂ ਪੂਰਾ ਕੈਰੀਅਰ ਈ ਹੋਰ ਦਾ ਹੋਰ। ਸੋਚਦਾ ਹਾਂ ਇਸ ਤੋਂ ਪਹਿਲਾਂ ਕਿ ਉਹਨੂੰ ਕੋਈ ਡਾਕਟਰ ਲਾਲਾ ਮਿਲ ਪਵੇ, ਉਹਦੇ ਪੈਰੀਂ ਕਾਲ਼ੇ ਚਮੜੇ ਦੇ ਬੂਟਾਂ ਦਾ ਜੋੜਾ ਫਿੱਟ ਕਰਾ ਕੇ ਲੈਫਟ ਰਾਈਟ ਦੀ ਟਰੇਨਿੰਗ ਉੱਤੇ ਭੇਜ ਦੇਵਾਂ। ਚੰਗਾ ਰਹੇਗਾ। ਇਸ ਤਰ੍ਹਾਂ ਉਹ ਇਕ ਗਲੀ ਅੰਦਰ ਕਲੀਨਿਕ ਦੀ ਥਾਂ, ਪੂਰੀ ਰਾਜਧਾਨੀ ਦਾ ਵਾਰਿਸ ਵੀ ਬਣ ਸਕਦਾ ਏ।

**ਲਿੱਪੀ ਪਰਿਵਰਤਨ - ਹਰਭਜਨ ਸਿੰਘ ਹੁੰਦਲ**

# ਉਹਨੇ ਆਖਿਆ ਸੀ

**(ਲੋਕ-ਰਾਜ ਦੇ ਸੰਘਰਸ਼ ਨੂੰ ਸਮਰਪਿਤ)**

**- ਅਫ਼ਜ਼ਲ ਤੌਸੀਫ਼**

"ਮੇਰਾ ਕਬੀਲਾ ਮੁਜਰਮਾਂ ਦਾ ਨਹੀਂ, ਆਸ਼ਕਾਂ ਦਾ ਏ ਤੇ ਮੈਂ ਸ਼ਹੀਦੀ ਕਬੀਲੇ ਦੀ ਨੌਕਰ ਬਾਂਦੀ" ਇਹ ਲਫ਼ਜ਼ ਉਸ ਔਰਤ ਨੇ ਬੋਲੇ, ਜਿਸਦਾ ਇੰਟਰਵਿਊ ਕਰਨ ਮੈਂ ਗਈ ਸਾਂ। ਸੁੱਕੀ ਲੱਕੜੀ ਵਰਗੀ ਆਵਾਜ਼ ਵਿਚ ਮਜ਼ਬੂਤੀ। ਸ਼ਹਿਰ ਦੀ ਇਕ ਆਮ ਜਿਹੀ ਔਰਤ, ਪਰ ਅੰਦਰੋਂ ਭੇਤਾਂ-ਭਰੀ। ਉਹਦੇ ਬਾਰੇ ਸੁਣਿਆ ਤਾਂ ਇਹੋ ਸੀ, ਪਈ ਉਹ ਆਪਣੇ ਬੂਹੇ ਤੇ ਬੂਹੇ ਪੱਕੇ ਬੰਦ ਕਰਕੇ ਰੱਖਦੀ ਏ। ਆਲ਼ੇ-ਦੁਆਲ਼ੇ ਲੋਕਾਂ ਦਾ ਕਹਿਣਾ ਏ, ਉਹ ਸਾਰੇ ਦਿਨ ਵਿਚ ਆਪਣਾ ਦਰਵਾਜ਼ਾ ਇਕ ਵਾਰੀ ਅੰਦਰੋਂ ਖੋਲ੍ਹਦੀ ਏ। ਜਦੋਂ ਕੰਮ ਤੇ ਜਾਂਦੀ ਏ। ਦੂਜੀ ਵਾਰੀ ਬਾਹਰੋਂ, ਜਦੋਂ ਵਾਪਸ ਆਉਂਦੀ ਏ। ਕੋਈ ਹੋਰ ਕਦੇ ਆਉਂਦਾ-ਜਾਂਦਾ ਨਹੀਂ ਵੇਖਿਆ। ਫਿਰ ਵੀ ਉਹਦੇ ਮਕਾਨ ਅੱਗੇ ਸਟੇਟ ਦੀ ਕੋਈ ਏਜੰਸੀ ਆਪਣੀ ਨਿਗਰਾਨੀ ਲਾਈ ਰੱਖਦੀ ਏ। ਉਹ ਕੌਣ ਏ? ਕੀ ਕਰਦੀ ਏ? ਇਹ ਸਭ ਕੁਝ ਜਾਨਣ ਲਈ ਮੈਂ ਉਹਦੇ ਕੋਲ ਰਤਾ ਕੁ ਝਕਦੀ-ਝਕਦੀ ਪਹੁੰਚੀ ਸੀ। ਕਈ ਸਵਾਲ ਬਣਾ ਕੇ ਮੈਂ ਗਈ ਸਾਂ। ਕਿਸੇ ਤਰ੍ਹਾਂ ਉਹਨੂੰ ਇੰਟਰਵਿਊ ਲਈ ਰਾਜ਼ੀ ਵੀ ਕਰ ਲਿਆ ਸੀ।

ਪਰ ਦੂਸਰੇ ਸਵਾਲ ਕਰਨ ਮਗਰੋਂ ਮੈਨੂੰ ਲੱਗਾ, ਮੇਰਾ ਇੰਟਰਵਿਊ ਫਲਾਪ (ਅਸਫਲ) ਹੋ ਰਿਹਾ ਏ। ਉਹਦੇ ਕੋਲੋਂ ਗੱਲ ਕੱਢਵਾ ਲੈਣਾ ਆਸਾਨ ਕੰਮ ਨਹੀਂ। ਹੁਣ ਹੋਰ ਕੀ ਕਰਦੀ। ਮੈਂ ਟਿਪੀਕਲ (ਵਿਸ਼ੇਸ਼) ਪਾਕਿਸਤਾਨੀ ਅਖ਼ਬਾਰੀ ਹਰਬਾ ਵਰਤ ਕੇ ਸਿੱਧਾ ਹਮਲਾ ਕਰ ਦਿੱਤਾ। ਤੁਹਾਡੇ ਉੱਤੇ ਇਲਜ਼ਾਮ ਏ, ਪਈ ਤੁਸੀਂ ਤਖਰੀਬਕਾਰਾਂ (ਭੰਨ-ਤੋੜ ਕਰਨ ਵਾਲੇਂ) ਨਾਲ ਖ਼ਾਸ ਹਮਦਰਦੀ ਰੱਖਦੇ ਓ ਤੇ ਪਾਗਲਪਨ ਦੀ ਹੱਦ ਤੋੜੀ ਹੁਕਮਰਾਨਾ ਦੇ ਵਿਰੁੱਧ ਚੱਲਦੇ ਓ?"

ਉਹਦੇ ਚਿਹਰੇ ਦੀ ਸ਼ਾਂਤੀ ਮਾੜੀ ਜਿਹੀ ਭੰਗ ਹੋਈ। ਫਿਰ ਉਹ ਮੇਰੇ ਵੱਲ ਵੇਖੇ ਬਗ਼ੈਰ ਆਖਣ ਲੱਗੀ, "ਚੱਲ ਮੈਂ ਤਾਂ ਤੇਰੇ ਵਰਗੀਆਂ ਦੇ ਵਿਰੁੱਧ ਵੀ ਜਾ ਸਕਦੀ ਹਾਂ। ਕਿਉਂ ਜੋ ਤੁਸੀਂ ਹਾਲੇ ਤਾਈਂ ਫਰੀਡਮ-ਫਾਈਟਰ (ਆਜ਼ਾਦੀ ਲਈ ਲੜਨ ਵਾਲੇ)ਤੇ ਤਖਰੀਬਕਾਰਾਂ ਵਿਚਕਾਰ ਫ਼ਰਕ ਨਹੀਂ ਕਰ ਸਕਦੇ। ਸੋਝੀ ਦਾ ਘਾਟਾ ਜਾਂ ਸ਼ਰਮ ਦਾ।"

ਮੈਂ ਹੁਣ ਆਪਣੇ ਵਾਸਤੇ ਬੇਚੈਨ ਹੋਣ ਲੱਗੀ ਸਾਂ। "ਸ਼ਰਮ ਦਾ ਘਾਟਾ? ਕਿਵੇਂ?"

"ਤੁਸੀਂ ਲੋਕ ਸਟੇਟ ਦੇ ਪ੍ਰਚਾਰ-ਪ੍ਰਬੰਧ ਦਾ ਪੁਰਜ਼ਾ ਬਣਕੇ ਆਪਣਾ ਆਪ ਭੁੱਲ ਜਾਂਦੇ ਓ।"

"ਆਪਣਾ ਆਪ?" ਮੈਂ ਕੋਈ ਭਾਰਾ ਪੱਥਰ ਉਹਨੂੰ ਮਾਰਨਾ ਚਾਹੁੰਦੀ ਸਾਂ। ਪਰ



ਉਹਨੇ ਪਹਿਲਾਂ ਹੀ ਆਪਣੀਆਂ ਦੋਵੇਂ ਅੱਖਾਂ ਸਿੱਧੀਆਂ ਫਾਇਰ ਕਰ ਛੱਡੀਆਂ। ਮੇਰੇ ਵੱਲ ਵੇਖਦੇ ਹੋਏ ਤਿੱਖੇ ਲਹਿਜ਼ੇ ਵਿਚ ਬੋਲੀ, "ਵੇਲਾ ਹੀ ਬੁਰਾ ਹੈ। ਐਸ ਵੇਲੇ ਬੰਦੇ ਨੂੰ ਪੁੱਠਾ ਲਟਕਾ ਛੱਡਿਆ ਹੈ। ਸਾਡੇ ਉੱਪਰ ਤਾਂ ਹੋਰ ਬਥੇਰੇ ਇਲਜ਼ਾਮ ਵੀ ਲੱਗੇ ਹੋਏ ਨੇ। ਕੋਈ ਸਾਨੂੰ ਸਿਰ-ਫਿਰਿਆ ਕਹਿੰਦਾ ਹੈ, ਕੋਈ ਸਿਰ ਸੜਿਆ। ਇਹਨਾਂ ਗੱਲਾਂ ਦੀ ਪ੍ਰਵਾਹ ਕਿਹਨੂੰ? ਅਸੀਂ ਤਾਂ ਹੱਥਕੜੀ ਵਾਲੇ ਹੱਥ ਨਾਲ਼ ਕਲਮ ਵੀ ਫੜ ਸਕਦੇ ਹਾਂ। ਮੋਢਿਆਂ ਤੇ ਆਪਣੀ ਸਲੀਬ (ਸੂਲੀ) ਵੀ ਚੁੱਕ ਕੇ ਟੁਰ ਪੈਂਦੇ ਹਾਂ। ਪੈਰੀਂ ਬੇੜੀਆਂ ਪਾ ਕੇ ਨੱਚ ਵੀ ਲਈਦਾ ਏ। ਜੇਲ੍ਹਾਂ ਆਬਾਦ ਕਰਨ ਦਾ ਫਰਜ਼ ਪੂਰਾ ਕਰਨ ਖ਼ਾਤਰ ਉਹਨਾਂ ਦੇ ਸੌਦੇ ਵੀ ਕਰ ਲੈਂਦੇ ਹਾਂ। ਸਾਡੀ ਕੀ ਗੱਲ। ਅਸੀਂ ਤਾਂ ਦੁਨੀਆਂ ਨੂੰ ਅਮਨ ਦੀ ਖ਼ੁਸ਼ਬੂ ਨਾਲ ਭਰ ਦੇਣ ਵਾਲੇ ਗੁਲਾਬਾਂ ਦੀ ਕਾਸ਼ਤ ਵਿਚ ਲੱਗੇ ਹੋਏ ਹਾਂ। ਸਾਨੂੰ ਫ਼ਿਕਰ ਨਹੀਂ ਜੇ ਬੱਚਿਆਂ ਉੱਤੇ ਬੰਬ ਚਲਾਉਣ ਵਾਲੇ ਤਖਰੀਬਕਾਰ ਕਹਿੰਦੇ ਨੇ, ਤਖਰੀਬਕਾਰ ਦਾ ਅਰਥ ਖਰਾਬੀ ਏ ਨਾ। ਕਾਹਦੀ ਖਰਾਬੀ?"

ਮੋਤੀਆ ਰੰਗ ਦੇ ਸੂਤੇ ਹੋਏ ਮੁਖੜੇ ਤੇ ਇਲਤਜਾ ਨਾਲ ਭਰੀ ਹੋਈ ਧੀਮੀ ਜਿਹੀ ਆਵਾਜ਼ ਨੇ, ਇੱਕੋ ਵਾਰੀ ਮੇਰੇ ਕੋਲੋਂ ਸਾਰੇ ਹਥਿਆਰ ਰਖਵਾ ਲਏ। ਹੁਣ ਮੈਂ ਦੂਜਾ ਤਰੀਕਾ ਅਜ਼ਮਾਇਆ। ਸਗੋਂ ਉਹਦੇ ਸਾਹਮਣੇ ਸਿੱਧਾ ਸਾਦਾ ਪ੍ਰਵਾਨ ਹੀ ਕਰ ਲਿਆ। ਅਸਲ ਵਿਚ ਮੈਂ ਅੱਜਕੱਲ ਦੀ ਸਥਿਤੀ ਉੱਤੇ ਕੁਝ ਲਿਖਣਾ ਚਾਹੁੰਦੀ ਸੀ। ਹੁਣ ਜਦ ਤੋੜੀ ਉਹਨਾਂ ਲੋਕਾਂ ਦੇ ਦਿਲ ਦਾ ਪਤਾ ਨਾ ਲੱਗੇ, ਜਿਹਨਾਂ ਜੇਲ੍ਹਾਂ ਤੇ ਕਿਲ੍ਹੇ ਭੁਗਤੇ ਹਨ। ਅਸਲੀਅਤ ਨੂੰ ਸੱਚੇ ਸ਼ਬਦ ਕਿੱਥੋਂ ਮਿਲਦੇ। ਪਰ ਇਸ ਤਰੀਕੇ ਨਾਲ ਵੀ ਮੈਨੂੰ ਕਾਮਯਾਬੀ ਕਿੱਥੇ ਮਿਲ਼ੀ। "ਮੈਂ ਆਪਣੀ ਜਾਤ ਦੇ ਹਵਾਲੇ ਨਾਲ ਕੋਈ ਗੱਲ ਕਹਿਣਾ ਸੁਣਨਾ ਨਹੀਂ ਚਾਹੁੰਦੀ।" ਕਹਿ ਕੇ ਬੜੇ ਆਰਾਮ ਨਾਲ ਉਹਨੇ ਗੱਲ ਬਦਲ ਦਿੱਤੀ। ਨਾਲ ਹੀ ਉਹਦੀ ਸ਼ਕਲ ਵੀ ਬਦਲ ਗਈ। ਹੁਣ ਮੌਸਮ ਤੇ ਮਹਿੰਗਾਈ ਦੀ ਗੱਲ ਛਿੜ ਪਈ। ਚਾਹ ਦੀ ਪਿਆਲੀ ਨਾਲ਼ ਬਿਸਕੁਟ ਖਾਵਣ ਦੀ ਦਾਅਵਤ ਮੈਨੂੰ ਆਪਣੀ ਨਾਲਾਇਕੀ ਦਾ ਤਿੱਖਾ ਅਹਿਸਾਸ ਹੋਇਆ। ਉੱਠ ਕੇ ਬਾਹਰ ਨਿਕਲਣਾ ਚਾਹੁੰਦੀ ਸਾਂ ਕਿ ਅਚਾਨਕ ਉਹਨੇ ਮੇਰੇ ਵੱਲ ਵੇਖਿਆ। ਫਿਰ ਉੱਠ ਕੇ ਸਾਹਮਣੇ ਵਾਲੀ ਅਲਮਾਰੀ ਦੇ ਪੱਟ ਖੋਲ੍ਹ ਦਿੱਤੇ।

"ਜੇ ਕੁਝ ਲਿਖਣਾ ਚਾਹੁੰਦੀ ਏਂ ਤਾਂ ਇਹਨਾਂ ਉੱਤੇ ਲਿਖ।" ਉਹਨੇ ਅੰਦਰ ਇਸ਼ਾਰਾ ਕੀਤਾ। ਮੇਰੀ ਨਜ਼ਰ ਉਹਦੇ ਇਸ਼ਾਰੇ ਨਾਲ਼ ਗਈ। ਵੇਖਿਆ ਅਲਮਾਰੀ ਦੇ ਵਿਚਕਾਰਲੇ ਖਾਨੇ ਵਿਚ ਬਹੁਤ ਸਾਰੇ ਖ਼ਤ ਢੇਰੀਆਂ ਬਣਾਕੇ ਰੱਖੇ ਹੋਏ ਸਨ। ਇਹਨਾਂ ਖ਼ਤਾਂ ਲਈ ਲਿਖਾਂ?

"ਨਹੀਂ, ਉਹਨਾਂ ਸਾਰਿਆਂ ਲਈ ਜਿਹਨਾਂ ਇਹ ਖ਼ਤ ਲਿਖੇ।"

"ਕੀਹਨੇ ਲਿਖੇ ਨੇ ਇਹ ਖ਼ਤ?" ਮੈਂ ਪੁੱਛਿਆ।

"ਜੇਲ੍ਹ ਵਾਸੀਆਂ ਨੇ। ਮੇਰਾ ਮਤਲਬ ਏ ਤੁਹਾਡੇ ਤਖਰੀਬਕਾਰਾਂ ਨੇ ਲਿਖੇ ਨੇ।" ਉਹ ਹੱਸ ਪਈ। ਮੈਂ ਨੀਲੇ ਚਿੱਟੇ ਖਾਲੀ ਲਿਫ਼ਾਫ਼ਿਆਂ ਉੱਤੇ ਨਜ਼ਰ ਮਾਰੀ। ਬਹੁਤ ਸਾਰੇ ਸਨ।

ਕਿਸ ਤਰ੍ਹਾਂ ਜਮ੍ਹਾਂ ਕੀਤੇ? ਕਾਹਦੇ ਲਈ? ਮੇਰੇ ਕੋਲੋਂ ਠੀਕ ਤਰ੍ਹਾਂ ਨਾਲ ਗੱਲ ਨਹੀਂ ਸੀ ਹੁੰਦੀ ਪਈ, ਪਰ ਉਹਨੇ ਸਮਝ ਲਈ।

ਆਖਣ ਲੱਗੀ, "ਵਰ੍ਹਿਆਂ ਦਾ ਖ਼ਜ਼ਾਨਾ ਏ, ਸਾਂਭ ਕੇ ਰੱਖਿਆ ਹੋਇਆ। ਇਹਨਾਂ ਦੇ ਲਿਖਣ ਵਾਲੇ ਨਿੱਜ ਆਪਣੀ ਮਿਆਦ ਪੂਰੀ ਕਰਕੇ ਬਾਹਰ ਆ ਗਏ। ਕੁਝ ਜ਼ਿੰਦਗੀ ਤੋਂ ਛੁੱਟ ਗਏ। ਪਰ ਹਾਲੇ ਵੀ ਬਹੁਤ ਸਾਰੇ ਓਥੇ ਹੀ ਨੇ, ਜਿੱਥੇ ਪੈਰ ਪਸਾਰਨ ਨੂੰ ਥਾਂ ਤੰਗ ਹੁੰਦੀ ਏ।"

"ਉਸ ਤੰਗੀ ਵਾਲੀ ਜਗ੍ਹਾ ਬੈਠ ਕੇ ਉਹ ਖੁੱਲੀ ਥਾਂ ਵਾਲਿਆਂ ਨੂੰ ਖ਼ਤ ਲਿਖ ਕੇ ਉਹਨਾਂ ਦਾ ਦਿਲ ਤੰਗ ਕਰਦੇ ਰਹਿੰਦੇ ਨੇ। ਨਹੀਂ?" ਮੈਂ ਵੀ ਹਿੰਮਤ ਕਰਕੇ ਮਾੜੀ ਜਿਹੀ ਸੱਟ ਲਾਈ। ਪਰ ਉਹਨੇ ਜ਼ਰਾ ਜਿੰਨਾ ਨੋਟਿਸ ਵੀ ਨਾ ਲਿਆ। ਉਸੇ ਤਰ੍ਹਾਂ ਰਸਾਣ ਨਾਲ ਗੱਲਾਂ ਕਰਦੀ ਰਹੀ। "ਉਹ ਬੜੇ ਦਿਲ ਵਾਲੇ ਨੇ। ਭਾਈ ਤੰਗੀ ਦੀ ਗੱਲ ਨਹੀਂ ਕਰਦੇ। ਉਹ ਜਦ ਵੀ ਲਿਖਣ, ਉਹਨਾਂ ਦੇ ਖ਼ਤ ਖੁੱਲੇ ਆਸਮਾਨ ਵਰਗੀਆਂ ਸੋਚਾਂ ਨਾਲ ਭਰੇ ਹੋਏ ਹੁੰਦੇ ਨੇ। ਅੱਜ ਦੇ ਕਮਜ਼ੋਰ ਜ਼ਮਾਨਿਆਂ ਵਿਚ ਉਹਨਾਂ ਦੇ ਲਿਖੇ ਲਫ਼ਜ਼ ਜ਼ਿੰਦਗੀ ਵਾਸਤੇ ਤਾਕਤਵਰ ਟਾਨਿਕ ਨੇ। ਮੈਂ ਉਹਨਾਂ ਨੂੰ ਪੜ੍ਹਦੀ ਕਦੇ ਜਵਾਬ ਵੀ ਲਿਖ ਦਿੰਦੀ ਹਾਂ। ਇਹ ਮੇਰੀ ਦਿਲਲਗੀ ਏ। ਇਹੋ ਵਕਤ ਥੋੜ੍ਹੀ-ਥੋੜ੍ਹੀ ਤਖਰੀਬਕਾਰੀ ਵੀ ਹੈ ਨਾ?" ਮੈਂ ਲਕਮਾ ਦਿੱਤਾ। ਐਦਕਾਂ ਅਸੀਂ ਦੋਵੇਂ ਹੱਸੀਆਂ ਇਕੱਠੀਆਂ। ਹੁਣ ਸਾਡੇ ਵਿਚਕਾਰ ਜਾਣ-ਪਛਾਣ ਜਿਹੀ ਕੋਈ ਗੱਲ ਆ ਗਈ ਸੀ।

ਉਹਨੇ ਅਲਮਾਰੀ ਤੋਂ ਰਤਾ ਕੁ ਪਿੱਛੇ ਹਟ ਕੇ ਮੈਨੂੰ ਥਾਂ ਦਿੱਤੀ "ਤੂੰ ਇਹਨਾਂ ਖ਼ਤਾਂ ਨੂੰ ਪੜ੍ਹਕੇ ਤਾਂ ਵੇਖ।" ਮੈਂ ਅੱਗੇ ਹੋ ਕੇ ਇੱਕ ਢੇਰੀ ਚੁੱਕ ਲਈ। ਗੱਲ ਕਰਨ ਦੀ ਖਾਤਰ ਮੈਂ ਕਿਹਾ, "ਇਹਨਾਂ ਲਿਫ਼ਾਫ਼ਿਆਂ ਵਿਚ ਕਈ ਕਹਾਣੀਆਂ ਬੰਦ ਨੇ।" "ਕਹਾਣੀਆਂ ਕੀ, ਇਹਨਾਂ ਕਾਗਜ਼ਾਂ ਵਿਚ ਇੱਕ ਜ਼ਮਾਨਾ ਲਿਖਿਆ ਹੋਇਆ ਏ। ਸੋਝੀਵਾਨਾਂ ਦੀਆਂ ਲਿਖਤਾਂ ਇਸੇ ਤਰ੍ਹਾਂ ਦੀਆਂ ਹੁੰਦੀਆਂ ਨੇ।"

ਫਿਰ ਉਹਨੇ ਇੱਕ ਨਿੱਕੀ ਜਿਹੀ ਢੇਰੀ ਚੁੱਕ ਲਈ। ਇਕ ਲਿਫ਼ਾਫ਼ਾ ਖੋਲ੍ਹ ਕੇ ਵਿਚੋਂ ਖ਼ਤ ਕੱਢ ਲਿਆ, "ਪੜ੍ਹਕੇ ਵੇਖ।" ਉਹਨੇ ਕਾਗਜ਼ ਮੇਰੇ ਵੱਲ ਕੀਤਾ। "ਅਜਿਹੇ ਖ਼ਤ ਦੋ ਚਾਰ ਹੀ ਨੇ। ਪਰ ਇਕ ਲੰਮੀ ਕਹਾਣੀ ਸੁਣਾ ਸਕਦੇ ਨੇ।" ਮੈਂ ਖ਼ਤ ਪੜ੍ਹਨਾ ਸ਼ੁਰੂ ਕੀਤਾ।

"ਪਿਆਰੀ ਦੀਦੀ, ਬਹਾਰ ਦਾ ਮੌਸਮ ਚੋਰੀ-ਚੋਰੀ ਮੇਰੀ ਤਾਕੀ ਵਿਚੋਂ ਝਾਤੀ ਮਾਰ ਗਿਆ ਏ। ਸਾਡਾ ਜਨੂਨ ਕੁਝ ਹੋਰ ਵੱਧ ਗਿਆ। ਅੱਜਕੱਲ੍ਹ ਜੇਲ੍ਹ ਅੰਦਰ ਬੜੀਆਂ ਰੌਣਕਾਂ ਨੇ। ਪਤਾ ਏ ਕੌਣ-ਕੌਣ ਆ ਗਿਆ ਏ? ਸਿਆਸੀਆਂ ਦੀ ਭਰਮਾਰ ਤਾਂ ਪਹਿਲਾਂ ਹੀ ਸੀ ਹੁਣ ਤਾਂ ਅਦੀਬ ਸ਼ਾਇਰ, ਪੱਤਰਕਾਰ, ਫਨਕਾਰ, ਯੂਨੀਅਨ ਵਾਲੇ, ਵਕੀਲ ਵੀ ਇਥੇ ਲਿਆਂਦੇ ਗਏ ਨੇ। ਇੰਝ ਲੱਗਦਾ ਬਾਹਰ ਵਾਲੀ ਦੁਨੀਆਂ, ਮਤਲਬ ਵੱਡੀ ਜੇਲ੍ਹ ਤਾਂ ਹੁਣ ਸੁੰਨੀ-ਸੁੰਨੀ ਲੱਗਦੀ ਹੋਣੀ ਏ। ਸਾਡੇ ਬਗ਼ੈਰ ਦੁਨੀਆਂ ਉਦਾਸ ਹੈ ਨਾ। ਕਿਉਂ ਦੀਦੀ?



ਪੁਲਿਸ ਦਾ ਤਾਂ ਕੰਮ ਈ ਮੁੱਕ ਗਿਆ ਹੋਣਾ ਏ।

"ਕਿਸ ਦੇ ਘਰ ਜਾਏਗਾ ਸੈਲਾਬ ਬਲਾ ਮੇਰੀ ਪਿੱਛੋਂ?" ਉਹ ਸਾਰੇ ਜਿਨ੍ਹਾਂ ਨਾਲ ਪੁਲਿਸ ਲੁਕਣ-ਮੀਟੀ ਖੇਡਦੀ ਰਹਿੰਦੀ ਸੀ, ਫੜੇ ਗਏ ਨੇ। ਹੁਣ ਤਾਂ ਪੇਂਟਰ ਵੀ ਪਿੱਛੇ ਨਹੀਂ ਰਹੇ। ਅੱਜਕੱਲ ਇੱਕ ਐਕਟਰ ਵੀ ਆਇਆ ਹੋਇਆ ਏ। ਹੀਰ ਬੜੀ ਸੋਹਣੀ ਗਾਉਂਦਾ ਏ। ਕਦੇ-ਕਦੇ ਐਕਟਿੰਗ ਦਾ ਵੀ ਝਸ ਚੜ੍ਹਦਾ ਤਾਂ ਜੇਲ੍ਹਰ ਬਣ ਜਾਂਦਾ ਏ। ਕਦੇ ਫੌਜੀ, ਪਰ ਅਸਲ ਗੱਲ ਤਾਂ ਚਿੱਤਰਕਾਰ ਦੀ ਏ। ਉਹ ਬੜਾ ਦਿਲਚਸਪ ਏ। ਸੱਚੀਂ ਦੀਦੀ, ਉਹ ਸਾਰਾ ਦਿਨ ਕੁਝ ਨਾ ਕੁਝ ਕਰਦਾ ਹੀ ਰਹਿੰਦਾ। ਆਮ ਤੌਰ ਤੇ ਤਿੰਨ ਕਿਸਮ ਦੇ ਕੰਮ ਕਰਦਾ ਏ ਉਹ। ਬੜਾ ਹੀ ਹੱਸਦਾ ਏ। ਤੁਸੀਂ ਹੈਰਾਨ ਹੋਵੋਗੇ। ਉਹ ਤਸਵੀਰਾਂ ਕਿੰਝ ਬਣਾ ਲੈਂਦਾ ਏ। ਉਹ ਤਾਂ ਕੈਦੀ ਏ, ਉਹਦੇ ਕੋਲ ਤਸਵੀਰਾਂ ਬਣਾਉਣ ਦਾ ਸਮਾਨ ਕਿੱਥੋਂ ਆਉਂਦਾ। ਉਂਝ ਤਾਂ ਹਾਸਿਆਂ ਦਾ ਸਮਾਨ ਵੀ ਕਿੱਥੋਂ ਲੱਭਦਾ ਏ? ਜੇਲ੍ਹ ਭੇਜਣ ਵਾਲੇ ਸਭ ਕੁਝ ਖੋਹ ਕੇ ਅੰਦਰ ਭੇਜਦੇ ਨੇ, ਪਰ ਪਿਆਰੀ ਦੀਦੀ, ਤੁਹਾਨੂੰ ਤਾਂ ਪਤਾ ਏ ਕਿ ਕਾਲਾ ਦਿਓ ਇੱਕ ਰਸਤਾ ਬੰਦ ਕਰਦਾ ਏ ਤਾਂ ਆਦਮ-ਜ਼ਾਦ (ਆਦਮ-ਜਾਇਆ) ਸੌ ਰਸਤੇ ਹੋਰ ਬਣਾ ਲੈਂਦੇ ਨੇ। ਇਸੇ ਤਰ੍ਹਾਂ ਸਾਡਾ ਮੁਸੱਵਰ ਤਾਂ ਪੱਕਾ ਆਦਮ-ਜ਼ਾਦ ਏ - ਸਗੋਂ ਸ਼ਹਿਜ਼ਾਦਾ। ਜੇਲ੍ਹ ਵਿਚ ਰਹਿ ਕੇ ਵੀ ਚਿੱਤਰਕਾਰੀ ਕਰੀ ਜਾਂਦਾ ਏ। ਰੰਗ ਬੁਰਸ਼ ਨਾ ਮਿਲਣ ਤਾਂ ਪੈਨਸਿਲ ਨਾਲ ਕੰਮ ਚਲਾ ਲੈਂਦਾ। ਕੋਈ ਕਾਗਜ਼ ਦਾ ਟੋਟਾ ਮਿਲ ਜਾਵੇ ਤਾਂ ਠੀਕ ਏ। ਨਹੀਂ ਤਾਂ ਜੇਲ੍ਹ ਦੇ ਚੁੱਲੇ ਵਿਚੋਂ ਬੁਝੇ ਹੋਏ ਕੋਲੇ ਚੁਣਕੇ ਆਪਣੀ ਜੇਬ ਭਰ ਲੈਂਦਾ ਏ, ਫਿਰ ਕੰਧਾਂ ਦੀ ਕੈਨਵਸ ਉੱਤੇ ਕੁਝ ਨਾ ਕੁਝ ਬਣਾਉਂਦਾ ਰਹਿੰਦਾ ਏ।"

ਖ਼ਤ ਲਿਖਣ ਵਾਲੇ ਅੱਗੇ ਬ੍ਰੈਕਟ ਵਿਚ ਲਿਖਿਆ ਸੀ, "ਕੋਲਿਆਂ ਵਾਲੀ ਗੱਲ ਤਾਂ ਤੁਹਾਨੂੰ ਪਤਾ ਹੀ ਏ, ਤੁਹਾਡੀ ਆਪਣੀ ਇੱਕ ਨਜ਼ਮ ਵੀ ਤਾਂ ਕੋਇਲੇ ਨਾਲ ਲਿਖੀ ਗਈ ਸੀ। ਦੀਦੀ ਅਜੇ ਤੋੜੀ ਕਿਸੇ ਨੇ ਤਵੱਜੋ ਨਹੀਂ ਦਿੱਤੀ, ਜਲੇ ਹੋਏ ਕੋਲੇ ਨੇ ਕਦ-ਕਦ, ਕਿੱਥੇ-ਕਿੱਥੇ ਕਲਮ ਦਾ ਕੰਮ ਦਿੱਤਾ, ਇਹ ਇੱਕ ਅਣ-ਲਿਖੀ ਲੰਮੀ ਤਾਰੀਖ਼ ਹੈ।"

ਇਸ ਗੱਲ ਨੂੰ ਪੜ੍ਹਕੇ ਮੇਰੇ ਅੰਦਰੋਂ ਸੋਚ ਜਾਗੀ। ਇਹ ਕੋਇਲਾ ਇਨਸਾਨ ਦੀ ਮਜਬੂਰੀ ਤੇ ਮਾਲੂਮ ਜ਼ੁਰਮ ਵਿਚ ਕਿਹਾ ਸਾਥੀ ਰਿਹਾ। ਆਪਣੇ ਬਚਪਨ ਵਿਚ ਅਸੀਂ ਆਪ ਕੰਧਾਂ ਉੱਤੇ ਈ ਲਿਖਦੇ ਤਾਂ ਝਿੜਕਾਂ ਖਾਂਦੇ ਸੀ। ਹੁਣ ਤਾਂ ਕੋਇਲੇ ਦਾ ਦੌਰ ਖ਼ਤਮ ਹੋ ਗਿਆ ਏ, ਛੱਲੀਆਂ ਵੀ ਰਸੋਈ ਗੈਸ ਉੱਤੇ ਭੁੰਨ ਲਈਆਂ ਜਾਂਦੀਆਂ ਨੇ, ਬੱਚਿਆਂ ਨੇ ਕੁਝ ਹੋਰ ਈ ਰਸਤੇ ਲੱਭੇ ਹੋਏ ਨੇ। ਕੰਧਾਂ ਕਾਲੀਆਂ ਕਰਨ ਦੇ। ਪਰ ਜੇਲ੍ਹ ਦੇ ਅੰਦਰ ਤਾਂ ਸਭ ਕੁਝ ਪੁਰਾਣਾ ਏ। ਸਦੀਆਂ ਪੁਰਾਣਾ। ਉਥੇ ਹਾਲੇ ਰਸੋਈ ਗੈਸ ਨਹੀਂ ਆਈ। ਆਉਣੀ ਵੀ ਨਹੀਂ। ਜਦ ਤੋੜੀ ਹਾਕਮਾਂ ਨੂੰ ਪੱਕ ਨਹੀਂ ਹੋ ਜਾਂਦਾ, ਪਈ ਕੈਦੀ ਕੋਇਲੇ ਨਾਲ ਲਫ਼ਜ਼ ਬਣਾਉਣ ਲੱਗ ਪਏ ਨੇ। ਇੱਕ ਖ਼ਤਰਨਾਕ ਕੰਮ। ਪਰ ਇਹ ਭੇਤ ਕਦੇ ਖੁੱਲਣਾ ਵੀ ਨਹੀਂ। ਕਿਉਂ ਜੋ ਅੰਦਰ ਵਾਲੇ ਬਾਹਰ ਵਾਲਿਆਂ ਨਾਲੋਂ ਬਹੁਤ ਪੱਕੀ ਰਾਜ਼ਦਾਰੀ ਰੱਖਦੇ ਨੇ।

ਬ੍ਰੈਕਟ ਵਾਲੀ ਗੱਲ ਨੂੰ ਅੱਗੇ ਦੂਜੇ ਪਾਸੇ ਲਿਖਿਆ ਸੀ, "ਹਾਂ, ਦੀਦੀ ਮੈਂ ਤੁਹਾਨੂੰ ਦੱਸਾਂ, ਸਾਡਾ ਚਿੱਤਕਾਰ ਆਪਣੀ ਕੋਠੜੀ ਦੀ ਕੰਧ ਉੱਤੇ ਬੜੇ ਤਿੱਖੇ ਨਕਸ਼ਾਂ ਵਾਲੀ ਕੁੜੀ ਦੀ ਤਸਵੀਰ ਬਣਾਕੇ ਸਾਹਿਬਾਂ ਲਿਖਾ ਦਿੰਦਾ ਏ। "ਹੀਰ ਦਾ ਚਿੱਤਰ ਕਿਉਂ ਨਹੀਂ ਬਣਾਉਂਦਾ?"ਜਦੋਂ ਵੀ ਕੋਈ ਪੁੱਛੇ ਤਾਂ ਉਹ ਅਜੀਬ ਤਰ੍ਹਾਂ ਨਾਲ ਸੰਜੀਦਾ ਹੋ ਜਾਂਦਾ ਏ। "ਮਾਈ ਹੀਰ" ਉਹ ਆਪਣੀਆਂ ਉਂਗਲਾਂ ਦੇ ਪੋਟੇ ਅੱਖਾਂ ਨਾਲ ਲਾ ਕੇ ਹੱਥ ਸੀਨੇ ਉੱਤੇ ਰੱਖ ਲੈਂਦਾ ਏ, ਕਹਿੰਦਾ ਏ, "ਨਹੀਂ ਅਜੇ ਨਹੀਂ। ਹੀਰ ਬਣਾਉਣ ਜੋਗਾ ਮੈਂ ਹੋਇਆ ਨਹੀਂ। ਕੋਈ ਇਸ਼ਕ ਵਰਗੀ ਬੰਦਗੀ ਕਰ ਲਵਾਂ ਤਾਹੀਓਂ" ਪਰ ਤੂੰ ਸਾਹਿਬਾਂ ਉਧਾਲਣ ਜੋਗਾ ਹੋ ਗਿਆ ਏਂ? ਕੋਈ ਸਾਥੀ ਉਹਨੂੰ ਛੇੜਦਾ ਤਾਂ ਉਹ ਬੜਾ ਉਦਾਸ ਹੋ ਜਾਂਦਾ। ਇੱਕ ਪਲ ਵਿਚ ਉਹਦਾ ਚਿਹਰਾ ਕਈ ਰੰਗ ਬਦਲ ਜਾਂਦਾ। ਪਤਾ ਨਹੀਂ ਅੰਦਰ ਦਾ ਕਿੱਸਾ ਕੀ ਏ। ਪਰ ਸਾਥੀਆਂ ਨੇ ਉਹਦਾ ਨਾਂ ਮਿਰਜ਼ਾ ਜੱਟ ਰੱਖ ਦਿੱਤਾ ਏ। ਉਂਝ ਉਹ ਮਿਰਜ਼ੇ ਜੱਟ ਵਰਗਾ ਲੱਗਦਾ ਨਹੀਂ। ਉਹ ਮਲੂਕੜਾ ਏ। ਸ਼ਕਲੋਂ ਰਾਂਝੇ ਵਰਗਾ ਏ, ਉਹਦੇ ਅੰਦਰ ਕੋਈ ਰਾਂਝਾ ਬੈਠਾ ਜ਼ਰੂਰ ਏ। ਪਰ ਕਿਸੇ ਵੇਲੇ ਉਹ ਖਿੜ-ਖਿੜ ਹੱਸਦਾ ਵੀ ਏ। ਓਸ ਵੇਲੇ ਉਹਦੀ ਹਸਤੀ ਉੱਕਾ ਹੀ ਬਦਲ ਜਾਂਦੀ ਏ।

ਖ਼ਤ ਪੜ੍ਹਕੇ ਮੈਂ ਪੁੱਛਣ ਵਾਲੀ ਸਾਂ, ਪਈ ਉਹ ਆਰਟਿਸਟ ਕਿਸ ਚੱਕਰ ਵਿਚ ਜੇਲ੍ਹ ਗਿਆ ਸੀ। ਪਰ ਉਹਨੇ ਇਕਦਮ ਦੂਜਾ ਖ਼ਤ ਮੇਰੇ ਅੱਗੇ ਕਰ ਦਿੱਤਾ। ਓਸ ਖ਼ਤ ਵਿਚ ਦੋ ਚਾਰ ਰਸਮੀਂ ਗੱਲਾਂ ਤੋਂ ਅੱਗੇ ਲਿਖਿਆ ਹੋਇਆ ਸੀ, "ਦੀਦੀ ਪਹਿਲਾਂ ਪਹਿਲ ਤਾਂ ਅਸੀਂ ਸਮਝਦੇ ਰਹੇ, ਪਈ ਉਹ ਕਿਸੇ ਕੁੜੀ ਦੇ ਚੱਕਰ ਵਿਚ ਜੇਲ੍ਹ ਆਇਆ ਹੋਣਾ ਏ। ਉਹ ਗੱਲਾਂ ਵੀ ਇਸੇ ਤਰ੍ਹਾਂ ਦੀਆਂ ਕਰਦਾ ਸੀ। ਅਗਲੇ ਦਿਨ ਕਹਿ ਰਿਹਾ ਸੀ, "ਯਾਰ ਚੰਗਾ ਹੋਇਆ ਮੈਂ ਜੇਲ੍ਹ ਦੇ ਫਾਟਕ ਮੋਹਰੇ ਆ ਬੈਠਾ ਹਾਂ। ਨਹੀਂ ਤਾਂ ਚੰਦਰੀ ਸਾਹਿਬਾਂ ਦੇ ਭਰਾਵਾਂ ਨੇ ਮੇਰੇ ਟੋਟੇ ਕਰ ਦੇਣੇ ਸਨ।"

ਪਰ ਜਦੋਂ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ ਤਾਂ ਪਤਾ ਲੱਗਾ ਉਹਦਾ ਨਾਂ ਤਾਂ ਸਿਆਸੀ ਕੈਦੀਆਂ ਵਿਚ ਏ। ਅਸੀਂ ਤਾਂ ਕੋਈ ਸਾਹਿਬਾਂ, ਕੋਈ ਹੀਰ ਢੂੰਡ ਰਹੇ ਸੀ। ਪਰ ਨਿਕਲੀ ਉਹੋ ਲੋਕ-ਰਾਜ ਦੀ ਪਰੀ। ਓਸੇ ਦੇ ਹੁਸਨ ਤੇ ਡੁੱਲ੍ਹਿਆ ਪਿਆ ਏ ਸਾਡਾ ਫਨਕਾਰ ਵੀ। ਸਾਡਾ ਸ਼ਾਮਲੂ। ਹਾਏ ਇਹੋ ਨਾਂ ਏ ਉਹਦਾ। ਸ਼ਾਮਲੂ। ਪਰ ਉਹ ਕੋਈ ਵੱਖਰੀ ਟਾਈਪ ਦਾ ਸਿਆਸੀ ਏ। ਉਹਦੀ ਮੁਹੱਬਤ ਦੀ ਨੀਲਮ ਪਰੀ ਨਹੀਂ, ਸਗੋਂ ਸੁਰਖ਼ ਪਰੀ ਏ। ਓਸੇ ਦੇ ਸਾਲੂ ਨੂੰ ਆਪਣੇ ਲਹੂ ਵਿਚ ਰੰਗ ਦੇਣ ਦੇ ਗੀਤ ਗਾਉਂਦਾ ਏ। ਫਨਕਾਰ ਏ ਨਾ। ਸਿੱਧੀ-ਸਾਦੀ ਮੁਹੱਬਤ ਕਰਦਾ ਏ। ਆਜ਼ਾਦੀ ਨਾਲ ਪੇਚਦਾਰ ਨਖਰੇ ਨਹੀਂ ਕਰਦਾ।

ਕਹਿੰਦਾ ਏ, ਲੋਕ-ਰਾਜ ਹੋਵੇਗਾ ਤਾਂ ਬੰਦੇ ਦਾ ਅੰਦਰ ਬਾਹਰ ਆਜ਼ਾਦ ਹੋਵੇਗਾ। ਲਿਖਤਾਂ ਤੇ ਤਸਵੀਰਾਂ ਵੀ ਆਜ਼ਾਦ ਹੋਣਗੀਆਂ। ਉਹਦਾ ਫ਼ਲਸਫ਼ਾ ਕੁਝ-ਕੁਝ ਤੁਹਾਡੇ ਵਰਗਾ ਏ। ਇਥੇ ਆ ਕੇ ਮੈਂ ਪੁੱਛਿਆ, "ਇਹ ਕਿਹੜੇ ਫ਼ਲਸਫ਼ੇ ਦੀ ਗੱਲ ਲਿਖੀ ਹੋਈ ਏ?"



ਉਹਨੇ ਖ਼ਤ ਉੱਤੇ ਨਿਗਾਹ ਮਾਰੀ ਤੇ ਆਖਣ ਲੱਗੀ, "ਏਥੇ ਸ਼ਹਿਰਯਾਰ ਮੇਰੀ ਓਸ ਗੱਲ ਦਾ ਹਵਾਲਾ ਦੇ ਰਿਹਾ, ਜੋ ਮੈਂ ਕਈ ਵਾਰੀ ਉਹਨੂੰ ਲਿਖੀ ਏ। ਇਹਦੀ ਲਫ਼ਜ਼ਾਂ ਦੀ ਗੱਲ ਏ। ਲੋਕ-ਰਾਜ ਵਿਚ ਲਫ਼ਜ਼ ਆਜ਼ਾਦ ਹੁੰਦੇ ਨੇ। ਤਾਨਾਸ਼ਾਹੀ ਵਿਚ ਬੰਦੇ ਦੇ ਨਾਲ-ਨਾਲ ਉਹਦੇ ਲਫ਼ਜ਼ ਵੀ ਡੱਕੇ ਜਾਂਦੇ ਨੇ। ਪਿਛਲੇ ਕਈ ਸਾਲਾਂ ਵਿਚ ਬਹੁਤ ਸਾਰੇ ਅਦੀਬ, ਸ਼ਾਇਰ ਹੋਏ, ਤਾਹੀਓਂ ਮੈਂ ਉਹਨੂੰ ਲਿਖਿਆ, ਤੁਸੀਂ ਬਹਾਦਰ ਲੋਕ ਇਨਸਾਨਾਂ ਨੂੰ ਆਜ਼ਾਦ ਕਰਾਉਣ ਲਈ ਲੜ ਰਹੇ ਹੋ। ਪਰ ਅਦੀਬ (ਸਾਹਿਤਕਾਰ) ਜਦੋਂ ਲੜਦਾ ਏ, ਉਹ ਬਹਾਦਰ ਲਫ਼ਜ਼ ਦੀ ਆਜ਼ਾਦੀ ਲਈ ਸੰਘਰਸ਼ ਦਾ ਮੋਰਚਾ ਚਲਾਉਂਦਾ ਹੈ। ਇਹ ਕੋਈ ਅਸਚਰਜ ਗੱਲ ਨਹੀਂ, ਸਾਰੀ ਦੁਨੀਆਂ ਵਿਚ ਅਦੀਬ ਨੂੰ ਆਪਣੇ ਸਿਦਕ ਦੀ ਖ਼ਾਤਰ ਇਹ ਕਰਨਾ ਪੈਂਦਾ ਏ ਸਗੋਂ ਬਹੁਤਾ।

ਉਹਨੇ ਆਪਣੀ ਗੱਲ ਖ਼ਤਮ ਕੀਤੀ ਤਾਂ ਮੈਂ ਖ਼ਤ ਦੀਆਂ ਅਗਲੀਆਂ ਸਤਰਾਂ ਪੜ੍ਹੀਆਂ। ਅੱਜ ਸ਼ਾਮਲੂ ਨੇ ਬੜੀ ਪਿਆਰੀ ਗੱਲ ਕੀਤੀ। ਕਹਿਣ ਲੱਗਾ, ਕੈਦੀ ਲੋਕਾਂ ਵਾਂਗ ਕੈਦੀ ਤਸਵੀਰਾਂ ਦੇ ਮੁੱਖ ਵੀ ਬੇਰੌਣਕੇ ਹੁੰਦੇ ਨੇ। ਤੁਹਾਨੂੰ ਖੁਸ਼ੀ ਹੋਵੇਗੀ ਕਿ ਇੱਕ ਮਸੱਵਰ (ਚਿੱਤਰਕਾਰ) ਵੀ ਮੋਰਚੇ ਤੇ ਆ ਗਿਆ। ਹੁਣ ਤਾਂ ਮੋਰਚਾ ਵੱਡਾ ਹੋ ਜਾਵੇਗਾ.... ਵੇਖੋ ਨਾ ਚਾਰ ਤਾਕਤਾਂ ਸਿਆਸਤ, ਮਿਹਨਤ, ਹੁਨਰ ਤੇ ਦਾਨਸ਼ (ਅਕਲ) ਰਲ ਗਈਆਂ ਤਾਂ ਤਾਨਾਸ਼ਾਹੀ ਦੀ ਜੜ੍ਹ ਵੱਢੀ ਜਾਵੇਗੀ। ਫੇਰ ਤਾਂ ਲਫ਼ਜ਼ ਰੰਗ ਰੁਮਾਨ ਸਾਰੇ ਈ ਆਜ਼ਾਦ ਹੋ ਜਾਣਗੇ। ਇਥੇ ਆ ਕੇ ਮੈਂ ਸੋਚਿਆ, ਮੈਂ ਲਫ਼ਜ਼ ਦੇ ਰੂਹ ਵਾਲੀ ਗੱਲ ਤਾਂ ਸਮਝ ਸਕਦੀ ਹਾਂ। ਪਰ ਤਸਵੀਰਾਂ ਦੀ ਆਜ਼ਾਦੀ ਬਾਰੇ ਕਿੰਝ ਸੋਚਿਆ ਜਾਂਦਾ ਏ? ਇਕ ਦਮ ਮੇਰਾ ਦਿਲ ਕੀਤਾ, ਮੈਂ ਤਸਵੀਰਾਂ ਦਾ ਆਜ਼ਾਦੀ ਮੰਗਣ ਵਾਲੇ ਕੈਦੀ ਮਸੱਵਰ ਨੂੰ ਜਾ ਕੇ ਮਿਲਾਂ। ਓਸ ਦਾ ਇੰਟਰਵਿਊ ਕਰਾਂ। ਪੁੱਛਾਂ ਵੀਰਾ, ਉਹ ਕਿਹੜੇ ਨਕਸ਼ ਸੀ ਜੋ ਪੂਰੇ ਨਹੀਂ ਹੋ ਸਕੇ? ਕਿਹੜੀਆਂ ਅੱਖਾਂ, ਕੌਣ ਸ਼ਕਲਾਂ, ਜੋ ਹਨੇਰੀਆਂ ਵਿਚ ਗਵਾਚ ਗਈਆਂ? ਤਸਵੀਰ ਦੀ ਗੱਲ ਤਾਂ ਮਸੱਵਰ ਨਾਲ ਈ ਕੀਤੀ ਜਾ ਸਕਦੀ ਏ। ਪਰ ਹੁਣ ਉਹਦਾ ਇੰਟਰਵਿਊ ਨਹੀਂ ਹੋ ਸਕਦਾ। ਉਹਦੀਆਂ ਮੁਲਾਕਾਤਾਂ ਬੰਦ ਹੋ ਗਈਆਂ। ਟਰਾਇਲ (ਸੁਣਵਾਈ) ਸ਼ੁਰੂ ਹੋ ਚੁੱਕੀ ਸੀ। ਮਿਲਟਰੀ ਕੋਰਟ ਅੱਗੇ ਇਕ ਫ਼ਨਕਾਰ। ਹੁਣ ਉਹਨੂੰ ਸਜ਼ਾ ਹੋਵੇਗੀ। ਲੰਮੀ ਕੈਦ ਪਤਾ ਨਹੀਂ ਸ਼ਾਇਦ.... ਮੈਂ ਫ਼ਿਕਰਮੰਦੀ ਨਾਲ ਉਹਦੇ ਵੱਲ ਤੱਕਿਆ.... "ਕੁਝ ਪਤਾ ਨਹੀਂ" ਉਹ ਆਖਣ ਲੱਗੀ, ਪੰਜਾਂ ਸੱਤਾਂ ਦਿਨਾਂ ਪਿੱਛੋਂ ਆਕੇ ਪੁੱਛ ਲਈਂ। ਸ਼ਾਇਦ ਕਿਸੇ ਦਾ ਖ਼ਤ ਆਵੇ।

ਪਰ ਹੋਇਆ ਇਸ ਤਰ੍ਹਾਂ ਪਈ ਮੈਨੂੰ ਮੁੜਕੇ ਆਉਂਦੇ-ਆਉਂਦੇ ਪੰਦਰਾਂ ਕੁ ਦਿਨ ਲੱਗ ਗਏ। ਇਸ ਸਮੇਂ ਵਿਚ ਦੋ ਖ਼ਤ ਆ ਚੁੱਕੇ ਸਨ। ਇਕ ਵਿਚ ਟਰਾਇਲ ਦੀਆਂ ਗੱਲਾਂ ਲਿਖੀਆਂ ਸਨ। ਦੂਜੇ ਵਿਚ ਸ਼ਾਮਲੂ ਬਾਰੇ ਬੱਸ ਏਨਾ ਲਿਖਿਆ ਸੀ, "ਦੀਦੀ ਅੱਜ ਸ਼ਾਮਲੂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਉਹ ਸੱਚਮੁੱਚ ਆਜ਼ਾਦੀ ਨਾਲ ਪਿਆਰ

ਕਰਦਾ ਏ। ਪਰ ਉਹਦਾ ਆਪਣਾ ਹੀ ਰੰਗ ਏ। ਉਹ ਆਪਣੀ ਮੁਹੱਬਤ ਆਜ਼ਾਦ ਕਰਾਉਣ ਲਈ ਕਾਲ਼ੇ ਦਿਓ ਨੂੰ ਮਾਰ ਦੇਣਾ ਚਾਹੁੰਦਾ ਏ। ਇਹ ਫ਼ਰਕ ਸਾਡੀ ਮੁਹੱਬਤ ਵਿਚਕਾਰ ਸਿਆਸਤ ਆ ਜਾਂਦੀ ਏ। ਆਪਣਾ-ਆਪ ਆ ਜਾਂਦਾ ਏ। ਏਸ ਲਈ ਅਸੀਂ ਤਾਂ ਬੱਸ ਨੀਲਮ-ਪਰੀ ਦੇ ਜਾਦੂ ਵਿਚ ਈ ਫਸੇ ਰਹਿੰਦੇ ਹਾਂ। ਕੁਝ ਆਪਣੇ ਵਲੋਂ ਨਹੀਂ ਕਰਦੇ। ਪਰ ਸਾਡਾ ਫਨਕਾਰ ਤਾਂ ਦਿਲ ਦੀ ਜੋਤ ਜਗਾ ਰਿਹਾ ਏ। ਉਹ ਆਜ਼ਾਦੀ ਦੇ ਸੂਰਜ ਦੀ ਲੋਅ ਲੈ ਕੇ ਇਕ ਰੌਸ਼ਨ ਦੁਨੀਆਂ ਸਿਰਜਣਾ ਚਾਹੁੰਦਾ ਏ। ਉਹਨੂੰ ਯਕੀਨ ਏ ਕਿ ਉਹਦੀ ਉਰਵਸ਼ੀ ਵੀ ਓਸੇ ਨੂੰ ਲੱਭ ਰਹੀ ਹੈ। ਹੋਰ ਸੁਣੋ ਦੀਦੀ ਇਹ ਸ਼ਾਮਲੂ ਇਕ ਗਰੀਬ ਫ਼ਨਕਾਰ ਹੈ। ਕੋਈ ਗ਼ੁਲਫਾਮ ਸ਼ਹਿਜਾਦਾ ਨਹੀਂ। ਇੰਝ ਦੇਖਿਆ ਜਾਵੇ ਤਾਂ ਹੈ ਵੀ, ਕੱਲ੍ਹ ਨੂੰ ਜੋ ਦੁਨੀਆਂ ਉਹਨੇ ਆਪਣੇ ਹੱਥੀਂ ਉਸਾਰਨੀ ਏ, ਉਹਦਾ ਸ਼ਹਿਜ਼ਾਦਾ ਹੋਰ ਕੌਣ ਹੋ ਸਕਦਾ ਏ?

ਖ਼ਤ ਵਿਚ ਲਿਖੇ ਹੋਏ ਇਹ ਦੋ-ਚਾਰ ਜੁਮਲੇ ਮੇਰੇ ਖ਼ਿਆਲ ਵਿਚ ਇੱਕ ਦੁਨੀਆਂ ਜਗਾ ਗਏ। ਬੀਤਿਆ ਵੀ ਨਵੇਂ ਸਿਰੇ ਤੋਂ ਬਣੂੰਗਾ। ਭਵਿੱਖ ਵੀ। ਉਹ ਕਹਾਣੀ ਮੁੜ ਕੇ ਲਿਖੀ ਜਾਵੇਗੀ। ਸਗੋਂ ਸਾਰੀਆਂ ਕਹਾਣੀਆਂ। ਤੁਹਾਡਾ ਕੀ ਖ਼ਿਆਲ ਏ? ਮੈਂ ਕੈਦੀਆਂ ਦੀ ਦੀਦੀ ਕੋਲੋਂ ਪੁੱਛਿਆ।

ਬਿਲਕੁਲ! ਉਹ ਆਖਣ ਲੱਗੀ। ਨਵੇਂ ਦੌਰ ਦੀ ਕਹਾਣੀ ਤਾਂ ਨਵੀਂ ਹੁੰਦੀ ਏ। ਪਰ ਬੀਤੀਆਂ ਕਈ ਕਹਾਣੀਆਂ ਦੀ ਸੰਗਲ਼ ਘੇਰਾਂ ਵਿਚ ਏ। ਕਈ ਲੋਕੀ ਉਹਨਾਂ ਨੂੰ ਨਵੇਂ ਸਿਰੇ ਤੋਂ ਲਿਖਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਨੇ, ਕਿਸ ਤਰ੍ਹਾਂ? ਕੋਈ ਮਿਸਾਲ ਦਿਉ। ਉਹ ਮੱਥੇ ਉੱਤੇ ਹੱਥ ਰੱਖਕੇ ਸੋਚਣ ਲੱਗ ਪਈ। ਝੱਟ ਕੁ ਪਿੱਛੋਂ ਬੋਲੀ, "ਤੂੰ ਉਹ ਪੜ੍ਹੀ ਏ..... ਆਖਰ ਸ਼ਬ ਕੇ ਹਮਸਫਰ ਕੁਰਾਉਲੀਨ ਹੈਦਰ। ਹਾਂ ਉਸੇ ਨੇ ਬੀਤੇ ਦੀਆਂ ਕੁਝ ਕਹਾਣੀਆਂ ਲਈ ਨਵੇਂ ਸ਼ਬਦ ਘੜੇ ਨੇ। ਬੀਤੇ ਕੱਲ ਨੂੰ ਅੱਜ ਦੀ ਅੱਖ ਨਾਲ ਵੇਖਣਾ ਵੀ ਇੱਕ ਨਵਾਂ ਤਜਰਬਾ ਏ।

ਕੀ ਲਾਭ, ਮੈਂ ਸੋਚਿਆ ਓਧਰ ਲੋਕੀਂ ਬੀਤੇ ਦੇ ਗ਼ੁਲਫਾਮਾਂ ਨੂੰ ਆਜ਼ਾਦ ਕਰਾਉਣ ਲਈ ਲੱਗੇ ਹੋਏ ਨੇ। ਏਧਰ ਨਵੇਂ ਕਾਲ਼ੇ ਦੇਵ ਪੈਦਾ ਹੋ ਰਹੇ ਨੇ, ਜ਼ਾਲਮ ਤੇ ਬਦਸੂਰਤ। ਉਹਨਾਂ ਸਾਰੇ ਗ਼ੁਲਫਾਮ ਕੈਦੀ ਕਰ ਲਏ ਹੋਏ ਨੇ। ਪਹਿਲਾਂ ਤਾਂ ਇਹ ਪ੍ਰਬੰਧ ਹੋਣਾ ਚਾਹੀਦਾ। ਗ਼ੁਲਫਾਮ ਕਦੋਂ ਤਾਈਂ ਕਿਸੇ ਪਾਸਿਉਂ ਗ਼ੈਬੀ ਇਮਦਾਦ ਦਾ ਇੰਤਜ਼ਾਰ ਕਰੇਗਾ?

ਮੇਰੀ ਗੱਲ ਨਾਲ ਉਹਦੇ ਮੱਥੇ ਉੱਤੇ ਵੱਟ ਜਿਹਾ ਉਭਰਿਆ। ਪਰ ਉਹ ਭਰੋਸੇ ਨਾਲ ਬੋਲੀ, "ਸਾਡੇ ਬੱਚੇ ਤਾਂ ਉਡੀਕ ਵਿਚ ਬੈਠੇ ਨੇ। ਉਹ ਤਾਂ ਲੜ ਰਹੇ ਨੇ। ਇੱਕ ਮੁਸ਼ਕਿਲ ਲੜਾਈ ਉਹਨਾਂ ਛੋਹੀ ਏ। ਬੰਦੇ ਦਾ ਭਵਿੱਖ ਬਚਾਵਣ ਲਈ.... ਹੁਣ ਉਹਦੇ ਹੱਥ ਵਿਚ ਅਗਲਾ ਖ਼ਤ ਸੀ। ਇਸ ਖ਼ਤ ਵਿਚ ਵੀ ਹਾਲਾਤ ਉੱਤੇ ਕੁਝ ਟਿੱਪਣੀ ਸੀ। ਕੈਦੀਆਂ ਦੇ ਬਾਰੇ ਕੁਝ ਗੱਲਾਂ। ਚਿੱਤਰਕਾਰ ਦੇ ਨਾਂ ਦਾ ਕਿੱਸਾ ਲਿਖਿਆ ਸੀ। "ਉਹ ਸ਼ਾਮ ਦੇ ਸੁਰਮਈ



ਜਹੇ ਪਲਾਂ ਵਿਚ ਜੰਮਿਆ ਸੀ। ਦਾਦੇ ਨੇ ਉਹਦਾ ਨਾਂ ਸ਼ਾਮਲੂ ਰੱਖ ਦਿੱਤਾ। ਮਜ਼ੇ ਦੀ ਗੱਲ ਸੁਣੋ ਦੀਦੀ, ਸ਼ਾਮਲੂ ਕਹਿੰਦਾ ਏ ਉਹ ਆਪਣੀ ਸ਼ਾਮ ਦੀ ਤਸਵੀਰ ਬਣਾ ਚੁੱਕਿਆ... ਉਹੋ ਸ਼ਾਮ ਜੋ ਲੋਕਾਂ ਦੇ ਵਿਹੜੇ, ਸਿਰ ਤੇ ਸੁਰਮਈ ਚੁੰਨੀ ਲੈ ਕੇ ਉਤਰਦੀ ਏ। ਪਰ ਦੇਖਦੇ ਦੇਖਦੇ ਕਾਲੀ ਡੈਣ ਬਣ ਜਾਂਦੀ ਏ। ਫਿਰ ਉਸੇ ਰਾਤ ਦੀ ਕਾਲਖ ਦੇ ਕੱਪੜੇ ਪਾਈ ਬਘਿਆੜ ਸੌਂਦੇ ਜਾਗਦੇ ਬੱਚਿਆਂ ਨੂੰ ਡਰਾਉਂਦੇ ਰਹਿੰਦੇ ਨੇ। ਕਦੇ ਤਾਂ ਖਾਈ ਜਾਂਦੇ ਨੇ। ਅੱਜ ਇਸੇ ਕਾਲੀ ਰਾਤ ਨੂੰ ਕਾਲੇ ਬਘਿਆੜ ਨੇ ਕਾਲੇ ਦਿਓ ਦੀ ਮਦਦ ਕੀਤੀ ਏ। ਪਰਸਤਾਨ ਦੇ ਸਾਰੇ ਰੰਗਾਂ ਉੱਤੇ ਕਾਲਖ ਛਿੜਕ ਦਿੱਤੀ ਏ। ਖ਼ੁਸ਼ੀ, ਖ਼ੁਸ਼ਹਾਲੀ, ਖ਼ੂਬਸੂਰਤੀ, ਖ਼ੁਸ਼ਬੂ ਚਾਰੇ ਪਰਸਤਾਨ ਦੇ ਰੰਗ ਹੁੰਦੇ ਨੇ। ਬਾਕੀ ਸਾਰੇ ਸ਼ੇਡ ਇਹਨਾਂ ਰੰਗਾਂ ਨਾਲ ਈ ਬਣਦੇ ਨੇ। ਇਸ ਗੱਲ ਦੀ ਵਿਆਖਿਆ ਸ਼ਹਿਰ-ਯਾਰ ਨੇ ਕੀਤੀ। ਸ਼ਾਮਲੂ ਇਹਨਾਂ ਚੌਹਾਂ ਨੂੰ ਰੰਗਾਂ ਵਿਚ ਵੇਖਦਾ। ਹੋਰ ਵੀ ਕਈ ਰੰਗ ਨੇ। ਸਮਾਜ ਨੂੰ ਸਜਾਵਣ ਵਾਲੇ। ਆਜ਼ਾਦੀ, ਅਮਨ, ਲੋਕ-ਰਾਜ। ਕਾਲਾ ਦਿਓ ਇਹਨਾਂ ਰੰਗਾਂ ਦਾ ਵੀ ਵੈਰੀ ਏ। ਓਸ ਰੌਸ਼ਨੀ ਦਾ ਵੀ ਜੋ ਉੱਤੋਂ ਆਉਂਦੀ ਏ ਜਾਂ ਬੰਦੇ ਦੇ ਮਨ ਵਿਚੋਂ ਉਗਦੀ ਏ। ਕਾਲਾ ਦਿਓ ਵੈਰੀ ਏ। ਉਹ ਆਪਣਾ ਕਾਲਾ ਤੰਬੂ ਤਾਣ ਕੇ ਰੌਸ਼ਨੀ ਦਾ ਕਤਲਾਮ ਕਰਦਾ ਰਹਿੰਦਾ ਏ।

ਸ਼ਾਮਲੂ ਕਹਿੰਦਾ ਏ, ਉਹ ਕਾਲੇ ਦਿਓ ਨੂੰ ਮਾਰ ਕੇ ਮੁਕਾਵਣ ਵਾਲਿਆਂ ਦੇ ਨਾਲ ਹੈ। ਪਰ ਉਹਦਾ ਮੋਰਚਾ ਵੱਖਰਾ ਈ ਏ। ਅੱਜ-ਕੱਲ੍ਹ ਉਹ ਬਦਸੂਰਤੀ ਨੂੰ ਪੇਂਟ ਕਰਨ ਵਿਚ ਲੱਗਿਆ ਹੋਇਆ ਏ। ਉਹਦੇ ਕਾਰਟੂਨ ਵੇਖੇ ਨਹੀਂ ਜਾਂਦੇ। ਕਈ ਵਾਰੀ ਮਿੰਨਤ ਕਰਨੀ ਪੈਂਦੀ ਏ ਕਿ ਉਹ ਬਦਸੂਰਤੀ ਪੇਂਟ ਕਰਨ ਵਿਚ ਆਪਣਾ ਆਰਟ ਜਾਇਆ ਨਾ ਕਰੇ। ਜਵਾਬ ਵਿਚ ਉਹ ਕਹਿੰਦਾ ਏ ਕਿ ਬਦਸੂਰਤ ਤਸਵੀਰਾਂ ਵੀ ਜ਼ੁਲਮ ਦੇ ਵਿਰੁੱਧ ਇੱਕ ਮੋਰਚਾ ਏ। ਇਸੇ ਤਰ੍ਹਾਂ ਜਿਵੇਂ ਰੋਸ ਭਰੇ ਸ਼ਬਦ ਵੀ ਗੋਲ਼ੀ ਵਾਂਗ ਜ਼ਖ਼ਮ ਲਾਉਂਦੇ ਨੇ। ਇਨਕਲਾਬੀ ਨਾਹਰੇ ਵੀ ਗਰਜ ਧਮਾਕਾ ਕਰਦੇ ਨੇ। ਮੇਰਾ ਮੋਰਚਾ ਲੱਗਿਆ ਰਹੇਗਾ ਦਰਬਾਰੀ ਫਨਕਾਰਾਂ (ਕਲਾਕਾਰਾਂ) ਨੂੰ ਵੀ ਸ਼ਰਮਿੰਦਾ ਕਰਦਾ ਰਹਾਂਗਾ। ਇਸੇ ਤਰ੍ਹਾਂ ਕਾਲੀਆਂ ਲਕੀਰਾਂ ਵਿਚ, ਪਹਿਲਾਂ ਅੱਖਾਂ ਵਿਚ ਧੁਖਦੀ ਅੱਗ ਦੇ ਧੂੰਏਂ ਵਿਚ, ਲਹੂ ਦੇ ਦਾਗਾਂ ਵਿਚ ਜ਼ੁਲਮ ਦੀ ਬਦਸੂਰਤੀ ਉਜਾਗਰ ਕਰਾਂਗਾ।"

ਖ਼ਤ ਖ਼ਤਮ ਹੋਇਆ ਤਾਂ ਮੈਂ ਬਿਨਾਂ ਸੋਚੇ ਸਮਝੇ ਇੱਕ ਰਾਹ ਦੇ ਛੱਡੀ "ਸ਼ਾਮਲੂ ਗਰੀਬ ਦਾ ਘਰ ਹੋਣਾ, ਪਾਰਟੀ ਦਾ ਨਿੱਕਾ ਮੋਟਾ ਕਾਰਕੁੰਨ। ਇਹੋ ਇਸ ਹੱਦ ਤਾਈਂ ਜਾ ਸਕਦੇ ਨੇ।"

ਉਹਨੇ ਅੱਖ ਚੁੱਕ ਕੇ ਮੇਰੇ ਵੱਲ ਵੇਖਿਆ। ਫ਼ਿਰ ਹਉਕਾ ਜਿਹਾ ਭਰ ਕੇ ਆਖਣ ਲੱਗੀ, "ਆਹੋ ਸ਼ੁਰੂ ਵਿਚ ਮੈਂ ਵੀ ਇਸੇ ਤਰ੍ਹਾਂ ਸਮਝਦੀ ਸੀ। ਇਹ ਵੇਖ, ਉਹਨੇ ਇੱਕ ਹੋਰ ਖ਼ਤ ਲਿਖਿਆ। ਵਰਕੇ ਦੇ ਵਿਚਕਾਰ ਉਂਗਲੀ ਰੱਖਕੇ ਕਹਿਣ ਲੱਗੀ, "ਐਥੋਂ ਪੜ੍ਹ ਤੈਨੂੰ ਜਵਾਬ ਮਿਲ ਜਾਵੇਗਾ।" ਲਿਖਿਆ ਸੀ, "ਦੀਦੀ, ਤੁਸਾਂ ਸ਼ਾਮਲੂ ਬਾਰੇ ਕੀ ਲਿਖ ਛੱਡਿਆ।

ਇਹੋ ਭਈ ਉਹ ਪੀਪਲਜ਼ ਪਾਰਟੀ ਦਾ ਵਰਕਰ ਹੋਣਾ। ਸਿਰ ਫਿਰਿਆ ਤੁਸਾਂ ਤੇ ਉਹਨੂੰ ਵਿਚਾਰਾ ਵੀ ਆਖਿਆ। ਇਹ ਵੀ ਪਈ ਇਹ ਬਦਲੇ ਦੀ ਅੱਗ ਬੁਝਾਉਣਾ ਚਾਹੁੰਦੇ ਨੇ। ਬੜਾ ਗ਼ਲਤ ਆਖਿਆ, ਦੀਦੀ! ਤੁਸੀਂ ਕਿਸ ਤਰ੍ਹਾਂ ਸੋਚ ਲਿਆ ਇਹ ਲੋਕੀ ਦੜ ਵੱਟ ਕੇ ਜ਼ਮਾਨਾ ਨਹੀਂ ਕੱਟਦੇ। ਬੰਦੂਕ ਚੁੱਕਦੇ ਨੇ। ਆਪਣੀ ਜਾਨ ਵੇਚਕੇ, ਆਪਣੇ ਲਈ ਸਲੀਬ (ਸੂਲੀ) ਦੀ ਲੱਕੜੀ ਨਹੀਂ ਖਰੀਦ ਲੈਂਦੇ। ਮਾਰ ਖਾ ਕੇ ਨਹੀਂ ਕਹਿੰਦੇ, "ਹੋਰ ਮਾਰ ਲਓ। ਹਜ਼ੂਰ ਸਾਡਾ ਕੀ ਏ। ਅਸੀਂ ਤਾਂ ਪੈਦਾ ਈ ਮਰਨ ਲਈ ਹੁੰਦੇ ਹਾਂ।" ਬੇਸ਼ਕ ਦੀਦੀ, ਇਹ ਲੋਕੀ ਮਸੀਹੀ ਅਖ਼ਲਾਕ ਦੇ ਹਾਮੀ ਨਹੀਂ, ਪਰ ਇਹਨਾਂ ਦਰਦ ਸਹਿਣ ਦੀ ਇੱਕ ਨਵੀਂ ਗੀਤ ਪਾਈ ਏ। ਸ਼ੁਕਰ ਕਰੋ, ਸ਼ਾਮਲੂ ਨੂੰ ਪਤਾ ਨਹੀਂ ਲੱਗਿਆ। ਤੁਸਾਂ ਖ਼ਤ ਵਿਚ ਕੀ ਲਿਖ ਛੱਡਿਆ ਏ, ਨਹੀਂ ਤਾਂ ਹੁਣ ਤੱਕ ਤੁਹਾਡਾ ਖਾਕਾ ਵੀ ਬਣ ਚੁੱਕਿਆ ਹੁੰਦਾ। ਇਹ ਵੇਖੋ, ਉਹਨੇ ਇਕ ਅਖ਼ਬਾਰ ਨਵੀਸ ਦਾ ਖਾਕਾ ਬਣਾਇਆ ਏ। ਇਹ ਅਖ਼ਬਾਰ ਲਗਾਤਾਰ ਮਾਰਸ਼ਲ-ਲਾ ਦੇ ਹੱਕ ਵਿਚ ਅਤੇ ਲੋਕ-ਰਾਜ ਵਾਸਤੇ ਸੰਘਰਸ਼ ਕਰਨ ਵਾਲਿਆਂ ਦੇ ਵਿਰੁੱਧ ਲਿਖ ਰਿਹਾ ਸੀ। ਕਾਗਜ਼ ਉਲਟਾ ਕੇ ਅਸੀਂ ਵੇਖਿਆ। ਦਿਲ ਬੁਰਾ ਹੋ ਗਿਆ। ਮਾਰਸ਼ਲ-ਲਾ ਦਾ ਖ਼ੁਸ਼ਾਮਦੀ ਅਖ਼ਬਾਰੀ ਬਿਲਕੁਲ ਅਬਲੀਸ ਵਾਂਗ ਬਣਾਇਆ ਗਿਆ ਸੀ। ਸਾਰੀ ਬਦਸੂਰਤੀ ਲਕੀਰਾਂ ਵਿਚ ਖਿੱਚ ਲਈ ਸੀ। ਸੱਚੀ ਮੁੱਚੀ ਇਹ ਕੋਈ ਵੱਡਾ ਆਰਟਿਸਟ ਬਣ ਸਕਦਾ ਏ। ਪਰ ਏਡਾ ਗੁੰਮਨਾਮ!"

ਮੇਰੀ ਇਸ ਗੱਲ ਤੇ ਉਹਨੇ ਬੜੀ ਤਿੱਖੀ ਅੱਖ ਨਾਲ ਮੇਰੇ ਵੱਲ ਵੇਖਿਆ। ਕਹਿਣ ਲੱਗੀ, "ਉਹ ਗੁੰਮਨਾਮ ਨਹੀਂ। ਉਹ ਤਾਂ ਸਮੁੰਦਰ ਦਾ ਬੁਲਬੁਲਾ ਏ, ਬੜਾ ਹੌਂਸਲੇ ਵਾਲਾ। ਉਹ ਮਿਡਲ ਕਲਾਸ ਮਰਾਸੀ ਨਹੀਂ, ਨਹੀਂ ਤਾਂ ਅੱਜ ਨੂੰ ਬਹੁਤੀ ਰੋਟੀ ਖਾਵਣ ਵਾਲਾ ਜਾਨਵਰ ਹੁੰਦਾ। ਉਹ ਵੀ ਉਹਦੀ ਕੌੜੀ ਜ਼ਹਿਰ ਗੱਲ ਨਾਲ ਮੇਰਾ ਮੂੰਹ ਮਾੜਾ ਜਿਹਾ ਕੌੜਾ ਤਾਂ ਹੋਇਆ, ਪਰ ਮੈਂ ਅੱਗੋਂ ਖ਼ਤ ਪੜ੍ਹਨਾ ਚਾਹੁੰਦੀ ਸਾਂ। ਸਾਰਾ ਖ਼ਤ ਸ਼ਾਮਲੂ ਦੀਆਂ ਗੱਲਾਂ ਨਾਲ ਭਰਿਆ ਪਿਆ ਸੀ। ਉਹਨਾਂ ਦਿਨਾਂ ਵਿਚ ਉਹਦੇ ਹੱਥਾਂ ਨੇ ਬੜਾ ਹੀ ਹੁਨਰ ਵਿਖਾਇਆ ਸੀ। ਕੈਦੀਆਂ ਤੇ ਕੋਠੜੀਆਂ ਨੂੰ ਚਿਤਰਿਆ। ਬੜੇ-ਬੜੇ ਨਾਮੀ-ਗਰਾਮੀ ਫਾਂਸੀ ਪਾਵਣ ਵਾਲਿਆਂ ਦੀਆਂ ਕੈਦ-ਕੋਠੜੀਆਂ, ਸੀਖਾਂ, ਕੁੰਡੇ, ਦਰਵਾਜ਼ੇ, ਕੜੀਆਂ ਉਹਨੇ ਰੰਗਾਂ ਵਿਚ ਉਤਾਰੇ। ਫਾਂਸੀ ਦੇ ਕਈ ਦ੍ਰਿਸ਼ ਇੱਕ ਤਸਵੀਰ ਉਹਨੇ ਆਪਣੀ ਵੀ ਬਣਾਈ.... ਫਾਂਸੀ ਦੇ ਫੱਟੇ ਤੇ ਖੜ੍ਹਾ ਕੈਦੀ। ਹੱਥਾਂ ਵਿਚ ਬੁਰਸ਼ ਤੇ ਅਲੀਕਾ, ਇੰਝ ਲੱਗਦਾ ਸੀ ਜਿਵੇਂ ਉਹਨੂੰ ਕੰਮ ਕਰਦੇ ਨੂੰ ਖਿੱਚ ਕੇ ਲਿਆਏ ਹੋਣ। ਹੁਣ ਉਹ ਆਪਣੀਆਂ ਖੁੱਲ੍ਹੀਆਂ ਥੱਕੀਆਂ ਹੈਰਾਨ ਅੱਖਾਂ ਨਾਲ ਫਾਂਸੀ ਦੇ ਫੰਦੇ ਵੱਲ ਤੱਕ ਰਿਹਾ ਸੀ। ਕਿੱਡਾ ਮਾਸੂਮ! ਪਰ ਗੱਲ ਕੇਡੀ ਡੂੰਘੀ ਏ। ਜੋ ਉਸ ਐਵੇਂ ਬੇਧਿਆਨੀ ਵਿਚ ਕਹਿ ਛੱਡੀ। ਆਖਣ ਲੱਗਾ, ਇਹ ਰੱਸਾ, ਉਹਨੇ ਫਾਂਸੀ ਦੇ ਰੱਸੇ ਵੱਲ ਇਸ਼ਾਰਾ ਕੀਤਾ। ਪਹਿਲਾਂ-ਪਹਿਲਾਂ ਕਿਸੇ ਹਲ ਵਾਹੁਣ ਵਾਲੇ ਨੇ ਵੱਟਿਆ ਹੋਣਾ ਏ। ਫ਼ਸਲ ਦੀਆਂ ਭਰੀਆਂ ਬੰਨ੍ਹਣ ਲਈ ਜਾਂ ਫਿਰ ਗਾਂ, ਮੱਝ ਨੂੰ



ਬੰਨ੍ਹਣ ਲਈ। ਹੁਣ ਪਤਾ ਨਹੀਂ, ਇਸ ਰੱਸੇ ਨੂੰ ਬੰਦੇ ਦਾ ਮਣਕਾ ਭੰਨ੍ਹਣ ਲਈ ਪਹਿਲੀ ਵਾਰੀ ਕਿਸ ਵਰਤਿਆ।

ਦੀਦੀ ਅਸੀਂ ਕੋਸ਼ਿਸ਼ ਕਰਦੇ ਹਾਂ, ਸ਼ਾਮਲੂ ਜੋ ਵੀ ਤਸਵੀਰ ਬਣਾਵੇ। ਉਹ ਜੇਲ੍ਹੋਂ ਬਾਹਰ ਕੱਢ ਦਿੱਤੀ ਜਾਵੇ। ਅੱਜ-ਕੱਲ੍ਹ ਉਹਦਾ ਫੈਸਲਾ ਆਉਣ ਵਾਲਾ ਏ। ਸਾਥੀਆਂ ਨੇ ਚੰਦਾ ਇਕੱਠਾ ਕਰਕੇ ਉਹਦੇ ਲਈ ਨਵੇਂ ਬੁਰਸ਼ ਅਤੇ ਰੰਗ ਮੰਗਵਾਏ ਨੇ ਤਾਂ ਜੋ ਉਹ ਬਹੁਤ ਸਾਰੀਆਂ ਤਸਵੀਰਾਂ ਬਣਾਵੇ। ਉਹਨੂੰ ਆਪਣੇ ਫੈਸਲੇ ਦਾ ਅੰਦਾਜ਼ਾ ਹੋ ਚੁੱਕਿਆ ਏ। ਇਸੇ ਕਰਕੇ ਉਹ ਇੱਕ ਪਲ ਵਿਹਲਾ ਨਹੀਂ ਬੈਠਦਾ। ਉਂਝ ਵੀ ਉਹਦੀ ਲਗਨ ਸਦਾ ਤੋਂ ਇਸੇ ਤਰ੍ਹਾਂ ਏ। ਗ੍ਰਿਫ਼ਤਾਰ ਹੋ ਕੇ ਆਇਆ ਤਾਂ ਉਹਦੇ ਥੈਲੇ ਵਿਚ ਬੁਰਸ਼ ਅਤੇ ਰੰਗਾਂ ਦੀਆਂ ਸ਼ੀਸ਼ੀਆਂ ਸਨ। ਸੋਚਿਆ ਹੋਣਾ ਏ ਜੇਲ੍ਹ ਵਿਚ ਵਿਹਲ ਹੀ ਵਿਹਲ ਹੋਣੀ ਏ। ਪਰ ਤਲਾਸ਼ੀ ਵੇਲੇ ਉਹ ਸਾਮਾਨ ਪਿੱਛੇ ਰੋਕ ਲਿਆ ਗਿਆ। ਸਗੋਂ ਤਲਾਸ਼ੀ ਵੇਲੇ ਉਹਦਾ ਮਖੌਲ ਉਡਾਉਂਦੇ ਰਹੇ। 'ਓਏ ਕੀ ਮਾਲ ਮਸਾਲਾ ਨਾਲ ਲੈ ਕੇ ਆਇਆ ਏ? ਕੀ ਇਥੇ ਵੀ ਬੰਬ ਬਣਾਉਣੇ ਨੇ?"

ਇਸੇ ਇਲਜ਼ਾਮ ਵਿਚ ਉਹਦੀ ਬਸਤੀ ਵਿਚੋਂ ਭਾਰੀ ਗ੍ਰਿਫ਼ਤਾਰੀ ਹੋਈ ਸੀ। ਸਿਆਸੀਆਂ ਨੂੰ ਕੋੜੇ, ਫਾਂਸੀ ਦੇਣ ਦਾ ਬਹਾਨਾ। ਸੱਤ ਵਰ੍ਹੇ ਪਹਿਲਾਂ ਵੀ ਇਸੇ ਤਰ੍ਹਾਂ ਹੋਇਆ ਸੀ। ਉਸ ਵੇਲੇ ਸ਼ਾਮਲੂ ਵਰਗੇ ਗਲੀਆਂ ਵਿਚ ਕੀੜੀ-ਕਾਡਾ ਖੇਡਦੇ ਫਿਰਦੇ ਸਨ। ਅੱਜ 1983 ਦਾ ਸਾਲ ਏ। ਉਹੋ ਬੱਚੇ ਹੁਣ ਜਵਾਨ ਹੋ ਕੇ ਜੇਲ੍ਹਾਂ ਵਿਚ ਨੇ। ਇੰਝ ਦੀਦੀ, ਅਸਲ ਲਹਿਰ ਤਾਂ ਸਿੰਧ ਵਿਚੋਂ ਉੱਠੀ ਏ। ਓਥੇ ਤਾਂ ਹਜ਼ਾਰਾਂ ਲੋਕਾਂ ਨੇ ਲੋਕ-ਰਾਜ ਦੀ ਦੇਵੀ ਨੂੰ ਆਪਣਾ ਲਹੂ ਪੇਸ਼ ਕੀਤਾ ਏ। ਲਸ਼ਕਰੀ ਹਕੂਮਤ ਜ਼ੋਰਾ-ਜ਼ੋਰੀ ਸਟੇਟ ਫੋਰਸ ਦੀ ਵਰਤੋਂ ਕੀਤੀ। ਬਸਤੀਆਂ ਸਾੜ ਸੁੱਟੀਆਂ, ਪਿੰਡ ਬਰਬਾਦ ਕੀਤੇ। ਜਵਾਨ ਬਰਾਬਰ ਲੜਦੇ ਰਹੇ। ਔਰਤਾਂ ਨੇ ਗੋਲੀਆਂ ਖਾਧੀਆਂ, ਲਾਠੀਆਂ ਝੱਲੀਆਂ, ਬੱਚੇ ਤੀਕ ਮਾਰੇ ਗਏ। ਇਥੇ ਪੰਜਾਬ ਵਿਚ ਹਮੇਸ਼ਾ ਵਾਂਗ ਖ਼ਬਰਾਂ ਦੇਰ ਨਾਲ ਪਹੁੰਚੀਆਂ ਤਾਂ ਡਰ ਲੱਗਾ। ਜ਼ੁਲਮ ਹੱਦੋਂ ਵੱਧ ਜਾਵੇ ਤਾਂ ਰੋਸ ਜਾਂਦਾ। ਢਾਕਾ ਫਾਲ ਕਰ ਜਾਂਦਾ ਏ। ਸ਼ਹਿਰਾਂ ਵਾਲੇ ਤਾਂ ਅੰਦੇਸ਼ੇ ਕਰਦੇ ਰਹੇ, ਪਰ ਗ਼ੈਰਤ ਵਾਲਿਆਂ ਨੇ ਆਵਾਜ਼ ਚੁੱਕੀ। ਸਿੰਧ ਨੂੰ ਬਚਾਓ। ਸਿੰਧ ਵਾਲਿਆਂ ਦਾ ਸਾਥ ਦਿਓ। ਜਲਸੇ ਮੁਜ਼ਾਹਰੇ ਹੋਏ। ਪੰਜਾਬ ਪੁਲਿਸ ਨੇ ਆਪਣੀ ਤਾਕਤ ਦਾ ਵਿਖਾਲਾ ਕੀਤਾ, ਬਸਤੀਆਂ ਉੱਤੇ ਬੰਦੂਕਾਂ ਭੌਂਕਣ ਲੱਗੀਆਂ। ਪਿੰਡਾਂ ਦੇ ਪੈਲੀ ਬੰਨਿਆਂ ਤੋਂ ਰਫਲਾਂ ਉੱਗ ਪਈਆਂ। ਬੇਸ਼ਰਮੀ ਤਾਂ ਤਾਨਾਸ਼ਾਹੀ ਲਸ਼ਕਰਾਂ ਦਾ ਕਰੈਕਟਰ ਹੁੰਦਾ ਏ।

ਏਥੇ ਗੱਲ ਤੋੜ ਕੇ ਉਹਨੇ ਇੱਕ ਵਿਆਖਿਆ ਕੀਤੀ ਹੋਈ ਸੀ, "ਦੀਦੀ ਮੈਂ ਸਾਰਾ ਵੇਰਵਾ, ਇਸ ਕਰਕੇ ਲਿਖ ਰਿਹਾ ਹਾਂ, ਪਈ ਕੱਲ੍ਹ ਨੂੰ ਕਿਸੇ ਕੰਮ ਆਵੇ। ਕੱਲ੍ਹ ਜਦੋਂ ਵੇਲਾ ਬਦਲ ਜਾਵੇ, ਬੁਰੇ ਵੇਲਿਆਂ ਦੀ ਤਵਾਰੀਖ ਦੇ ਸੋਮੇ ਲੱਭਣੇ ਹੋਣ। ਤੁਸੀਂ ਇਹ ਖ਼ਤ ਸਾਂਭ ਛੱਡਣਾ।"

ਹਾਂ ਮੈਂ ਵੀ ਕਹਿ ਰਿਹਾ ਸੀ, ਤਾਨਾਸ਼ਾਹੀ ਦੇ ਲਸ਼ਕਰਾਂ ਨੇ ਇੱਜ਼ਤਾਂ ਉੱਤੇ ਵੀ ਹੱਥ ਪਾਇਆ। ਬੀਬੀਆਂ ਦੇ ਸਿਰੋਂ ਚਾਦਰ ਖਿੱਚੀ ਤਾਂ ਜਵਾਨ ਜੋਸ਼ ਵਿਚ ਆ ਗਏ। ਗੋਲੀ ਸਿੱਕਾ ਤਾਂ ਉਹਨਾਂ ਕੋਲ ਹੈ ਨਹੀਂ ਸੀ ਆਪਣੇ ਕੰਧਾਂ ਕੋਠੇ ਉਧੇੜ ਕੇ ਇੱਟ ਰੋੜਾ ਵਰ੍ਹਾ ਦਿੱਤਾ। ਕੁਝ ਪੁਲਿਸ ਵਾਲੇ ਜ਼ਖ਼ਮੀ ਹੋ ਗਏ। ਸਗੋਂ ਇੱਕ ਮਰ ਵੀ ਗਿਆ। ਬੱਸ ਹੁਣ ਕੀ ਸੀ ਲੋਕਾਂ ਨੂੰ ਆਪਣੀਆਂ ਲਾਸ਼ਾਂ ਚੁੱਕਣ ਦੀ ਮੁਹਲਤ ਵੀ ਨਾ ਮਿਲੀ। ਸਰਕਾਰ ਦੇ ਬੁਲਡੋਜ਼ਰ ਆ ਗਏ1 ਇੱਟ ਨਾਲ ਇੱਟ ਵੱਜੀ। ਮਰਦ ਤਾਂ ਸਾਰੇ ਗ੍ਰਿਫ਼ਤਾਰ ਹੋ ਗਏ... ਦਸਾਂ ਬਾਰਾਂ ਸਾਲਾਂ ਦੇ ਮੁੰਡਿਆਂ ਤੋਂ ਲੈ ਕੇ ਸੱਤਰ ਪਝੱਤਰ ਸਾਲ ਦੇ ਬੁੱਢਿਆਂ ਤਾਈਂ। ਕੋਈ ਸਖ਼ਤੀ ਜਿਹੀ ਸਖ਼ਤੀ ਸੀ। ਪਰ ਉਹਨਾਂ ਸਾਰੀਆਂ ਸਹਿ ਲਈਆਂ। ਫਿਰ ਵੀ ਆਵਾਜ਼ ਉੱਠਦੀ ਰਹੀ। ਜਵਾਨ ਕੋੜੇ ਖਾਂਦੇ ਵੀ ਜ਼ੁਲਮ ਦੇ ਖ਼ਿਲਾਫ਼ ਨਾਅਰੇ ਲਾਉਂਦੇ ਰਹੇ। ਕਈਆਂ ਉੱਤੇ ਬੰਬ ਕੇਸ ਬਣਾਏ ਗਏ। ਕਿੰਨਿਆਂ ਉੱਤੇ ਕਤਲ, ਜੇਲ੍ਹ ਦੀਆਂ ਸਖ਼ਤੀਆਂ ਪਿੱਛੋਂ ਫ਼ੌਜੀ ਅਦਾਲਤਾਂ ਲੱਗ ਗਈਆਂ। ਵਰਦੀ ਵਾਲੇ ਮੁਨਸਫ਼ (ਜੱਜਾਂ) ਨੇ ਖੜ੍ਹੇ-ਖੜ੍ਹੇ ਸਜ਼ਾਵਾਂ ਸੁਣਾਈਆਂ। ਉਹ ਜਿਹੜੇ ਜੁਅਰਤ ਵਾਲੇ ਸਨ, ਉਹਨਾਂ ਦੀ ਫਾਂਸੀ ਲਿਖ ਦਿੱਤੀ। ਬਾਕੀ ਸਾਰਿਆਂ ਨੂੰ ਲੰਮੀ ਕੈਦ-ਬਾ-ਮੁਸ਼ੱਕਤ।

ਇਹੋ ਦਿਨ ਸੀ ਜਦੋਂ ਸਾਡਾ ਫ਼ਨਕਾਰ (ਕਲਾਕਾਰ) ਆਪਣੀਆਂ ਗਲੀਆਂ ਪਿੱਛੇ ਛੱਡ ਆਇਆ। ਜੇਲ੍ਹ ਦੀਆਂ ਕੰਧਾਂ ਉੱਤੇ ਤਸਵੀਰਾਂ ਬਣਾਉਂਦਾ ਰਿਹਾ। ਰੰਗ, ਕੋਲਾ, ਪੈਨਸਿਲ, ਜੋ ਵੀ ਹੱਥ ਆਉਂਦਾ ਉਹ ਕਿਸੇ ਜਜ਼ਬੇ ਨੂੰ ਸ਼ਕਲ ਦੇ ਦਿੰਦਾ। ਉਹਦੀਆਂ ਕਈ ਗੱਲਾਂ ਯਾਦ ਰਹਿ ਗਈਆਂ। ਇੱਕ ਦਿਨ ਜਦੋਂ ਕੈਦੀਆਂ ਨੂੰ ਬਾਹਰਲੇ ਅਹਾਤੇ ਲਿਜਾਇਆ ਗਿਆ। ਸ਼ਾਮਲੂ ਸਿੱਧਾ ਪਿੱਪਲ ਦੇ ਪੁਰਾਣੇ ਬਿਰਖ ਥੱਲੇ ਚਲਾ ਗਿਆ। ਇਹ ਦਰੱਖਤ ਸਦੀਆਂ ਤੋਂ ਜੇਲ੍ਹ ਦੇ ਅਹਾਤੇ ਵਿਚ ਖੜ੍ਹਾ ਏ। ਕਈ ਦੇ ਕਈ ਜ਼ਮਾਨੇ ਵੇਖ ਚੁੱਕਾ ਏ। ਉਸੇ ਦਰੱਖਤ ਦਾ ਥੋੜ੍ਹਾ ਜਿਹਾ ਤਣਾ ਸਾਫ਼ ਕਰਕੇ ਉੱਤੇ ਇੱਕ ਬੱਚੇ ਦੀ ਤਸਵੀਰ ਬਣਾ ਦਿੱਤੀ। ਬੱਚਾ ਆਪਣੇ ਹੱਥ ਉੱਚੇ ਕਰਕੇ ਸੂਰਜ ਨੂੰ ਫੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਸ਼ਾਮਲੂ ਨੇ ਸਭ ਨੂੰ ਦੱਸਿਆ, ਇਹ ਤਸਵੀਰ ਵੱਧਦੀ ਜਾਵੇਗੀ। ਦਰੱਖਤ ਦੀ ਜੜ੍ਹ ਰਾਹੀਂ ਉਹਨੂੰ ਪਾਣੀ ਮਿਲੇਗਾ, ਇਸ ਤਰ੍ਹਾਂ ਤਸਵੀਰ ਕਦੇ ਸੁੱਕਦੀ ਵੀ ਨਹੀਂ।

ਉਹ ਅਜੀਬ ਗੱਲਾਂ ਕਰਦਾ ਰਹਿੰਦਾ ਏ। ਜੇਲ੍ਹਰ ਕਦੇ ਸਖ਼ਤੀ ਕਰੇ ਤਾਂ ਹੱਸ ਕੇ ਕਹਿੰਦਾ ਏ "ਨਾ ਕਰ ਜ਼ਾਲਮਾ! ਅਸੀਂ ਤਾਂ ਪਹਿਲਾਂ ਹੀ ਵੇਲੇ ਦੇ ਫੜ੍ਹੇ ਹੋਏ ਆਂ। ਤੇਰੇ ਘਰ ਚਹੁੰ ਦਿਨਾਂ ਦੇ ਪ੍ਰਾਹੁਣੇ ਆਂ। ਵੇਖ ਬਹੁਤੀ ਖਾਤਰ ਨਾ ਕਰਿਆ ਕਰ ਸਾਡੀ, ਪਿੱਛੋਂ ਪਛਤਾਵੇਂਗਾ। ਵੱਡੇ ਹਾਕਮ ਦਾ ਨਾਂ ਤਾਂ ਉਹਨੇ ਰੱਖਿਆ ਹੀ ਕਾਲਾ ਦਿਓ ਸੀ। ਪਰ ਉਹ ਕਰਨਲ ਜੋ ਸਮਰੀ ਕੋਰਟ ਲਾ ਕੇ ਉਹਦਾ ਫੈਸਲਾ ਕਰਨ ਬੈਠਾ, ਉਹਨੂੰ ਵੀ ਕਿੱਥੇ ਬਖਸ਼ਿਆ। ਕਰਨਲ ਨੇ ਪਹਿਲਾਂ ਢਾਕਾ ਢਹਾਇਆ, ਫਿਰ ਸਿੰਧ ਉੱਤੇ ਚੜ੍ਹਾਈ ਕੀਤੀ। ਵਿਚਕਾਰ ਉਹ ਆਪ ਵੀ ਜੰਗੀ ਕੈਦੀ ਰਹਿ ਚੁੱਕਿਆ ਸੀ। ਉਸ ਨੇ ਬਗ਼ੈਰ ਕੁਝ ਸਮਝੇ ਬੁਝੇ ਉਹਨਾਂ ਸਾਰਿਆਂ ਨੂੰ guilty (ਦੋਸ਼ੀ) ਲਿਖ ਛੱਡਿਆ।

ਸ਼ਾਮਲੂ ਦੀ ਵਾਰੀ ਆਈ ਤਾਂ ਉਹਨੇ ਸਬਰ ਸਕੂਨ ਨਾਲ ਫੈਸਲਾ ਸੁਣਿਆ। ਸੁਣਕੇ ਕਹਿਣ ਲੱਗਾ, "ਤੁਹਾਡੀ ਮਿਹਰ ਏ ਕਰਨਲ ਜੀ! ਤੁਸੀਂ ਮੈਨੂੰ ਗਿਲਟੀ ਆਖਿਆ। ਮੈਂ ਤਾਂ ਇੱਜ਼ਤ ਵਾਲਾ ਵਾਂ। ਇੱਕ ਗਿਲਟੀ ਨਾਲ ਮਰ ਜਾਵਾਂਗਾ। ਪਰ ਤੁਸੀਂ ਢਾਕੇ ਉੱਤੇ ਹਿੰਦੁਸਤਾਨ ਦਾ ਕਬਜ਼ਾ ਕਰਾ ਵੀ ਚੰਗੇ ਭਲੇ ਰਹੇ। ਤੁਹਾਡੇ ਲਿੰਗ ਤੇ ਕੋਈ ਗਿਲਟੀ ਨਾ ਨਿਕਲੀ। ਦੁਸ਼ਮਣ ਅੱਗੇ ਆਪਣਾ ਚੰਨ-ਤਾਰੇ ਵਾਲੇ ਝੰਡਾ ਨੀਵਾਂ ਕਰਨ ਪਿੱਛੋਂ ਵੀ ਤੁਸੀਂ ਜ਼ਨਾਨੀ ਨਾਲ ਸੌਣ ਜੋਗੇ ਰਹਿ ਗਏ।"

ਕਰਨਲ ਦਾ ਵੱਸ ਚੱਲਦਾ ਤਾਂ ਉਸਨੂੰ ਆਖ਼ਰੀ ਸਜ਼ਾ ਦਿੰਦਾ। ਪਰ ਮੌਤ ਕੋਲੋਂ ਵੱਧ ਕੀ ਦਿੰਦਾ। ਜੇਲ੍ਹ ਅੰਦਰ ਸ਼ਾਮਲੂ ਦੀ ਇਸ ਜੁਅਰਤ ਨਾਲ ਕੈਦੀਆਂ ਨੂੰ ਅਖ਼ਲਾਕੀ ਤਾਕਤ ਦਿੱਤੀ। ਇਸ ਤੋਂ ਪਿੱਛੋਂ ਜਿਸ ਕਿਸੇ ਨੇ ਮੌਤ ਦਾ ਫੈਸਲਾ ਸੁਣਿਆ, ਹੌਂਸਲੇ ਨਾਲ ਸੁਣਿਆ। ਅਖ਼ੀਰਲੇ ਦਿਨਾਂ ਵਿਚ ਉਹਦੀਆਂ ਤਸਵੀਰਾਂ ਵੀ ਖ਼ਾਸ ਹੋ ਗਈਆਂ ਸਨ। ਸਾਰਿਆਂ ਨੇ ਰਲ ਕੇ ਚੋਰੀ-ਚੋਰੀ ਉਹਦੇ ਲਈ ਰੰਗ ਮੰਗਵਾਏ। ਉਹੋ ਰਸਤੇ ਜਿੱਥੋਂ ਸਿਗਰਿਟ ਤੇ ਹੋਰ ਸਾਮਾਨ ਆਉਂਦਾ ਸੀ। ਹੁਣ ਪੇਟਿੰਗ ਦਾ ਸਾਮਾਨ ਵੀ ਆ ਗਿਆ। ਇਥੋਂ ਤੀਕ ਪਈ, ਇੱਕ ਨਸ਼ਈ ਨੇ ਆਪਣੇ ਨਸ਼ੇ ਦੇ ਪੈਸੇ ਰੰਗਾਂ ਵਾਸਤੇ ਦੇ ਛੱਡੇ, ਸ਼ਾਮਲੂ ਨੇ ਅਖੀਰਲੇ ਦਿਨਾਂ ਵਿਚ ਕੈਦੀਆਂ ਦੀਆਂ ਤਸਵੀਰਾਂ ਬਣਾਈਆਂ। ਅਲੱਗ-ਅਲੱਗ ਚਿਹਰੇ। ਗਰੁੱਪ, ਸ਼ੈਆਂ, ਬੇੜੀਆਂ, ਸੰਗਲ ਟੁੱਟਦੀਆਂ ਵੀ ਵਿਖਾਈਆਂ। ਦਰਵਾਜ਼ੇ, ਜੰਦਰੇ, ਸੀਖਾਂ ਪੇਂਟ ਕੀਤੀਆਂ। ਕੋਠੜੀ ਜਿਹਨਾਂ ਵਿਚ ਵੇਲੇ ਦੇ ਹੀਰੋ ਨੇ ਸਮਾਂ ਕੱਟਿਆ ਸੀ ਅਤੇ ਉਹ ਤਾਕੀ ਜਿਥੋਂ ਆਸਮਾਨ ਦਿਸਦਾ ਸੀ ਤੇ ਖ਼ਾਬ (ਸੁਪਨਾ) ਦੀ ਨਿਗਾਹ ਉਡਾਰੀ ਮਾਰ ਕੇ ਭਵਿੱਖ ਦੇ ਕਿਸੇ ਅਸਮਾਨ ਦੀ ਸੈਰ ਕਰ ਆਉਂਦੀ ਹੁੰਦੀ ਸੀ। ਅਜਿਹੀਆਂ ਤਸਵੀਰਾਂ ਕਦੇ ਬਣ ਨਹੀਂ ਸੀ ਸਕਦੀਆਂ, ਜਦ ਤੋੜੀ ਕਲਾਕਾਰ ਆਪ ਕੈਦੀ ਨਾ ਹੋਵੇ ਅਤੇ ਵੱਡਾ ਗੁਣੀ ਵੀ।

ਇਹ ਖ਼ਤ ਬੜਾ ਹਲੂਣਾ ਦੇਣ ਵਾਲਾ ਸੀ। ਇਕ ਖ਼ਾਸ ਗੱਲ ਮੇਰੇ ਦਿਲ ਨੂੰ ਲੱਗੀ। ਉਸ ਸ਼ਹਾਦਤ ਬਾਰੇ ਸੀ। ਉੱਚੇ ਆਦਰਸ਼ ਵਾਸਤੇ ਮੌਤ ਨੂੰ ਸ਼ਹਾਦਤ ਇਸ ਲਈ ਆਖਿਆ ਗਿਆ ਏ ਕਿ ਇਸ ਤਰ੍ਹਾਂ ਜਿਊਣ-ਯੋਗ ਹੋ ਜਾਂਦੀ ਹੈ। ਇਸੇ ਤਰ੍ਹਾਂ ਸ਼ਹੀਦ ਇੱਕ ਨਿਘਰੇ ਸਮਾਜ ਨੂੰ ਤਾਜ਼ਾ ਲਹੂ ਦੇ ਕੇ ਤੰਦਰੁਸਤ ਬਣਾਉਂਦਾ ਹੈ। ਖ਼ਤ ਦੇ ਥੱਲੇ ਨਾਂ ਦੀ ਥਾਂ 'ਸ਼' ਲਿਖਿਆ ਹੋਇਆ ਸੀ। ਮੈਂ ਪੁੱਛਿਆ ਕਿ ਸ਼ਾਮਲੂ ਆਪੇ ਹੀ ਖ਼ਤ ਲਿਖਦਾ ਰਿਹਾ। "ਨਹੀਂ, ਉਹ ਕਿੰਝ ਲਿਖਦਾ। ਉਹ ਤਾਂ ਮੈਨੂੰ ਜਾਣਦਾ ਵੀ ਨਹੀਂ।"

ਫਿਰ ਇਹ "ਸ਼"। ਇਹ ਤੇ ਸ਼ਹਿਰਯਾਰ ਹੈ। ਮੇਰਾ ਨਿੱਕਾ ਭਰਾ। ਕਈ ਸਾਲ ਤੋਂ ਬੰਦੀ ਏ। "ਸਾਰੇ ਖ਼ਤ ਉਸੇ ਨੇ ਲਿਖੇ ਨੇ?" ਨਹੀਂ ਹੋਰ ਕਈ ਕੈਦੀ ਵੀ ਲਿਖਦੇ ਰਹਿੰਦੇ ਹਨ। ਪਰ ਸ਼ਾਮਲੂ ਬਾਰੇ ਸਾਰਾ ਕੁਝ ਸ਼ਹਿਰਯਾਰ ਲਿਖਦਾ ਰਿਹਾ ਹੈ। ਇਸ ਸਿਲਸਿਲੇ ਦਾ ਆਖ਼ਰੀ ਖ਼ਤ ਉਹਨੇ ਮੇਰੇ ਵੱਲ ਵਧਾਇਆ। "ਨਹੀਂ, ਹੁਣ ਮੇਰੇ ਕੋਲੋਂ ਪੜ੍ਹਿਆ ਨਹੀਂ ਜਾਂਦਾ। ਮੇਰਾ ਦਿਲ

ਬੁਝਾ ਬੋਝਲ ਹੋ ਗਿਆ ਹੈ। ਤੁਸੀਂ ਅਖੀਰਲੀ ਗੱਲ ਜ਼ੁਬਾਨੀ ਕਰ ਦਿਓ।"

ਚੰਗਾ ਕਿ ਉਹਨੇ ਅਲਮਾਰੀ ਬੰਦ ਕਰ ਦਿੱਤੀ। ਮੈਨੂੰ ਬੈਠਣ ਦਾ ਇਸ਼ਾਰਾ ਕੀਤਾ ਤੇ ਆਪ ਵੀ ਬੈਠ ਗਈ। ਹੁਣ ਉਹ ਗੱਲਾਂ ਕਰ ਰਹੀ ਸੀ, "ਆਖਰੀ ਖਬਰਾਂ ਇਹੋ ਸਨ। ਉਹਨੇ ਮੁਲਾਕਾਤ ਤੇ ਆਉਣ ਵਾਲੇ ਕਈ ਬੱਚਿਆਂ ਦੀਆਂ ਤਸਵੀਰਾਂ ਬਣਾਈਆਂ। ਉਹ ਬੱਚੇ ਕੈਦੀਆਂ ਦੇ ਸਨ। ਸੀਖਾਂ ਦੇ ਦੂਜੇ ਪਾਸੇ ਖੜ੍ਹੇ ਆਪ ਵੀ ਕੈਦੀ ਲੱਗ ਰਹੇ ਸਨ। ਇਸੇ ਤਸਵੀਰ ਥੱਲੇ ਉਹਨੇ ਸਿਰਲੇਖ ਦਿੱਤਾ, "ਵੱਡੀ ਜੇਲ੍ਹ ਦੇ ਨਿੱਕੇ ਕੈਦੀ"

ਠੀਕ ਈ ਤੇ ਹੈ। ਮੈਂ ਸੋਚਿਆ ਕੈਦੀ ਪਿਉ ਦੇ ਬੱਚੇ। ਜੇਲ੍ਹ ਦੀ ਕੰਧ ਪਰਲੇ ਪਾਸੇ ਹੋਏ ਤਾਂ ਕੀ ਹੈ, ਆਜ਼ਾਦੀ ਇਸ ਤਰ੍ਹਾਂ ਦੀ ਤਾਂ ਨਹੀਂ ਹੁੰਦੀ।

"ਸ਼ਾਮਲੂ ਦਾ ਅੰਤ ਕਿਸ ਤਰ੍ਹਾਂ ਹੋਇਆ?" ਮੈਂ ਦੱਸਦੀ ਹਾਂ। ਇਕ ਦਿਨ ਬੁਰੀ ਖ਼ਬਰ ਵਾਲਾ ਖ਼ਤ ਆਇਆ। ਇਸ ਤੋਂ ਪਹਿਲਾਂ ਅਖ਼ਬਾਰਾਂ ਵਿਚ ਆ ਗਿਆ। ਸ਼ਾਮਲੂ ਨੇ ਆਪਣੀ ਜਾਨ ਬਖਸ਼ੀ ਲਈ ਅਪੀਲ ਨਹੀਂ ਸੀ ਕੀਤੀ। ਉਹਨੇ ਆਪਣੀ ਮਾਂ ਨੂੰ ਵੀ ਮਨ੍ਹਾ ਕਰ ਦਿੱਤਾ ਸੀ। ਬੱਸ ਏਨਾ ਹੀ ਕਿਹਾ, "ਕਾਲੇ ਦੇਵ ਕੋਲ ਅਪੀਲ ਕੀ ਕਰਨੀ।" ਉਹਨੇ ਇਸ ਤਰ੍ਹਾਂ ਕਰਕੇ ਚੰਗਾ ਹੀ ਕੀਤਾ। ਕਿਉਂ ਜੋ ਉਸਦੇ ਨਾਲ ਵਾਲੇ ਦੋਵਾਂ ਮੁੰਡਿਆਂ ਦੀ ਅਪੀਲ ਖਾਰਜ ਹੋ ਗਈ ਸੀ, ਭਾਵੇਂ ਉਹ ਦੋਵੇਂ ਛੋਟੀ ਉਮਰ ਦੇ ਸਨ। ਦੋਵੇਂ ਸਕੇ ਭਰਾ। ਉਹਨਾਂ ਪਿੱਛੋਂ ਮਾਂ ਦਾ ਸਹਾਰਾ ਕੋਈ ਨਾ ਰਿਹਾ। ਕਾਲਾ ਦਿਓ ਤੇ ਉਸਦੇ ਸਾਥੀ ਅੰਦਰੋਂ ਬੜੇ ਡਰਪੋਕ ਸਨ। ਨਿੱਕੇ ਨਿਆਣਿਆਂ ਕੋਲੋਂ ਵੀ ਡਰਦੇ ਸਨ। ਕਿਉਂ ਜੋ ਇਹਨਾਂ ਬੱਚਿਆਂ ਨੇ ਗੁਲੇਲ ਵਿਚ ਰੋੜਾ ਰੱਖਕੇ, ਬੰਦੂਕ ਦੇ ਹਮਲੇ ਦਾ ਮੁਕਾਬਲਾ ਕਰਨ ਵਿਚ ਹਿੱਸਾ ਪਾਇਆ ਸੀ। ਇਹਨਾਂ ਤਿੰਨਾਂ ਜਣਿਆਂ ਨੂੰ ਫਾਂਸੀ ਇੱਕੋ ਰਾਤ ਹੀ ਦਿੱਤੀ ਗਈ। ਓਸ ਵੇਲੇ ਸ਼ਾਮਲੂ ਦੀ ਉਮਰ ਬਾਈ ਵਰ੍ਹੇ ਤੇ ਕੁਝ ਮਹੀਨੇ ਸੀ। ਉਹਦੀ ਆਖਰੀ ਖਾਹਿਸ਼ ਵੀ ਅਜੀਬ ਜਿਹੀ ਸੀ। ਕੋਈ ਉਹਦੀ ਤਸਵੀਰ ਬਣਾਵੇ, ਜਦੋਂ ਉਹ ਫਾਂਸੀ ਦੀ ਰੱਸੀ ਨੂੰ ਚੁੰਮ ਰਿਹਾ ਹੋਵੇ। ਉਹਦੇ ਆਖਰੀ ਸ਼ਬਦ ਵੀ ਅਜੀਬ ਸਨ, "ਲੈ ਵੇਖ ਨੀ ਸਾਹਿਬਾ, ਅੱਜ ਤੇਰਾ ਮਿਰਜ਼ਾ ਦੁਨੀਆਂ ਛੱਡ ਚੱਲਿਆ।"

ਉਹਦੇ ਆਖਰੀ ਸ਼ਬਦਾਂ ਦਾ ਮਤਲਬ ਅਸੀਂ ਸਮਝ ਲਿਆ। ਪਰ ਉਹਦੀ ਆਖਰੀ ਤਸਵੀਰ ਕੌਣ ਬਣਾਉਂਦਾ? ਫਿਰ ਵੀ ਸ਼ਹਿਰਯਾਰ ਕਹਿੰਦਾ ਏ, "ਸਾਡੇ ਸਾਰਿਆਂ ਦੇ ਦਿਲ ਵਿਚ ਉਹਦੀ ਤਸਵੀਰ ਉਤਰ ਚੁੱਕੀ ਏ। ਸਾਂਵਲਾ ਰੰਗ, ਹੱਸਦਾ ਚਿਹਰਾ, ਲੰਮੀਆਂ ਪਲਕਾਂ ਵਾਲੀਆਂ ਬੇਚੈਨ ਜੇਹੀਆਂ ਅੱਖਾਂ। ਆਪ ਹੱਸਦਾ ਤਾਂ ਅੱਖਾਂ ਵੀ ਹੱਸਦੀਆਂ। ਉਹਦੀਆਂ ਪਤਲੀਆਂ ਪਤਲੀਆਂ ਉਂਗਲਾਂ ਹੁਨਰ-ਮੰਦੀ ਨਾਲ ਲੱਦੀਆਂ ਹੋਈਆਂ। ਕੋਲੇ ਦਾ ਟੋਟਾ ਫੜ ਕੇ ਲੈਲਾ ਦੀਆਂ ਅੱਖਾਂ ਬਣ ਸਕਦੀਆਂ ਸੀ। ਦੋ ਚਾਰ ਲਕੀਰਾਂ ਵਿਚ ਸਾਹਿਬਾਂ ਦੇ ਨਕਸ਼ ਉਭਰ ਆਉਂਦੇ।

ਉਹਨਾਂ ਉਸ ਖ਼ੂਬਸੂਰਤ ਆਰਟ ਨੂੰ ਫਾਂਸੀ ਦੇ ਛੱਡੀ? ਹਾਂ ਉਹਦੀ ਫਾਂਸੀ ਪਿੱਛੋਂ ਜੇਲ੍ਹ



ਵਿਚ ਸਾਰਿਆਂ ਨੂੰ ਚੁੱਪ ਲੱਗ ਗਈ। ਫਿਰ ਜਦੋਂ ਖ਼ਤ ਆਇਆ ਤਾਂ ਇਕੱਲੀ ਸੋਗ ਮਨਾਉਂਦੀ ਰਹੀ। ਕਈ ਰਾਤਾਂ ਸੁੱਤੀ ਵੀ ਨਾ।

ਤੇ ਉਸਦੀ ਮਾਂ? ਮੈਂ ਬਿਨਾਂ ਸੋਚੇ ਸਮਝੇ ਸਵਾਲ ਕਰ ਦਿੱਤਾ। ਪਰ ਉਹ ਸਵਾਲ ਲਈ ਤਿਆਰ ਸੀ। ਕਹਿਣ ਲੱਗੀ, "ਮਾਂ ਦਾ ਦੁੱਖ ਦੱਸਣ ਲਈ ਮੇਰੇ ਕੋਲ ਕੋਈ ਖ਼ਤ ਨਹੀਂ। ਪਰ ਬਾਅਦ ਵਿਚ ਜੋ ਖ਼ਤ ਜੇਲ੍ਹ ਵਿਚੋਂ ਆਇਆ, ਉਹ ਬੜਾ ਦੁੱਖ ਦੇਣ ਵਾਲਾ ਸੀ। ਸ਼ਹਿਰਯਾਰ ਨੇ ਉਹਦੀਆਂ ਕਈ ਗੱਲਾਂ ਲਿਖੀਆਂ ਸੀ ਅਤੇ ਆਪਣਾ ਦੁੱਖ ਵੀ। ਇਹ ਵੀ ਭਈ ਜੇ ਉਹਦੇ ਅਖਤਿਆਰ ਵਿਚ ਹੁੰਦਾ ਤਾਂ ਉਹ ਕਲਾਕਾਰ ਦੀ ਮੌਤ ਨਾਲ ਆਪਣੀ ਜ਼ਿੰਦਗੀ ਵਟਾ ਲੈਂਦਾ। ਜੇ ਉਹ ਆਪ ਆਜ਼ਾਦ ਹੁੰਦਾ ਤਾਂ ਸ਼ਾਮਲੂ ਨੂੰ ਬਚਾਉਣ ਲਈ ਸੰਘਰਸ਼ ਕਰਦਾ। ਇਕੱਲਾ ਸ਼ਾਮਲੂ ਨਹੀਂ, ਬਹੁਤ ਸਾਰੀਆਂ ਤਸਵੀਰਾਂ ਵੀ ਜੋ ਉਸ ਬਚਾਉਣੀਆਂ ਸਨ। ਹੋਰ ਖਬਰੇ ਕੀ ਕੁਝ ਬਣਾਉਂਦਾ ਉਹ। ਜੋ ਕਹਿੰਦਾ ਹੁੰਦਾ ਸੀ, "ਸਾਡੇ ਨਾਲ-ਨਾਲ ਬਹੁਤ ਸਾਰੀਆਂ ਤਸਵੀਰਾਂ ਵੀ ਕੈਦੀ ਨੇ। ਇਹਨਾਂ ਨੂੰ ਆਜ਼ਾਦ ਕਰਾਉਣਾ ਬੜਾ ਜ਼ਰੂਰੀ ਏ। ਹਰ ਇੱਕ ਨਕਸ਼ ਜੋ ਬਣ ਜਾਂਦਾ ਉਹ ਨੇਸਤੀ ਦੀ ਕੈਦ ਵਿਚੋਂ ਨਿਕਲ ਆਉਂਦਾ। ਹਸਤੀ ਆਜ਼ਾਦੀ ਏ। ਆਪਣੀ ਹਸਤੀ ਨਾਲ ਹਰ ਇਕ ਨਕਸ਼ ਧਰਤੀ ਦੀ ਰੌਣਕ ਬਣਦਾ ਏ। ਦੁਨੀਆਂ ਨੂੰ ਅਮੀਰੀ ਦਿੰਦਾ ਏ, ਉਸੇ ਤਰ੍ਹਾਂ ਜਿਵੇਂ ਕਿਸੇ ਵਾਹੀ ਬੀਜੀ ਕਰਨ ਵਾਲੇ ਦੇ ਉਗਾਏ ਹੋਏ ਦਾਣੇ, ਖਾਣ ਵਿਚ ਕੰਮ ਕਰਨ ਵਾਲੇ ਦਾ ਕੱਢਿਆ ਲੋਹਾ ਤੇ ਗੋਤਾਖੋਰ ਦਾ ਲੱਭਿਆ ਮੋਤੀ, ਇਨਸਾਨ ਦੀ ਸਾਰੀ ਕਮਾਈ ਆਜ਼ਾਦੀ ਨਾਲ ਹੋਵੇ ਤਾਂ ਬਰਕਤ ਵੀ ਹੁੰਦੀ ਏ, ਖੁਸ਼ੀ ਵੀ। ਇਹੋ ਖੁਸ਼ੀਆਂ ਇਨਸਾਨੀਅਤ ਬਣਾਉਂਦੀਆਂ ਨੇ। ਇਸੇ ਨਾਲ ਸ਼ਹਿਰਾਂ ਨੂੰ ਅਮਨ ਮਿਲਦਾ ਤੇ ਪਿਆਰ ਦਾ ਖਜ਼ਾਨਾ ਕੇਡੀਆਂ ਖ਼ੂਬਸੂਰਤ ਗੱਲਾਂ ਕਰਦਾ ਸੀ ਉਹ।"

ਹਾਂ ਸ਼ਾਮਲੂ ਇਸੇ ਤਰ੍ਹਾਂ ਸੋਚਦਾ ਸੀ। ਪਰ ਸ਼ਹਿਰਯਾਰ ਇਹਨਾਂ ਸੋਚਾਂ ਨੂੰ ਲਫ਼ਜ਼ ਦੇ ਕੇ ਖ਼ਤ ਲੜ ਬੰਨ੍ਹ ਦਿੰਦਾ ਸੀ ਤੇ ਉਨ੍ਹਾਂ ਦੀ ਦੀਦੀ ਲਫ਼ਜ਼ਾਂ ਨੂੰ ਸਾਂਭ-ਸਾਂਭ ਕੇ ਅਲਮਾਰੀ ਵਿਚ ਰੱਖਦੀ ਜਾਂਦੀ" ਮੈਂ ਉਹਦਾ ਫਿਕਰਾ ਪੂਰਾ ਕੀਤਾ।

ਹਾਂ, ਪਰ ਲਫਜ਼ ਜੋੜ-ਜੋੜ ਰੱਖਣਾ, ਮੇਰਾ ਮਕਸਦ ਨਹੀਂ। ਮਕਸਦ ਤਾਂ ਲਫ਼ਜ਼ਾਂ ਨੂੰ ਆਜ਼ਾਦ ਕਰਨਾ ਏ। ਓਸੇ ਤਰ੍ਹਾਂ ਜਿਵੇਂ ਸ਼ਾਮਲੂ ਤਸਵੀਰਾਂ ਨੂੰ ਆਜ਼ਾਦ ਕਰਨਾ ਚਾਹੁੰਦਾ ਸੀ। ਉਹਨੇ ਗੱਲਾਂ ਕਰਦੀ ਨੇ ਉੱਠ ਕੇ ਅਲਮਾਰੀ ਵਿਚੋਂ ਕੁਝ ਲੱਭਿਆ। ਸ਼ਾਮਲੂ ਦਾ ਬਣਾਇਆ ਹੋਇਆ ਆਖਰੀ ਖ਼ਾਕਾ, ਮੌਤ, ਕੋਠੜੀ ਵਿਚ ਬੈਠ ਕੇ ਉਹਨੇ ਇਕ ਅੱਖ ਵਾਲੇ ਦੀ ਤਸਵੀਰ ਬਣਾਈ.... ਉਹ ਫਾਂਸੀ ਤੇ ਲਟਕ ਰਿਹਾ ਸੀ, ਉਹਦੀ ਲੰਮੀ ਜ਼ੁਬਾਨ ਲਮਕ ਰਹੀ ਸੀ। ਉਹਦੇ ਲੰਮੇ-ਲੰਮੇ ਦੰਦ ਜ਼ੁਬਾਨ ਵਿਚ ਗੱਡੇ ਹੋਏ ਸੀ।

ਮੈਂ ਕਾਣੇ ਜਿੰਨ ਨੂੰ ਨੰਗੇ ਮੂੰਹ ਫਾਂਸੀ ਦੇਵਾਂਗਾ। ਉਹ ਕਹਿੰਦਾ ਹੁੰਦਾ ਸੀ। ਪਰ ਉਸੇ ਰਾਤ ਕਾਲੇ ਜਿੰਨ ਨੇ ਉਹਦੇ ਖ਼ੂਬਸੂਰਤ ਚਿਹਰੇ ਉੱਤੇ ਕਾਲਾ ਗਲਾਫ਼ ਚੜ੍ਹਾ ਕੇ ਉਹਨੂੰ ਫਾਂਸੀ ਦੇ ਦਿੱਤੀ।

ਇਹ ਲਫ਼ਜ਼ ਸੁਣ ਕੇ ਮੇਰਾ ਦਿਲ ਹਿੱਲ ਗਿਆ। ਰੱਬਾ! ਕਿੰਨੇ ਦੁੱਖ ਨੇ ਤੇਰੀ ਦੁਨੀਆਂ ਵਿਚ। ਤਾਹੀਓਂ ਮੈਂ ਉਹਦੀ ਆਵਾਜ਼ ਸੁਣੀ। ਉਹ ਬੋਲੀ ਜਾ ਰਹੀ ਸੀ..... ਉਹ ਫਨਕਾਰ ਸੀ, ਆਰੰਭ ਤੋਂ ਅਖੀਰ ਤੀਕ। ਬਿਨਾਂ ਸਿਖੇ, ਪੈਗੰਬਰ ਵਾਂਗ। ਉਹਨੂੰ ਕਿਸੇ ਪੜ੍ਹਾਇਆ ਲਿਖਾਇਆ ਨਹੀਂ। ਪਰ ਉਹ ਬੜਾ ਹੀ ਹੁਨਰਮੰਦ ਸੀ। ਸ਼ਹਿਰਯਾਰ ਨੇ ਆਪਣੇ ਕਿਸੇ ਖ਼ਤ ਵਿਚ ਲਿਖਿਆ ਸੀ, "ਸ਼ਾਮਲੇ ਖਾਬ ਵਿਚ ਤਸਵੀਰਾਂ ਬਣਾਉਂਦਾ ਰਹਿੰਦਾ। ਗੱਲਾਂ ਵੀ ਕਰਦਾ। ਉਹ ਕਹਿੰਦਾ ਸੀ, ਜਦ ਵੀ ਉਹਦੀ ਅੱਖ ਲੱਗੇ ਕੋਈ ਨਾ ਕੋਈ ਤਸਵੀਰ ਸਾਹਮਣੇ ਆ ਖਲੋਂਦੀ ਏ। ਸਗੋਂ ਗ਼ਲ ਪੈਂਦੀ 'ਮਨਾ ਮੈਨੂੰ, ਮੇਰੇ ਹਿੱਸੇ ਦੇ ਰੰਗ ਨਕਸ਼ ਦੇ ਦੇ।" ਉਹਦੀ ਆਵਾਜ਼ ਬੈਠ ਗਈ। ਅੱਖਾਂ ਭਰ ਆਈਆਂ। 'ਹਿਰਖ ਦੀ ਗੱਲ ਏ। ਉਹ ਕਹਿਣ ਲੱਗੀ, ਅਖ਼ੀਰ ਵੇਲੇ ਉਹਨੂੰ ਆਪਣੇ ਮਸੱਵਰ ਹੋਣ ਦਾ ਪਛਤਾਵਾ ਲੱਗ ਗਿਆ ਸੀ।

"ਕੇਡੀ ਬੁਰੀ ਗੱਲ ਏ, ਉਹ ਕਹਿੰਦਾ, "ਮੈਂ ਤਾਂ ਗੁੱਠੇ ਲੱਗਾ ਰੰਗ ਘੋਲਦਾ ਰਿਹਾ। ਉਹਨਾਂ ਮੇਰੇ ਤੇ ਬੰਬ ਦਾ ਕੇਸ ਬਣਾ ਦਿੱਤਾ। ਚੰਗਾ ਹੁੰਦਾ ਮੈਂ ਬਾਰੂਦ ਬਣਾਉਂਦਾ। ਬੰਦੂਕ ਚੁੱਕਦਾ ਤੇ ਫਾਂਸੀਆਂ ਦੇਣ ਵਾਲੇ ਜਰਗੇ ਵਿਚੋਂ ਕਿਸੇ ਨੂੰ ਭੁੰਨ ਕੇ ਰੱਖ ਦਿੰਦਾ। ਇਸ ਤਰ੍ਹਾਂ ਮੇਰੇ ਦਿਲ ਵਿਚ ਉਬਾਲ ਨਾ ਉੱਠਦੇ। ਮੇਰੇ ਮਰਨ ਦਾ ਕੋਈ ਜਵਾਬ ਤਾਂ ਹੁੰਦਾ। ਕਿਸੇ ਚੰਗੇ ਕੰਮ ਵਾਸਤੇ ਮੇਰੀ ਜਾਨ ਗਈ ਹੁੰਦੀ। ਇਹ ਪਛਤਾਵਾ ਉਹਦਾ ਸੀ ਜੋ ਆਪਣੀ ਅਣਖ ਵਾਸਤੇ ਜਾਨ ਦੇ ਗਿਆ।

ਹੁਣ ਅਸੀਂ ਦੋਵੇਂ ਜਨਾਨੀਆਂ ਚੁੱਪ ਚਾਪ ਬੈਠੀਆਂ, ਅੰਦਰੋਂ ਅੰਦਰੀਂ ਸੋਚ ਰਹੀਆਂ ਸੀ। ਕਾਸ਼, ਏਥੇ ਇਨਸਾਫ ਹੁੰਦਾ! ਕਾਸ਼ ਉਹ ਜਿਊਂਦਾ ਰਹਿੰਦਾ ਤਾਂ ਕਿੰਨੀਆਂ ਤਸਵੀਰਾਂ ਆਜ਼ਾਦ ਕਰਵਾ ਲੈਂਦਾ। ਦੇਸ਼ ਨੂੰ ਅਮੀਰ ਬਣਾਉਂਦਾ। ਹੁਣ ਕੀ ਰਹਿ ਗਿਆ? ਕਿੰਨੀਆਂ ਤਸਵੀਰਾਂ ਉਹਦੇ ਨਾਲ ਸੂਲੀ ਚੜ੍ਹ ਗਈਆਂ। ਪਤਾ ਨਹੀਂ ਅੱਗੇ ਕੋਈ ਜੜ੍ਹ ਲੱਗੇ ਨਾ ਲੱਗੇ। ਪੁਰਾਣੇ ਦਰੱਖਤ ਦੇ ਤਣੇ ਉੱਤੇ ਉਹਨੇ ਜੋ ਤਸਵੀਰ ਬਣਾਈ ਸੀ, ਉਹ ਵੱਡੀ ਥੀਸੀ ਕਿ ਨਾ ਥੀਸੀ। ਜੇਲ੍ਹ ਵਾਲਿਆਂ ਦਾ ਕੀ ਏ। ਉਹ ਤਾਂ ਨਵੇਂ ਬੂਟੇ ਵੀ ਉਖਾੜ ਦਿੰਦੇ ਨੇ। ਭਾਵੇਂ ਸ਼ਾਮਲੇ ਨੂੰ ਪੂਰਾ ਯਕੀਨ ਸੀ, "ਉਹ ਬਾਲਕ ਜ਼ਰੂਰ ਜਵਾਨ ਹੋਵੇਗਾ। ਜਰੂਰ ਸੂਰਜ ਵਿਆਹ ਕੇ ਘਰ ਆਵੇਗਾ।"

ਬੜੀ ਦੇਰ ਹੋ ਚੁੱਕੀ ਸੀ। ਮੈਂ ਘਰ ਜਾਣਾ ਚਾਹੁੰਦੀ ਸੀ। ਪਰ ਉੱਠਣ ਜੋਗੀ ਨਹੀਂ ਸਾਂ ਰਹੀ। ਉਸ ਔਰਤ ਨੇ ਅਲਮਾਰੀ ਕੀ ਖੋਲ੍ਹੀ। ਦਰਦ-ਭਰੀ ਕੋਠੜੀ ਦਾ ਦਰ ਖੋਲ੍ਹ ਦਿੱਤਾ। ਮੈਂ ਉੱਠ ਕੇ ਖੜ੍ਹੀ ਹੋਈ ਤਾਂ ਉਹਨੇ ਮੇਰੇ ਵੱਲ ਵੇਖਿਆ। ਤੂੰ ਮੇਰਾ ਇਕ ਕੰਮ ਕਰ ਸਕੇਂਗੀ? ਉਹ ਆਖਣ ਲੱਗੀ, ਕੰਮ ਜੋ ਮੇਰੇ ਕੋਲੋਂ ਹੋ ਨਹੀਂ ਸਕਿਆ। ਉਹਨਾਂ ਮੇਰੀ ਡਿਊਟੀ ਲਾਈ ਸੀ, ਪਰ ਮੈਂ ਉਥੇ ਜਾ ਨਹੀਂ ਸਕੀ।

"ਕੰਮ ਕੀ ਏ? ਦੱਸੋ ਕਿੱਥੇ ਜਾਣਾ ਏ? ਮੈਂ ਪੁੱਛਿਆ। "ਸ਼ਾਮਲੇ ਦੀ ਮਾਂ ਇਸ ਸ਼ਹਿਰ ਵਿਚ ਰਹਿੰਦੀ ਏ। ਓਸੇ ਨੂੰ ਮਿਲਣਾ ਏ। ਉਹਦੇ ਕੋਲ ਪੁੱਤਰ ਦੀਆਂ ਕੁਝ ਸ਼ੈਆਂ ਹੋਣਗੀਆਂ। ਲਾਸ਼ ਦੇ ਨਾਲ ਮੋੜੀਆਂ ਗਈਆਂ ਸੀ। ਉਹੋ ਰੰਗ, ਬੁਰਸ਼ ਜੋ ਪਹਿਲੀ ਤਲਾਸ਼ੀ ਵੇਲੇ ਉਹਦੇ ਥੈਲੇ ਵਿਚੋਂ ਨਿਕਲੇ। ਉਹ ਗੇਰਵਾ ਕੁਰਤਾ ਜੋ ਉਹਨੇ ਆਖਰੀ ਵੇਲੇ ਪਾਇਆ ਸੀ। ਤੁਸੀਂ ਇਹ ਸ਼ੈਆਂ ਜਾ ਕੇ ਲੈ ਆਵੋ। ਇਨਸਾਫ਼ ਦਾ ਦਿਨ ਚੜ੍ਹਨ ਤਾਈਂ ਉਹਨਾਂ ਦੀ ਸੰਭਾਲ ਕਰੋ। ਫਿਰ ਜਦੋਂ ਆਜ਼ਾਦੀ ਵਾਸਤੇ ਕੁਰਬਾਨੀਆਂ ਦੇਣ ਵਾਲਿਆਂ ਦੀ ਯਾਦਗਾਰ ਬਣੇ ਤਾਂ ਉਥੇ ਮੁਸੱਵਰ (ਚਿੱਤਰਕਾਰ) ਸ਼ਾਮਲੂ ਦੀਆਂ ਨਿਸ਼ਾਨੀਆਂ ..... ਰੰਗ ਬੁਰਸ਼ ਤਸਵੀਰਾਂ, ਜੋ ਬਚ ਗਈਆਂ, ਰੱਖ ਦੇਣ। ਹਾਂ ਕੁਝ ਕੋਲੇ ਵੀ ਹੈ ਨੇ, ਉਹਦੀ ਜੇਬ ਵਿਚੋਂ ਨਿਕਲੇ ਸੀ। ਉਹ ਕੋਲੇ ਉਹਦੇ ਨਾਲ ਫਾਂਸੀ ਚੜ੍ਹੇ ਸੀ। ਸ਼ਹਿਰਯਾਰ ਨੇ ਲਿਖਿਆ, "ਮੈਨੂੰ ਵੀ ਇਸੇ ਤਰ੍ਹਾਂ ਠੀਕ ਲੱਗਦਾ ਏ। ਅਸੀਂ ਉਹ ਨਿਸ਼ਾਨੀਆਂ ਸਾਂਭ ਕੇ ਰੱਖ ਲਈਏ ਤਾਂ ਜੋ ਉਹ ਬੱਚਾ ਵੇਖ ਲਵੇ, ਜਿਹਦੀ ਤਸਵੀਰ ਬੁੱਢੇ ਦਰੱਖਤ ਦੇ ਸੀਨੇ ਉੱਤੇ ਸ਼ਾਮਲੂ ਨੇ ਬਣਾਈ ਸੀ।

ਕਿਆ ਸ਼ਾਨਦਾਰ ਖ਼ਿਆਲ ਏ, ਮੈਂ ਸੋਚਦੀ ਹਾਂ। ਇਹ "ਤਖਰੀਬਕਾਰ" ਬੰਦੇ ਇਹ ਪੁਰਇਸਰਾਰ ਬੰਦੇ। ਕਿੱਡੀ ਨਿਰਾਲੀ ਸ਼ਾਨ ਰੱਖਦੇ ਨੇ। ਕੀ ਕੁਝ ਸਹਿ ਗਏ। ਕਿੰਨਾ ਸੱਤ ਹੁੰਦਾ ਇਹਨਾਂ ਦੀ ਰੂਹ ਵਿਚ, ਕੀ ਕੁਝ ਸੋਚ ਲੈਂਦੇ ਨੇ। ਕਿਸ ਤਰ੍ਹਾਂ ਹੱਸਦੇ-ਹੱਸਦੇ ਫਾਂਸੀ ਲੱਗ ਜਾਂਦੇ ਨੇ। ਇਹ ਗੱਲਾਂ ਸੋਚਦੀ ਹੋਈ ਮੈਂ ਉਸੇ ਗਲੀ ਵਿਚ ਜਾ ਪਹੁੰਚੀ। ਉਹੋ ਥਾਂ ਜਿੱਥੇ ਸ਼ਾਮਲੋ ਦਾ ਬਚਪਨ ਖੇਡਿਆ ਸੀ। ਪਤਾ ਨਹੀਂ ਕਿਸ ਵੇਲੇ ਮੈਂ ਜੁੱਤੀਆਂ ਲਾਹ ਕੇ ਹੱਥ ਵਿਚ ਫੜ ਲਈਆਂ। ਕਿਸ ਵੇਲੇ ਨੰਗੇ ਪੈਰੀਂ ਤੁਰਨ ਲੱਗ ਪਈ। ਪਰ ਮੈਨੂੰ ਉਸ ਪਲ ਦਾ ਪਤਾ ਏ, ਜਦੋਂ ਦਿਲ ਨੂੰ ਲੱਗਾ, ਓਸ ਗਲੀ ਦੀ ਮਿੱਟੀ ਵਿਚ ਮੈਲੇ ਹੋਏ ਮੇਰੇ ਪੈਰ ਪਾਕ ਹੋ ਗਏ। ਮੈਂ ਵੀ ਸ਼ਹੀਦਾਂ ਦੇ ਕਬੀਲੇ ਦੀ ਨੌਕਰ ਲੱਗ ਗਈ ਹਾਂ।

ਲਿੱਪੀ ਪਰਿਵਰਤਨ - ਹਰਭਜਨ ਸਿੰਘ ਹੁੰਦਲ
ਫੋਨ - 99150-42242
ਪਿੰਡ, ਫੱਤੂਚੱਕ, ਡਾਕ. ਢਿਲਵਾਂ (ਕਪੂਰਥਲਾ)

## ਲੋਕ-ਸਭਿਆਚਾਰ

"ਲੋਕ-ਕਲਾ ਦੀ ਸਰਪ੍ਰਸਤੀ ਕਰਨ ਅਤੇ ਉਤਸ਼ਾਹ ਦੇਣ ਦੇ ਨਾਂ ਉੱਤੇ ਢੋਲ ਪਿੱਟਣ ਵਿਚ ਲੱਗੇ ਸੋਸ਼ਕ ਵਰਗ ਦਾ ਨਜ਼ਰੀਆ ਕੁਲੀਨ ਸਮੂਹ ਦੇ ਮਨੋਰੰਜਨ ਤੱਕ ਸੀਮਤ ਰਹਿ ਜਾਂਦਾ ਹੈ, ਜਦੋਂ ਕਿ ਲੋੜ ਲੋਕ-ਕਲਾ ਅਤੇ ਲੋਕ-ਸਭਿਆਚਾਰ ਰਾਹੀਂ ਜਨਤਾ ਨੂੰ ਬਦਲਣ, ਉਸਨੂੰ ਚੇਤੰਨ ਕਰਨ ਅਤੇ ਉਸਨੂੰ ਵਿਕਸਿਤ ਕਰਨ ਦੀ ਹੈ।"

—ਮਹਾਂਵੀਰ ਅਗ੍ਰਵਾਲ

# ਅਫ਼ਜ਼ਲ ਤੌਸੀਫ਼ ਦੀਆਂ ਨਜ਼ਮਾਂ

ਅਫ਼ਜ਼ਲ ਤੌਸੀਫ਼ ਪਾਕਿਸਤਾਨ ਦੀ ਪੰਜਾਬੀ ਅਤੇ ਉਰਦੂ ਦੀ ਸੁਪ੍ਰਸਿੱਧ ਵਚਨਬੱਧ ਲੇਖਿਕਾ ਹੈ। ਉਹ ਵਾਹਗੇ ਪਾਰ ਦੇ ਪੰਜਾਬ ਦੀ ਨਾਮਵਰ ਅਦਬੀ ਸ਼ਖ਼ਸੀਅਤ ਹੈ। ਕਹਾਣੀ-ਖੇਤਰ ਵਿਚ ਉਸ ਦੀਆਂ ਲਿਖਤਾਂ ਦਾ ਜ਼ਿਕਰ ਅਕਸਰ ਹੁੰਦਾ ਰਹਿੰਦਾ ਹੈ। ਉਸ ਨੇ ਫੌਜ ਦੇ ਤਾਨਾਸ਼ਾਹੀ ਰਾਜ ਵਿਚ ਗੁਪਤ-ਵਾਸ ਦੀਆਂ ਪ੍ਰੇਸ਼ਾਨੀਆਂ ਬਰਦਾਸ਼ਤ ਕੀਤੀਆਂ ਹਨ ਤੇ ਜੇਲ੍ਹ ਦੀਆਂ ਦੁਸ਼ਵਾਰੀਆਂ ਵੀ ਝੱਲੀਆਂ ਹਨ। ਪਰ ਉਹ ਇਹਨਾਂ ਘੱਲੂਘਾਰਿਆਂ ਵਿਚ ਅਡੋਲ ਵਿਚਰਦੀ ਰਹੀ ਹੈ। ਉਹ ਲਹਿੰਦੇ ਪੰਜਾਬ ਦੀ ਪ੍ਰਸਿੱਧ ਕਾਲਮ ਨਵੀਸ ਵੀ ਹੈ ਤੇ ਕਦੇ ਕਦਾਈਂ ਨਜ਼ਮ ਵੀ ਲਿਖਦੀ ਹੈ। ਆਜ਼ਾਦ ਨਜ਼ਮ ਰਾਹੀਂ ਆਪਣੀਆਂ ਉਹਨਾਂ ਭਾਵਨਾਵਾਂ ਨੂੰ ਪ੍ਰਗਟ ਕਰਦੀ ਹੈ, ਜੋ ਹੋਰਨਾਂ ਸਾਹਿਤ-ਰੂਪਾਂ ਰਾਹੀਂ ਪ੍ਰਗਟ ਕਰਨੀਆਂ ਅਸੰਭਵ ਲੱਗਦੀਆਂ ਹਨ।

ਸੰਨ ਸੰਤਾਲੀ ਵੇਲੇ ਤੌਸੀਫ਼ ਦਾ ਸਾਰਾ ਪਰਿਵਾਰ ਫਿਰਕੂ ਕਾਤਲਾਂ ਦੇ ਹੱਥੋਂ ਕਤਲ ਹੋ ਗਿਆ ਸੀ। ਉਸ ਵੇਲੇ ਤੌਸੀਫ਼ ਨਾਨਕੇ ਪਿੰਡ ਗਈ ਹੋਣ ਕਾਰਨ ਬਚ ਗਈ ਸੀ। ਕਤਲੇ-ਆਮ ਦਾ ਉਹ ਸਾਰਾ ਦਰਦ ਤੌਸੀਫ਼ ਦੀਆਂ ਲਿਖਤਾਂ ਰਾਹੀਂ ਵੰਨ-ਸਵੰਨੇ ਸਾਹਿਤਕ ਰੂਪਾਂ ਰਾਹੀਂ ਪ੍ਰਗਟ ਹੋ ਕੇ ਸ਼ਾਨਦਾਰ ਤੇ ਜਾਨਦਾਰ ਰਚਨਾਵਾਂ ਦਾ ਰੂਪ ਧਾਰਦਾ ਰਹਿੰਦਾ ਹੈ। ਤੌਸੀਫ਼ ਦੀ ਸਾਹਿਤਕ ਅਜ਼ਮਤ ਅੱਗੇ ਸਿਰ ਝੁਕ ਜਾਂਦਾ ਹੈ। ਅੱਜ ਉਹ ਅੰਮ੍ਰਿਤਾ ਪ੍ਰੀਤਮ ਤੋਂ ਬਾਅਦ, ਦੋਹਾਂ ਪੰਜਾਬਾਂ ਵਿਚ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਸਤਿਕਾਰੀ ਲੇਖਿਕਾ ਹੈ।

ਪੇਸ਼ ਨਜ਼ਮਾਂ ਜੋ ਤੌਸੀਫ਼ ਹੋਰਾਂ ਦੀਆਂ ਕਈ ਪੁਸਤਕਾਂ ਵਿਚ ਖਿੰਡੀਆਂ ਪੁੰਡੀਆਂ ਪਈਆਂ ਸਨ, ਅੱਜ ਇਕੱਠੀਆਂ ਕਰਕੇ ਲਿਪੀ ਬਦਲ ਕੇ ਛਾਪੀਆਂ ਜਾ ਰਹੀਆਂ ਹਨ।

## ਅਮਨ ਕਿਤੇ ਨਹੀਂ

ਤੁਸੀਂ ਸ਼ਾਇਰ ਲੋਕ ਚੰਗੇ ਓ
ਅਮਨ ਦੀ ਗੱਲ ਕਰਦੇ ਓ
ਮਿਹਰ ਕਰੋ ਜੋ ਅਮਨ ਦਾ ਪਤਾ ਚਾ ਦੱਸੋ
ਅਮਨ ਕਿੱਥੇ ਵੱਸਦਾ ਏ?
ਤੇਰੇ ਸ਼ਹਿਰ ਵਿਚ ਨਹੀਂ
ਮੇਰੇ ਪਿੰਡ ਵਿਚ ਨਹੀਂ
ਘੁੱਗੀ ਨਿਮਾਣੀ ਦਾ ਆਲ੍ਹਣਾ ਨਹੀਂ
ਕਿ ਪਿਪਲਾਂ ਵਾਲੇ ਖੂਹ ਤੇ ਨਹੀਂ
ਅਮਨ ਕਿਧਰੇ ਵੀ ਨਹੀਂ।

ਘਰ ਦੀਆਂ ਚਹੁੰ ਕੰਧਾਂ ਅੰਦਰ
ਕਈ ਫ਼ਿਕਰਾਂ ਕਈ ਖ਼ਤਰੇ
ਕਈ ਅੰਦੇਸ਼ੇ, ਕਈ ਜੰਗਾਂ,
ਕਈ ਮਸਲੇ ਹਨ
ਬੁੱਢੜੀ ਮਾਈ ਨੂੰ ਡਾਕੂ ਲੁੱਟੇ ਨਿੱਤ ਨਿੱਤ
ਗਲੀ ਗਲੀ ਬਾਲਾਂ ਦਾ ਕਾਤਿਲ ਖੜ੍ਹਾ



ਸੜਕ ਸੜਕ ਕਲਾਸ਼ਨੀਕੋਵ ਚੱਲਦੀ
ਤੇ ਰੇਪ ਵਾਲੇ ਗੈਂਗੀ ਹਰ ਥਾਂ, ਸ਼ਹਿਰ ਗਿਰਾਂ
ਅਮਨ ਦੀ ਜੂਹ ਉਜਾੜੀ ਜਾਂਦੇ
ਕੀ ਹਾਕਮ, ਕੀ ਗੁੰਡੇ ਰਲ ਕੇ
ਆਪਣੇ ਦੇਸ਼ ਅੱਜ ਅਮਨ ਦੀ ਗੱਲ
ਔਖੀ ਥੀ ਗਈ ਏ
ਚੱਲ ਬਾਹਰ ਕਿਤੇ ਚੱਲ ਕੇ ਪੁੱਛੀਏ
ਕਿਸ ਭਾਅ ਵਿਕੇਂਦੀ ਏ ਦਾਤ
ਬੋਸਨੀਆਂ ਦੇ ਸ਼ਹਿਰ ਵਿਚ?
ਕਸ਼ਮੀਰ ਦੀਆਂ ਵਾਦੀਆਂ ਵਿਚ
ਅਫ਼ਗਾਨ ਪਹਾੜਾਂ ਉੱਤੇ
ਇਸ਼ਕ ਦੇ ਸ਼ਹਿਰਾਂ ਕੋਲ਼ੋਂ ਪੁੱਛ ਲਈਏ
ਬੰਬਈ ਦੀਆਂ ਗਲੀਆਂ ਵੇਖਣ ਚੱਲੀਏ

ਹੈ ਰਾਤ! ਸਦ ਹੈਫ਼!
ਇਨਸਾਨ ਦੀਆਂ ਲਾਸ਼ਾਂ ਬੇਕਫ਼ਨ
ਹਰ ਥਾਂ, ਹਰ ਪਾਸੇ
ਅਮਨ ਦੀ ਆਬਰੂ ਰੇਜ਼ੀ,
ਹਰ ਥਾਂ, ਹਰ ਪਾਸੇ
ਫਿਰ ਵੀ ਉਹ ਕਹਿੰਦੇ ਨੇ
ਫ਼ਿਕਰ ਦੀ ਗੱਲ ਨਹੀਂ
ਕੱਲ੍ਹ ਨੂੰ ਐਥੇ ਵੀ ਸ਼ਹੀਦੀ ਕਬਰਾਂ
ਫੁੱਲ ਚੜ੍ਹਾਵੇ ਮੰਗ ਲੈਣਗੀਆਂ
ਜਿਵੇਂ ਅੱਜ ਹੀਰੋਸ਼ੀਮਾ ਨੂੰ
ਗੁਲਾਬੀ ਫੁੱਲਾਂ ਦੇ ਗੁਲਦਸਤੇ ਚੜ੍ਹਦੇ
ਵੀਅਤਨਾਮ ਵਾਲੇ ਤਾਂ ਅਣਖੀ ਬੰਦੇ
ਬਗ਼ਦਾਦ ਵਾਲਿਆਂ ਦੇ
ਸਬਰ ਦਾ ਕੋਈ ਅੰਤ ਨਹੀਂ
ਪਰ ਫਲਸਤੀਨ ਦੀਆਂ
ਉਜੜੀਆਂ ਗਲੀਆਂ
ਅੱਜ ਵੀ ਬੁੱਕ ਬੁੱਕ ਰੋਂਦੀਆਂ।

ਰੋਣਾ ਤਾਂ ਕਦੇ ਮੈਨੂੰ ਵੀ ਆਉਂਦਾ
ਜਦ ਕੋਈ ਆ ਕੇ ਦੱਸਦੇ
ਰਾਵੀ ਕੰਢੇ ਮੋਰ ਮੁੱਕ ਗਏ
ਨਿੱਕੀ ਕਾਕੀ ਦੀ ਇੱਜ਼ਤ ਲੁੱਟ ਗਈ
ਸੱਸੇ ਦੇ ਬਾਗ ਵਿਚ
ਚਿੱਟੇ ਗੁਲਾਬਾਂ ਦੇ ਬੂਟੇ ਸੁੱਕ ਗਏ
ਤਾਲਿਬ-ਇਲਮਾਂ ਦਾ ਕਤਲ ਹੋਇਆ
ਲੈਨਿਨਗ ਰਾਤ ਹੁਣ
ਰੱਤੜ ਫੁੱਲਾਂ ਦਾ ਸ਼ਹਿਰ ਵੀ ਨਹੀਂ ਰਿਹਾ
ਬੁਰਾ ਨਾ ਮੰਨੀਂ ਵੀਰਾ ਜੇ ਮੈਂ ਆਖਾਂ
ਤੂੰ ਨਿਰਾ ਸ਼ਾਇਰ ਹੋ ਕੇ
ਦੁਨੀਆਂ ਤੋਂ ਪਛੜ ਗਿਆ ਏਂ
ਛੱਡ ਪੁਰਾਣੀਆਂ ਤਸ਼ਬੀਹਾਂ ਦੀ ਗੱਲ
ਕੋਈ ਨਵਾਂ ਹਿਸਾਬ ਚਾ ਕਰ ਲਏ ਬਹਿ ਕੇ
ਤੈਨੂੰ ਪਤਾ ਹੀਰੋਸ਼ੀਮਾ ਉੱਤੇ ਸੁੱਟੇ ਗਏ
ਬੰਬ ਦਾ ਵਜ਼ਨ
ਕੁੱਲ ਤੇਰਾਂ ਕਿੱਲੋ ਟਨ
ਬਸ 13 ਹਜ਼ਾਰ ਟਨ ਦਾ
ਨਿੱਕਾ ਜਿਹਾ ਖਿਡੌਣਾ ਸੀ ਉਹ
ਪਰ ਅੱਜ ਪੰਜਾਹ ਵਰ੍ਹੇ ਹੰਢਾ ਕੇ
ਉਹ ਸੌ ਗੁਣਾ ਵੱਡਾ ਹੋ ਚੁੱਕਾ
ਓਸ ਵੇਲੇ ਉਹਨਾਂ ਕੋਲ ਤੀਸਰਾ ਦਾਣਾ
ਤਿਆਰ ਨਹੀਂ ਸੀ
ਸੋ ਤੀਸਰਾ ਬਚ ਗਿਆ
ਤੀਸਰਾ ਸ਼ਹਿਰ ਟੋਕੀਓ ਨਹੀਂ
ਮਾਸਕੋ ਸੀ।
ਮਾਸਕੋ ਜੋ ਅੱਜ ਮੰਗਤਾ
ਕੱਲ੍ਹ ਦਿਆਲੂ ਸੀ
ਫਾਸਿਜ਼ਮ ਦੀ ਸਵਾਹ ਵਿਚੋਂ
ਅਮਨ ਦਾ ਅਸਲੀ ਦੁਸ਼ਮਣ

ਵੱਡਾ ਸਾਮਰਾਜ ਪੰਜਾਹ ਵਰ੍ਹੇ ਦਾ ਹੋ ਚੁੱਕਾ
ਅੱਜ ਉਹਦੇ ਕੋਲ ਬੰਬ ਗੋਲੇ ਬਹੁਤੇ ਨੇ
ਦੁਨੀਆਂ ਕੋਲ ਸ਼ਹਿਰ ਥੋੜ੍ਹੇ
ਤਬਾਹ ਕਰਨ ਦੀ ਤਾਕਤ
ਕੁੱਲ ਦੁਨੀਆਂ ਅੱਠ ਵਾਰੀ
ਸੜ ਕੇ ਬੁੱਝ ਸਕਦੀ ਏ
ਜ਼ਿੰਦਗੀ ਸਦਾ ਲਈ ਮੁੱਕ ਸਕਦੀ ਏ
ਪਰ ਜੇ ਬੰਬ ਗੋਲੇ ਨਾ ਵੀ ਚੱਲਣ ਤਾਂ
ਅਮਨ ਤੇ ਜ਼ਿੰਦਗੀ ਨੂੰ ਖ਼ਤਰਾ ਟਲਦਾ ਨਹੀਂ
ਕਿਉਂ ਜੋ ਅਮਨ
ਜ਼ੁਲਮ ਦੇ ਨਾਲ ਰਹਿ ਨਹੀਂ ਸਕਦਾ
ਉਸੇ ਤਰ੍ਹਾਂ ਜਿਵੇਂ ਭੁੱਖ ਦੀ ਡੈਣ
ਇੱਕ ਨਾਜ਼ੁਕ ਜਿਹੀ ਬਾਲੜੀ ਦਾ
ਹੁਸਨ ਤੇ ਮਾਸ ਚੱਟ ਜਾਂਦੀ ਏ।

ਅੱਜ ਦੁਨੀਆਂ ਤੇ
ਜ਼ੁਲਮ ਵੀ ਵੱਧ ਗਿਆ ਏ
ਸੌ ਕਰੋੜ ਭੁੱਖੇ ਢਿੱਡ ਅੱਗੋਂ ਹੋਰ ਵਧ ਰਹੇ ਨੇ
ਇਨਸਾਨ ਦੀ ਜਾਨ ਨੂੰ ਖ਼ਤਰਾ
ਆਲਮੀ ਅਮਨ ਨੂੰ ਖ਼ਤਰਾ
ਸਦਾ ਕੋਲੋਂ ਬਹੁਤਾ ਆਮ ਸ਼ਹਿਰੀ ਨੂੰ ਖ਼ਤਰਾ
ਅੱਜ ਸ਼ਾਇਰ ਨੂੰ ਚਾਹੀਦਾ ਅਮਨ ਤੇ ਨਜ਼ਮ
ਦੋਵਾਂ ਦੀ ਹਿਫ਼ਾਜ਼ਤ ਕਰੇ
ਸੌ ਹਜ਼ਾਰ ਐਟਮ ਬੰਬਾਂ ਦਾ ਤੋੜ ਲੱਭ ਕੇ
ਸੌ ਕਰੋੜ ਭੁੱਖਿਆਂ ਲਈ ਕਣਕ ਬੀਜ ਕੇ
ਨਿੱਕੀ ਗੁਜਰੀ ਦੇ ਪੀਂਘ ਝੂਟਣ ਲਈ
ਉੱਚੀਆਂ ਲੰਮੀਆਂ ਟਾਹਲੀਆਂ ਲਾ ਕੇ
ਰੇਪ-ਗੈਂਗਾਂ ਦਾ ਬੀ ਮਾਰ ਕੇ
ਜੇ ਕੋਈ ਕਰ ਸਕਦਾ ਏ
ਤਾਂ ਜ਼ਿੰਦਗੀ ਦੀ
ਤਾਂ ਜ਼ਿੰਦਗੀ ਦੀ ਭਾਲ ਕਰੇ। •

## ਲਫ਼ਜ਼ ਬੋਲਿਆ

ਅਜ਼ਲ ਤੋਂ ਇਹ ਦੁਨੀਆਂ
ਆਵਾਜ਼ਾਂ ਨਾਲ ਭਰੀ ਹੋਈ ਸੀ
ਪਰ ਆਦਮੀ ਅਜ਼ਲ ਤੋਂ ਬੋਲਦਾ ਨਹੀਂ ਸੀ
ਲੱਖਾਂ ਹਜ਼ਾਰਾਂ ਸਾਲਾਂ ਪਿੱਛੋਂ
ਕਿਤੇ ਲਫ਼ਜ਼ ਜੰਮਿਆ
ਜੰਮਦਿਆਂ ਸਾਰ ਬੋਲਣ ਲੱਗ ਪਿਆ
ਆਦਮੀ ਨੂੰ ਬੜਾ ਚੰਗਾ ਲੱਗਾ
ਉਹਨੇ ਸਾਥੀ ਬਣਾ ਲਿਆ
ਕਈ ਜ਼ਮਾਨੇ ਆਦਮੀ ਤੇ ਲਫ਼ਜ਼
ਆੜੀ ਆੜੀ ਖੇਡਦੇ ਰਹੇ
ਇੱਕ ਦੂਜੇ ਨਾਲ ਰਹਿੰਦੇ
ਆਪਸ ਵਿਚ ਗੱਲਾਂ ਕਰਦੇ ਰਹੇ
ਫਿਰ ਜਦੋਂ ਦੁਨੀਆਂ ਉੱਤੇ
ਮਾਲਕੀ ਦਸਤੂਰ ਬਣੇ
ਆਦਮੀ ਨੇ
ਆਪਣੇ ਸਾਥੀ ਨਾਲ ਚਲਾਕੀ ਚੱਲੀ
ਲਫ਼ਜ਼ ਲਿਖ ਕੇ ਖਾਤੇ ਵਿਚ ਰੱਖ ਲਿਆ
ਫੇਰ ਸਾਰ ਨਾ ਪੁੱਛੀ
ਲਿਖਿਆ ਲਫ਼ਜ਼ ਰੋਣ ਲੱਗ ਪਿਆ
ਕੋਈ ਪੁੱਛੇ ਕਿਸ ਗੱਲੋਂ?
ਲਫ਼ਜ਼ ਬੋਲਿਆ,
ਲਿਖੇ ਜਾਣ ਤੋਂ ਪਹਿਲਾਂ ਮੈਂ ਆਜ਼ਾਦ ਸਾਂ
ਅਰਥਾਂ ਦੇ ਸੱਤ ਅਸਮਾਨ
ਮੇਰੇ ਅੱਗੇ ਖੁੱਲ੍ਹੇ ਪਏ ਸੀ
ਹੁਣ ਕੀ ਹੈ, ਮੈਂ ਗੁਲਾਮ ਹਾਂ
ਗ਼ੁਲਾਮ ਵੀ ਕੀਹਦਾ ਕੀਹਦਾ?
ਇੱਕ ਜੁਮਲੇ ਦਾ, ਇੱਕ ਗੱਲ ਦਾ
ਇਕ ਮਤਲਬ ਦਾ, ਕਿਸੇ ਲਿਖਣ ਵਾਲੇ ਦਾ
ਉਸੇ ਤਰ੍ਹਾਂ ਜਿਵੇਂ ਕੋਈ ਮਾੜਾ ਮੁਲਕ
ਸਾਮਰਾਜ ਦੇ ਮਤਲਬ ਦਾ
ਗ਼ੁਲਾਮ ਹੁੰਦਾ ਏ। •



## ਸਾਬਰਾ ਸ਼ਤੀਲਾ ਬਾਰੇ

ਕੱਚੇ ਘੜੇ ਦਾ ਛਲ ਹੋਇਆ
ਪੁੰਨੂੰ ਕੀਤੀ ਬੇਵਫ਼ਾਈ
ਕਪਟੀ ਹੋ ਗਿਆ ਦਿਲ ਰਾਣੀ ਭਾਬੋ ਦਾ
ਊਠ ਵਾਲਿਆਂ ਖੇਡ ਲਈ ਚਤਰਾਈ।
ਮੋਈ ਸੱਸੀ ਤਾਂ ਬੁੱਕ ਬੁੱਕ ਰੋਏ ਥਲ ਨਿਮਾਣੇ
ਲਹੂ ਸੋਹਣੀ ਦਾ ਸਿਰ ਤੇ ਲੈ ਲਿਆ
ਝਨਾਂ ਦੇ ਪਾਣੀ
ਸੂਰਜ ਦੇ ਕਾਲਜੇ ਫੱਟ ਲੱਗਾ
ਅਸਮਾਨ ਦੀ ਅੱਖ ਵਿਚ ਸੁਰਖ਼ੀ ਤਰਦੀ
ਗੋਰੀ ਸਾਜਿਸ਼ ਦੀ ਕੰਜਰੀ ਆਈ ਲੈਬਨਾਨ
ਕਾਲੀ ਰਾਤ ਦਾ ਤੰਬੂ ਤਾਣ ਕੇ ਨੱਚੀ
ਸਮੁੰਦਰ ਪਾਰੋਂ ਆਇਆ ਇੱਕ ਸਪੇਰਾ
ਉਹ ਵੀ ਗੋਰਾ।

ਆਇਆ ਲੈ ਕੇ ਨਾਗਾਂ ਭਰੀ ਪਟਾਰੀ
ਬਸ ਘੋਲੇ ਜ਼ਹਿਰੀ ਨਾਗਣ ਫੁੰਕਾਰੇ
ਕਿਹਦੀ ਜਿੱਤ, ਕਿਹਦੀ ਹਾਰ
ਰੱਜ ਰੱਜ ਲਹੂ ਪੀ ਧਰਤੀ ਨੇ
ਚੜ੍ਹੀ ਏ ਘੂਕੀ,
ਨਵੇਂ ਆਰਡਰ ਦੇ ਸ਼ੈਤਾਨ ਵੀ ਵੇਖੋ
ਦੇਵਤਾ ਅਮਨ ਦਾ ਤੇ ਜੰਗ ਪੁਜਾਰੀ ਵੇਖੋ
ਇੱਕੋ ਪਿੰਡ ਜੰਮੇ ਦੋਵੇਂ ਆੜੀ ਆੜੀ
ਦੇਵਤਾ ਅਮਨ ਦਾ ਤੇ ਜੰਗ ਪੁਜਾਰੀ
ਇੱਕ ਫੜਦਾ ਫਾਹੀਆਂ ਲਾ ਕੇ ਚਿੜੀਆਂ
ਦੂਜਾ ਠਾਹ ਠਾਹ ਗਿਰੇ ਸ਼ਿਕਾਰੀ।

ਗੁਲਜ਼ਾਰਾਂ ਵਿਚ ਅੱਗ ਲੱਗੀ
ਸੜ ਗਿਆ ਪਿੰਡ ਸਾਰਾ
ਫੁੱਲ ਕਲੀਆਂ ਤੇ ਸਰੂ ਦੇ ਬੂਟੇ ਲੂਸੇ
ਸੜ ਗਈ ਦੁੱਧ ਵਰਗੀ ਲਾਲੀ ਦੀ ਜਾਨ
ਚਾਰ ਚੁਫੇਰੇ ਤੋਪਾਂ ਚੱਲੀਆਂ
ਬੰਬ ਗੋਲੇ ਡਿੱਗੇ ਅਸਮਾਨੋਂ
ਦਿਲ ਡੋਲਿਆ ਬਾਲੜੀ ਦਾ
ਧਰਤੀ ਕੰਬੀ ਸਾਰੀ।
ਟੁੱਟੇ ਦਰਖਤੋਂ ਡਿੱਠੇ
ਆਹਲਣੇ ਚਿੜੀਆਂ ਦੇ
ਆਪੇ ਢਹਿ ਪਿਆ ਅਸਮਾਨ
ਖੰਡਰ ਕਾਖ਼ ਦੀ ਗਗਰ ਤੇ ਬੈਠੀ ਘੁੱਗੀ
ਯੂਸਫ਼ ਖੂਹ ਬੋਲੇ, ਬੋਲੀ ਜਾਵੇ
ਚੀਕਾਂ ਮਾਰ ਕੇ ਰੋਵਣ ਨਦੀ ਕਿਨਾਰੇ
ਜ਼ਖ਼ਮੀ ਕੂੰਜਾਂ ਦੀ ਡਾਰ। •

## ਮਾਰੂਥਲ ਦੀਆਂ ਅੱਖਾਂ

ਥੋੜ੍ਹੇ ਦਿਨਾਂ ਦੀ ਗੱਲ ਏ
ਬਸਰੇ ਦਾ ਸ਼ਹਿਰ
ਆਪਣੀਆਂ ਮਿੱਠੀਆਂ
ਖਜੂਰਾਂ ਦੇ ਬਾਗਾਂ ਵਿਚ
ਖ਼ੈਰੀਂ ਮਿਹਰੀਂ ਵੱਸਦਾ ਸੀ।

ਆਹੋ ਥੋੜ੍ਹੇ ਦਿਨਾਂ ਦੀ ਗੱਲ ਏ
ਉਥਾਂ ਬਸਰੇ ਸ਼ਹਿਰ ਦੀ ਇੱਕ ਸੌੜੀ ਜਿਹੀ
ਗਲੀ ਅੰਦਰ ਫਾਤਮਾ ਨਾਂ ਦੀ
ਨਿੱਕੀ ਕਾਕੀ ਰਹਿੰਦੀ ਆਹੀ
ਕਾਕੀ ਦਾ ਰੰਗ ਦੇਸੀ ਕਣਕ ਵਰਗਾ ਸੀ
ਵਾਲ ਘੁੰਗਰਾਲੇ
ਮੁੱਖ ਭੋਲ਼ਾ ਭੋਲ਼ਾ,
ਨਿਰਾ ਪੁਰਾ ਪੰਜਾਬ ਦੇ ਕਿਸੇ

ਪਿੰਡ ਦੀ ਬਾਲੜੀ ਜਿਹਾ
ਘਰ ਨਿੱਕੀ ਦੇ ਬਾਬੇ ਦਾ ਕੀ ਸੀ
ਇੱਕ ਕੱਚਾ ਕੋਠਾ।
ਇੱਕ ਵਿਹੜਾ ਖੁੱਲ੍ਹਾ ਡੁੱਲ੍ਹਾ
ਓਸੇ ਵਿਹੜੇ ਦੀਆਂ ਚਹੁੰ ਕੰਧਾਂ ਅੰਦਰ
ਨਿੱਘਾ ਨਿੱਘਾ ਸੁੱਖ, ਨਿੱਕੇ ਨਿੱਕੇ ਹਾਸੇ
ਕਈ ਨਿਆਣੇ, ਕਈ ਮਾਪੇ
ਕਿਤੇ ਸਦੀਆਂ ਤੋਂ ਵੱਸਦੇ ਰਸਦੇ ਆਹੇ
ਇਕ ਸ਼ਾਮ ਦੀ ਗੱਲ ਏ,
ਸੂਰਜ ਹਾਲੇ ਛਪਿਆ ਨਹੀਂ ਸੀ
ਅਸਮਾਨ ਅਜੇ ਕਾਲਾ ਨਹੀਂ ਸੀ
ਬਸਰੇ ਦੇ ਸ਼ਹਿਰ ਦੁਆਲੇ
ਖਜੂਰਾਂ ਦੇ ਬਾਗ ਵਿਚ
ਚਿੜੀਆਂ ਪੰਖੇਰੂ ਰੰਗ ਬਿਰੰਗੇ
ਦਿਨ ਦਾ ਚੋਗਾ ਲੈ ਕੇ
ਅਖ਼ੀਰਲ਼ਾ ਗੀਤ ਗਾਉਂਦੇ
ਆਪੋ ਆਪਣੇ ਆਲ੍ਹਣੇ ਵੱਲ
ਖ਼ੈਰੀਂ ਮਿਹਰੀਂ ਪਰਤੇ।
ਉਹੋ ਸ਼ਾਮ ਸੀ
ਜਦੋਂ ਫਾਤਮਾ ਆਪਣਾ ਮਾਓ ਕੂਲੈ ਬੈਠੀ
ਖ਼ਮੀਰੀ ਰੋਟੀ ਦਾ ਖੰਨਾ ਹੱਥ ਵਿਚ ਫੜ ਕੇ
ਭਰੀ ਕਟੋਰੀ ਲਾਵਣ ਦੀ ਅੱਗੇ ਰੱਖ ਕੇ
ਨਿੱਕੀਆਂ ਨਿੱਕੀਆਂ ਬੁਰਕੀਆਂ
ਸਵਾਦੀ ਸਲੂਣੇ ਵਿਚ,
ਡੋਬ ਡੋਬ ਖਾਂਦੀ ਆਹੀ।
ਕਾਕੀ ਨੂੰ ਛੇਤੀ ਏਸ ਕਰਕੇ ਸੀ
ਪਈ ਉਹਦੀ ਜੇਬ ਵਿਚ ਦੋ ਅਠਾਨੀਆਂ
ਘੜੀ ਮੁੜੀ ਖੜਕ ਪੈਂਦੀਆਂ ਸਨ
ਰੋਟੀ ਖਾ ਕੇ ਉਸ ਜਾਣਾ ਸੀ
ਆਪਣੇ ਬਾਪ ਦੀ ਉਂਗਲੀ ਫੜ ਕੇ
ਨੁੱਕੜ ਵਾਲੀ ਹੱਟੀ ਤੋਂ
ਖਰੀਦ ਲਿਆਉਣੀਆ ਸੀ
ਬੁੱਕ ਖਜੂਰਾਂ ਦਾ
ਤੇ ਦੋ-ਚਾਰ ਖਿਡੌਣੇ ਮਿੱਟੀ ਦੇ
ਅਚਨ-ਚੇਤੀ ਬਸਰੇ ਦੇ ਅਸਮਾਨੀਂ
ਕੜ ਕੜ ਬਿਜਲੀ ਕੜਕੀ
ਫੇਰ ਇੱਕੋ ਵਾਰੀ ਥੰਮ੍ਹ ਥੰਮ੍ਹ ਮੀਂਹ ਵਰ੍ਹ ਪਿਆ
ਕਿਸੇ ਮੌਤ ਵਰਗੀ ਸ਼ੈਅ ਦਾ
ਲੱਖਾਂ ਹਜ਼ਾਰਾਂ ਬੰਬਾਂ ਵਿਚੋਂ
ਨਿੱਕੀ ਦੇ ਵਿਹੜੇ ਨੂੰ
ਪੂਰਾ ਪੂਰਾ ਹਿਸਾ ਮਿਲਿਆ
ਬੰਬ ਦਾ ਇੱਕ ਟੋਟਾ
ਨਿੱਕੀ ਦੀ ਮਾਂ ਨੂੰ ਜਾ ਲੱਗਾ
ਉਹ ਥਾਂ ਮਰ ਗਈ
ਬੰਬ ਦੇ ਕਈ ਟੋਟੇ
ਘਰ ਦੀਆਂ ਕੰਧਾਂ ਨੂੰ ਲੱਗੇ
ਚਾਰੇ ਕੰਧਾਂ ਥੇਹ ਹੋ ਗਈਆਂ
ਨਿੱਕਾ ਵੀਰਾ ਕਿਧਰੇ ਅੰਦਰ ਸੁੱਤਾ ਪਿਆ
ਓਸ ਸ਼ਾਮ ਪਿੱਛੋਂ
ਕਦੇ ਨਾ ਜਾਗਿਆ ਮੁੜ ਕੇ
ਕੀ ਦੱਸਾਂ ਮੈਂ ਤੁਹਾਨੂੰ?
ਸ਼ਹਿਰ ਬਸਰੇ ਦੀ ਨਿੱਕੀ ਫਾਤਮਾ
ਨਾਲ ਅਜਬ ਤਮਾਸ਼ਾ ਲੱਗਾ
ਬੰਬ ਧਮਾਕੇ ਧੌਰੇ ਦਿਲ ਦੇ ਕਾਂਬੇ ਨਾਲ
ਰੋਟੀ ਦਾ ਚੱਪਾ ਬਾਲੜੀ ਦੇ ਹੱਥੋਂ
ਭੁੰਝੇ ਡਿੱਗ ਪਿਆ
ਉਹਦੇ ਆਪਣੇ ਪਿੰਡੇ ਦੇ
ਕਈ ਟੋਟੇ ਲਾਵਣ ਕਟੋਰੀ ਵਿਚ
ਬੋਟੀਆਂ ਵਾਂਗ ਤਰਨ ਲੱਗ ਪਏ
ਓਸ ਵੇਲੇ ਕਣਕ ਬਣੀ



ਕਾਕੀ ਦੀਆਂ ਅੱਖਾਂ, ਮੇਰਿਆ ਰੱਬਾ!
ਉਹ ਸ਼ਹਿਰਾਂ ਦੀਆਂ ਅੱਖਾਂ
ਸਿੱਧੀ ਇੱਕ ਦੇ ਫੁੱਲਾਂ ਵਰਗੀਆਂ ਨੀਲੀਆਂ
ਕੱਚ ਜ਼ਹਿਰ ਭਰੀਆਂ ਅੱਖਾਂ
ਅਖ਼ੀਰ ਤੋੜੀ ਖੁੱਲ੍ਹੀਆਂ ਰਹੀਆਂ
ਫਾਤਮਾ ਦੀਆਂ ਅੱਖਾਂ
ਮੈਂ ਸੁਣਿਆ ਏ ਬਸਰੇ ਦੀ ਓਸ ਨਿੱਕੀ ਜਿੰਨੀ
ਅਰਬ ਕੁੜੀ ਨੇ ਮਰਨ ਤੋਂ ਪਹਿਲਾਂ
ਆਪਣੇ ਬਾਬੇ ਨੂੰ
ਉੱਚੀ ਸਾਰੀ ਹਾਕ ਮਾਰੀ ਸੀ
ਤੇ ਆਪਣੀ ਹਿੱਕ ਅਠਿਆਨੀ ਘੁੱਟ ਕੇ
ਹੱਥ ਵਿਚ ਫੜ ਲਈ ਸੀ
ਮੈਂ ਤਾਂ ਇਹ ਵੀ ਸੁਣਿਆ
ਪਈ ਬਾਲੜੀ ਦੀ ਨੀਲੀ ਅੱਖ ਨੂੰ
ਜੋ ਅੱਜ ਵੀ
ਅਸਮਾਨਾਂ ਵੱਲ ਵਿੰਹਦੀ ਪਈ ਏ
ਉਹ ਜਹਾਜ਼ ਪਛਾਣ ਲਿਆ ਸੀ
ਜਹਾਜ਼ ਜੋ ਬਸਰੇ ਦੇ ਵਿਹੜੇ
ਬੰਬ ਮਾਰ ਕੇ ਨੱਸ ਗਿਆ
ਬਸਰੇ ਦੇ ਵਿਹੜੇ ਦੀ ਫਫਤਾ ਸੁਣ ਕੇ
ਮੈਂ ਸਾਰੀ ਰਾਤ ਸੋਚਿਆ
ਉਹ ਕਾਲਾ ਜਹਾਜ਼
ਜੋ ਅਮਰੀਕਾ ਵਲੋਂ ਆਇਆ
ਕਿਤੇ ਉਹੋ ਤਾਂ ਨਹੀਂ ਸੀ
ਜਿਸਨੇ ਵੀਅਤਨਾਮ ਕੁੜੀ
ਨਤੀਆ ਦੇ ਵਿਹੜੇ ਬੰਬ ਸੁੱਟਿਆ ਸੀ।

ਮੁੜ ਕਿਸ ਕਾਰਨ ਐਡੀ ਦੂਰੋਂ ਆਇਆ
ਕਿਸ ਕਾਰਨ
ਅੱਜ ਫੇਰ ਬੰਬਾਂ ਦੀ ਪੰਡ ਲਿਆਇਆ
ਕੀ ਉਹਦਾ ਮਾਲਕ
ਬਸਰੇ ਦੀ ਨਿੱਕੀ ਕਾਕੋ ਹੱਥੋਂ
ਅਠਿਆਨੀ ਖੋਹਣ ਆਇਆ ਸੀ
ਜਾਂ ਵਧੀਆ ਖਜੂਰਾਂ ਦੇ ਬਾਗ ਉਜਾੜਨ
ਕੀ ਖ਼ਿਆਲ ਏ ਤੁਹਾਡਾ
ਤੁਸੀਂ ਚਾਨਣ ਪਾਓਗੇ?

ਕੀ ਵਾਸ਼ਿੰਗਟਨ ਵਰਗੇ
ਲੰਡਨ ਪੈਰਿਸ ਵਰਗੇ
ਬਰਗਰ ਖਾਂਦੇ, ਵਿਸਕੀ ਪੀਂਦੇ
ਅਰਬ ਕੁੜੀ ਦੇ ਹੱਥ ਵਿਚ
ਖਮੀਰੀ ਰੋਟੀ ਦੀ ਖੰਨੀ
ਵੇਖ ਨਾ ਸਖਾਉਂਦੇ
ਕੀ ਵਾਸ਼ਿੰਗਟਨ ਵਰਗੇ ਡਾਕੂ ਰਾਜਧਾਨੀ
ਦਾ ਉਹ ਖ਼ੂਨੀ ਜਹਾਜ਼
ਕਦੇ ਮੁੜ ਬਸਰੇ ਵੱਲ ਆਵੇਗਾ?
ਮੇਰਾ ਮਤਲਬ ਏ
ਨਿੱਕੀ ਕਾਕੀ ਦੇ ਬਾਬੇ ਦਾ ਗੁੱਸਾ ਤੱਕਣ
ਜਾਂ ਮਾਰੂਥਲ ਦੀਆਂ ਅੱਖਾਂ ਵੇਖਣ। •

## ਵਿਹਲੀ ਨਿਗਾਰੀ, ਸੱਗੀ ਵਿਚਾਰੀ

ਉਹਨੂੰ ਜੇ ਕੋਈ ਪੁੱਛੇ ਕਿ ਏਥੇ
ਸਾਰਾ ਦਿਨ ਤੂੰ ਕੀ ਕੀਤਾ?
ਸੱਗੀ ਆਖੇਗੀ, "ਕੁਝ ਨਹੀਂ ਬੀਬੀ
ਬੱਸ ਐਵੇਂ ਹੱਥ ਪੱਲਾ ਮਾਰਿਆ
ਅੱਜ ਆਟਾ ਨਹੀਂ ਸੀ ਘਰ ਵਿਚ
ਮੁੱਕੇ ਹੁਣ ਦਾਣੇ ਵੀ।
ਭੜੋਲਾ ਝਾੜਿਆ, ਮਿੱਟੀ ਪਰਤਾਈ
ਅਨਾਜ ਮੈਂ ਨਿੱਕੀ ਮੋਟਾ ਇਕੱਠਾ ਕੀਤਾ

ਕਣਕ ਛੋਲੇ, ਬਾਜਰਾ, ਹੋਣਗੇ
ਕੋਈ ਢਾਈ ਸੇਰ ਪੱਕੇ
ਬਸ ਓਹੋ ਦਾਣੇ ਮੈਂ ਛੱਟੇ, ਸੰਵਾਰੇ,
ਹੱਥ ਚੱਕੀ ਤੇ ਪੀਠੇ
ਆਟਾ ਗੁੰਨ੍ਹਿਆਂ ਗੰਢਾਲੋਂ ਰਲਾ ਕੇ
ਰੋਟੀਆਂ ਥੱਪ ਲਈਆਂ ਮਿੱਸੀਆਂ
ਛਾਹ-ਵੇਲਾ ਕਿੱਡਾ ਸਵਾਦੀ
ਟੱਬਰ ਸਾਰੇ ਨੂੰ ਪਰੋਸਿਆ
ਰੱਜ-ਰੱਜ ਖਾਧੀਆਂ ਲੱਸੀ ਨਾਲ ਰੋਟੀਆਂ
ਮਿੱਸੀਆਂ ਦੋ-ਦੋ, ਨਾਲੇ ਚੋਪੜੀਆਂ।

ਛੇਕੜ ਜੋ ਬਚਿਆ, ਰੁੱਖਾ ਸੁੱਖਾ ਛਾਬੇ ਵਿਚ
ਖੰਨਾ ਚੱਪਾ ਬੁਰਕੀ ਲੀਰਾਂ,
ਆਪੇ ਖਾਧਾ ਹੱਸ ਕੇ
ਮੁੜ ਨਲਕਾ ਗੇੜ ਕੇ ਪਾਣੀ ਕੱਢਿਆ
ਘੜੀਆਂ ਹੱਥ ਮੂੰਹ ਧੋਤੇ
ਘੜੇ, ਬਲੋਟੀਆਂ,
ਬਾਲਟੀਆਂ ਵੀ ਭਰ ਲਈਆਂ
ਭਾਂਡੇ ਟੋਕਰੇ ਸਾਰੇ ਕੱਠੇ ਚਾ ਕੀਤੇ
ਮਾਂਜੇ, ਧੋਤੇ, ਥਾਂ ਥਾਂ ਰੱਖੇ
ਚੁੱਲ੍ਹਾ ਝਲਿਆਣੀ ਪੋਚਾ ਕੀਤੇ
ਲੀੜੇ ਪੋਤੜੇ ਧੋ ਕੇ ਪਾਏ ਧੁੱਪੇ
ਦੁਪਹਿਰਾਂ ਹੋਈਆਂ,
ਕੰਧ ਕੋਠੇ ਦੀਆਂ ਸਾਰਾਂ ਲਈਆਂ
ਅੰਦਰ ਬਾਹਰ ਮਿੱਟੀ ਲਾਈ
ਥੱਪੇ ਮੇਲ ਕੇ ਤਲੀਆਂ ਵੱਤੀਆਂ
ਸਭਜ ਸਵਾਰ ਕੇ ਅੰਦਰ ਵਿਹੜਾ
ਅੰਦਰ ਮੰਜੇ ਡਾਹੇ
ਟੱਬਰ ਸਾਰੇ ਦੇ ਬਿਸਤਰੇ ਕੀਤੇ
ਸੱਸ ਹੋਰਾਂ ਦੀ ਸੇਵਾ ਵੱਖਰੀ ਵੱਖਰੀ
ਹੁੱਕਾ ਦੂਜੀ ਵਾਰੀ ਤਾਜ਼ਾ ਕੀਤਾ
ਤੀਜੀ ਵਾਰੀ ਭਰਿਆ
ਤੇਲ ਵੀ ਝੱਸਿਆ ਸਿਰ ਨੂੰ
ਪੈਰ ਵੀ ਘੁੱਟੇ ਸੱਸ ਦੇ
ਨਿੱਕੀ ਨਨਾਣ ਦੀ ਗੁੱਤ ਕਰਕੇ
ਛੇਕੜ ਵਿਹਲੀ ਹੋਈ
ਪਰ ਕਿੱਥੇ ਵਿਹਲੀ?
ਤਰਕਾਲਾਂ ਪਈਆਂ
ਘਰ ਵਾਲਾ ਘਰ ਨੂੰ ਆਇਆ
ਆਉਂਦਿਆਂ ਸਾਰ ਰੱਫੜ ਪਾਇਆ
ਲੜਿਆ, ਰੋਟੀ ਦਿੱਤੀ
ਜੁੱਤੀ ਪੂੰਝੀ, ਨਲਕਾ ਗੇੜ ਕੇ
ਮੂੰਹ ਹੱਥ ਧੁਆਇਆ
ਰੁੱਠੜਾ ਖੌਂਦ ਮਨਾਇਆ
ਪਰ ਸੁੱਖ ਦਾ ਸਾਹ ਫਿਰ ਨਾ ਆਇਆ
ਮੁੰਡਾ ਰੋਇਆ, ਅੰਬ ਨੂੰ
ਕਾਕੀ ਰੋਈ ਦੁੱਧ ਨੂੰ
ਸੱਗੀ ਨੇ ਗੁੜ ਦੇ ਬਾਲ ਪਰਚਾਇਆ
ਕਾਕੀ ਨੂੰ ਹਿੱਕ ਨਾਲ ਲਾਇਆ,
ਦੁੱਧ ਪਿਆਇਆ,
ਫਿਰ ਪਤਾ ਨਹੀਂ, ਕਿਸੇ ਵੇਲੇ ...
ਕਿਤੇ ਅੱਧੀ ਰਾਤੀਂ ਜਾਂ ਪਹਿਲਾਂ ਪਿੱਛੋਂ
ਸੁਰਗ ਦਾ ਝੂਟਾ ਦੇਂਦੀ
ਨੀਂਦਰ ਸਹੇਲੀ ਉੱਤਰੀ ਵਿਹੜੇ
ਥੱਕੀ ਹਾਰੀ ਜ਼ਨਾਨੀ ਨੂੰ
ਘੁੱਟ ਕੇ ਉਸ ਜੱਫੀ ਜਾ ਪਾਈ



ਬੇਸੁੱਧ ਸੁੱਤੀ, ਝਗੜੇ ਝੇੜੇ ਭੁੱਲੀ
ਪਰ ਕੀ ਸੁੱਤੀ ਔਗੁਣਹਾਰੀ
ਚਹੁੰ ਘੜੀਆਂ ਪਿੱਛੋਂ ਤੜਕਾ ਹੋਇਆ
ਕੁੱਕੜ ਬੋਲਿਆ ਉੱਚੀ ਸਾਰੀ
ਸੱਸ ਨੇ ਆਣ ਹਲੂਣਾ ਦਿੱਤਾ
ਉੱਠ ਜਾਗ ਨੀ ਕੁੜੀਏ
ਕੱਖ ਭੰਨ ਕੇ ਦੋਹਰਾ ਕਰ ਲਈਏ
ਵਿਹਲੀਏ ਨੂੰਹ ਅੜੀਏ।

ਸੱਗੀ ਵਿਚਾਰੀ
ਗੱਲ ਸੁਣ ਕੇ ਪਾਸਾ ਪਰਤੀ
ਅੱਖਾਂ ਮਲੀਆਂ ਉੱਠ ਕੇ ਬੈਠੀ
ਪਰ ਨੀਂਦ ਨਾ ਟੁੱਟੀ
ਲਾਚਾਰ ਓਨ ਮਟੋਣੀ ਹੋ ਕੇ
ਉਸੇ ਥਾਂ ਡਿੱਗੀ
ਮੁੜ ਕੇ ਸੌਂ ਗਈ
ਏਸੇ ਗੱਲ ਤੋਂ ਖੌਂਦੇ ਨੂੰ ਗੁੱਸਾ ਚੜ੍ਹਿਆ
ਕਹਿਰੀ ਜ਼ਹਿਰੀ ਹੋ ਕੇ
ਉੱਚੀ ਸਾਰੀ ਹਾਕ ਚਾ ਮਾਰੀ
ਗਾਲ੍ਹ ਵੀ ਕੱਢੀ
ਘਸੁੰਨ ਮਾਰ ਕੇ ਆਖਣ ਲੱਗਾ
ਹਾਲੀਂ ਤੇਰੀ ਰਾਤ ਨਹੀਂ ਮੁੱਕੀ
ਉੱਠ ਛੇਤੀ ਵੇਖ ਜਾ ਕੇ
ਵੱਛਾ ਖੁੱਲ੍ਹਾ ਫਿਰਦਾ, ਡੰਗਰ ਹਾਤੇ
ਮੱਝ ਪਈ ਡਿੰਗਦੀ ਭੁੱਖੀ ਭਾਣੀ
ਗੁਤਾਵਾ ਕਰਦੇ, ਧਾਰਾਂ ਕੱਢ ਲੈ ਛੇਤੀ
ਦੁੱਧ ਰਿੜਕਣ ਤੋਂ ਪਹਿਲਾਂ-ਪਹਿਲਾਂ
ਪਾਥੀਆਂ ਪੱਥ ਕੇ ਗੋਹਾ ਕੂੜਾ ਕਰ ਸੁੱਟ
ਗੋਹਾ ਕੂੜਾ ਕਰ ਲੈ, ਪੱਥ ਕੇ ਪੜ ਲਾ ਦੇ
ਨਾਲੇ ਗੱਲ ਸੁਣ
ਅੱਜ ਰੋਟੀ ਲੱਸੀ ਲੈ ਕੇ
ਰਤਾ ਛੇਤੀ ਖੂਹ ਤੇ ਆਵੀਂ
ਦਾਤੀ ਨਾਲ ਲਿਆਵੀਂ
ਤਾਂ ਜੋ ਮੁੜਦੀ ਵਾਰੀ ਪੰਢ ਪੱਠਿਆਂ ਦੀ
ਵੱਢ ਲਿਆਵੀਂ
ਕੰਮ ਤਾਂ ਇੱਕ ਦੋ ਹੋਰ ਵੀ ਹੈਗੇ
ਭੁੱਲ ਨਾ ਜਾਵੀਂ
ਕੱਪੜੇ ਲੀੜੇ ਮੇਰੇ ਜਰੂਰੀ ਧੋ ਕੇ ਪਾਦੇ ਸਾਰੇ
ਮੈਂ ਕੱਲ੍ਹ ਨੂੰ ਵਾਂਢੇ ਜਾਣਾ
ਹੱਸ ਕੇ ਆਖਣ ਲੱਗਾ
"ਸੌਂਕਣ ਤੇਰੀ ਨੂੰ ਘਰ ਲਿਆਉਣਾ
ਵੇਖੀਂ ਦਿਲ ਲਾ ਕੇ ਧੋਵੀਂ ਕੁੜਤਾ ਮੇਰਾ
ਪੱਗ ਨੂੰ ਅਬਰਕ ਮਾਵਾ ਚੰਗਾ ਲਾਵੀਂ
ਭੁੱਲ ਨਾ ਜਾਵੀਂ ਨਿਕਾਰੀਏ
ਨੀ ਵਿਹਲੀਏ ਰੰਨੇ।" •

ਸਵੈ-ਚਿੱਤਰ

## ਮੈਂ ਕੌਣ?

ਮੈਂ ਕੌਣ?
ਇੱਕ ਔਰਤ ਹਾਂ ਮਹਿਮੂਲੀ ਜਿਹੀ
ਕਾਲੀ ਨਾ ਗੋਰੀ
ਜਨਮ ਵੇਲੇ ਮੇਰਾ ਚਿਹਰਾ
ਨਕਸ਼ਾਂ ਤੋਂ ਖਾਲੀ ਸੀ
ਏਸੇ ਲਈ ਮੈਂ ਆਪਣੀ ਮਿੱਟੀ
ਫਿਰ ਤੋਂ ਗੁੰਨ੍ਹੀ

ਆਪਣੇ ਹੱਥਾਂ ਨਾਲ
ਆਪਣਾ ਮੁੱਖ ਬਣਾਇਆ।

ਮੇਰਾ ਚਿਹਰਾ ਬਹੁਤ ਖ਼ੂਬਸੂਰਤ ਨਹੀਂ
ਪਰ ਨਕਸ਼ ਪੂਰੇ ਨੇ
ਜਨਮ ਵੇਲੇ ਮੇਰਾ ਨਾਮ ਗੁੰਮਨਾਮ ਸੀ
ਮੈਂ ਖ਼ੁਦ ਹੀ ਆਪਣਾ ਨਾਂ ਰੱਖਿਆ
ਬਹੁਤ ਉੱਚਾ ਨਹੀਂ
ਪਰ ਨਾਂ ਦਾ ਅਰਥ ਪੂਰਾ ਹੈ
ਇਤਿਹਾਸ ਮੇਰੇ ਹੱਕ ਵਿਚ ਨਹੀਂ ਸੀ
ਉਸੇ ਨੇ ਮੇਰੇ ਰਾਹ ਵਿਚ ਕੰਡੇ ਬੀਜੇ।

ਸਮਾਜ ਮੇਰੇ ਖਿਲਾਫ਼ ਸੀ
ਉਸਨੇ ਮੇਰੇ ਸਿਰ ਉੱਤੇ ਹਨ੍ਹੇਰੇ ਦਾ
ਤੰਬੂ ਤਾਣ ਦਿੱਤਾ
ਤਾਂ ਕਿ ਮੈਂ ਅਸਮਾਨ ਨੂੰ ਨਾ ਵੇਖ ਸਕਾਂ
ਨਾ ਹੀ ਕਿਸੇ ਚੰਨ-ਤਾਰੇ ਨਾਲ ਗੱਲ ਕਰਾਂ
ਮੇਰੇ ਦਿਲ ਨੂੰ ਇਹ ਸਲੂਕ ਬੁਰਾ ਲੱਗਿਆ
ਉਸਨੇ ਮੈਨੂੰ ਸਲਾਮ ਦਿੱਤੀ
ਚੱਲ ਜੋਗੀ ਬਣ ਜਾਈਏ
ਪਰ ਜੋਗਣ ਜੰਗਲ ਕਿਵੇਂ ਜਾਂਦੀ?
ਮੇਰੇ ਪੈਰਾਂ ਵਿਚ ਲੋਹੇ ਦੀ ਬੇੜੀ ਸੀ
ਮੈਂ ਖਾਮੋਸ਼ ਰਹਿ ਕੇ
ਨਾਰਾਜ਼ਗੀ ਪ੍ਰਗਟ ਕੀਤੀ
ਰਿਸ਼ਤੇ-ਨਾਤੇ ਸਾਰੇ ਤੋੜ ਦਿੱਤੇ।

ਕਿਤਾਬ ਦੀ ਓਟ ਵਿਚ
ਮੂੰਹ ਲੁਕਾ ਕੇ ਨੁੱਕਰੇ ਜਾ ਬੈਠੀ
ਕਿਤਾਬ ਨੂੰ ਮੇਰੇ ਦਿਲ ਦੀ ਖ਼ਬਰ ਸੀ
ਉਸ ਨੇ ਮੈਨੂੰ ਕਈ ਗੱਲਾਂ ਦੱਸੀਆਂ
ਇੱਕ ਨਵੀਂ ਦੁਨੀਆਂ ਦੀ ਕਹਾਣੀ ਸੁਣਾਈ
ਫਿਰ ਇੱਕ ਦਿਨ ਸਵੇਰੇ ਸਵੱਖਤੇ
ਸੂਰਜ ਨੇ ਆਪਣੀਆਂ ਦੋ ਕਿਰਨਾਂ
ਮੇਰੇ ਵੱਲ ਸੁੱਟੀਆਂ
ਮੈਂ ਆਪਣੇ ਹੱਥਾਂ ਵਿਚ ਕਲਮ ਫੜ ਲਈ
ਤੇ ਇੱਕ ਲਫ਼ਜ਼ ਲਿਖਿਆ
ਧੀਮਾ ਸ਼ਬਦ ਸੀ ਉਹ
ਪਰ ਹਵਾ ਲੱਗਦੇ ਹੀ ਦੀਵੇ ਵਾਂਗ
ਲੋਅ ਦੇਣ ਲੱਗਾ
ਉਹੀ ਲਾਟ ਮੇਰੇ ਕੰਮ ਆਈ
ਮੈਂ ਹਨ੍ਹੇਰੇ ਦਾ ਤੰਬੂ ਸਾੜ ਸੁੱਟਿਆ
ਹੁਣ ਕੀ ਹੈ?
ਮੈਂ ਘਰ ਦੀ ਸਰਦਲ ਤੇ ਬੈਠੀ
ਸੱਤ ਅਸਮਾਨ ਵੇਖ ਸਕਦੀ ਹਾਂ
ਸੂਰਜ ਖ਼ੁਦ ਮੈਨੂੰ ਪਛਾਣਦਾ ਹੈ
ਮੈਂ ਸਾਰੇ ਜਹਾਨ ਨੂੰ ਜਾਣਦੀ ਹਾਂ
ਜਹਾਨ ਕੀ,
ਮੈਂ ਅਗਲੇ ਜਹਾਨ ਨੂੰ ਵੀ ਜਾਣਦੀ ਹਾਂ
ਇਸ ਜਹਾਨ ਲਈ
ਮੇਰਾ ਇੱਕ ਸੁਪਨਾ ਵੀ ਹੈ
ਸੁੱਖ-ਸ਼ਾਂਤੀ, ਅਮਨ ਤੇ ਬਹੁਤ ਸਾਰਾ ਇਲਮ
ਮੇਰਾ ਤੇ ਉਹਨਾਂ ਸਾਰਿਆਂ ਦਾ ਸੁਪਨਾ
ਜੋ ਲਫ਼ਜ਼ ਦੀ ਲਾਟ ਦੇ ਨਾਲ
ਹਨ੍ਹੇਰੇ ਦਾ ਤੰਬੂ ਸਾੜ ਕੇ
ਸੂਰਜ ਨੂੰ ਵੀ ਆਪਣੇ ਵੱਲ ਕਰ ਸਕਣ।





# ਅੰਮ੍ਰਿਤਾ ਪ੍ਰੀਤਮ ਨਾਲ ਸਾਢੇ ਚਾਰ ਦਿਹਾੜੇ

- ਅਫ਼ਜ਼ਲ ਤੌਸੀਫ਼

ਦਿੱਲੀ ਵਿਚ ਰਹਿੰਦੀ ਪੰਜਾਬੀ ਜ਼ੁਬਾਨ ਦੀ ਸਭ ਤੋਂ ਵੱਡੀ ਸ਼ਾਇਰਾ ਤੇ ਅਦੀਬਾ ਨਾਲ ਬੜੇ ਦਿਨਾਂ ਤੋਂ ਅਕੀਦਤ ਦਾ ਰਿਸ਼ਤਾ ਚੱਲ ਰਿਹਾ ਸੀ। ਹਵਾਈ ਜਹਾਜ਼ ਰਾਹੀਂ ਖ਼ਤ ਆਉਂਦੇ ਜਾਂਦੇ। ਮੈਂ ਤਾਂ ਉਨ੍ਹਾਂ ਦੀਆਂ ਨਜ਼ਮਾਂ, ਕਹਾਣੀਆਂ ਪੜ੍ਹਦੀ ਰਹੀ ਹਾਂ। ਹਰਫ਼ ਹਰਫ਼ ਦੀ ਸ਼ਨਾਖ਼ਤ ਤੇ ਸ਼ਰਧਾ ਨਾਲ। ਆਪ ਉਨ੍ਹਾਂ ਵੀ ਮੇਰੀਆਂ ਕੁਝ ਪੜ੍ਹੀਆਂ ਤੇ 'ਨਾਗਮਣੀ' ਵਿਚ ਛਾਪ ਕੇ ਦਿੱਲੀ ਨਾਲ ਮੇਰਾ ਤੁਆਰਫ਼ ਕਰਾਇਆ। ਅਣਡਿੱਠਾ ਤੁਆਰਫ਼ ਹੈ ਸੀ। ਦੁੱਖ-ਸੁੱਖ ਵੀ ਕਰ ਲੈਂਦੀ ਸਾਂ। ਜ਼ਿੰਦਗੀ ਦੀ ਬਹੁਤ ਵੱਡੀ ਅਜ਼ਮਾਇਸ਼ ਆਈ ਤਾਂ ਆਪਣੇ ਦਿਲ ਦਾ ਹਾਲ ਉਨ੍ਹਾਂ ਕੋਲ ਅਮਾਨਤ ਰੱਖਵਾ ਦਿੱਤਾ, ਪਰ ਮੁਲਾਕਾਤ ਦਾ ਰਸਤਾ ਕੋਈ ਨਹੀਂ ਸੀ। ਕਿਞ ਹੁੰਦਾ? ਨਾ ਉਹ ਲਾਹੌਰ ਆਉਣ ਨਾ ਮੈਂ ਦਿੱਲੀ ਜਾਵਾਂ। ਪਰ ਲੋਕੀ ਰੋਜ਼ ਈ ਆ ਕੇ ਦੱਸਦੇ ਅਸੀਂ ਅੰਮ੍ਰਿਤਾ ਜੀ ਨੂੰ ਮਿਲ ਕੇ ਆਏ ਹਾਂ। ਮੈਨੂੰ ਚੰਗਾ ਨਹੀਂ ਸੀ ਲੱਗਦਾ। ਪਰ ਆਪਣੇ ਲਈ ਇੰਞ ਲੱਗਦਾ ਸੀ, ਪਿਛਲੇ ਕਈ ਜਨਮਾਂ ਤੋਂ ਉਨ੍ਹਾਂ ਦੇ ਨੇੜੇ ਰਹਿੰਦੀ ਆ ਰਹੀ ਹਾਂ। ਏਸ ਜਨਮ ਵਿਚ ਦੂਰ ਹਾਂ ਬੱਸ।

ਹੁਣ ਜਦੋਂ ਕਲਕੱਤਾ ਜਾਣ ਦੀ ਗੱਲ ਬਣੀ ਤਾਂ ਸੋਚਿਆ ਦਿੱਲੀ ਰਾਹ ਵਿਚ ਆਉਣੀ ਏ। ਜਾਂਦੀ ਵਾਰੀ ਜਾਂ ਮੁੜਦੀ ਵਾਰੀ ਮੁਲਾਕਾਤ ਹੋ ਸਕਦੀ ਏ। ਏਸ ਮੁਲਾਕਾਤ ਲਈ ਮੈਂ ਪੂਰੇ ਚਾਰ ਦਿਨ ਤੇ ਅੱਧਾ ਪੰਜਵਾਂ ਦਿਨ ਵੀ ਰੱਖਿਆ। ਇਲਿਆਸ ਘੁੰਮਣ ਨੇ ਤਾਕੀਦ ਕੀਤੀ ਸੀ ਪਈ 'ਸਾਹਿਤ' ਵਾਸਤੇ ਖ਼ਾਸ ਇੰਟਰਵਿਊ ਕਰਕੇ ਲਿਆਉਣਾ ਏ। ਮੈਂ ਇੰਟਰਵਿਊ ਕਰਨ ਦੀ ਮਾਹਿਰ ਤਾਂ ਬਿਲਕੁਲ ਨਹੀਂ ਆਂ। ਫਿਰ ਵੀ ਕੁਝ ਸਵਾਲ ਕਾਪੀ ਵਿਚ ਲਿਖ ਲਏ ਸੀ। ਇਕ ਘੰਟੇ ਦਾ ਕੰਮ ਹੋ ਸਕਦਾ ਸੀ, ਪਰ ਨਹੀਂ ਮੈਂ ਉਸ ਇੰਟਰਵਿਊ ਤੇ ਕਈ ਦਿਨ ਲਾਏ ਤਾਂ ਜਾ ਕੇ ਗੱਲ ਪੂਰੀ ਹੋਈ। ਪੂਰੀ ਵੀ ਕਿੱਥੇ ਬਥੇਰਾ ਕੁਝ ਰਹਿ ਵੀ ਗਿਆ ਹੋਣਾ ਏ। ਬੰਦਾ ਕਦੇ ਵੀ ਦਿਲ ਦੀ ਪੂਰੀ ਗੱਲ ਨਹੀਂ ਕਰ ਸਕਦਾ। ਕਦੇ ਵੀ ਸਾਰੀ ਗੱਲ ਪੁੱਛ ਨਹੀਂ ਸਕਦਾ। ਇਹੋ ਗੱਲ ਮੈਂ ਅੰਮ੍ਰਿਤਾ ਕੋਲੋਂ ਪੁੱਛਣੀ ਸੀ, ਪਰ ਉਨ੍ਹਾਂ ਮੈਨੂੰ ਸਵਾਲ ਕਰਨ ਦਾ ਮੌਕਾ ਨਹੀਂ ਦਿੱਤਾ। ਆਪੇ ਸਾਰਾ ਕੁਝ ਦੱਸਦੇ ਰਹੇ। ਕਈ ਅਜਿਹੇ ਸਵਾਲ ਵੀ ਹੱਲ ਹੋਏ, ਜਿਨ੍ਹਾਂ ਦੇ ਸਵਾਲ ਮੇਰੇ ਕੋਲ ਨਹੀਂ ਸਨ। ਹੁਣ ਤਾਈਂ ਅੰਮ੍ਰਿਤਾ ਦੇ ਬਥੇਰੇ ਇੰਟਰਵਿਊ ਕੀਤੇ ਜਾ ਚੁੱਕੇ ਨੇ। ਇੱਕ ਕਿਤਾਬ ਵੀ ਬਣ ਚੁੱਕੀ ਏ। ਉਨ੍ਹਾਂ ਦਾ ਆਪਣਾ ਕਹਿਣਾ ਵੀ ਏ ਕਿ ਇੰਟਰਵਿਊ ਵਿਚ ਕਈ ਗੱਲਾਂ ਦੀ ਤਕਰਾਰ ਹੋ ਜਾਂਦੀ ਏ। ਸਵਾਲਾਂ ਦੀ ਵੀ ਤਕਰਾਰ ਹੁੰਦੀ ਏ ਪਰ ਕਈ ਸਵਾਲ ਕਦੇ ਕਿਸੇ ਨੇ ਕੀਤੇ ਈ ਨਹੀਂ ਹੋਣਗੇ। ਲਿਖਾਰੀ ਜਾਂ ਫ਼ਨਕਾਰ ਦੀ ਮੁਸ਼ਕਿਲ ਇਹ ਹੁੰਦੀ ਏ ਪਈ ਉਹਦਾ ਆਪਣਾ ਆਪ

"ਉਹਦਾ ਅੰਦਰਲਾ ਬੰਦਾ ਓਹਲੇ ਚਲਾ ਜਾਂਦਾ ਏ। ਫ਼ਨਕਾਰ ਦੇ ਪਿੱਛੇ ਲੱਗ ਜਾਂਦਾ ਜਾਂ ਕਿਧਰੇ ਅੰਦਰ ਘੁੱਟਿਆ ਜਾਂਦਾ ਏ। ਇਸ ਗੱਲ ਦਾ ਪਤਾ ਮੈਨੂੰ ਚਾਰ ਦਿਹਾੜੇ ਦਿਨ ਰਾਤ ਉਨ੍ਹਾਂ ਦੇ ਨਾਲ ਰਹਿ ਕੇ ਪਤਾ ਲੱਗਾ। ਫਿਰ ਜਦੋਂ ਔਰਤ ਔਰਤ ਰਲ ਮਿਲ ਕੇ ਬੈਠੀਆਂ, ਉਹ ਗੱਲਾਂ ਛੋਹੀਆਂ ਜਿਨ੍ਹਾਂ ਨੂੰ ਦੁੱਖ ਸੁੱਖ ਕਹਿੰਦੇ ਨੇ। ਤਾਂਹੀਓਂ ਮੈਨੂੰ ਪਤਾ ਲੱਗਾ ਕਿ ਉਸ ਵੱਡੀ ਸਾਰੀ ਰਾਈਟਰ ਤੇ ਮਹਾਨ ਫ਼ਨਕਾਰ ਦੇ ਪਿੱਛੇ ਬਿਲਕੁਲ ਉਹਲੇ ਇੱਕ ਨਾਜ਼ੁਕ ਜਿਹੀ, ਮਾਸੂਮ ਜਿਹੀ ਜਨਾਨੀ ਲੁਕੀ ਬੈਠੀ ਏ, ਜੋ ਸ਼ਾਇਰਾ ਅੰਮ੍ਰਿਤਾ ਦੀਆਂ ਮਹਿਫ਼ਲਾਂ ਵਿਚ ਕਦੇ ਨਹੀਂ ਆਉਂਦੀ। ਇੰਟਰਵਿਊ ਦਿੰਦੇ ਹੋਏ ਜਾਂ ਸ਼ਿਅਰ ਅਦਬ ਦੀ ਗੱਲ ਕਰਦੇ ਹੋਏ ਭਾਵੇਂ ਸਮਾਜ ਦੀ ਹਾਲਤ ਉੱਤੇ ਕੈਸਿਟ ਕਰਦੇ ਹੋਏ ਅੰਮ੍ਰਿਤਾ ਜੀ ਹਾਈ ਸਾਊਂਡਿੰਗ ਇੰਟਲੈਕਚੁਅਲ ਗੱਲਾਂ ਕਰਦੇ ਨੇ। ਕਦੇ ਭੁੱਲ ਕੇ ਵੀ ਉਸ ਜਨਾਨੀ ਨੂੰ ਵਿਚਕਾਰ ਨਹੀਂ ਆਉਣ ਦਿੰਦੇ। ਜਿਹਦੀ ਮਦਦ ਨਾਲ ਉਨ੍ਹਾਂ ਨੂੰ ਬੇਫ਼ਿਕਰੀ ਮਿਲੀ ਹੋਈ ਏ। ਘਰਦਾਰੀ ਚਲਾਉਣ ਦੇ ਮਸਲੇ, ਮਾਲੀ ਮਸਲਿਆਂ ਦਾ ਹੱਲ, ਛੋਟੀ ਛੋਟੀ ਆਮਦਨ ਨੂੰ ਪੂਰੀ ਕਾਰੀਗਰੀ ਨਾਲ ਖਰਚ ਕਰਨੇ ਦਾ ਵੱਲ, ਉਸੇ ਜਨਾਨੀ ਨੂੰ ਆਉਂਦਾ ਏ। ਅੰਮ੍ਰਿਤਾ ਸ਼ਾਇਰਾ ਨੂੰ ਨਹੀਂ, ਉਹ ਜਨਾਨੀ ਜੋ ਇੱਕ ਘਰ ਚਲਾਉਂਦੀ ਏ। ਉਸੇ ਨੇ ਘਰ ਬਣਾਇਆ ਤੇ ਵਸਾਇਆ ਵੀ। ਉਹੋ ਮਾਂ ਵੀ ਏ ਦਾਦੀ ਵੀ। ਉਸੇ ਔਰਤ ਦੀਆਂ ਅਜਿਹੀਆਂ ਸਹੇਲੀਆਂ ਅਜੇ ਤਾਈਂ ਚੱਲ ਰਹੀਆਂ ਨੇ, ਜੋ ਸ਼ਿਅਰ ਅਦਬ ਨਾਲ ਵਾਸਤਾ ਨਹੀਂ ਰੱਖਦੀਆਂ। ਅੰਮ੍ਰਿਤਾ ਜੀ ਦੇ ਬੱਚੇ ਵੀ ਸ਼ਿਅਰ ਅਦਬ ਨਾਲ ਉਸ ਤਰ੍ਹਾਂ ਦੀ ਦਿਲਚਸਪੀ ਨਹੀਂ ਰੱਖਦੇ। ਉਨ੍ਹਾਂ ਨਾਲ ਡੀਲ ਕਰਦੇ ਹੋਏ ਅੰਮ੍ਰਿਤਾ ਜੀ ਬਿਲਕੁਲ ਮਾਂ ਵਰਗੀ ਹੁੰਦੀ ਏ। ਇਕ ਆਮ ਜਿਹੀ ਜਨਾਨੀ, ਆਮ ਜਿਹੇ ਮਾਮਲਿਆਂ ਨਾਲ ਡੀਲ ਕਰਦੀ ਨਜ਼ਰ ਆਉਂਦੀ ਏ। ਇਸੇ ਤਰ੍ਹਾਂ ਪੋਤਾ ਪੋਤੀ ਰਵਾਇਤੀ ਤਰੀਕੇ ਨਾਲ ਜੋ ਗੱਲ ਮਾਪਿਆਂ ਨਾਲ ਨਹੀਂ ਕਰ ਸਕਦੇ, ਉਹ ਆ ਕੇ ਦਾਦੀ ਨਾਲ ਕਰ ਲੈਂਦੇ ਨੇ।

ਅੰਮ੍ਰਿਤਾ ਨੇ ਬੜੇ ਸਲੀਕੇ ਨਾਲ, ਮਾਂ ਵਾਲੀ ਲਗਨ ਨਾਲ, ਆਪਣੇ ਬੱਚਿਆਂ ਦੇ ਮਾਮਲੇ ਹੱਲ ਕੀਤੇ ਹੋਏ ਨੇ। ਆਪਣੇ ਮਕਾਨ ਦੇ ਵੱਖ-ਵੱਖ ਹਿੱਸੇ ਬਣਾ-ਕੇ ਬੇਟੇ ਬੇਟੀ ਕੰਦਲਾਂ ਤੇ ਨੌਰਾਜ ਨੂੰ ਆਬਾਦ ਕੀਤਾ ਹੋਇਆ ਏ। ਉਨ੍ਹਾਂ ਦੀਆਂ ਜ਼ਿੰਦਗੀਆਂ ਸਮਾਜੀ ਤੇ ਮੁਆਸ਼ੀ ਮਸਲਿਆਂ ਨੂੰ ਸ਼ਾਇਰਾਨਾ ਤਰੀਕੇ ਨਾਲ ਨਹੀਂ, ਆਮ ਤੇ ਅਮਲੀ ਤਰੀਕੇ ਨਾਲ ਵੇਖ ਕੇ, ਮਾਂ ਵਾਲੇ ਤਰੀਕੇ ਨਾਲ ਹੱਲ ਕੀਤਾ। ਉਨ੍ਹਾਂ ਦੇ ਬੱਚੇ ਬਾਗ਼ੀ ਨਹੀਂ ਹੋਏ। ਸਗੋਂ ਮਾਂ ਤੇ ਭਰੋਸਾ ਕਰਦੇ ਨੇ। ਅੱਜ ਵੀ ਨੌਰਾਜ ਦੇ ਬੱਚੇ ਦਾਦੀ ਦੀ ਮਦਦ ਨਾਲ ਮਹਿੰਗੇ ਸਕੂਲਾਂ ਵਿਚ ਪੜ੍ਹ ਰਹੇ ਨੇ। ਅੱਜ ਵੀ ਕੰਦਲਾਂ ਬਾਹਲ ਜਾਣ ਲੱਗੀ ਮਾਂ ਕੋਲੋਂ ਚੈੱਕ ਲੈਣ ਆਉਂਦੀ ਏ। ਅੰਮ੍ਰਿਤਾ ਜੀ ਨੇ ਆਪਣੀ ਰਾਇਲਟੀ ਤੇ ਐਵਾਰਡ ਦੀਆਂ ਰਕਮਾਂ ਜੋੜ-ਜੋੜ ਕੇ ਆਪਣੇ ਤੇ ਬੱਚਿਆਂ ਦੇ ਸਿਰ ਤੇ ਛੱਤ ਪਾਈ ਹੋਈ ਏ। ਅੱਜ ਵੀ ਆਪਣੇ ਹੱਥਾਂ ਨਾਲ.... ਛੋਟੇ ਛੋਟੇ ਹੱਥ ਜਿਸ ਕਲਾਕਾਰੀ ਨਾਲ ਕਲਮ ਚਲਾਉਂਦੇ ਉਸੇ ਤਰ੍ਹਾਂ ਫੁਲਕਾ ਵੀ



ਵੇਲਦੇ ਨੇ... ਆਟਾ ਗੁੰਨ੍ਹ ਕੇ ਗਰਮ-ਗਰਮ ਫੁਲਕੇ ਟੱਬਰ ਦੇ ਜੀਆਂ ਨੂੰ ਖਵਾ ਕੇ ਖੁਸ਼ੀ ਹਾਸਲ ਕਰਦੇ ਨੇ। ਕਿਸੇ ਸਿਆਣੀ ਜਨਾਨੀ ਵਾਂਗ ਉਨ੍ਹਾਂ ਆਪਣਾ ਹੱਥ ਦੇਣ ਵਾਲਾ ਹੱਥ ਰੱਖਿਆ ਹੋਇਆ ਏ, ਲੈਣ ਵਾਲਾ ਨਹੀਂ। ਅਮਰੋਜ਼ ਜੀ ਨਾਲ ਬਰਾਬਰੀ ਚੱਲਦੀ ਏ। ਘਰ ਦਾ ਬਜਟ ਬਣਾਉਣ ਲਈ ਦੋਵੇਂ ਅੱਧੇ-ਅੱਧੇ ਪੈਸੇ ਪਾਉਂਦੇ ਨੇ। ਇਸੇ ਤਰੀਕੇ ਕੰਮ ਵੀ ਅੱਧੇ-ਅੱਧੇ ਵੰਡ ਕੇ ਹੋਈ ਜਾਂਦੇ ਨੇ। ਅੰਮ੍ਰਿਤਾ ਜੀ ਹਾਂਡੀ ਰੋਟੀ ਕਰ ਲੈਣ ਤਾਂ ਅਮਰੋਜ਼ ਜੀ ਰਾਹ ਬਣਾਉਣ ਤੇ ਕਿਚਨ ਸਾਫ ਕਰਨ ਦਾ ਕੰਮ ਮਿੰਟਾਂ 'ਚ ਮੁਕਾ ਲੈਂਦੇ ਨੇ। ਇਸੇ ਕਰਕੇ ਉਹਨਾਂ ਦਾ ਬਾਵਰਚੀਖ਼ਾਨਾ ਆਰਟਿਸਟਿਕ ਤਰੀਕੇ ਨਾਲ ਸਜਿਆ ਹੋਇਆ ਵੇਖਿਆ ਜਾ ਸਕਦਾ ਏ।

ਅੰਮ੍ਰਿਤਾ ਜੀ ਦਾ ਘਰ ਤੇ ਰੋਜ਼ ਦੀ ਜ਼ਿੰਦਗੀ ਚਲਾਉਣ ਦਾ ਤਰੀਕਾ ਇੱਕ ਮਿਸਾਲ ਏ। ਘਰਾਂ ਵਾਲਿਆਂ ਲਈ ਅਤੇ ਅਦੀਬਾਂ ਸ਼ਾਇਰਾਂ ਲਈ ਵੀ।.ਇਕ ਅਜਿਹਾ ਘਰ ਜਿੱਥੇ ਸਾਰੇ ਈ ਕੰਮ ਆਪਣੇ ਹੱਥਾਂ ਨਾਲ ਕੀਤੇ ਜਾਂਦੇ ਨੇ। ਨੌਕਰ ਵਰਗੀ ਕਿਸੇ ਸ਼ੈਅ ਦਾ ਦਾਖ਼ਲਾ ਮਨ੍ਹਾ ਏ। ਇਹ ਕੰਮ ਕਰਦਾ ਕੌਣ ਏ? ਇਕ ਮਹਾਨ ਸ਼ਾਇਰਾ, ਇਕ ਫਾਈਨ ਆਰਟਿਸਟ। ਬਹੁਤ ਮਸਰੂਫ਼ (ਰੁੱਝਾ) ਰਹਿਮ ਵਾਲੇ ਤੇ ਦਿਨ ਰਾਤ ਤਖ਼ਲੀਕੀ ਕੰਮਾਂ ਵਿਚ ਰੁੱਝੇ ਰਹਿਣ ਵਾਲੇ ਦੋ ਇਨਸਾਨ, ਪੂਰੇ ਇਨਸਾਨ ਹੋ ਕੇ ਜਿਊਂਦੇ ਨੇ। ਆਪਣੇ ਸਾਰੇ ਕੰਮ ਆਪਣੇ ਹੱਥਾਂ ਨਾਲ ਕਰਦੇ। ਪ੍ਰਾਹੁਣਿਆਂ ਦੀ ਖ਼ਾਤਰ ਖ਼ਿਦਮਤ ਵੀ ਨਾਲੋਂ ਨਾਲ। ਕਿਸੇ ਦੀ ਮੁਹਤਾਜੀ ਨਹੀਂ, ਸਿਵਾਏ ਆਪਣੇ ਆਪ ਦੇ। ਉਹ ਸਾਰੇ ਲੋਕੀ ਜਾਂ ਆਪਣੇ ਨਿੱਕੇ-ਨਿੱਕੇ ਕੰਮਾਂ ਲਈ ਨੌਕਰਾਂ ਤੇ ਮੁਹਤਾਜ ਨਹੀਂ ਤੇ ਉਹ ਨਿੱਕੇ-ਨਿੱਕੇ ਫ਼ਨਕਾਰ ਜਿਨ੍ਹਾਂ ਦੀ ਜ਼ਿੰਦਗੀ ਵਿਚ ਇਨਸਾਨੀ ਸਲੀਕਾ ਤੇ ਹੁਨਰਮੰਦੀ ਉੱਕਾ ਗਾਇਬ ਹੁੰਦੀ ਏ। ਪਤਾ ਨਹੀਂ ਆਪਣੇ ਆਪ ਅੱਗੇ ਸ਼ਰਮਿੰਦਾ ਹੋਣ ਦੀ ਸੂਝ ਉਹਨਾਂ ਕੋਲ ਹੁੰਦੀ ਵੀ ਏ ਕਿ ਨਹੀਂ। ਪਰ ਉਹ ਇਸ ਘਰ ਆ ਕੇ ਜ਼ਰੂਰ ਸ਼ਰਮਿੰਦਾ ਹੋ ਸਕਦੇ ਨੇ। ਇਕ ਆਰਟਿਸਟ ਦੇ ਹੱਥਾਂ ਦਾ ਸਜਿਆ ਹੋਇਆ ਘਰ। ਪੌੜੀਆਂ ਤੋਂ ਲੈ ਕੇ ਅੰਦਰ ਤੋੜੀ ਆਰਟ ਦੇ ਨਮੂਨੇ ਝਾਕਦੇ ਨੇ। ਖਿੜਕੀਆਂ ਵੱਲ ਵੇਖੋ ਤਾਂ ਬਾਹਰੋਂ ਹਰਿਆਲੀ ਝਾਤੀਆਂ ਮਾਰਦੀ ਏ। ਅੰਦਰੋਂ ਸ਼ੀਸ਼ਿਆਂ ਉੱਤੇ ਲਿਖੀਆਂ ਹੋਈਆਂ ਅੰਮ੍ਰਿਤਾ ਜੀ ਦੀਆਂ ਨਜ਼ਮਾਂ ਹੌਲੀ-ਹੌਲੀ ਬੋਲਦੀਆਂ ਨੇ। ਲੈਂਪ ਜਲਾਉ ਤਾਂ ਸ਼ੇਡ ਤੇ ਲਿਖੀ ਹੋਈ ਕੋਈ ਨਜ਼ਮ ਹੌਲੀ-ਹੌਲੀ ਗਾਉਣ ਲੱਗ ਪੈਂਦੀ ਹੈ। ਕੰਧਾਂ ਉੱਤੇ ਆਰਟ ਦੇ ਨਮੂਨੇ ਹੌਲੀ-ਹੌਲੀ ਕੁਝ ਕਹਿੰਦੇ ਨੇ। ਸਾਰੇ ਘਰ ਵਿਚ ਸ਼ਾਇਰਾ ਏ ਤੇ ਆਰਟਿਸਟ ਏ। ਅੰਮ੍ਰਿਤਾ, ਅਮਰੋਜ਼ ਰਲ. ਕੇ ਇਸ ਘਰ ਦੀ ਰੂਹ ਬਣੇ ਹੋਏ ਨੇ। ਸ਼ਾਇਰ, ਮੁਸੱਵਰੀ, ਕਿਤਾਬਾਂ ਤੇ ਸਾਦਾ ਸਾਦਾ ਫਰਨੀਚਰ ਵਿਚਕਾਰ ਤੇ ਖੂੰਜਿਆਂ ਵਿਚ ਲਾਈਟ ਦੀ ਜਾਦੂਗਰੀ, ਅਦਬ ਮੁਸੱਵਰੀ ਦਾ ਮਿਲਾਪ ਇਕ ਖ਼ੂਬਸੂਰਤ ਘਰ। ਇਸ ਘਰ ਵਿਚ ਦੌਲਤ ਗ਼ਰੀਬੀ ਦਾ ਕੋਈ ਦਖ਼ਲ ਨਹੀਂ। ਅਮੀਰ ਦਾ ਨਾ, ਗਰੀਬ ਦਾ। ਘਰ ਅੰਮ੍ਰਿਤਾ ਦਾ ਤੇ ਅਮਰੋਜ਼ ਦਾ। ਇਕ ਨਜ਼ਰ ਵੇਖਣ ਤੋਂ ਬਾਅਦ ਮੈਨੂੰ ਲੱਗਾ ਇਹੋ ਘਰ ਏ ਜਿਸਨੂੰ ਮੈਂ

ਵੇਖਣਾ ਚਾਹੁੰਦੀ ਸੀ। ਅੰਮ੍ਰਿਤਾ ਜੀ ਨੂੰ ਵੀ ਮੈਂ ਏਸੇ ਤਰ੍ਹਾਂ ਦੱਸਿਆ ਸੀ, "ਦੀਦੀ ਤੁਹਾਡਾ ਘਰ ਇਸੇ ਤਰ੍ਹਾਂ ਦਾ ਹੋਣਾ ਚਾਹੀਦਾ ਸੀ।"

ਇਸੇ ਘਰ ਵਿਚ ਮੈਂ ਚਾਰ ਦਿਨ ਚਾਰ ਰਾਤਾਂ ਗੁਜ਼ਾਰੀਆਂ। ਲਾਇਬ੍ਰੇਰੀ ਵਿਚ ਅਦਬ ਸ਼ਾਇਰੀ ਦੀਆਂ ਕਿਤਾਬਾਂ ਦੀ ਛਾਵੇਂ ਸੌਂਦੀ। ਸਵੇਰੇ ਉੱਠ ਕੇ ਗਰਮ-ਗਰਮ ਨਾਸ਼ਤਾ ਕਰਦੀ। ਫਿਰ ਨਰਮ ਦੁਪਹਿਰੇ ਫੁੱਲਾਂ ਬੂਟਿਆਂ ਨਾਲ ਸੱਜੀ ਹੋਈ ਧੁੱਪ ਨਾਲ ਭਰੀ ਹੋਈ ਛੱਤ ਉੱਤੇ ਜਾ ਕੇ ਅੰਮ੍ਰਿਤਾ ਜੀ ਨਾਲ ਬੈਠ ਕੇ ਗੱਪ-ਸ਼ੱਪ ਹੁੰਦੀ। ਕੋਈ ਮਿਲਣ ਵਾਲਾ ਆਉਂਦਾ ਤਾਂ ਉਹ ਵੀ ਉਥੇ ਈ ਆ ਜਾਂਦਾ। ਕਈ ਵਾਰੀ ਅੰਮ੍ਰਿਤਾ ਜੀ ਨੇ ਆਫ਼ਰ ਕੀਤੀ ਚੱਲ ਤੈਨੂੰ ਕਿਧਰੇ ਫਿਰਾ ਲਿਆਂਵਾ। ਪਰ ਮੇਰਾ ਜਵਾਬ ਇਹੋ ਸੀ, "ਫਿਰਨਾ ਫਰਾਨਾ ਤਾਂ ਹੁੰਦੀ ਈ ਰਹਿੰਦਾ, ਜੇ ਵੇਲਾ ਤੁਹਾਡੇ ਨਾਲ ਗੱਲਾਂ ਕਰਦੇ ਗੁਜ਼ਰੇ ਉਹੋ ਚੰਗਾ।" ਅੰਮ੍ਰਿਤਾ ਜੀ ਨਾਲ ਗੱਲ ਕਰਕੇ ਮਜ਼ਾ ਆਉਂਦਾ। ਕਿਸੇ ਮਾਮਲੇ ਦੀ ਗੱਲ ਹੋਵੇ ਉਹ ਪੂਰੀ ਦਿਲਚਸਪੀ ਲੈਂਦੇ। ਉਨ੍ਹਾਂ ਦੀ ਗਿਆਨ ਪੂਰੀ ਹੁੰਦੀ। ਇਲਮ ਅਦਬ ਦੀ ਗੱਲ ਤਾਂ ਕਰਦੇ ਬੜੀ ਡੂੰਘੀ, ਆਮ ਜ਼ਿੰਦਗੀ ਦੇ ਮਸਲੇ ਬਾਰੇ ਵੀ ਤਫ਼ਸੀਲ ਨਾਲ ਗੱਲ ਕਰਦੇ ਨੇ। ਇਸੇ ਤਰ੍ਹਾਂ ਪੂਰੀ ਹਮਦਰਦੀ ਨਾਲ ਪੁੱਛਦੇ ਵੀ ਰਹਿੰਦੇ ਨੇ। ਅਦੀਬਾਂ ਸ਼ਾਇਰਾਂ ਵਿਚ ਇਕ ਕਮਜ਼ੋਰੀ ਹੁੰਦੀ ਏ। (ਪਾਕਿਸਤਾਨ ਹਿੰਦੁਸਤਾਨ ਦੀ ਸ਼ਰਤ ਨਹੀਂ ਹੋਰ ਥਾਵਾਂ ਵਿਚ ਵੀ ਇਸੇ ਤਰ੍ਹਾਂ ਹੁੰਦਾ) ਦੂਜੇ ਦੇ ਕੰਮ ਦੀ ਖੁੱਲ੍ਹੇ ਦਿਲ ਨਾਲ, ਪੂਰੀ ਦਿਆਨਤਦਾਰੀ ਨਾਲ ਸਲਾਹਣਾ ਨਹੀਂ ਕਰ ਸਕਦੇ। ਅੰਮ੍ਰਿਤਾ ਜੀ ਦੀ ਗੱਲ ਈ ਹੋਰ ਏ। ਉਹ ਆਪ ਖੁੱਲ੍ਹੇ ਦਿਲ ਵਾਲੇ ਪਾਰਖੂ ਨੇ। ਸਗੋਂ ਅਗਲੇ ਦਾ ਹੌਸਲਾ ਵਧਾਉਂਦੇ ਨੇ। ਉਨ੍ਹਾਂ ਦੇ ਪਰਚੇ 'ਨਾਗਮਣੀ' ਦੇ ਵਰਕੇ ਨਵੇਂ ਤੇ ਗ਼ੈਰ ਮਾਰੂਫ਼ ਲਿਖਾਰੀਆਂ ਲਈ ਵੀ ਖੁੱਲ੍ਹੇ ਰਹਿੰਦੇ ਨੇ।

ਅਮਰੋਜ਼ ਜੀ ਤੇ ਅੰਮ੍ਰਿਤਾ ਜੀ ਦੇ ਰਿਸ਼ਤੇ ਨੂੰ ਲੈ ਕੇ ਵੇਖੀਏ ਤਾਂ ਉਨ੍ਹਾਂ ਦੋਹਾਂ ਨੇ ਮੁਹੱਬਤ ਦੀ ਇਕ ਨਵੀਂ ਦੁਨੀਆਂ ਕਰੀਏਟ ਕੀਤੀ ਹੋਈ ਏ। ਅਜਿਹਾ ਪਿਆਰ ਦਾ ਰਿਸ਼ਤਾ ਨਾ ਕਦੇ ਵੇਖਿਆ ਨਾ ਸੁਣਿਆ। ਆਪ ਅੰਮ੍ਰਿਤਾ ਨੇ 'ਰਸੀਦੀ ਟਿਕਟ' ਵਿਚ ਜੋ ਲਿਖਿਆ ਉਹ ਬਹੁਤ ਥੋੜ੍ਹਾ ਏ। ਕੋਲ ਰਹਿ ਕੇ ਮੈਂ ਅੱਖੀਂ ਡਿੱਠਾ ਉਹਦੇ ਅੰਦਰ ਇਨਸਾਨ ਵਾਲੇ ਪਿਆਰ ਦੇ ਧਰਤੀ ਅਸਮਾਨ ਆਪਣੀਆਂ ਚਾਰੇ ਕੰਧਾਂ ਸਣੇ ਸਮਾ ਜਾਂਦੇ ਨੇ। ਉਹ ਇਕ ਹੋਰ ਈ ਦੁਨੀਆਂ ਏ, ਜਿੱਥੇ ਉਹ ਦੋਵੇਂ ਜੀਅ ਇਕ ਦੂਜੇ ਦਾ ਮੂੰਹ ਤੱਕ ਕੇ ਜਿਊਂਦੇ ਨੇ। ਪਲ-ਪਲ ਮੈਂ ਇਕ ਨਵੀਂ ਕੈਫ਼ੀਅਤ (ਨਸ਼ਾ ਰੰਗ ਢੰਗ) ਵੇਖੀ। ਉਹ ਕਬੂਤਰਾਂ ਦਾ ਜੋੜਾ ਕਦੇ ਬੱਚਿਆਂ ਵਰਗੇ ਲੱਗਦੇ, ਕਦੇ ਹੀਰ ਰਾਂਝਾ ਦਿਸਦੇ, ਕਦੇ ਦੋ ਇਨਸਾਨ ਜੋ ਦੁਨੀਆਂ ਵੇਖੀ ਬੈਠੇ। ਹੁਣ ਬੱਸ ਆਪਣੇ ਆਪ ਨੂੰ ਵੇਖ ਕੇ ਜਿਊਂਦੇ ਨੇ। ਇਸ ਰਿਸ਼ਤੇ ਦੇ ਹਜ਼ਾਰਾਂ ਨਾਂ ਹੋ ਸਕਦੇ ਨੇ। ਆਪ ਨੇ ਉਨ੍ਹਾਂ ਦੇ ਵੀ ਕਈ ਨਾਂ ਰੱਖੇ ਹੋਏ ਨੇ। ਮੈਂ ਜਿੰਨੀ ਵਾਰੀ ਸੁਣਿਆ ਉਨ੍ਹਾਂ ਇਕ ਦੂਜੇ ਨੂੰ ਅੰਮ੍ਰਿਤਾ, ਅਮਰੋਜ਼ ਕਹਿ ਕੇ ਨਹੀਂ ਬੁਲਾਇਆ। ਇਸੇ ਤਰ੍ਹਾਂ ਉਸ ਰਿਸ਼ਤੇ ਵਿਚ ਜੋ ਦੋਸਤੀ ਦੀ ਜੜ੍ਹ ਵਿਚੋਂ ਫੁੱਟਿਆ ਸੀ, ਖ਼ਬਰੇ ਕਿੰਨੀਆਂ ਲਗਰਾਂ ਮਨੁੱਖ ਦੇ



ਨਾਤਿਆਂ ਦੀਆਂ ਹੋਰ ਫੁੱਟ ਪਈਆਂ ਹੋਈਆਂ ਨੇ। ਇੰਝ ਲੱਗਦਾ ਉਹ ਦੋਵੇਂ ਇੱਕ ਦੂਜੇ ਨੂੰ ਪਾਲ ਵੀ ਰਹੇ। ਇਕ ਦੂਜੇ ਦੀ ਛਾਵੇਂ ਵੀ ਬੈਠੇ ਹੋਏ ਨੇ। ਇਕ ਦੂਜੇ ਦੇ ਪਿਆਰ ਦਾ ਮੇਵਾ ਵੀ ਖਾ ਰਹੇ ਨੇ। ਕੀ ਲੱਗਦੇ ਨੇ ਇਕ ਦੂਜੇ ਦੇ? ਮਾਪੇ? ਧੀ ਪੁੱਤਰ? ਭੈਣ ਭਰਾ? ਪ੍ਰੇਮੀ? ਦੋਸਤ ਮਿੱਤਰ? ਆਸ਼ਕ? ਜਾਂ ਸਭੋ ਕੁਝ? ਇੰਝ ਲੱਗਦਾ ਏ ਉਹ ਦੋਵੇਂ ਔਰਤ ਮਰਦ ਦਾ ਪਹਿਲਾ ਜੋੜਾ ਏ। ਯੁੱਗ ਯੁੱਗ ਜੰਮਦਾ, ਦੁਨੀਆਂ ਵੇਖਦਾ ਇਕ ਦੂਜੇ ਨੂੰ ਪਛਾਣਦਾ ਆ ਰਿਹਾ ਏ। ਰੱਬ ਨਾ ਕਰੇ ਉਹ ਕਦੇ ਵਿਛੜਣ। ਉਨ੍ਹਾਂ ਰਲ ਕੇ ਜੋ ਘਰ ਦਿੱਲੀ ਸ਼ਹਿਰ ਵਿਚ ਬਣਾਇਆ ਹੋਇਆ ਏ ਉਹ ਇਕੋ ਇਕ ਏ। ਉਹ ਦੋਵੇਂ ਵੀ ਅਸਲ ਵਿਚ ਇਕੋ ਰੂਹ ਦੇ ਮਾਲਕ ਹਨ। ਹੁਣ ਇਹ ਤਾਂ ਪਤਾ ਨਹੀਂ ਅਸਲ ਮਾਲਕ ਕੌਣ ਏ? ਰੂਹ ਕਿ ਬੁੱਤ? ਬੁੱਤ ਭਾਵੇਂ ਦੋ ਨੇ। ਵੱਖ-ਵੱਖ ਜੰਮੇ। ਅੰਮ੍ਰਿਤਾ ਇਕ ਖ਼ੂਬਸੂਰਤ ਜ਼ਨਾਨੀ, ਅਮਰੋਜ਼ ਇਕ ਖ਼ੂਬਸੂਰਤ ਆਦਮੀ। ਦੋਵੇਂ ਫ਼ਨਕਾਰ, ਤਖ਼ਲੀਕਕਾਰ, ਇਕ ਲਫ਼ਜ਼ਾਂ ਦਾ ਦੂਜਾ ਲਕੀਰਾਂ ਦਾ। ਦੋਵੇਂ ਆਪਣਾ ਆਪਣਾ ਕੰਮ ਕਰਦੇ ਨੇ। ਫਿਰ ਵੀ ਰਲ ਕੇ ਪੂਰੀ-ਪੂਰੀ ਅੰਡਰ ਸਟੈਂਡਿੰਗ ਨਾਲ। ਅਮਰੋਜ਼ ਜੀ ਨੇ ਅੱਜ ਤੋੜੀ ਕੋਈ ਅਜਿਹਾ ਕੰਮ ਨਹੀਂ ਲਿਆ। ਜ਼ਿਹਦੇ ਨਾਲ ਬਹੁਤੀ ਦੇਰ ਘਰੋਂ ਬਾਹਰ ਰਹਿਣਾ ਪਵੇ। ਅੰਮ੍ਰਿਤਾ ਜੀ ਕਿਧਰੇ ਵੀ ਇਕੱਲੇ ਨਹੀਂ ਜਾਂਦੇ। ਉਹ ਜ਼ਮਾਨਾ ਜਦੋਂ ਪਾਰਲੀਮੈਂਟ ਦੇ ਮੈਂਬਰ ਬਣਾਏ ਗਏ, ਡਰਾਈਵਰ ਨਾਲ ਕਦੇ ਪਾਰਲੀਮੈਂਟ ਹਾਊਸ ਨਹੀਂ ਗਏ। ਅਮਰੋਜ਼ ਜੀ ਡਰਾਈਵ ਕਰਕੇ ਲੈ ਜਾਂਦੇ ਤੇ ਵਾਪਸ ਲੈ ਕੇ ਆ ਜਾਂਦੇ। ਇਸੇ ਤਰ੍ਹਾਂ ਬਾਹਰ ਦੇ ਦੌਰਿਆਂ ਵਿਚ ਦੋਵੇਂ ਇਕੱਠੇ ਰਹੇ। ਐਮਬੈਸੀਆਂ ਦੇ ਦਾਅਵਤ ਨਾਮੇ ਦੋਹਾਂ ਲਈ ਆਉਂਦੇ ਨੇ। ਪਰ ਕਈ ਵਾਰੀ ਦੋਵੇਂ ਉਨ੍ਹਾਂ ਦਾ ਸ਼ਾਨਦਾਰ ਡਾਈਨਿੰਗ ਟੇਬਲ ਛੱਡ ਕੇ ਘਰ ਆ ਜਾਂਦੇ ਨੇ। ਗਰਮ-ਗਰਮ ਭਿੰਡੀ ਦੀ ਭਾਜੀ ਨਾਲ ਫੁਲਕਾ ਖਾਵਣ ਦਾ ਮਜ਼ਾ ਐਮਬੈਸੀ ਦੇ ਰੋਸਟ ਵਿਚ ਕਿੱਥੇ। ਦਰਅਸਲ ਉਹ ਆਪ ਇਕ ਦੂਜੇ ਨਾਲ ਰਹਿਣਾ ਚਾਹੁੰਦੇ ਨੇ। ਕਿਸੇ ਹੋਰ ਨਾਲ ਨਹੀਂ।

ਐਨਾ ਇਕ ਹੋਣ ਦੇ ਬਾਵਜੂਦ ਉਹ ਦੋਵੇਂ ਇਕ ਦੂਜੇ ਦਾ ਪਰਛਾਵਾ ਵੀ ਨਹੀਂ ਬਣੇ। ਦੋਹਾਂ ਦਾ ਕਮਰਾ ਵੱਖਰਾ-ਵੱਖਰਾ। ਕੰਮ ਕਰਨ ਦਾ ਮੂਡ ਵੱਖਰਾ-ਵੱਖਰਾ। ਅਮਰੋਜ਼ ਨੂੰ ਮਿਊਜ਼ਿਕ ਨਾਲ ਮੋਹ ਏ। ਉਹ ਪੇਂਟਿੰਗ ਡਰਾਇੰਗ ਕਰਦੇ ਹੋਏ ਗਾਣੇ ਸੁਣਦੇ ਰਹਿੰਦੇ ਨੇ। ਅੰਮ੍ਰਿਤਾ ਜੀ ਖ਼ਾਮੋਸ਼ੀ ਦੀ ਫ਼ਿਜ਼ਾ ਵਿਚ ਬਹਿ ਕੇ ਸੋਚਦੇ ਲਿਖਦੇ ਨੇ। ਕਿਤਾਬ ਛਾਪਣ ਦਾ ਮਾਮਲਾ ਮਸ਼ਵਰੇ ਨਾਲ ਹੁੰਦਾ ਏ। ਫਿਰ ਵੀ ਬੰਦਾ ਬੰਦਾ ਏ। ਉਹਦਾ ਆਪਣਾ ਆਪ ਕਿਧਰੇ ਜਾ ਕੇ ਵੀ ਗਵਾਚਦਾ ਮੁੱਕਦਾ ਨਹੀਂ। ਦੋਹਾਂ ਨੇ ਜ਼ਿੰਦਗੀ ਦਾ ਇਕ ਹਿੱਸਾ ਵੱਖ-ਵੱਖ ਗੁਜ਼ਾਰਿਆ ਹੋਇਆ ਏ। ਦੋਵੇਂ ਆਪਣੇ-ਆਪਣੇ ਮੈਟੀਰੀਅਲ ਨਾਲ ਬਣੇ ਹੋਏ ਨੇ ਤੇ ਦੋਵੇਂ ਆਪਣੇ-ਆਪਣੇ ਖ਼ਾਬ ਵੇਖਦੇ, ਆਪਣੀ ਆਪਣੀ ਕਲਪਨਾ ਕਰਦੇ ਨੇ। ਅੰਮ੍ਰਿਤਾ ਜੀ ਤਾਂ ਸੱਚੀ ਮੁੱਚੀ ਸੁੱਤੇ ਖ਼ਾਬਾਂ ਦੀ ਅਹਿਮੀਅਤ ਨੂੰ ਮੰਨਦੇ ਨੇ। ਉਹ ਦੂਰ ਕਿਧਰੇ ਸ਼ਊਰ ਦੀ ਦੁਨੀਆਂ ਤੋਂ ਪਰ੍ਹੇ, ਬਹੁਤ ਪਰ੍ਹੇ ਕਿਸੇ ਪੁਰਾਣੇ ਮਾਜ਼ੀ, ਕਿਸੇ ਪੁਰਾਣੇ ਜਨਮ ਤੋੜੀ ਤਾਬੀਰਾਂ

ਲੱਭਦੇ ਰਹਿੰਦੇ ਨੇ। ਉਨ੍ਹਾਂ ਦੀ ਸ਼ਾਇਰੀ ਵਿਚ ਵੀ ਹੁਣ ਰੂਹਾਨੀਅਤ ਦਾ ਰੰਗ ਗੂੜ੍ਹਾ ਹੋ ਰਿਹਾ ਏ। 'ਦਰਵੇਸ਼ਾਂ ਦੀ ਮਹਿੰਦੀ' ਇਸੇ ਤਰ੍ਹਾਂ ਦੀ ਸ਼ਾਇਰੀ ਏ। ਉਸੇ ਨੂੰ ਸਾਹਮਣੇ ਰੱਖ ਕੇ ਮੈਂ ਸਵਾਲ ਕੀਤਾ ਸੀ। ਜਵਾਬ ਵਿਚ ਉਨ੍ਹਾਂ ਆਪ ਮੈਨੂੰ ਸਵਾਲ ਕਰ ਦਿੱਤਾ। 'ਤੂੰ ਪੜ੍ਹ ਲਈ ਦਰਵੇਸ਼ਾਂ ਦੀ ਮਹਿੰਦੀ' ਅਜੇ ਮੈਨੂੰ ਸਮਝ ਨਹੀਂ ਆਈ, ਕਦੇ ਆਉਣੀ ਵੀ ਨਹੀਂ। ਕਿਸੇ ਨੂੰ ਵੀ ਨਹੀਂ। ਕਿਉਂ ਜੋ ਸ਼ਊਰ ਦੀ ਸਤਹ ਅਤੇ ਤਹਿਤ ਅਲਸ਼ਊਰ ਨੂੰ ਸਮਝਿਆ ਨਹੀਂ ਜਾ ਸਕਦਾ। ਜੇ ਇਹੋ ਹਾਲ ਰਿਹਾ ਤਾਂ ਇਨ੍ਹਾਂ ਨਜ਼ਮਾਂ ਅੰਦਰ ਵਰਤੀ ਗਈ ਟਰਮਨਾਲੋਜੀ ਦਾ ਮਤਲਬ ਆਮ ਲਫ਼ਜ਼ਾਂ ਕੋਲੋਂ ਵੱਖ ਕਰਕੇ ਵੇਖਣਾ ਪਵੇਗਾ। ਇਨਸਾਨ ਦੇ ਵਜੂਦ ਦਾ ਇਤਤਕਾਏ (ਵਿਕਾਸ) ਇਸ ਤਰ੍ਹਾਂ ਵੀ ਹੁੰਦਾ। ਕਦੇ ਅੰਦਰੋਂ ਬਾਹਰ ਵੱਲ ਕਦੇ ਬਾਹਰੋਂ ਅੰਦਰ ਵੱਲ। ਰੂਹਾਨੀਅਤ ਦੇ ਝਗੜੇ ਝੇੜੇ ਆਪਣੇ ਈ ਨੇ ਪਰ ਸਾਰਿਆਂ ਨਾਲ ਨਹੀਂ। ਬਹੁਤ ਸਾਰੇ ਸ਼ਾਇਰ ਅਦੀਬ ਤਾਂ ਆਪਣੀ ਅੱਧੀ ਉਮਰੇ ਮੁੱਕ ਜਾਂਦੇ ਨੇ। ਦਾਣੇ ਮੁੱਕ ਜਾਂਦੇ ਜਾਂ ਉਹ ਪੀਹਣ ਜੋਗੇ ਨਹੀਂ ਰਹਿੰਦੇ। ਬਹੁਤ ਥੋੜ੍ਹੇ ਆਪਣੇ ਆਪ ਦੇ ਅੰਦਰ ਇਰਤਕਾਏ ਦਾ ਤਜ਼ਰਬਾ ਕਰ ਸਕਦੇ ਨੇ। ਅੰਮ੍ਰਿਤਾ ਜੀ ਦੀ ਸ਼ਾਇਰੀ ਅੱਧੀ ਸਦੀ ਤੋਂ ਵੱਧ ਜ਼ਮਾਨੇ ਦੇ ਨਾਲ-ਨਾਲ ਚੱਲਦੀ ਆਪਣੇ ਅੰਦਰ ਬਾਹਰ ਨੂੰ ਤਬਦੀਲ ਕਰਦੀ ਰਹੀ ਏ। ਹੁਣ ਇਹਨੂੰ ਵੱਖ-ਵੱਖ ਦੌਰ ਦੀ ਪਛਾਣ ਬਣਾ ਕੇ ਪੜ੍ਹਿਆ ਪੜ੍ਹਾਇਆ ਜਾ ਸਕਦਾ ਏ।'

ਗੱਲ ਹੋ ਰਹੀ ਸੀ ਅੰਮ੍ਰਿਤਾ ਜੀ ਦੇ ਘਰ ਤੇ ਸ਼ਖ਼ਸੀਅਤ ਦੀ ਪਰ ਸ਼ਾਇਰਾ ਨੂੰ ਸ਼ਾਇਰੀ ਕੋਲੋਂ ਵੱਖ ਕਿੰਨੀ ਕੁ ਦੇਰ ਰੱਖ ਸਕਦੇ ਹਾਂ। ਭਾਵੇਂ ਆਪ ਸ਼ਾਇਰਾ ਨੇ ਔਰਤ ਨੂੰ ਸਾਰੀ ਉਮਰ ਪਰ੍ਹਾਂ ਕਰਕੇ ਰੱਖਿਆ ਹੋਵੇ। ਅੰਮ੍ਰਿਤਾ ਸ਼ਾਇਰਾ ਬੜੀ ਦਲੇਰ ਤੇ ਹੌਂਸਲੇ ਵਾਲੀ ਏ। ਪਰ ਔਰਤ ਅੰਮ੍ਰਿਤਾ ਬੜੀ ਨਾਜ਼ੁਕ ਜਿਹਾ ਦਿਲ ਆਪਣੇ ਸੀਨੇ ਵਿਚ ਰੱਖਦੀ ਏ। ਉਸੇ ਔਰਤ ਨੇ ਦੁੱਖ ਜ਼ਰੇ ਤੇ ਇਕਲਾਪੇ ਦੀ ਉਦਾਸੀ ਕੱਟੀ। ਪਰ ਫਿਰ ਵੀ ਕਠੋਰ ਨਹੀਂ ਹੋ ਸਕੀ। ਮੌਕਾ ਮਿਲੇ ਤਾਂ ਨਿੱਕੀਆਂ-ਨਿੱਕੀਆਂ ਗੱਲਾਂ ਵੀ ਕਰਦੀ ਏ। ਆਪਣਾ ਨਿੱਕਾ-ਨਿੱਕਾ ਦੁੱਖ ਸੁੱਖ ਵੀ ਫੋਲ ਬੈਠਦੀ ਏ। ਇਕ ਦਿਨ ਅਚਨਚੇਤੀ ਮੈਨੂੰ ਪੁੱਛਣ ਲੱਗੇ, "ਤੈਨੂੰ ਫ਼ਾਰਸੀ ਆਉਂਦੀ ਏ?" ਮੈਂ ਕਿਹਾ, "ਮਾੜੀ ਮੋਟੀ।" 'ਜ਼ਿੰਦਗੀਨਾਮਾ ਕਿਤੇ ਪੜ੍ਹਿਆ, ਬੜੀ ਆਮ ਜਿਹੀ ਟਰਮ ਏ। ਇਹੋ ਤਰਕੀਬਾਂ ਉਰਦੂ ਵਿਚ ਆਮ ਚੱਲਦੀਆਂ ਨੇ।' ਅੰਮ੍ਰਿਤਾ ਜੀ ਇਕ ਪਲ ਵਾਸਤੇ ਚੁੱਪ ਕਰ ਗਏ। ਫਿਰ ਬੋਲੇ, 'ਏਸੇ ਆਮ ਜਿਹੀ ਗੱਲ ਲਈ ਮੇਰੇ ਉੱਤੇ ਇਕ ਮੁਕੱਦਮਾ ਪਿਛਲੇ ਤੇਰਾਂ ਸਾਲਾਂ ਤੋਂ ਚੱਲ ਰਿਹਾ ਏ, ਬੜੀ ਉਦਾਸੀ ਨਾਲ ਅੰਮ੍ਰਿਤਾ ਜੀ ਬੋਲੇ, 'ਮੁਕੱਦਮਾ ਤੇਰ੍ਹਾਂ ਵਰ੍ਹਿਆਂ ਤੋਂ? ਕਿਸ ਕੀਤਾ ਏ ਮੁਕੱਦਮਾ? 'ਇਕ ਲਿਖਾਰੀ ਏ, ਨਾਂ ਮੈਨੂੰ ਭੁੱਲ ਗਿਆ। ਪਿੱਛੋਂ ਗੁਜਰਾਤ ਦੇ ਰਹਿਣ ਵਾਲੀ ਏ। 'ਪਰ ਕਿਉਂ? ਮੈਂ ਬੇਚੈਨੀ ਨਾਲ ਪੁੱਛਿਆ, 'ਉਹ ਕਹਿੰਦੀ ਏ ਇਹ ਤਰਕੀਬ ਉਹਦੀ ਸਾਜੀ ਹੋਈ ਏ। ਹੋਰ ਕੋਈ ਵਰਤੇ ਤਾਂ ਜੁਰਮ ਏ।'

'ਪਰ ਇਹ ਤਰਕੀਬ ਤਾਂ ਜ਼ਮਾਨਿਆਂ ਤੋਂ ਚੱਲ ਰਹੀ ਏ।' 'ਹਾਂ ਮੈਨੂੰ ਪਤਾ ਏ ਪਰ



ਮੁਕੱਦਮਾ ਤਾਂ ਚੱਲ ਈ ਰਿਹਾ ਏ। ਉਹਨੂੰ ਕਈ ਲਿਖਾਰੀਆਂ ਦੀ ਹੱਲਾਸ਼ੇਰੀ ਏ। ਖ਼ਬਰੇ ਕਿੰਨੀ ਵਾਰੀ ਮੇਰੀਆਂ ਪੇਸ਼ੀਆਂ ਵੀ ਹੋਈਆਂ ਨੇ।' ਕਹਿੰਦੇ-ਕਹਿੰਦੇ ਅੰਮ੍ਰਿਤਾ ਜੀ ਦੀਆਂ ਅੱਖਾਂ ਵਿਚੋਂ ਅੱਥਰੂ ਵਗ ਪਏ। ਇਕ ਜ਼ਿਹਨੀ ਕੋਫ਼ਤ (ਦੁੱਖ) ਜੋ ਕਿਸੇ ਵੇਲੇ ਆ ਕੇ ਬਰਦਾਸ਼ਤ ਤੋਂ ਬਾਹਰ ਹੋ ਜਾਂਦੀ ਏ।

ਮੁਕੱਦਮਾ ਆਖ਼ਰ ਅੰਮ੍ਰਿਤਾ ਜੀ ਨੇ ਜਿੱਤ ਲੈਣਾ ਏ। ਪਰ ਲਿਖਾਰੀਆਂ ਦੇ ਹਸਦ ਵਾਲੀ ਅੱਗ ਨੇ ਕਦੇ ਵੀ ਠੰਡੀ ਨਹੀਂ ਹੋਣਾ। ਕਿਉਂ ਜੋ ਇਹੋ ਜਿਹੀਆਂ ਗੱਲਾਂ ਨਾਲ ਅੰਮ੍ਰਿਤਾ ਦਾ ਵਿਗੜਦਾ ਕੁਝ ਵੀ ਨਹੀਂ ਪਰ ਹਸਦ (ਸਾੜਾ, ਈਰਖਾ) ਕਰਨ ਵਾਲੇ ਘਟੀਆ ਸਾਬਤ ਹੋ ਜਾਂਦੇ ਨੇ। ਅਜਿਹੀਆਂ ਗੱਲਾਂ ਸੁਣ ਕੇ ਮੈਨੂੰ ਲੱਗਾ ਪਾਕਿਸਤਾਨ ਵਿਚ ਵੀ ਇਸੇ ਤਰ੍ਹਾਂ ਹੁੰਦਾ ਏ। ਅਦੀਬ ਆਪੇ ਇਕ ਦੂਜੇ ਕੋਲੋਂ ਹਸਦ ਕਰਦਾ ਘਟੀਆ ਹੋ ਜਾਂਦਾ ਏ। ਉਥੇ ਭਾਰਤ ਵਿਚ ਵੀ ਜੁੱਟਬੰਦੀ ਏ। ਮਜ਼ਬੀ ਫਿਰਕਿਆਂ ਵਾਂਗ ਤਾਅਸਬ (ਪੱਖਪਾਤ) ਤੇ ਤੰਗ ਨਜ਼ਰੀ ਚੱਲਦੀ ਏ। ਬਹੁਤ ਸਾਰੇ ਅਦੀਬ ਸ਼ਾਇਰ ਆਪਣੇ ਕੰਮ ਨਾਲ ਨਹੀਂ, ਸਗੋਂ ਜਥੇਬੰਦੀ ਨਾਲ ਆਪਣਾ ਨਾਂ ਕਰਨਾ ਚਾਹੁੰਦੇ ਨੇ। ਆਪਣੇ ਤੋਂ ਸੀਨੀਅਰ ਅਦੀਬ ਦੀ ਇੱਜ਼ਤ ਕਰਨ ਦੀ ਥਾਂ Leg Pulling ਕਰਦੇ ਨੇ। ਅੰਮ੍ਰਿਤਾ ਜੀ ਅਜਿਹੇ ਲੋਕਾਂ ਨੂੰ ਹੈਰਾਨੀ ਨਾਲ ਵੇਖਦੇ ਰਹਿੰਦੇ ਨੇ।

ਅੰਮ੍ਰਿਤਾ ਜੀ ਕੋਲ ਰਹਿ ਕੇ ਮੈਂ ਵੇਖਿਆ ਉਹ ਹਰ ਵੇਲੇ ਅਦਬ ਦੀਆਂ ਗੱਲਾਂ ਨਹੀਂ ਕਰਦੇ। ਉਨ੍ਹਾਂ ਦੇ ਮਿਲਣ ਵਾਲੇ ਨਾਨ ਅਦੀਬ ਵੀ ਬਥੇਰੇ ਨੇ। ਕਦੇ ਦੁਨੀਆਂ ਤੇ ਦੁਨੀਆਂਦਾਰੀ ਦੀਆਂ ਗੱਲਾਂ ਵੀ ਕਰਦੇ ਨੇ। ਇੱਕ ਆਮ ਜਿਹੀ ਜ਼ਨਾਨੀ ਤੋਂ ਲੈ ਕੇ ਉਨ੍ਹਾਂ ਦੀ ਦੋਸਤੀ ਇੰਦਰਾ ਗਾਂਧੀ ਨਾਲ ਵੀ ਹੈ ਸੀ। ਮੈਨੂੰ ਆਪਣੇ ਖ਼ਾਬਾਂ ਦੀ ਗੱਲ ਸੁਣਾਉਂਦੇ-ਸੁਣਾਉਂਦੇ ਉਨ੍ਹਾਂ ਸੁਣਾਇਆ, ਇੰਦਰਾ ਗਾਂਧੀ ਦੇ ਕਤਲ ਤੋਂ ਥੋੜ੍ਹੇ ਦਿਨ ਪਹਿਲਾਂ ਖ਼ਾਬ ਵੇਖਿਆ। ਇਸੇ ਤਰ੍ਹਾਂ ਦੇ ਡਰ ਵਾਲਾ। ਫਿਰ ਜਦੋਂ ਟੈਲੀਫ਼ੋਨ ਕਰਕੇ ਇੰਦਰਾ ਜੀ ਨੂੰ ਸੁਣਾਇਆ ਤਾਂ ਉਨ੍ਹਾਂ ਦਾ ਜਵਾਬ ਸੀ, 'ਅੰਧੇਰਾ ਤੋ ਮੈਂ ਭੀ ਦੇਖ ਰਹੀ ਹੂੰ ਆਪਣੀ ਥਕੀ ਔਰ ਜਾਗਤੀ ਆਂਖੋ ਸੇ।' ਖੁੱਲ੍ਹੀਆਂ ਤੇ ਜਾਗਦੀਆਂ ਅੱਖਾਂ ਵਾਲੀ ਇੰਦਰਾ ਗਾਂਧੀ ਉਸ ਨ੍ਹੇਰੇ ਦਾ ਤੋੜ ਨਾ ਲੱਭ ਸਕੀ ਪਰ ਅੰਮ੍ਰਿਤਾ ਜੀ ਦੇ ਖ਼ਾਬਾਂ ਦਾ ਸਿਲਸਿਲਾ ਬੜਾ ਲੰਮਾ ਏ। ਇਕ ਕਿਤਾਬ 'ਸੁਰਖ਼ ਧਾਗੇ ਦਾ ਰਿਸ਼ਤਾ' ਛੱਪ ਚੁੱਕੀ ਏ। ਅੱਗੋਂ ਸਿਲਸਿਲਾ ਚੱਲ ਰਿਹਾ ਏ। ਨੀਂਦਰ ਵਿਚ ਇਹ ਹੋਰ ਦੁਨੀਆਂ ਜਾਗ ਪੈਂਦੀ ਏ। ਖ਼ਾਬਾਂ ਵਿਚ ਲੁਕੀ ਛਿਪੀ ਦੁਨੀਆਂ ਦੇ ਇਸ਼ਾਰੇ ਮਿਲਦੇ ਨੇ। ਨਜ਼ਮਾਂ ਵਿਚ ਢਲ ਜਾਂਦੇ ਨੇ ਤੇ ਹੋਰ ਵੀ ਭੇਤਾਂ ਭਰੇ ਹੋ ਜਾਂਦੇ ਨੇ। ਖੁੱਲ੍ਹੀ ਜ਼ਿੰਦਗੀ ਦੇ ਇਸ਼ਾਰੇ ਵੀ ਆਪਣੀਆਂ ਸੈਨਤਾਂ ਰੱਖਦੇ ਨੇ। ਕਈ ਵਾਰੀ ਉਹ ਕਿਸੇ ਆਮ ਜਿਹੀ ਗੱਲ ਵਿਚ ਇਸ਼ਾਰਾ ਲੱਭ ਲੈਂਦੇ ਨੇ। ਉਸੇ ਨੂੰ ਭੇਤਾਂ-ਭਰੀ ਬਣਾ ਛੱਡਦੇ ਨੇ। ਮੇਰੇ ਹੁੰਦਿਆਂ ਇਕ ਜ਼ਨਾਨੀ ਉਨ੍ਹਾਂ ਕੋਲ ਆਈ। ਉਹਦਾ ਕਹਿਣਾ ਸੀ ਉਹਦੀ ਅੰਗੂਠੀ ਵਿਚੋਂ ਆਪੇ ਖ਼ੁਸ਼ਬੋ ਆਉਣ ਲੱਗ ਪੈਂਦੀ ਏ। ਅੰਮ੍ਰਿਤਾ ਜੀ ਉਹਦੀ ਗੱਲ ਨੂੰ ਪੂਰੀ ਤਵੱਜੋ ਦੇ ਰਹੇ ਸੀ। ਇਸੇ

ਤਰ੍ਹਾਂ ਬੀਮਾਰੀ ਇਲਾਜ ਦੇ ਮਾਮਲੇ ਵਿਚ ਉਹ ਆਮ ਤਰੀਕੇ ਤੋਂ ਹੱਟ ਕੇ ਨਵੇਂ ਤਰੀਕਿਆਂ ਨਾਲ ਬਹੁਤੇ ਮਤਮਈ ਲੱਗਦੇ ਨੇ। ਕਈ ਗੱਲਾਂ ਮੈਂ ਉਨ੍ਹਾਂ ਕੋਲੋਂ ਪਹਿਲੀ ਵਾਰੀ ਸੁਣੀਆਂ। ਈਕੋ ਪੰਕਚਰ ਦੇ ਮੁਕਾਬਲੇ ਈਕੋਪ੍ਰੈਸ਼ਰ। ਇਸੇ ਤਰ੍ਹਾਂ ਜੋੜਾਂ ਦੇ ਦਰਦ ਵਾਸਤੇ ਮੈਗਨਿਟ ਨਾਲ ਇਲਾਜ। ਸਾਲਟ ਨਾਲ ਕਈ ਬੀਮਾਰੀਆਂ ਦੇ ਇਲਾਜ ਦੀ ਗੱਲ ਵੀ ਮੈਂ ਉਨ੍ਹਾਂ ਕੋਲੋਂ ਸੁਣੀ। ਪਰ ਇਨ੍ਹਾਂ ਇਲਾਜਾਂ ਦੇ ਡਾਕਟਰ ਵੀ ਹੈਗੇ ਨੇ।

ਮੈਨੂੰ ਲੱਗਦਾ ਜ਼ਿੰਦਗੀ ਨਾਲ ਉਨ੍ਹਾਂ ਦਾ ਵਰਤਾਰਾ ਸਾਰਾ ਖੋਜੀ ਲੱਗਦਾ ਏ। ਇਨਸਾਨ ਦੇ ਆਮ ਜਜ਼ਬਿਆਂ ਤੋਂ ਲੈ ਕੇ ਰੂਹ ਤੋੜੀ ਖੋਜ ਦਾ object ਉਨ੍ਹਾਂ ਆਪਣੀ ਜ਼ਾਤ ਤੋਂ ਬਣਾਇਆ ਏ। ਨਤੀਜੇ ਸਾਰੇ ਪੋਇਟਰੀ ਦੀ ਜ਼ੁਬਾਨ ਵਿਚ ਲਿਖੇ ਨੇ। ਉਨ੍ਹਾਂ ਦਾ ਕਹਿਣਾ ਏ, ਸਾਰਾ ਕੁਝ ਬੰਦੇ ਦੇ ਅੰਦਰ ਈ ਹੁੰਦਾ। ਜਿਨਾ ਵੀ ਕੋਈ ਖੋਜ ਲਵੇ। ਮੈਨੂੰ ਲੱਗਦਾ ਏਸ ਖੋਜ ਨਾਲ ਦੂਜੇ ਇਨਸਾਨ ਨੂੰ ਸਮਝਣਾ ਆ ਜਾਂਦਾ ਏ। ਇਸੇ ਖੋਜ ਨਾਲ ਦੁਨੀਆਂ ਤੋਂ ਬਦੀ ਘੱਟ ਸਕਦੀ ਏ। ਝਗੜੇ ਮੁੱਕ ਸਕਦੇ ਨੇ। ਕਿਉਂ ਜੇ ਆਖ਼ਰੀ ਤਹਿਕੀਕ ਵਿਚ ਸਾਰੇ ਬੰਦੇ ਅੰਦਰੋਂ ਇਨਸਾਨ ਨਿਕਲ ਆਉਣਗੇ। ਇਕੋ ਜਾਤ, ਇਕੋ ਫ਼ਿਰਕਾ। ਪਰ ਐਡੀ ਖੋਜ ਕਰਦਾ ਕੌਣ ਏ? ਕੋਈ ਵੀ ਭਗਤ ਜਾਂ ਪਹੁੰਚਿਆ ਹੋਇਆ ਇੰਨਟੀਲੈਕਚੁੱਅਲ ਜ਼ਿੰਦਗੀ ਦਾ ਥਹੁ ਲਾ ਲੈਂਦਾ ਤਾਂ ਲੋਕੀ ਉਹਦੇ ਕੋਲੋਂ ਸਿੱਖਣ ਦੀ ਥਾਂ ਪੱਲਾ ਅੱਡ ਲੈਂਦੇ ਨੇ। ਅੰਮ੍ਰਿਤਾ ਜੀ ਅੱਜਕੱਲ ਇਸੇ ਤਰ੍ਹਾਂ ਦੇ ਲੋਕਾਂ ਨੂੰ ਜਾਨਣ ਦੀ ਕੋਸ਼ਿਸ਼ ਵੀ ਕਰ ਰਹੇ ਨੇ। ਇਕ ਸਾਈਂ ਵੀ ਹੈ। ਰਜਨੀਸ਼ ਨੂੰ ਵੀ ਪੜ੍ਹ ਰਹੇ ਨੇ। ਗੱਲਾਂ-ਗੱਲਾਂ ਵਿਚ ਕੁੱਰਤਲਐਨ ਤਾਹਿਰਾ ਦਾ ਜ਼ਿਕਰ ਵੀ ਆਇਆ। ਉਹਦੀ ਸ਼ਾਇਰੀ ਤੇ ਲਾਈਫ ਹਿਸਟਰੀ ਪੜ੍ਹਨੀ ਚਾਹ ਰਹੇ ਸੀ। ਮੈਂ ਉਨ੍ਹਾਂ ਨੂੰ ਦੱਸਿਆ ਕਿਸੇ ਬਹਾਈ ਸੈਂਟਰ ਤੋਂ ਮੰਗਵਾ ਲੈਣ। ਮੈਨੂੰ ਯਾਦ ਆਇਆ ਮੈਂ ਤਾਹਿਰਾ ਤੇ ਕਾਲਮ ਲਿਖਿਆ ਸੀ। ਉਹ ਕਿਤਾਬ ਉਸ ਵੇਲੇ ਮੇਰੇ ਕੋਲ ਹੈ ਸੀ। ਮੈਂ ਕਾਲਮ ਪੜ੍ਹ ਕੇ ਸੁਣਾਇਆ। ਬੜੇ ਧਿਆਨ ਨਾਲ ਸੁਣਦੇ ਰਹੇ। ਅਖ਼ੀਰ ਤੇ ਦੋ ਗੱਲਾਂ ਕੀਤੀਆਂ। ਆਖਣ ਲੱਗੇ, 'ਇਹ ਕਾਲਮ ਤੂੰ ਉਨ੍ਹਾਂ ਲਈ ਲਿਖਿਆ ਜੋ ਪਹਿਲਾਂ ਤੋਂ ਜਾਣਦੇ ਨੇ। ਮੈਨੂੰ ਤਾਂ ਸਾਰਾ ਈ ਚਾਹੀਦਾ ਏ।' ਦੂਜੀ ਗੱਲ ਇੱਕ ਹੁਕਮ ਵਰਗੀ ਸੀ ਤੇ ਮੇਰੇ ਦਿਲ ਦੀ ਸੀ। 'ਤੂੰ ਇਨ੍ਹਾਂ ਲਿਖਤਾਂ ਨੂੰ ਪੰਜਾਬੀ ਵਿਚ ਕਰ।'

ਜਿਸ ਦਿਨ ਆਉਣਾ ਸੀ, ਸਵੇਰੇ ਸਵੇਰੇ ਮੇਰੀ ਰੁਖ਼ਸਤੀ ਦੀ ਤਿਆਰੀ ਕਰ ਲਈ ਹੋਈ ਸੀ। ਮੇਰੇ ਤੋਹਫ਼ੇ ਤਿਆਰ ਪਏ ਸੀ। ਕਿਤਾਬ ਨਜ਼ਮਾਂ ਦਾ ਅੰਗਰੇਜ਼ੀ ਤਰਜਮਾ ਮੇਰੀ ਫਰਮਾਇਸ਼ ਸੀ ਉਹ ਤਾਂ ਸ਼ਾਇਰਾ ਅੰਮ੍ਰਿਤਾ ਵਲੋਂ ਮਿਲੀ। ਪਰ ਸੂਟ ਦਾ ਕੱਪੜਾ, ਦੀਦੀ ਅੰਮ੍ਰਿਤਾ ਨੇ ਦਿੱਤਾ। 'ਇਹ ਤੂੰ ਪਾ ਲਵੀਂ ਸੂਫੀਆਨਾ ਜਿਹਾ ਏ।' ਪਰ ਇਕ ਤੀਜੀ ਸ਼ੈਅ ਵੀ ਹੈ ਸੀ ਬੜੇ ਸੋਹਣੇ ਜਿਹੇ ਡੱਬੇ ਵਿਚ ਰੱਖੀ ਹੋਈ ਮੈਗਨਿਟ ਦੀ ਪੱਟੀ। ਕਹਿ:ਜੁ ਦਿੱਤਾ ਸੀ ਮੇਰੇ ਮੋਢੇ ਵਿਚ ਕਦੇ-ਕਦੇ ਦਰਦ ਹੁੰਦਾ ਏ। 'ਤੂੰ ਇਹ ਰੱਖ ਲੈ। ਮੈਂ ਡਾਕਟਰਾਂ ਕੋਲੋਂ ਹੋਰ ਮੰਗਵਾ ਲਵਾਂਗੀ।' ਮੇਰੀਆਂ ਅੱਖਾਂ ਵਿਚ ਗਰਮ-ਗਰਮ ਅੱਥਰੂ ਆ ਗਏ। ਐਡਾ ਖ਼ਲੂਸ, ਐਡੀ ਅੱਪਣਤ, ਖ਼ਬਰੇ ਕਿਹੜੇ ਜਨਮ ਦਾ ਰਿਸ਼ਤਾ। •

**ਲਿਪੀਅੰਤਰ - ਪਾਲ ਸਿੰਘ ਵੱਲਾ, ਫੋਨ- 95011-38583**



# ਅੰਮ੍ਰਿਤਾ ਨੇ ਗੱਲ ਪੁੱਛੀ, ਅਸਾਂ ਦੱਸੀ

**- ਅਫ਼ਜ਼ਲ ਤੌਸੀਫ਼**

"ਤੌਸੀਫ਼! ਛਾਤੀ ਵਿਚ ਹੀਰ ਦੀ ਰੂਹ ਪਾ ਕੇ ਜਿਵੇਂ ਜੀਵੀ, ਉਹਦੀ ਕੋਈ ਗੱਲ ਦੱਸੀਂ।" 'ਬੜੀ ਔਖੀ ਗੱਲ ਪੁੱਛ ਬੈਠੇ ਓ, ਅੰਮ੍ਰਿਤਾ ਜੀ!' ਪਰ ਤੁਹਾਡੇ ਹਿਸਾਬ ਨਾਲ ਤਾਂ ਗੱਲ ਬਹੁਤ ਸੌਖੀ ਏ। ਤੁਸੀਂ ਆਪ ਤਾਂ ਦੁਨੀਆਂ ਫਤਹਿ ਕਰੀ ਬੈਠੇ ਹੋ। ਪੰਜਾਬ ਦੀ ਸਭ ਤੋਂ ਵੱਡੀ ਸ਼ਾਇਰਾ ਤੇ ਦਿੱਲੀ ਦਾ ਤਾਜ ਵੀ ਸਿਰ ਤੇ ਪਾ ਲਿਆ। ਹੁਣ ਵੀ ਜੋ ਪੁੱਛੋ ਜਾਂ ਦੱਸੋ, ਫ਼ਰਕ ਨਹੀਂ ਪੈਂਦਾ। ਮੈਂ ਇੱਕ ਗੱਲ ਦੱਸਾਂ, ਅੰਮ੍ਰਿਤਾ ਜੀ, ਏਸ ਪਾਸੇ ਦੇ ਪੰਜਾਬ ਵਿਚ, ਜਿੱਥੋਂ ਦੀ ਮਿੱਟੀ ਤੁਹਾਡੇ ਬਦਨ ਨੂੰ ਲੱਗੀ ਹੋਈ, ਹੀਰ ਅਜੇ ਵੀ ਖੇੜਿਆਂ ਦੇ ਵਸ ਪਈ ਹੋਈ ਏ। ਪੇਕੇ ਪਿੰਡ ਏਸ ਹੀਰ ਲਈ ਲੱਖਾਂ ਹਜ਼ਾਰਾਂ ਕੈਦੋਂ, ਦੁਸ਼ਮਣ, ਜਾਨ ਦੇ ਵੈਰੀ। ਵਾਰਸ ਸ਼ਾਹ ਦਾ ਮਕਬਰਾ ਭਾਵੇਂ ਏਥੇ ਹੈਗਾ, ਪਰ ਉਹਦੀ ਰੂਹ ਨੇ ਮੁੜ ਕਦੇ ਫੇਰਾ ਨਹੀਂ ਕੀਤਾ। ਰਾਂਝਾ ਵਿਚਾਰਾ ਆਪਣੇ ਜੋਗਾ ਵੀ ਨਹੀਂ। ਭਾਵੇਂ ਦਾਮਨ ਵਰਗੇ ਨੇ ਲੱਖ ਦਿਲਾਸੇ ਦਿੱਤੇ।

ਰਾਂਝਾ ਤਖ਼ਤ ਹਜ਼ਾਰਿਓਂ ਟੁਰੇ ਤੇ ਸਹੀ ,
ਪੈਰਾਂ ਵਿਚ ਸਿਆਲਾਂ ਦਾ ਝੰਗ ਆਉਂਦਾ।

ਰਾਂਝਾ ਹੁਣ ਹੀਰ ਦੇ ਪਿਉ ਦੀਆਂ ਮੱਝਾਂ ਚਾਰਨ ਲਈ ਤਿਆਰ ਨਹੀਂ। ਮੇਰੇ ਹਿਸਾਬ ਰਾਂਝਾ ਭੈੜਾ ਥੀ ਗਿਆ। ਪਰ ਸਿਆਣੇ ਕਹਿੰਦੇ ਨੇ, ਵੇਲੇ ਵੇਲੇ ਦੀ ਗੱਲ ਹੁੰਦੀ ਏ। ਰਾਂਝਾ ਤੇ ਵਾਰਸ ਸ਼ਾਹ ਦੋਵੇਂ ਔਖੀਆਂ ਰਾਵਾਂ ਦੇ ਮੁਸਾਫਰ ਹੋਏ, ਕਿਤੇ ਦੂਰ-ਦੁਰਾਡੇ ਨਿਕਲ ਗਏ। ਪਰਤ ਕੇ ਆਵਣ ਵਾਲੇ ਨਹੀਂ। ਹੀਰ ਨੂੰ ਆਪ ਆਪਣੇ ਦਿਲ ਦਾ ਮੁੱਲ ਪਾਉਣਾ ਚਾਹੀਦਾ। ਪਰ ਕਿੱਥੇ, ਦਿਲ ਦਾ ਮੁੱਲ ਤਾਂ ਕਸਾਈ ਲਾਉਂਦੇ। ਇਥੇ ਸਾਡੇ ਪਾਸੇ ਰਿਵਾਜ਼ ਏ, ਕਸਾਈ ਕੋਲੋਂ ਗਾਈਂ ਕੋਹ ਕੇ ਖੱਲ ਮਾਸ ਵੱਖਰਾ-ਵੱਖਰਾ ਵੇਚਦੇ ਹੋਏ ਦਿਲ ਵੀ ਉਸੇ ਭਾਅ ਦਿੰਦੇ ਨੇ। ਮੈਂ ਕਿਸੇ ਕਸਾਈ ਨੂੰ ਆਪਣੇ ਦਿਲ ਦਾ ਇੰਝ ਵੀ ਖੇਡ ਕਰਨ ਨਹੀਂ ਦਿੱਤੀ। ਫਿਰ ਵੀ ਮੇਰੇ ਦਿਲ ਨੇ ਬਥੇਰਾ ਕੁਝ ਸਹਿ ਲਿਆ, ਪਰ ਮੈਂ ਕਿਸੇ ਵਾਰਸ ਸ਼ਾਹ ਨੂੰ ਹਾਕ ਨਹੀਂ ਮਾਰੀ। ਕਿਸੇ ਹੀਰ ਦੀ ਮਜ਼ਾਰ ਤੇ ਹਾਜ਼ਰੀ ਨਹੀਂ ਭਰੀ। ਸਿੱਧੀ ਸਾਵੇਂ ਬੁੱਲ੍ਹੇ ਸ਼ਾਹ ਦੀ ਮੁਰੀਦਣੀ ਹੋ ਕੇ ਕਾਰਲ ਮਾਰਕਸ ਦੀ ਸ਼ਾਗਿਰਦੀ ਕਰ ਲਈ। ਓਸੇ ਨੇ ਮੈਨੂੰ ਸਾਰਾ ਇਲਮ ਦਿੱਤਾ। ਉਹੋ ਇਲਮ ਮੇਰੀ ਤਾਕਤ ਬਣਿਆ। ਮੈਂ ਕੱਲੀ ਨੇ ਜੀਵਨ ਜਵਾਨੀ ਕੱਟ ਲਈ। ਦੁਨੀਆਂ ਨਾਲ ਵੀ ਅਤੇ ਆਪਣੇ ਆਪ ਨਾਲ ਵੀ ਲੜ ਲਿਆ। ਉਸੇ ਇਲਮ ਨੇ ਮੈਨੂੰ ਸਿੱਖਿਆ ਦਿੱਤੀ, ਪਈ ਸਮਾਜ ਵਿਚ ਜਿੱਥੇ ਹਰ ਸ਼ੈਅ ਵਿਕਦੀ, ਦਿਲ ਦਾਤ ਦਾ ਕੋਈ ਮੁੱਲ ਨਹੀਂ। ਇਸ਼ਕ ਇਕ ਬੇਮਤਲਬ ਅਲੰਕਾਰ ਬਣ ਚੁੱਕਾ। ਵੱਢ ਕਸਾਈ, ਭੋਲੀ ਗਾਈਂ ਕਦੋਂ ਵੇਖਦਾ। ਉਹ ਤਾਂ ਰੱਸੇ ਵਾਲੇ ਨਾਲ ਸੌਦਾ ਕਰਦਾ। ਧੜਕਦੇ ਦਿਲ ਨੂੰ ਮਾਸ ਦੇ ਭਾਅ ਵੇਚ ਵੱਟ ਲੈਂਦਾ। ਦੀਦੀ ਪਿਆਰੀ, ਇਹ ਸਬਕ ਪੜ੍ਹਨ ਪਿੱਛੋਂ ਮੈਂ ਮਰਨ ਦਾ ਖ਼ਿਆਲ ਛੱਡ

ਦਿੱਤਾ। ਖੁਦਕੁਸ਼ੀ ਮੇਰੇ ਵਾਸਤੇ ਇਕ ਰੁਮਾਂਟਿਕ ਖ਼ਿਆਲ ਹੁੰਦਾ ਸੀ। ਆਦਮੀ ਦੇ ਬਣਾਏ ਹੋਏ ਸਮਾਜ ਵਿਚ ਆਪਣੀ ਹਸਤੀ ਪਛਾਣ ਕੇ ਇਸ ਖ਼ਿਆਲ ਨੇ ਮੇਰਾ ਖਹਿੜਾ ਛੱਡ ਦਿੱਤਾ। ਖ਼ੁਸ਼ਬੂ ਦੀ ਸ਼ੀਸ਼ੀ ਮੈਂ ਪਰ੍ਹਾਂ ਸੁੱਟ ਕੇ ਮੈਂ ਕਾਲੀ / ਨੀਲੀ ਸਿਆਹੀ ਦੀਆਂ ਦਵਾਤਾਂ ਖਰੀਦ ਲਈਆਂ। ਤਿੱਖੀ ਨਿੱਬ ਵਾਲਾ ਕਲਮ ਮੇਰੇ ਕੋਲ ਪਹਿਲਾਂ ਹੀ ਹੈਗਾ ਸੀ।

ਹੁਣ ਕੀ ਏ ਮੇਰੇ ਸਾਹਮਣੇ। ਲੱਖਾਂ ਹੀਰਾਂ ਗਲ ਵਿਚ ਸੰਗਲ ਪਾਈ ਖੜ੍ਹੀਆਂ। ਖੇੜੇ ਇਹਨਾਂ ਨੂੰ ਡੋਲੀ ਪਾ ਕੇ ਨਹੀਂ, ਹਿੱਕ ਕੇ ਆਪਣੇ ਡੇਰੇ ਲੈ ਜਾਂਦੇ ਹਨ। ਉਹ ਸੋਹਣੀਆਂ ਕੁੜੀਆਂ ਜਿਨ੍ਹਾਂ ਆਪਣੇ ਇਸ਼ਕ ਦੀ ਆਬਰੂ ਬਚਾਵਣ ਲਈ, ਹੀਰ ਦੇ ਸਿਰ੍ਹਾਣੇ ਖੜ੍ਹੀ ਬੇਰੀ ਦੀ ਡਾਲੀ ਆਪਣੇ ਰੱਤੇ ਰੰਗ ਦੇ ਪਰਾਂਦੇ ਦਾ ਧਾਗਾ ਬੰਨ੍ਹਿਆ। ਫਿਰ ਉਸੇ ਬੇਰੀ ਕੋਲੋਂ ਮੰਗ ਕੇ ਇਕ ਸਾਦਾ ਪੱਤਾ ਹਿੱਕ ਨਾਲ ਲਾਈ ਫਿਰਦੀਆਂ। ਪਿੱਛੋਂ ਪਤਾ ਲੱਗਾ ਉਨ੍ਹਾਂ ਸਾਰੀਆਂ ਦੇ ਰਾਂਝੇ ਖੋਟੇ ਸਿੱਕੇ ਨਿਕਲੇ। ਖਰੀ ਚਾਂਦੀ ਲੈ ਕੇ ਪਿਆਰ ਵੇਚ ਗਏ। ਕਈਆਂ ਨੂੰ ਵਹੁਟੀ ਦੀ ਕਮਾਈ ਨੇ ਖਿਚਿਆ। ਮੁੜ ਉਨ੍ਹਾਂ ਨੂੰ ਹੀਰ ਦੀ ਗਲੀ ਦਾ ਜਾਂ ਪਤਾ ਉੱਕਾ ਵਿਸਰ ਗਿਆ, ਉਹਨੂੰ ਯਾਦ ਰਹਿ ਗਿਆ ਵੀ. ਸੀ. ਆਰ. ਤੇ ਰੰਗੀਨ ਟੀ.ਵੀ.।

ਸੋ ਪਿਆਰੀ ਅੰਮ੍ਰਿਤਾ ਜੀ, ਮੈਂ ਇਸ਼ਕ ਕਹਾਣੀ ਲਿਖਣ ਜੋਗੀ ਤਾਂ ਹੋ ਸਕੀ, ਪਰ ਨੰਗੇ ਸਿਰ ਫਿਰਦੀਆਂ ਹੀਰਾਂ ਦੀਆਂ ਕਹਾਣੀਆਂ। ਪਰ ਮੈਂ ਅੱਜ ਵੀ ਹੀਰ ਵੱਲ ਦੀ ਹਾਂ। ਸ਼ਾਇਰੀ ਵੀ ਕਦੇ ਮੇਰੀ ਸਹੇਲੀ ਬਣੀ ਸੀ, ਪਰ ਇਸ ਨਾਜ਼ੁਕ ਮਲੂਕ ਪ੍ਰਾਹੁਣੀ ਲਈ, ਨਾ ਮੈਂ ਚੂਰੀ ਕੁੱਟੀ, ਨਾ ਸ਼ਹਿਦ ਪਿਆਲਾ ਪਰੋਸਿਆ, ਸਗੋਂ ਕੌੜੀਆਂ ਡਕਾਨੋਂ ਜਿਹੀਆਂ ਗੱਲਾਂ ਉਹਦੇ ਨਾਲ ਕਰਦੀ ਰਹੀ। ਮੇਰਾ ਕਸੂਰ ਨਹੀਂ। ਤੁਸੀਂ ਆਪੇ ਦੱਸੋਂ ਮੈਂ ਕੀ ਕਰਾਂ। ਉਸ ਰੇਸ਼ਮ ਲੱਛੇ ਨੂੰ ਜੋ ਮੇਰ ਚੁੰਨੀ ਦਾ ਤੋਪਾ ਨਾ ਭਰ ਸਕੇ। ਕੀ ਕਰਾਂ ਉਸ ਭਰੀ ਭਰਾਤੀ ਹੱਟੀ ਨੂੰ ਜਿੱਥੇ ਅੱਖੀਆਂ ਵਾਲੇ ਨਹੀਂ ਵਿਕਦੇ। ਮੇਰੇ ਪੈਰੀਂ ਬੜੇ ਕੰਡੇ ਚੁੱਭੇ ਹੋਏ ਹਨ। ਅੱਜ ਮੈਂ ਇਹਨਾਂ ਕੰਡਿਆਂ ਦੇ ਨਾਲ ਜੀਣਾ ਸਿੱਖ ਲਿਆ। ਕੋਈ ਵੇਲਾ ਸੀ ਜਦ ਉੜਕ ਸਹਿ ਨਹੀਂ ਲੈਨਾ, ਉਸ ਵੇਲੇ ਮੈਨੂੰ ਤਿੰਨ ਸ਼ੈਆਂ ਲੋੜੀਂਦੀਆਂ ਸਨ। ਇਕ ਸੂਈ ਧਾਗਾ, ਇਕ ਅੱਖੀਆਂ ਵਾਲਾ ਕੋਈ ਮੇਰੀ ਲੀਰਾਂ ਚੁੰਨੀ ਦਾ ਤੋਪਾ ਭਰ ਦੇਵੇ। ਕੋਈ ਮੇਰੇ ਪੈਰਾਂ ਦੇ ਕੰਡੇ ਚੁਗ ਕੇ ਸੁੱਖ ਦਾ ਸਾਹ ਲੈਣ ਜੋਗੀ ਕਰੇ।

ਮਾਏ ਨੀ ਮਾਏ ਦੱਸ ਕੀ ਕਰਾਂ
ਮੈਂ ਫਿਰ ਲਏ ਪਿੰਡ ਗਰਾਂ
ਮੈਂ ਵੇਖੇ ਸ਼ਹਿਰ ਬਜ਼ਾਰ
ਪੜ੍ਹ ਛੱਡੀਆਂ ਢੇਰ ਕਿਤਾਬਾਂ
ਮੈਨੂੰ ਲੱਭ ਪਈ ਸੂਈ ਲੋਹੇ ਦੀ
ਮੈਨੂੰ ਲੱਭ ਪਏ ਰੇਸ਼ਮ ਦੇ ਧਾਗੇ
ਫਿਰ ਵੀ ਚੁੰਨੀ ਸਿਰ ਦੀ ਲੀਰਾਂ ਲੀਰਾਂ



ਫਿਰ ਵੀ ਲੂੰ ਲੂੰ ਗੱਡੀਆਂ ਸੂਲਾਂ
ਮਾਏ ਨੀ ਮਾਏ ਦੱਸ ਕੀ ਕਰਾਂ
ਰੱਖਾਂ ਬਣਾਨ ਤੋਂ ਪੁੱਛਦੀ ਫਿਰਾਂ
ਕਿਹੜੇ ਹੱਟਾਂ ਤੇ ਵਿਕਦੇ ਨੇ ਅੱਖੀਆਂ ਵਾਲੇ?

ਅੱਜ ਕਿਸੇ ਮਰਦ ਨਾਲ ਮੈਨੂੰ ਪਿਆਰ ਨਹੀਂ, ਛੁੱਟ ਮੇਰੇ ਪੁੱਤਰ ਦੇ ਜਿਸਦਾ ਨਾਂ ਮੈਂ ਜਾਵੇਦ ਰੱਖਿਆ। ਇਹ ਪੁੱਤਰ ਮੈਂ ਜੰਮਿਆ ਨਹੀਂ, ਪਾਲਿਆ ਏ। ਮੈਨੂੰ ਹਿਰਖ਼ ਏ ਜ਼ਨਾਨੀ ਪੁੱਤਰ ਜੰਮ ਕੇ ਵੀ ਸਫ਼ਲ ਨਹੀਂ ਹੁੰਦੀ। ਇਕ ਨਜ਼ਮ ਦਾ ਟੋਟਾ ਤੁਹਾਡੇ ਅੱਗੇ ਰੱਖਾਂ

ਪੁੱਤਰਾਂ ਦਾ ਕੋਈ ਭਰੋਸਾ ਅੜੀਏ
ਕੋਈ ਆਖੇ ਰਾਮ ਦੇ ਬੱਚੜੇ
ਕੋਈ ਆਖੇ ਰਾਵਣ ਦੇ ਗੋਲੜੇ
ਰਾਣੀ ਬਣ ਕੀ ਖੱਟਿਆ?
ਦਾਸੀ ਬਣ ਕੀ ਪਾਇਆ?
ਆਪਣਾ ਆਪ ਗਵਾਇਆ
ਸੱਸੇ ਨੀ ਸੱਸੇ!
ਚੰਗੀ ਕਰਦੀ ਮਰੀਅਮ ਹੁੰਦੀ
ਆਪਣਾ ਪੁੱਤਰ ਆਪੇ ਜੰਮ ਲੈਂਦੀ।

ਤੁਸੀਂ ਬੁੱਝ ਤਾਂ ਲਿਆ ਏ, ਮੇਰੇ ਸੀਨੇ ਵਿਚ ਹੀਰ ਦੀ ਰੂਹ ਹੈਗੀ, ਹੀਰ ਦੀ ਬਾਗੀ ਰੂਹ ਮੇਰੇ ਅੰਦਰ ਸਮਾਈ ਜ਼ਰੂਰ ਸੀ, ਪਰ ਹੁਣ ਤਾਂ ਉਹ ਅੱਧੀ ਕੁ ਰਹਿ ਗਈ ਏ। ਅੱਧੂ ਨੂੰ ਗ਼ਮਾਂ ਨੇ ਖਾ ਲਿਆ। ਇਸ ਕਰਕੇ ਪਈ ਮੇਰੇ ਗ਼ਮ ਦੂਣੇ ਸੀ। ਓਸ ਕੁੜੀ ਦਾ ਗ਼ਮ ਵੀ ਮੈਨੂੰ ਚੁੱਕਣਾ ਪਿਆ, ਜਿਹੜੀ ਮਰਦ ਦੀ ਮੁਥਾਜੀ ਤੋਂ ਨੱਸ ਕੇ ਸੜਕ ਤੇ ਦਹੀਂ ਵੜੇ ਵੇਚਣ ਲੱਗ ਪਈ ਸੀ, ਪਰ ਮਰਦ ਆਪਣਾ ਬਦਲਾ ਲੈਣ ਲਈ ਉਹਨੂੰ ਕੋਠੇ ਤੇ ਲੈ ਗਿਆ ਤੇ ਓਸ ਐਮ. ਏ. ਪਾਸ ਕਰਨ ਵਾਲੀ ਦਾ ਵੀ ਜੋ ਓਵਰ-ਏਜ਼ ਹੋ ਗਈ, ਕੋਈ ਉਹਨੂੰ ਵਿਆਹੁਣ ਨਹੀਂ ਆਇਆ, ਹੋਰ ਬਥੇਰੀਆਂ ਜਿਨ੍ਹਾਂ ਲਈ ਝੂਰਦੀ ਰਹੀ। ਤੁਹਾਨੂੰ ਸਾਰਾ ਸ਼ਗੁਫਤਾ ਦਾ ਗ਼ਮ। ਪਰ ਮੈਨੂੰ ਸਾਰਿਆਂ ਗ਼ਮਾਂ ਤੋਂ ਬਚਾਵਣ ਵਾਲਾ ਕੋਈ ਨਹੀਂ ਸੀ। ਰਾਖਾ ਨਾ ਕੋਈ ਰਾਂਝਾ, ਅੱਜ ਵੀ ਮੈਂ ਕੇਡੀ ਇਕੱਲੀ ਹਾਂ, ਕੌਣ ਵੇਲਿਆਂ ਤੋਂ। ਉਮਰਾਂ ਲੰਘਦੀਆਂ ਪੱਬਾਂ ਭਾਰ। ਕਿਸੇ ਕਿਹਾ, ਪਾਗ਼ਲ-ਝੱਲੀ ਉਮਰਾਂ ਦੀ ਇਕੱਲੀ, ਇਕੱਲਪੁਣੇ ਤੋਂ ਅੱਜ ਵੀ ਡਰਦੀ....। ਹੁਣ ਆ ਕੇ ਡਰ ਲੱਥਾ ਏ। ਪਰ ਲੜਾਈ ਤਾਂ ਲੰਮੀ ਹੋਈ ਜਾ ਰਹੀ ਏ। ਬੜੇ ਦਿਨਾਂ ਤੋਂ ਪੜ੍ਹਦੀ ਪਈ ਹਾਂ। ਓਸ ਜ਼ਾਲਮ ਦੇ ਖਿਲਾਫ਼ ਜੋ ਇਕੱਲੇ ਮੁਸਾਫਰਾਂ ਨੂੰ ਮਾਰ ਛੱਡਦਾ। ਪ੍ਰਦੇਸੀ ਨੂੰ ਘਰ ਜਾਣ ਦੀ ਮੋਹਲਤ ਨਹੀਂ ਦਿੰਦਾ। ਜੋ ਪੰਘੂੜਿਆਂ ਉੱਤੇ ਵੀ ਬੰਬ ਮਾਰਨੋਂ ਨਹੀਂ ਝੱਕਦਾ।

ਇਕੱਲੀ ਹੁੰਦੀ ਮੈਂ ਚੁੱਪ ਚੁਪੀਤੀ ਨੁਕਰੇ ਲੱਗ ਕੇ ਬੈਠਣ ਵਾਲੀ ਬਾਲੜੀ ਸਾਂ। ਉਹ ਬਾਲੜੀ ਹਾਲੇ ਵੀ ਮੇਰੇ ਅੰਦਰ ਵੱਸਦੀ ਏ। ਪਰ ਹੁਣ ਤਾਂ ਮੈਨੂੰ ਬੋਲਣਾ ਵੀ ਆ ਗਿਆ, ਲੜਨਾ ਵੀ, ਆਪਣੀ ਉਮਰ ਦੇ ਦਸਵੇਂ ਸਾਲ ਵੱਡੇ ਉਜਾੜੇ ਵੇਖੇ, ਲਹੂ, ਲਾਸ਼ਾਂ, ਅੱਗਾਂ, ਭਾਂਬੜ, ਅੰਧੀ ਰਾਤ ਦਾ ਹਨ੍ਹੇਰਾ, ਜਦੋਂ ਸਾਰੇ ਪੰਜਾਬ ਦੇ ਘਰਾਂ ਵਿਚ ਮੌਤ ਨੱਚੀ। ਉਹ ਜ਼ਮਾਨਾ ਜਦੋਂ ਤੁਸੀ ਲਾਹੌਰ ਵੱਸਦੇ ਸੀ। ਨਿੱਕੇ ਜਿਹੇ ਪਿੰਡ ਵਿਚ ਔਰਤਾਂ ਨਾਲ ਗੱਲਾਂ ਕਰਦੀ ਸਾਂ। ਉਸ ਜ਼ਮਾਨੇ ਦਾ ਭੈਅ ਮੇਰੇ ਅੰਦਰੋਂ ਕਦੀਂ ਵੀ ਨਾ ਨਿਕਲਿਆ। ਉਸ ਦਿਨ ਪਿੱਛੋਂ ਮੇਰਾ ਦਿਲ ਹਰ ਇੱਕ ਉਜਾੜੇ ਲਈ ਰੋਂਦਾ ਏ, ਘੁੱਗੀ ਦਾ ਆਲ੍ਹਣਾ ਟੁੱਟੇ ਜਾਂ ਕਿਸੇ ਬੰਦੇ ਦਾ ਦਿਲ, ਮੈਂ ਉਹਨੂੰ ਬਚਾਉਣ ਲਈ ਵਾ-ਵੇਲਾ ਕਰਦੀ ਹਾਂ। ਦਰੱਖਤ ਵਾਲੇ ਮੈਨੂੰ ਜ਼ਾਲਮ ਦਿਸਦੇ ਨੇ। ਪੰਛੀ ਕੈਦ ਕਰਨ ਵਾਲੇ ਸਾਰੇ ਜ਼ਾਲਮਾਂ ਨਾਲ ਮੇਰੀ ਜੰਗ ਏ। ਦੁੱਖ ਦੀ ਗੱਲ ਏ, ਇਸ ਜੰਗ ਦਾ ਅੰਤ ਕੋਈ ਨਹੀਂ। ਦੀਦੀ, ਮੈਂ ਤਾਂ ਰੋਜ਼ ਹਾਰ ਜਾਂਦੀ ਹਾਂ। ਉਸ ਵੇਲੇ ਜਦੋਂ ਨਿੱਕੇ-ਨਿੱਕੇ ਬਾਲ ਆਪਣੀ ਰੋਟੀ ਲਈ ਭੀਖ ਮੰਗਦੇ, ਮਜ਼ਦੂਰੀਆਂ ਕਰਦੇ, ਗਾਲ੍ਹਾਂ ਝਿੜਕਾਂ ਖਾਂਦੇ ਹਨ, ਬੁਰਕੀ ਰੋਟੀ ਲਈ। ਉਸ ਵੇਲੇ ਵੀ ਮੇਰੀ ਹਾਰ ਹੋ ਜਾਂਦੀ ਏ ਜਦੋਂ ਕੋਈ ਇਕੱਲੀ ਕਾਰੀ.... ਸੋਹਣੀ ਤਿਤਲੀ ਵਰਗੀ ਕਿਸੇ ਵਹਿਸ਼ੀ ਦੇ ਪੈਰ ਹੇਠ ਆ ਕੇ ਮਿੱਧੀ ਜਾਂਦੀ ਏ। ਮੈਂ ਤਾਂ ਰੋਜ਼ ਈ ਹਾਰਦੀ ਹਾਂ। ਸੱਚ ਦੇ ਪਾਸੇ ਤੁਮ ਵਾਲੇ ਸਿਪਾਹੀ ਦੀ ਮੌਤ ਨਾਲ ਮੇਰੀ ਜਿੱਤ ਹੈ, ਤਾਂ ਬੱਸ ਏਨੀ ਕੁ ਹੈ, ਪਈ ਮੈਂ ਆਪਣੇ ਟੁੱਟੇ ਹਥਿਆਰ ਸੁੱਟਦੀ ਨਹੀਂ, ਮੁੜ ਕੇ ਜੋੜ ਲੈਂਦੀ ਹਾਂ। ਮੋਰਚਾ ਛੱਡ ਕੇ ਜਾਂਦੀ ਨਹੀਂ, ਮਾਰ ਖਾ ਲੈਂਦੀ ਹਾਂ। ਹਾਕਮ ਮੇਰਾ ਸਦਾ ਦਾ ਵੈਰੀ। ਰਾਜਧਾਨੀਆਂ ਮੇਰੀਆਂ ਦੁਸ਼ਮਣ। ਕਦੇ ਤਾਂ ਬੰਦੂਕਾਂ ਵਾਲੇ ਪਿੱਛੇ ਲੱਗ ਜਾਂਦੇ ਹਨ, ਪੂਰੇ ਲਸ਼ਕਰ ਮੋਰਚਾ ਢਾਵਣ ਆ ਜਾਂਦੇ, ਕਦੇ ਡਰੀ ਹੋਈ ਖਰਗੋਸ਼ਣੀ ਵਾਂਗ ਨੱਸ ਪੈਂਦੀ ਹਾਂ। ਇਸ ਦਹਾਕੇ ਵਿਚ ਇਸੇ ਤਰ੍ਹਾਂ ਹੋਇਆ ਸੀ। ਉਸ ਰਾਤ ਮੈਂ ਆਪਣੀਆਂ ਲਿਖਤਾਂ ਸਾੜ ਕੇ ਤੁਹਾਨੂੰ ਖ਼ਤ ਲਿਖਿਆ ਸੀ। ਗਵਾਹੀ ਵਾਸਤੇ ਸਾਰੇ ਜਹਾਨ ਵਿਚੋਂ ਇਕ ਤੁਹਾਨੂੰ ਗਵਾਹ ਰੱਖਿਆ ਸੀ। ਉਹੋ ਖ਼ਤ ਜੋ ਤੁਸੀਂ ਇਕ ਦਹਾਕਾ ਪਿੱਛੋਂ ਸੂਰਜ ਦੀ ਅੱਗ ਅੱਗੇ ਰੱਖਿਆ ਸੀ। ਕਿੰਨੀ ਵਾਰੀ ਉਨ੍ਹਾਂ ਮੇਰੀਆਂ ਲਿਖਤ ਜਬਤ ਕੀਤੀਆਂ। ਕਿੰਨੀ ਵਾਰੀ ਮੈਨੂੰ ਬੇਘਰ, ਬੇਦਰ ਕੀਤਾ। ਕਿੰਨੀ ਵਾਲੀ ਕਿਲ੍ਹੇ ਵਿਚ ਲੈ ਜਾ ਕੇ ਘਟੀਆ ਵਿਹਾਰ ਕੀਤਾ। ਪਰ ਮੇਰੇ ਬਹਾਦਰ ਦਿਲ ਦਾ ਮੋਰਚਾ ਢਾਹ ਨਹੀਂ ਸਕੇ।

ਇਸੇ ਤਰ੍ਹਾਂ ਮਜ਼ਹਬ (ਧਰਮ) ਵਾਲਿਆਂ ਦੀ ਗੱਲ ਏ, ਮੈਨੂੰ ਇਹ ਸਾਰੇ ਬੁਰੇ ਲੱਗਦੇ ਨੇ। ਸਾਰੇ ਜ਼ਾਲਮ ਦਿਸਦੇ ਨੇ। ਮੁੱਲਾਂ, ਪੰਡਤ, ਪਾਦਰੀ, ਇਨਸਾਨ ਨੂੰ ਬਰਬਾਦ ਕਰਨ ਵਾਲੇ ਸ਼ੈਤਾਨ ਏਜੰਟ ਹਨ। ਏਸ ਤਰ੍ਹਾਂ ਸਿਆਸਤ ਵਾਲੇ, ਦੌਲਤਾਂ ਵਾਲੇ, ਇਹਨਾਂ ਸਾਰਿਆਂ ਨੇ ਰਲ ਕੇ ਦੁਨੀਆਂ ਬਰਬਾਦ ਕਰ ਛੱਡੀ, ਗੰਦ ਖਿਲਾਰ ਛੱਡਿਆ, ਮੇਰਾ ਦੁੱਖ ਇਹ ਵੀ ਏ ਕਿ ਮੇਰੀ ਧਰਤੀ ਉੱਤੇ ਹੁਸਨ ਵਾਲੀਆਂ ਸ਼ੈਆਂ ਮਿਲ ਰਹੀਆਂ ਹਨ। ਦਰੱਖਤ, ਪੰਖੇਰੂ, ਚੰਗੇ ਬੰਦੇ ਘਟ ਰਹੇ ਹਨ। ਇਸ ਤਰ੍ਹਾਂ ਮੇਰਾ ਦਿਲ ਵੀ ਘਟ ਰਿਹਾ ਹੈ। ਇਹ ਮੇਰੀਆਂ ਆਸਾਂ ਘਟ ਰਹੀਆਂ ਨੇ।

ਫਿਰ ਵੀ ਕਈ ਆਸਰੇ ਦਿਲ ਨੂੰ ਹੈਗੇ। ਕਈ ਗੱਲਾਂ, ਕਈ ਯਾਦਾਂ, ਆਪਣੀਆਂ ਸੱਧਰਾਂ ਤੇ ਸੰਘਰਸ਼ (ਜੱਦੋ-ਜ਼ਹਿਦ) ਦੀ ਕਹਾਣੀ ਮੈਨੂੰ ਯਾਦ ਏ। ਇੱਕ ਪਿਆਰੀ ਗੱਲ ਵੀਅਤਨਾਮ ਦੇ ਹੋ-ਚੀ-ਮਿਨ ਨੇ ਹਿੰਦੁਸਤਾਨ ਦੀ ਮਹਿਮਾਨ ਸ਼ਾਇਰਾਂ ਦਾ ਖ਼ੂਬਸੂਰਤ ਮੱਥਾ ਚੁੰਮ ਕੇ ਆਖਿਆ ਸੀ, "ਅਸੀਂ ਦੋਵੇਂ ਅਮਨ ਵਾਸਤੇ ਲੜਦੇ ਪਏ ਹਾਂ।" ਮੈਂ ਇਹਨਾਂ ਲਫ਼ਜ਼ਾਂ (ਸ਼ਬਦਾਂ) ਦਾ ਤੇ ਉਸ ਮੱਥੇ ਦਾ ਇਹਤਰਾਮ (ਸਤਿਕਾਰ) ਕਰਦੀ ਹੋਈ ਆਪਣਾ ਵਾਅਦਾ ਪੱਕਾ ਕਰਦੀ ਹਾਂ। ਅੰਮ੍ਰਿਤਾ ਦੀਦੀ ਮੈਂ ਅਮਨ ਵਾਸਤੇ ਲੜਨ ਵਾਲਿਆਂ ਦੇ ਪੈਰ ਵੇਖਦੀ ਰਹਾਂਗੀ।

ਤੁਹਾਡੇ ਬਖਸ਼ੇ ਹੋਏ ਖ਼ਿਤਾਬ 'ਪੰਜਾਬ ਦੀ ਧੀ, ਲਾਹੌਰ ਦੀ ਅਦੀਬਾ' ਮੈਂ ਆਪਣੇ ਟਿੱਕੇ ਵਿਚ ਜੜਾ ਲਏ ਹੋਏ ਨੇ। ਪਿਛਲੇ ਦਿਨੀਂ 'ਕੌਮਾਂਤਰੀ ਇਸਤਰੀ ਕਲੱਬ' ਨੇ ਮੇਰੀਆਂ ਲਿਖਤਾਂ ਨੂੰ ਇਕ ਮੈਡਲ ਦਿੱਤਾ। ਉਹਨਾਂ ਦੀ ਮਿਹਰ ਦਾ ਜਵਾਬ ਦਿੰਦੇ ਹੋਏ ਮੈਂ 'ਨਾਗਮਣੀ' ਐਵਾਰਡ ਤੇ ਕਹਾਣੀ ਦੀ ਸਭ ਤੋਂ ਵੱਡੀ ਪਾਰਖੂ ਦੇ ਬਖਸ਼ੇ ਖਿਤਾਬ ਦਾ ਜ਼ਿਕਰ ਕੀਤਾ ਸੀ।

**ਪੰਜਾਬੀ ਰੂਪਾਂਤਰਨ - ਹ. ਸ. ਹ.**

---

ਮੁਲਾਕਾਤ

## ਦਿੱਲੀ ਵਿਚ ਦੋਸਾਂਝ ਨਾਲ ਝੜਪ

**- ਅਫ਼ਜ਼ਲ ਤੌਸੀਫ਼**

ਜਿੰਨੀ ਵਾਰੀ ਦਿੱਲੀ ਗਈ, ਇੱਕ ਹੀ ਘਰ ਠਹਿਰੀ। ਉਹ ਘਰ ਹੈ ਅੰਮ੍ਰਿਤਾ ਪ੍ਰੀਤਮ ਦੇ ਅਮਰੋਜ਼ ਜੀ ਦਾ। ਉਥੇ ਹੀ ਕਈ ਲੇਖਕ ਵੀ ਮਿਲਣ ਆ ਗਏ। ਦੋ ਤਿੰਨ ਦਿਨ ਤੋਂ ਜ਼ਿਆਦਾ ਕਦੀਂ ਟਿਕਾ ਵੀ ਨਾ ਰਿਹਾ। ਪਰ ਐਤਕੀਂ ਪੂਰੇ ਦਸ ਦਿਨ ਸੀ, ਤੇ ਗੱਲ ਸਿਰਫ਼ ਮੁਲਾਕਾਤ ਤੀਕ ਹੀ ਸੀਮਤ ਨਹੀਂ ਸੀ, ਸਮਾਗਮ ਸੀ ਤੇ ਬੜਾ ਮਹੱਤਵਪੂਰਨ। ਅੰਮ੍ਰਿਤਾ ਪ੍ਰੀਤਮ ਦੀ ਤਾਜ਼ਾ ਕਿਤਾਬ ਅਫ਼ਜ਼ਲ ਤੌਸੀਫ਼ ਦੀਆਂ ਕਹਾਣੀਆਂ ਤੇ ਇਕ ਖ਼ਾਸ ਕਹਾਣੀ ਦੇ ਬਾਰੇ ਮੈਂ ਆਈ ਸੀ। ਦੋ ਅਦੀਬਾਵਾਂ, ਇੱਕ ਹਿੰਦੁਸਤਾਨ ਦੀ, ਦੂਸਰੀ ਪਾਕਿਸਤਾਨ ਦੀ। ਇਹ ਹੀ ਕਿਤਾਬ ਨਾਲ ਸਬੰਧਤ। ਬਹੁਤ ਸਾਰੇ ਦੂਸਰੇ ਲੇਖਕ ਸ਼ੌਕ ਵਜੋਂ ਸ਼ਾਮਿਲ ਹੋਏ। ਪੱਤਰਕਾਰ ਤੇ ਸੰਚਾਰ ਸਾਧਨਾਂ ਨਾਲ ਸਬੰਧਤ ਕੋਲ। ਪਰ ਕਰਤਾਰ ਸਿੰਘ ਦੁੱਗਲ, ਜੋ ਸਾਹਮਣੇ ਦੇ ਮਕਾਨ ਵਿਚ ਰਹਿੰਦੇ ਹਨ, ਨਹੀਂ ਸੀ ਆਏ। ਮੈਂ ਦੁੱਗਲ ਦੇ ਕੁਝ ਨਾਟਕ ਟੀ. ਵੀ. ਉੱਤੇ ਵੇਖੇ ਹੋਏ ਸਨ। ਤੇ ਕੁਝ ਕਹਾਣੀਆਂ ਵੀ ਪੜ੍ਹੀਆਂ ਹੋਈਆਂ ਸਨ। ਫਿਰ ਵੀ ਇਕ ਜਾਤੀ ਕਹਾਣੀ ਵੀ ਸੁਣ ਰੱਖੀ ਸੀ, ਕਰਤਾਰ ਸਿੰਘ ਦੁੱਗਲ ਦੀ ਬੀਵੀ ਦਾ ਨਾਂ ਆਇਸ਼ਾ ਬੇਗ਼ਮ ਹੈ, ਅਰਥਾਤ ਉਹ ਮੁਸਲਮਾਨ ਹੈ ਤੇ ਪ੍ਰਸਿੱਧ ਸ਼ਾਇਰ ਅਲੀ ਸਰਦਾਰ ਜਾਫਰੀ ਦੀ ਬੀਵੀ ਸੁਲਤਾਨਾ ਬੇਗ਼ਮ ਦੀ ਛੋਟੀ ਭੈਣ ਹੈ। ਇਹਨਾਂ ਦੀ ਤੀਸਰੀ ਭੈਣ ਲਾਹੌਰ ਵਿਚ

ਰਹਿੰਦੀ ਹੈ ਤੇ ਚੌਥੀ ਕਰਾਚੀ ਵਿਚ। ਅਰਥਾਤ ਭੈਣਾਂ ਨੇ ਬੰਬਈ ਤੋਂ ਲੈ ਕੇ ਦਿੱਲੀ, ਲਾਹੌਰ ਤੇ ਕਰਾਚੀ ਤੱਕ ਆਪਣਾ ਫੈਲਾ ਕੀਤਾ ਹੋਇਆ ਹੈ।

ਪਰ ਭੈਣਾਂ ਦੀ ਨਹੀਂ, ਗੱਲ ਤਾਂ ਕਰਤਾਰ ਸਿੰਘ ਦੁੱਗਲ ਦੀ ਹੈ, ਜੋ ਪਿੱਛੋਂ ਰਾਵਲਪਿੰਡੀ ਦਾ ਪੰਜਾਬੀ ਹੈ ਤੇ ਵੱਡਾ ਲੇਖਕ। ਅੱਜਕੱਲ ਮੈਂਬਰ ਪਾਰਲੀਮੈਂਟ ਵੀ ਹੈ। ਇਸ ਤੋਂ ਪਹਿਲਾਂ ਦੋ ਵਾਰ ਦਿੱਲੀ ਤੋਂ ਵਾਪਿਸ ਆਉਂਦੇ ਹੋਏ, ਮੈਨੂੰ ਇਹ ਖ਼ਿਆਲ ਜ਼ਰੂਰ ਆਇਆ ਸੀ ਕਿ ਸਾਹਮਣੇ ਰਹਿੰਦੇ ਇੱਕ ਪ੍ਰਸਿੱਧ ਪੰਜਾਬੀ ਲੇਖਕ ਨਾਲ ਕਿਉਂ ਨਾ ਮਿਲੀ। ਪਰ ਇਸ ਵਾਰ ਤਾਂ ਪੱਕਾ ਇਰਾਦਾ ਵੀ ਸੀ ਤੇ ਮੌਕਾ ਵੀ ਸੀ ਕਿ ਅਲੀ ਸਰਦਾਰ ਜਾਫਰੀ ਦੀ ਮੌਤ ਹੋ ਚੁੱਕੀ ਸੀ। ਮੈਂ ਜੋ ਉਹਨਾਂ ਦੇ ਬਾਰੇ ਲਿਖਿਆ ਸੀ, ਉਸਦੀ ਨਕਲ ਵੀ ਨਾਲ ਲੈ ਗਈ ਸੀ। ਆਇਸ਼ਾ ਬੇਗਮ ਦੇ ਭਣਵੱਈਏ ਦਾ ਅਫ਼ਸੋਸ ਤਾਂ ਇੱਕ ਗੱਲ ਸੀ, ਅਸਲ ਗੱਲ ਤਾਂ ਦੋ ਲੇਖਕਾਂ ਦੀ ਮੁਲਾਕਾਤ ਸੀ। ਅੰਮ੍ਰਿਤਾ ਜੀ ਨਾਲ ਜ਼ਿਕਰ ਕੀਤਾ ਤਾਂ ਉਹਨਾਂ ਦੱਸਿਆ ਕਿ ਉਹਨਾਂ ਦਾ ਆਪਸ ਵਿਚ ਬਣਦੀ ਨਹੀਂ ਹੈ। ਉਹ ਤਾਂ ਆਉਣਗੇ ਨਹੀਂ। ਤੂੰ ਹੀ ਚਲੀ ਜਾ। ਘਰ ਤਾਂ ਸਾਹਮਣੇ ਹੀ ਹੈ, ਫਿਰ ਵੀ ਅਮਰੋਜ਼ ਜੀ ਗੇਟ ਤੱਕ ਛੱਡ ਆਏ।

ਦੁੱਗਲ ਸਾਹਿਬ ਘਰ ਦੇ ਅਹਾਤੇ ਵਿਚਲੇ ਆਪਣੇ ਬਗੀਚੇ ਵਿਚ ਟਹਿਲ ਰਹੇ ਸੀ। ਪਰ ਮੇਰਾ ਸਵਾਗਤ ਕਰਨ ਲਈ ਉਹਨਾਂ ਦੀ ਬੀਵੀ ਤੇ ਖ਼ੂਬਸੂਰਤ ਜਿਹਾ ਭੂਰਾ ਕੁੱਤਾ ਬਾਹਰ ਆ ਗਏ। ਆਇਸ਼ਾ ਕਦੇ ਖ਼ੂਬਸੂਰਤ ਔਰਤ ਹੋਵੇਗੀ, ਹੁਣ ਤਾਂ ਖ਼ੂਬਸੂਰਤ ਨਾਨੀ ਦਾਦੀ ਬਣ ਚੁੱਕੀ ਸੀ। ਕੁੱਤਾ ਜੋ ਖਿਡੌਣੇ ਜਿਹਾ ਸੀ, ਛੋਟੀਆਂ ਛੋਟੀਆਂ ਧਮਕੀਆਂ ਦਿੰਦਾ ਮੇਰੇ ਪਿੱਛੇ ਡਰਾਇੰਗ ਰੂਮ ਤੀਕ ਆਇਆ ਤੇ ਮੈਂ ਵੀ ਉਸਨੂੰ ਜਵਾਬੀ ਧਮਕੀ ਦੇ ਮਾਰੀ, 'ਬੱਚੇ, ਤੂੰ ਏਨਾ ਛੋਟਾ ਤੇ ਪਿਆਰਾ ਹੈਂ ਕਿ ਮੈਂ ਤੈਨੂੰ ਪਰਸ ਵਿਚ ਪਾ ਕੇ ਲਾਹੌਰ ਲੈ ਜਾਵਾਂਗੀ।' ਅਜੀਬ ਗੱਲ ਹੈ ਕਿ ਇਸ ਵਕਤ ਉਹ ਜਾਨਵਰ ਸ਼ਾਂਤ ਹੋ ਕੇ ਆਪਣੀ ਮਾਲਕਣ ਦੇ ਪੈਰਾਂ ਨਾਲ ਲੱਗ ਕੇ ਬੈਠ ਗਿਆ। ਆਇਸ਼ਾ ਬੇਗਮ ਨੇ ਚਾਹ-ਪਾਣੀ ਪੁੱਛਿਆ ਤੇ ਲਾਹੌਰ ਦਾ ਹਾਲ ਵੀ ਪੁੱਛਿਆ। ਸਾਡੇ ਦੋਹਾਂ ਵਿਚਕਾਰ ਹੋਰ ਜ਼ਿਆਦਾ ਗੱਲਾਂ ਹੋ ਵੀ ਨਹੀਂ ਸਕਦੀਆਂ ਸਨ। ਅਲੀ ਸਰਦਾਰ ਜਾਫਰੀ ਦੀ ਗੱਲ ਛੇੜ ਦਿੱਤੀ। ਏਨੇ ਵਿਚ ਦੁੱਗਲ ਸਾਹਿਬ ਤਸ਼ਰੀਫ ਲੈ ਆਏ। ਉਹ ਅੰਦਰੋਂ ਤਿਆਰ ਹੋ ਕੇ ਆਏ ਸੀ। ਮੇਰਾ ਖ਼ਿਆਲ ਤਾਂ ਇਹੀ ਸੀ ਕਿ ਉਹਨਾਂ ਨੇ ਇੱਕ ਪਾਕਿਸਤਾਨੀ ਮਹਿਮਾਨ ਦੇ ਸਾਹਮਣੇ ਆਉਣ ਲਈ, ਲਿਬਾਸ ਬਦਲ ਕੇ ਆਪਣੇ ਆਪ ਨੂੰ ਤਿਆਰ ਕੀਤਾ ਸੀ, ਪਰ ਉਹ ਤਾਂ ਕੁਝ ਹੋਰ ਤਿਆਰੀ ਵੀ ਕਰ ਕੇ ਆਏ ਸੀ। ਪੈਂਟ ਕਮੀਜ਼ ਤੇ ਪਗੜੀ ਤੋਂ ਬਿਨਾਂ ਉਹ ਸ਼ਬਦੀ ਹਥਿਆਰਾਂ ਨਾਲ ਲੈਸ ਹੋ ਕੇ ਆਏ ਸੀ।

ਆਉਂਦੇ ਹੀ ਉਹਨਾਂ ਫਾਇਰ ਕੀਤਾ, ਸਗੋਂ ਇਹ ਸੁਣਨ ਦੇ ਨਾਲ ਹੀ ਕਿ ਮੈਂ ਪਾਕਿਸਤਾਨ ਤੋਂ ਆਈ ਹਾਂ ਤੇ ਅੰਮ੍ਰਿਤਾ ਪ੍ਰੀਤਮ ਦੀ ਮਹਿਮਾਨ ਹਾਂ। ਆਪਣੀ ਭਰੀ ਬੰਦੂਕ ਦਾ ਮੂੰਹ ਮੇਰੇ ਵੱਲ ਕਰ ਦਿੱਤਾ। "ਆਪਦੇ ਮੁਲਕ ਵਿਚ ਤਾਂ ਮਾਰਸ਼ਲ-ਲਾਅ ਹੀ ਲੱਗਦੇ



ਰਹਿੰਦੇ ਨੇ ਤੇ ਆਪ ਲੋਕ ਜਰਨੈਲਾਂ ਨੂੰ ਸਲਾਮੀਆਂ ਦਿੰਦੇ ਰਹਿੰਦੇ ਹੋ।"

ਦੁੱਗਲ ਦੀ ਇਹ ਗੱਲ ਮੇਰੇ ਠਾਹ ਕਰਕੇ ਵੱਜੀ ਤੇ ਪ੍ਰਤੀਤ ਹੋਇਆ ਕਿ ਉਹ ਗੋਲ਼ੀ ਨਹੀਂ ਬੰਬ-ਗੋਲ਼ਾ ਸੀ। ਕਿਸੇ ਵੱਟਰ ਤੋਪ ਤੋਂ ਦਾਗਿਆ ਗਿਆ ਜਾਂ ਮਿਗ ਫਾਈਟਰ ਤੋਂ ਸੁੱਟਿਆ ਗਿਆ। ਗੋਲ਼ਾ ਫਟ ਗਿਆ। ਪਰ ਇਸ ਨਾਲ ਮੇਰੀ ਛਾਉਣੀ ਦੀ ਰਖਵਾਲੀ ਲਾਈਨ ਦੇ ਨਾਲ ਨਾਲ ਹਮਲਾਵਰ ਤੋਪਾਂ ਵੀ ਭੜਕ ਪਈਆਂ। ਤੇ ਸੱਚੀ ਗੱਲ ਤਾਂ ਇਹ ਹੈ ਕਿ ਦੁੱਗਲ ਸਾਹਿਬ ਦੇ ਕੋਲ ਬੱਸ ਇੱਕ ਹੀ ਗੋਲ਼ੀ ਸੀ ਤੇ ਢਾਲ ਦਾ ਰੱਬ ਜਾਣੇ। ਤੇ ਉਹ ਬੇਖ਼ਬਰੀ ਤੇ ਘੱਟ-ਜਾਣਕਾਰੀ ਦੇ ਨਾਲ ਤਅੱਸਬ ਦੀ ਦਲਦਲੀ ਥਾਂ ਉੱਤੇ ਖੜ੍ਹੇ ਸੀ। ਨਾ ਜਾਣੇ ਮਾਨਦਨ, ਨਾ ਜਾਣੇ ਰਫਤਨ।

ਮੈਂ ਸੰਭਲ ਕੇ ਗੱਲ ਸ਼ੁਰੂ ਕੀਤੀ ਤੇ ਪਹਿਲਾ ਹਮਲਾ ਕਰਦੇ ਹੋਏ ਸਵਾਲ ਦੀ ਕਲਾਸ਼ੀਕੋਫ ਚਲਾ ਦਿੱਤੀ। 'ਦੁੱਗਲ ਸਾਹਿਬ ਸੱਚ ਦੱਸਿਓ, ਆਪ ਨੇ ਪਾਕਿਸਤਾਨ ਦੇ ਲੋਕਾਂ ਦੀ 'ਲੋਕ-ਰਾਜ ਲਿਆਓ' ਤੇ 'ਲੋਕ-ਰਾਜ ਬਚਾਓ' ਦੀ ਲੰਮੀ ਜੱਦੋ-ਜ਼ਹਿਦ (ਸੰਘਰਸ਼) ਦੇ ਬਾਰੇ ਵਿਚ ਕੁਝ ਵੀ ਨਹੀਂ ਸੁਣਿਆ। ਆਪਨੇ 1967 ਤੋਂ 1977 ਤੀਕ ਤੇ ਅੱਗੇ 1988 ਤੀਕ ਕਦੇ ਖ਼ਬਰਾਂ ਹੀ ਨਹੀਂ ਸੁਣੀਆਂ। ਬੀ.ਬੀ. ਸੀ. ਤੇ ਵਾਇਸ-ਆਫ਼ ਜਰਮਨੀ, ਸੀ. ਐਨ. ਐਨ. ਚੱਲੋ ਛੱਡੋ। ਖ਼ੁਦ ਆਪਣੇ ਭਾਰਤੀ ਮੀਡੀਏ ਨੂੰ ਵੀ ਨਹੀਂ ਸੁਣਿਆ? ਇਸ ਉੱਤੇ ਤੇ ਸਭ ਕੁਝ ਆਉਂਦਾ ਰਿਹਾ ਹੈ। ਮਾਰਸ਼ਲ-ਲਾਅ ਨੂੰ ਸਲਾਮ ਕਰਨ ਵਾਲਿਆਂ ਨਾਲੋਂ ਵੱਧ ਹਾਲ ਤਾਂ ਮਾਰਸ਼ਲ-ਲਾਅ ਵਿਰੁੱਧ ਲੜਨ ਵਾਲਿਆਂ ਦਾ ਨਾਮ ਬਨਾਮ ਆਉਂਦਾ ਰਿਹਾ ਹੈ। ਉਹ ਲੱਖਾਂ ਲੋਕਾਂ ਦੇ ਮੁਜ਼ਾਹਰੇ, ਉਹ ਸ਼ਾਨਦਾਨ ਤਹਿਰੀਰਾਂ, ਉਹ ਲੋਕ-ਰਾਜ ਲਈ ਜਲਸੇ। ਉਹ ਪੁਲਿਸ ਦੀਆਂ ਲਾਠੀਆਂ ਖਾਣ ਵਾਲੇ ਮਜਬੂਤ ਮੋਢੇ। ਉਹ ਗੋਲੀਆਂ ਖਾਣ ਵਾਲੇ ਚੌੜੇ ਸੀਨੇ, ਉਹ ਭਰੀਆਂ ਹੋਈਆਂ ਜੇਲ੍ਹਾਂ, ਉਹ ਦੇਸ਼-ਨਿਕਾਲੇ। ਉਹ ਕੈਦਾਂ-ਕੋੜਿਆਂ ਦੀ ਭਿਆਨਕ ਪ੍ਰਕਿਰਿਆ। ਉਹ ਫਾਂਸੀਆਂ, ਉਹ ਸਿਆਸੀ ਕਤਲ। ਇੱਕ ਲੰਮੇ ਅਰਸੇ ਤੀਕ ਫੈਲਦਾ ਚਲਿਆ ਗਿਆ, ਇਹ ਸਭ ਕੁਝ। ਆਪ ਉਸ ਵਕਤ ਕਿੱਥੇ ਸੀ ਦੁੱਗਲ ਸਾਹਿਬ? ਜਦ ਸਾਰੀ ਦੁਨੀਆਂ ਆਪਣੇ-ਆਪਣੇ ਮੀਡੀਏ ਉੱਤੇ ਬੋਲ ਰਹੀ ਸੀ, ਚੀਖ਼ ਰਹੀ ਸੀ। ਜਦੋਂ ਕਲਮ ਉੱਤੇ ਸੈਂਸਰ ਸੀ ਤੇ ਸ਼ਹਿਰ ਉੱਤੇ ਜ਼ੁਬਾਨਬੰਦੀ ਦਾ ਕਾਨੂੰਨ ਲਾਗੂ ਸੀ ਤਾਂ ਉਸ ਵਕਤ ਆਪ ਕਿੱਥੇ ਸੀ? ਅਸਾਂ ਵਿਰੋਧ ਕੀਤਾ, ਲੋਕ-ਰਾਜ ਦੀ ਬਹਾਲੀ ਲਈ ਮੁਜ਼ਾਹਮਤੀ (ਵਿਰੋਧ ਦਾ) ਸਾਹਿਤ ਲਿਖਿਆ, ਜੋ ਦੁਨੀਆਂ ਵਿਚ ਮੰਨਿਆ ਗਿਆ। ਕੀ ਆਪ ਨੂੰ ਪਤਾ ਹੈ ਕਿ ਪਾਕਿਸਤਾਨ ਦਾ ਨਾਂ ਮੁਜ਼ਾਹਮਤੀ (Resistance Literature) ਲਿਖਣ ਵਾਲਿਆਂ ਦੀ ਸੂਚੀ ਵਿਚ ਕਿੱਥੇ ਕੁ ਆਉਂਦਾ ਹੈ? ਵੀਅਤਨਾਮ, ਈਰਾਨ ਤੇ ਫਲਸਤੀਨ ਦੇ ਪਿੱਛੋਂ ਅਸੀਂ ਹਾਂ, ਕਲਮ ਨਾਲ ਲੜਨ ਵਾਲੇ। ਸ਼ਬਦ ਦਾ ਮੋਰਚਾ ਲਾ ਕੇ ਬਾਰੂਦ ਦਾ ਮੁਕਾਬਲਾ ਕਰਨ ਵਾਲੇ। ਆਪ ਸਾਨੂੰ ਨਹੀਂ ਜਾਣਦੇ ਦੁੱਗਲ ਸਾਹਿਬ। ਤਾਂ ਕੀ ਆਪ ਸਾਡੇ ਲੋਕ-ਰਾਜ ਦੇ ਸ਼ਹੀਦਾਂ ਨੂੰ ਵੀ ਨਹੀਂ ਜਾਣਦੇ।

ਆਪਨੇ ਜ਼ੁਲਫਕਾਰ ਅਲੀ ਭੁੱਟੋ ਦਾ ਨਾਮ ਨਹੀਂ ਸੁਣਿਆ? ਆਪ ਦੇ ਮੁਲਕ ਵਿਚ ਆਇਆ ਸੀ। ਉਹ ਸਾਡਾ ਵਜ਼ੀਰੇ ਆਜ਼ਮ ਸੀ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਸਮਝੌਤਾ ਉਹੀ ਕਰਕੇ ਗਿਆ ਸੀ। ਉਸਦੀ ਫਾਂਸੀ ਨਾਲ ਦੁਨੀਆਂ ਹਿੱਲ ਗਈ ਸੀ ਤੇ ਫਿਰ ਵੀ, ਉਸ ਦੇ ਪਿੱਛੋਂ ਮੁਜ਼ਾਹਮਤ ਦੀ ਲਹਿਰ ਦੱਬੀ ਨਹੀਂ, ਰੁਕੀ ਨਹੀਂ। ਫਾਂਸੀਆਂ ਦੇ ਸਿਲਸਿਲੇ ਲੰਮੇ ਹੋਏ ਤਾਂ ਜਵਾਨਾਂ ਤੋਂ ਲੰਘ ਕੇ ਬੱਚਿਆਂ ਤੀਕ ਪਹੁੰਚੇ, ਕਿਉਂਕਿ ਸਾਡੇ ਬੱਚੇ ਵੀ ਲੜ ਰਹੇ ਸੀ। ਅਦਰੀਸ ਤੂਤੀ ਦਾ ਨਾਂ ਤਾਂ ਸਾਰੀ ਦੁਨੀਆਂ ਵਿਚ ਗੂੰਜਿਆ ਸੀ। ਏਨੀ ਛੋਟੀ ਉਮਰ ਵਿਚ ਫਾਂਸੀ, ਤੇ ਉਹ ਅਯਾਜ਼ ਸੰਮੂ, ਰਿਜ਼ਾਕ ਝਰਨਾ, ਉਹ ਜਵਾਨ ਰੁਮਾਨਾ ਤੇ ਉਹ ਵਿਧਵਾਵਾਂ, ਉਹ ਕੈਦੀ ਔਰਤਾਂ, ਨੁਸਰਤ ਭੁੱਟੋ, ਹਮੀਦਾ ਘਾਂਗਰੂ ਜੇਹੀਆਂ ਔਰਤਾਂ! ਆਪ ਨੇ ਕੁਝ ਵੀ ਨਹੀਂ ਸੁਣਿਆ। ਕੀ ਕਰ ਰਹੇ ਸੀ ਆਪ ਉਹਨਾਂ ਦਿਨਾਂ ਵਿਚ? ਸ਼ਾਇਦ ਦਿੱਲੀ ਵਿਚ ਆਪਣੀ ਕੋਠੀ ਬਣਵਾ ਰਹੇ ਸੀ। ਜਾਂ ਦੂਸਰਾ ਇਸ਼ਕ ਕਰ ਰਹੇ ਸੀ? ਪਰ ਇਹ ਸੁਣ ਕੇ ਵੀ ਕਰਤਾਰ ਸਿੰਘ ਦੁੱਗਲ ਦੇ ਚਿਹਰੇ ਉੱਤੇ ਕੋਈ ਅਸਰ ਨਹੀਂ ਹੋਇਆ। ਤਾਂ ਮੈਂ ਕੁਝ ਕਿਤਾਬਾਂ ਦਾ ਨਾਂ ਲਿਆ, ਜੋ ਉਸ ਦੌਰ ਵਿਚ ਲਿਖੀਆਂ ਗਈਆਂ। ਉਹ ਕਹਾਣੀਆਂ, ਦਾਸਤਾਨਾਂ, ਜ਼ੁਲਮ ਤੇ ਜਬਰ ਦੇ ਖਿਲਾਫ਼ ਲਿਖਣ ਵਾਲੇ ਸ਼ਾਇਰ ਦਾ ਕਤਲ, ਕਲਾਕਾਰ ਦੀ ਫਾਂਸੀ, ਸ਼ਾਮਲੂ ਦੀ ਕਹਾਣੀ ਤਾਂ ਮੈਂ ਹੀ ਲਿਖੀ ਸੀ। ਪੋਸਟ ਮਾਰਟਮ ਰਿਪੋਰਟ ਵੀ ਮੈਂ ਹੀ ਲਿਖੀ ਸੀ। ਨਿਹਮਤ ਅਹਿਮਰ ਨੇ ਲਿਖਿਆ ਸੀ....

ਅੱਜ ਸਾਡੀ ਪੈਲੀ ਬੰਨੇ ਬੰਦੂਕਾਂ ਉੱਗ ਆਈਆਂ।

ਫ਼ਖ਼ਰ ਜ਼ਮਾਨ ਨੇ ਬੰਦੀਵਾਨ ਲਿਖਿਆ ਤੇ ਜੇਲ੍ਹ ਵਿਚ ਲਿਖਿਆ ਸੈਂਕੜੇ, ਹਜ਼ਾਰਾਂ ਨੇ ਲਿਖਿਆ ਤੇ ਉਹ ਕਿਤਾਬ ਜੋ ਫਾਂਸੀ ਦੀ ਕੋਠੜੀ ਵਿਚ ਲਿਖੀ ਗਈ। ਇਸਨੂੰ ਸਭ ਤੋਂ ਪਹਿਲਾਂ ਹਿੰਦੁਸਤਾਨ ਨੇ ਛਾਪਿਆ ਸੀ। "ਮੇਰੇ ਕਤਲ ਤੋਂ ਬਾਅਦ"। ਕਿਸ ਕਦਰ ਸੱਚ ਲਿਖਿਆ ਸੀ। ਉਹੋ ਕੁਝ ਹੋਇਆ ਸੀ ਤੇ ਹੁਣ ਤੀਕ ਹੁੰਦਾ ਚਲਿਆ ਆ ਰਿਹਾ ਹੈ। ਲੋਕਾਂ ਦੇ ਦਿਲ-ਦਿਮਾਗ਼ ਦੀ ਮੁਕਤੀ ਦੀ ਘੜੀ ਹਾਲੀਂ ਨਹੀਂ ਆਈ। ਪਰ ਕਿਹੋ ਜਿਹੇ ਬੇਖ਼ਬਰ ਹੋ? ਕੈਸੇ ਕਲਮਕਾਰ ਹੋ! ਹੁਣ ਤਾਂ ਮੈਂਬਰ ਪਾਰਲੀਮੈਂਟ ਵੀ ਹੋ। ਕੀ ਭਾਰਤ ਦੀ ਲੋਕ-ਸਭਾ ਵਿਚ ਅਜਿਹੇ ਬੇਖ਼ਬਰ ਲੋਕ ਹੁੰਦੇ ਹਨ? ਮੇਰਾ ਗੁੱਸਾ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੋ ਰਿਹਾ ਸੀ। ਵੱਡੀਆਂ-ਵੱਡੀਆਂ ਗਾਲ੍ਹਾਂ ਕੱਢੀਆਂ ਸੀ ਉਹਨਾਂ ਨੇ। ਜਬਰ ਦੇ ਵਿਰੁੱਧ ਲੜਨ ਵਾਲਿਆਂ ਨੂੰ ਨਾ ਜਾਨਣ ਦਾ ਇਹ ਮਤਲਬ ਤੇ ਨਹੀਂ ਕਿ ਸਭ ਨੂੰ ਜਬਰ ਦੇ ਪੁਜਾਰੀ ਕਹਿ ਦਿੱਤਾ ਜਾਵੇ ਤੇ ਇਹ ਬੇਅਦਬੀ ਇਕ ਅਜਿਹੇ ਆਦਮੀ ਵਲੋਂ ਹੋਵੇ, ਜੋ ਆਪਣੇ ਆਪ ਨੂੰ ਲੇਖਕ ਅਖਵਾਉਂਦਾ ਹੋਵੇ। ਜ਼ਿੰਦਗੀ ਤੋਂ ਕੱਟੇ ਹੋਏ ਅਦੀਬ (ਲੇਖਕ) ਅਜਿਹੇ ਹੀ ਹੁੰਦੇ ਹਨ। ਸ਼ਾਇਦ ਮੈਂ ਅਜੇ ਸੋਚ ਹੀ ਰਹੀ ਸੀ ਕਿ ਦੁੱਗਲ ਸਾਹਿਬ ਨੇ ਆਖਰੀ ਗੋਲੀ ਵੀ ਦਾਗ਼ ਦਿੱਤੀ।

"ਆਪ ਦਾ ਮੁੱਲਾ, ਮੌਲਵੀ, ਆਪ ਦੇ ਆਤੰਕਵਾਦੀ ...... ਭਾਰਤ ਦੇ ਖਿਲਾਫ਼ ਕੀ



ਕੁਝ ਕਰਦੇ ਹਨ। ਆਪ ਲੋਕ ਇਹਨਾਂ ਨੂੰ ਕੁਝ ਨਹੀਂ ਕਹਿੰਦੇ.....।"

"ਅਸੀਂ ਇਹਨਾਂ ਨੂੰ ਕਿਵੇਂ ਕੁਝ ਕਹੀਏ। ਜਦੋਂ ਆਪ ਆਪਣੀ ਬੀ.ਜੇ.ਪੀ., ਵਿਸ਼ਵ ਹਿੰਦੂ ਪ੍ਰੀਸ਼ਦ, ਬਾਲ ਠਾਕਰੇ ਤੇ ਸ਼ਿਵ ਸੈਨਾ ਨੂੰ ਕੁਝ ਨਹੀਂ ਕਹਿੰਦੇ।"

ਮੇਰੇ ਇਸ ਜਵਾਬ ਨਾਲ ਦੁੱਗਲ ਸਾਹਿਬ ਦੇ ਚਿਹਰੇ ਉੱਤੇ ਦੀ ਬੇਹਿਸੀ ਕੁਝ ਘੱਟ ਹੋਈ। ਉਹਨਾਂ ਨੇ ਪਾਸਾ ਬਦਲਿਆ ਅਤੇ ਮੈਨੂੰ ਇੱਕ ਛੋਟੇ ਮੈਦਾਨ ਵਿਚ ਲਿਆ ਕੇ ਸੁਲਾਹ ਦੀ ਪੇਸ਼ਕਸ਼ ਕਰਨ ਹੀ ਵਾਲੇ ਸਨ ਕਿ ਉਹਨਾਂ ਕੋਲੋਂ ਫਿਰ ਇਕ ਗਲਤੀ ਹੋ ਗਈ। ਬੋਲੇ,

"ਸ਼ਿਵ ਸੈਨਾ ਪੰਜਾਬ ਵਿਚ ਤੇ ਨਹੀਂ ਹੈ ਨਾ। ਪਰ ਦੋਸਤੀ-ਬੱਸ ਉੱਤੇ ਹਮਲਾ ਤਾਂ ਪੰਜਾਬ ਦੇ ਇਲਾਕੇ ਵਿਚ ਹੋਇਆ ਤੇ ਸ਼ਿਵ-ਸੈਨਾ ਨੇ ਉਹ ਹਮਲਾ ਕੀਤਾ। ਬੰਗਾਲ ਵਿਚ ਵੀ?" ਕਹਿੰਦੇ ਨੇ, ਸ਼ਿਵ ਸੈਨਾ ਨਹੀਂ ਹੈ। ਪਰ ਕਲਕੱਤੇ ਵਿਚ ਪਾਕਿਸਤਾਨੀ ਟੀਮਾਂ ਨੂੰ ਪ੍ਰੇਸ਼ਾਨ ਕਿਸ ਨੇ ਕੀਤਾ?" ਮੇਰੇ ਵਲੋਂ ਦਾਗੇ ਇਹਨਾਂ ਤੋਪ ਦੇ ਗੋਲਿਆਂ ਤੋਂ ਬਚਣ ਲਈ ਦੁੱਗਲ ਸਾਹਿਬ ਫਿਰ ਪੰਜਾਬ ਦੀ ਸ਼ਰਨ ਵਿਚ ਜਾਣ ਲੱਗੇ ਹੀ ਸਨ ਕਿ ਉਥੇ ਵੀ ਆਪਣੀ ਬੇਖ਼ਬਰੀ, ਲਾਇਲਮੀ ਤੇ ਬੇਹਿਸੀ ਦੇ ਖੋਭੇ ਵਿਚ ਫਸ ਗਏ।

ਪੰਜਾਬ ਦੇ ਬਾਰੇ ਵਿਚ ਆਪ ਜਾਣਦੇ ਹੀ ਕਿੰਨਾ ਕੁ ਹੋ? ਮੈਂ ਵੀ ਆਪਣੇ ਤੋਪਖਾਨੇ ਦਾ ਰੁਖ਼ ਬਦਲ ਲਿਆ। ਪੰਜਾਬ ਵਿਚ ਪੰਦਰਾਂ ਸਾਲ ਗੋਲੀ ਚੱਲਦੀ ਰਹੀ ਤੇ ਪੰਦਰਾਂ ਲੱਖ (ਅੰਕੜੇ ਠੀਕ ਨਹੀਂ - ਅਨੁਵਾਦਕ) ਤੋਂ ਜ਼ਿਆਦਾ ਨੌਜਵਾਨ ਮਾਰੇ ਗਏ। ਸ਼ਾਇਦ ਏਨੇ ਹੀ ਬਾਹਰ ਭੱਜ ਗਏ।" "ਇਹ ਤਾਂ ਆਪ ਸੁਣੀ ਸੁਣਾਈ ਗੱਲ ਕਰ ਰਹੇ ਹੋ।" ਉਹ ਕੁਝ ਬੇਬਸੀ ਵਿਚ ਮਿਣਮਿਣਾਏ। "ਸੁਣੀ ਸੁਣਾਈ?" ਇਹ ਅਨੁਮਾਨ ਤਾਂ ਇੰਡੀਅਨ ਐਕਸਪ੍ਰੈਸ ਨੇ ਖ਼ੁਦ ਛਾਪੇ ਹਨ।" ਮੈਂ ਕਿਹਾ। ਉਹ ਤਾਂ... ਉਹ ਤਾਂ ਪਾਕਿਸਤਾਨ ਦੀ ਸਾਜਿਸ਼...' ਉਹ ਹਕਲਾਏ। ਪਰ ਮੈਂ ਬੱਸ ਨਹੀਂ ਕੀਤੀ। ਤੇ ਨਵਾਂ ਸਵਾਲ ਦਾਗ ਦਿੱਤਾ। ਆਪ ਜਾਣਦੇ ਹੋ ਕਿ ਅੱਜ ਪੰਜਾਬ ਦੀ ਕੀ ਹਾਲਤ ਹੈ। ਕੀ ਇਹ ਵੀ ਪਾਕਿਸਤਾਨ ਦੀ ਸਾਜਿਸ਼ ਹੈ ਕਿ ਚੜ੍ਹਦੇ ਪੰਜਾਬ ਦੀ ਆਬਾਦੀ ਤਬਦੀਲ ਕੀਤੀ ਜਾ ਰਹੀ ਹੈ। ਪੰਜਾਬੀ ਪੰਜਾਬ ਵਿਚ ਘੱਟ ਗਿਣਤੀ ਬਣ ਰਿਹਾ ਹੈ। ਬਿਹਾਰੀ ਤੇ ਰਾਜਸਥਾਨੀ (?) ਲੋਕਾਂ ਨੂੰ ਏਨੀ ਗਿਣਤੀ ਵਿਚ ਪੰਜਾਬ ਵਿਚ ਆਬਾਦ ਕੀਤਾ ਜਾ ਰਿਹਾ ਹੈ ਕਿ ਪੰਜਾਬ ਦਾ ਚਿਹਰਾ ਹੀ ਬਦਲ ਜਾਵੇ। ਸਗੋਂ ਬਦਲ ਹੀ ਚੁੱਕਾ ਹੈ। ਖੇਤ, ਫੈਕਟਰੀ ਤੇ ਸੜਕ ਤਿੰਨਾਂ ਥਾਵਾਂ ਉੱਤੇ ਇਹ ਬਿਹਾਰੀ ਆਬਾਦੀ ਦਾ ਕਬਜ਼ਾ ਹੋ ਚੁੱਕਾ ਹੈ। ਕਈ ਇੰਡਸਟਰੀਅਲ ਸ਼ਹਿਰ ਬਿਹਾਰੀ ਬਹੁ-ਗਿਣਤੀ ਦੇ ਸ਼ਹਿਰ ਬਣ ਚੁੱਕੇ। ਤੇ ਪੰਜਾਬ ਹੈ ਈ ਕਿੰਨਾ? ਹਰਿਆਣਾ ਅਤੇ ਹਿਮਾਚਲ ਕੱਟ ਲੈਣ ਤੋਂ ਪਿੱਛੋਂ ਬਚਿਆ ਹੀ ਕੀ? ਛੇ ਜ਼ਿਲ੍ਹੇ ਨਾ। ਤੇ ਉਹ ਵੀ ਅੱਧਾ ਸਿੱਖ, ਅੱਧਾ ਬਿਹਾਰੀ। ਮੇਰੇ ਨਾਨਕਿਆਂ ਦਾ ਸ਼ਹਿਰ ਲੁਧਿਆਣਾ ਤਾਂ ਹੁਣ ਛੋਟਾ ਪਟਨਾ ਹੈ।

ਦੁੱਗਲ ਸਾਹਿਬ ਕਾਫ਼ੀ ਸਖ਼ਤ ਜਾਨ ਨਿਕਲੇ। ਸਿਰ ਪਰਨੇ ਡਿੱਗੇ, ਪਰ ਜ਼ੁਬਾਨ ਤੋਂ ਹਾਰ ਨਹੀਂ ਮੰਨੀ। ਤੇ ਆਖਰੀ ਹਮਲਾ ਕਰ ਹੀ ਦਿੱਤਾ। "ਤੁਹਾਡੇ ਇਲਾਕੇ ਵਿਚ ਤਾਂ ਪੰਜਾਬੀ ਕਲਚਰ ਖ਼ਤਮ ਹੋ ਚੁੱਕਿਆ ਹੈ। ਸਭ ਉਰਦੂ ਹੀ ਉਰਦੂ ਹੋ ਗਿਆ ਹੈ।" ਇਹ ਵਾਰ

ਮੇਰੇ ਲਈ ਡੂੰਘਾ ਸੀ, ਪਰ ਮੈਂ ਦੌੜ ਲਗਾਉਣ ਤੋਂ ਪਹਿਲਾਂ ਐਨਾ ਜ਼ਰੂਰ ਕਿਹਾ, "ਠੀਕ ਹੈ, ਦੁੱਗਲ ਸਾਹਿਬ, ਦੇਸ਼ ਦੀ ਵੰਡ ਵਿਚ ਨੁਕਸਾਨ ਸਿਰਫ਼ ਪੰਜਾਬ ਦੀ ਤਕਦੀਰ ਬਣਿਆ ਸੀ, ਪਰ ਇਹਦੇ ਜ਼ਿੰਮੇਵਾਰ ਖ਼ੁਦ ਪੰਜਾਬੀ ਹੀ ਰਹੇ। ਕੁਝ ਬੇਖ਼ਬਰੀ ਵਿਚ ਕੁਝ ਬਦਨੀਤੀ ਵਿਚ। ਪਰ ਕੁਝ ਪੰਜਾਬੀ ਤੀਸਰੀ ਪਾਰਟੀ ਦੇ ਵੀ ਹਨ। ਉਹ ਅਸੀਂ ਸਾਰੇ ਹਾਂ, ਜੋ ਲੋਕ-ਰਾਜ ਦੇ ਲਈ ਲੜ ਰਹੇ ਹਾਂ। ਪੰਜਾਬੀ ਜ਼ੁਬਾਨ ਤੇ ਸਭਿਆਚਾਰ ਦੇ ਲੋਕ-ਰਾਜੀ ਹੱਕਾਂ ਲਈ ਵੀ ਮੋਰਚਾ-ਬੰਦ ਹਾਂ। ਗੱਲ ਪੰਜਾਬੀ ਅਖਵਾਉਣ ਦੀ ਨਹੀਂ। ਬਾਤ ਪੰਜਾਬ ਨੂੰ ਬਚਾਉਣ ਦੀ ਹੈ। ਅਤੇ ਪੰਜਾਬ ਨਾਮ ਹੈ ਇਕ ਲੋਕਾਈ ਦਾ, ਇਲਾਕੇ ਦਾ, ਇਕ ਭਾਸ਼ਾ ਦਾ, ਇਕ ਸਭਿਆਚਾਰ ਦਾ ਅਤੇ ਇਕ ਇਤਿਹਾਸ ਦਾ ਵੀ। ਤੁਹਾਡੇ ਪੰਜਾਬ ਵਿਚ ਇਲਾਕੇ ਅਤੇ ਲੋਕ ਖ਼ਤਮ ਹੋ ਰਹੇ ਹਨ। ਤੇ ਮੇਰੇ ਪੰਜਾਬ ਵਿਚ ਪੰਜਾਬੀ ਜ਼ੁਬਾਨ ਅਤੇ ਸਭਿਆਚਾਰ ਮਿਟ ਰਿਹਾ ਹੈ। ਤੁਸੀਂ ਬੇਖ਼ਬਰ ਤੇ ਬੇਹਿਸ ਹੋ। ਪਰ ਮੈਂ ਅਨੁਭਵਸ਼ੀਲ ਤੇ ਬਿਹਬਲ ਹਾਂ। ਆਪ ਆਪਣੀ ਸਥਾਪਤੀ ਦੇ ਨਾਲ ਜੁੜੇ ਹੋਏ ਹੋ। ਮੈਂ ਆਪਣੇ ਲੋਕਾਂ ਦੇ ਨਾਲ ਹਾਂ। ਆਪ ਅਮਨ ਤੇ ਖੁਸ਼ਹਾਲੀ ਦੀ ਜ਼ਿੰਦਗੀ ਦੇ ਮਜ਼ੇ ਲੁੱਟ ਰਹੇ ਹੋ, ਮੈਂ ਜੰਗ ਦੀ ਹਾਲਤ ਵਿਚ ਹਾਂ। ਕਲਮ ਨੂੰ ਤਲਵਾਰ ਬਣਾਈ ਖਲੋਤੀ ਹਾਂ। ਆਪ ਨੇ ਸਰਕਾਰਾਂ ਤੋਂ ਪੁਰਸਕਾਰ ਤੇ ਅਹੁਦੇ ਲਏ। ਮੈਂ ਸਜ਼ਾ ਭੁਗਤੀ ਤੇ ਮਕਾਨ ਤੋਂ ਵਿਰਵੀ ਹਾਂ। ਪਰ ਮੇਰੀ ਹੈਸੀਅਤ ਬਹੁਤ ਵੱਡੀ ਹੈ। ਤੁਹਾਨੂੰ ਆਪਣੇ ਸੂਬੇ ਦਾ ਪਤਾ ਨਹੀਂ। ਮੈਂ ਤਾਂ ਪੰਜਾਬ ਤੋਂ ਬਿਨਾਂ ਆਪਣੇ ਸਿੰਧ, ਆਪਣੇ ਬਲੋਚਿਸਤਾਨ ਤੇ ਆਪਣੇ ਸਰਹੱਦ ਦੀ ਰੂਹ ਤੋਂ ਵੀ ਵਾਕਿਫ਼ ਹਾਂ। ਮੈਨੂੰ ਪਤਾ ਹੈ ਕਿ ਇਸ ਰੂਹ ਵਿਚ ਕਿੰਨੇ ਝੱਖੜ ਝੁੱਲਦੇ ਨੇ। ਤੇ ਮੈਂ ਚੜ੍ਹਦੇ ਪੰਜਾਬ ਦੇ ਦੁੱਖ ਤੋਂ ਵੀ ਕਦੇ ਦੂਰ ਨਹੀਂ ਰਹੀ। ਅੱਜ ਵੀ ਉਹ ਮੇਰੀ ਜਨਮਭੂਮੀ ਹੋ ਕੇ ਮੇਰਾ ਦੇਸ਼ ਹੈ। ਤੇ ਹਾਂ, ਤੇ ਜੋ ਆਪ ਨੇ ਆਪਣੀ ਐਮਰਜੈਂਸੀ ਦਾ ਤੀਰ ਮਾਰਿਆ ਹੈ। ਇਸਦਾ ਜਵਾਬ ਵੀ ਹਾਜ਼ਰ ਹੈ। ਭਾਰਤ ਦੀ ਕੁੱਲ ਤਾਰੀਖ਼ ਵਿਚ ਇਕ ਐਮਰਜੈਂਸੀ ਲੱਗੀ ਸੀ। ਇੰਦਰਾ ਗਾਂਧੀ ਜੈਸੀ ਡੈਮੋਕ੍ਰੇਟਿਕ (ਲੋਕ-ਰਾਜੀ) ਲੀਡਰ ਨੇ ਹੀ ਆਪਣੇ ਇਕਤਦਾਰ (ਤਾਕਤ) ਦੇ ਇਕ ਦੌਰ ਵਿਚ ਲਗਾਈ ਤਾਂ ਸਾਰੇ ਬੁੱਧੀ-ਜੀਵੀ ਝੌਂਗ ਵਾਂਗ ਬੈਠ ਗਏ। ਸਾਡੇ ਪਾਸੇ ਵੀ ਦਰਬਾਰੀ ਲੇਖਕਾਂ ਦੀ ਘਾਟ ਨਹੀਂ। ਪਰ ਲੋਕਾਂ ਦੇ ਪੱਖੀ ਤਿੰਨ ਮਾਰਸ਼ਲ-ਲਾਅ ਦੇ ਸਾਹਮਣੇ ਸੀਨਾ ਤਾਣ ਕੇ ਖਲੋਤੇ ਰਹੇ। ਪਰ ਆਪ ਨੂੰ ਤੇ ਪਤਾ ਹੀ ਨਹੀਂ। ਆਪਨੂੰ ਤੇ ਆਪਣੇ ਦੋਸਤ ਅਬਦੁਲਾ-ਮਲਕ ਦੀਆਂ ਲਿਖਤਾਂ ਦੇ ਬਾਰੇ ਵਿਚ ਵੀ ਕੁਝ ਪਤਾ ਨਹੀਂ। ਹੋ ਸਕੇ ਤਾਂ ਇਹਤਸਾਬ ਦੀਆਂ ਦੋ ਜਿਲਦਾਂ ਹੀ ਪੜ੍ਹ ਲਓ ਜੋ ਉਹਨਾਂ ਨੇ ਖ਼ੁਦ ਸੰਪਾਦਨ ਤੇ ਪੇਸ਼ ਕੀਤੀਆਂ ਸਨ।

ਤੇ ਮੁਆਫ਼ ਕਰਨਾ ਦੁੱਗਲ ਸਾਹਿਬ, ਮੈਂ ਤੇ ਸਿਰਫ਼ ਹੱਕਾਂ ਦੇ ਹਵਾਲੇ ਨਾਲ ਹੀ ਗੱਲ ਕੀਤੀ ਹੈ। ਜਾਤੀ ਤੌਰ ਉੱਤੇ ਆਪ ਦੀ ਜ਼ਾਤ ਦੇ ਬਾਰੇ ਕੁਝ ਵੀ ਨਹੀਂ ਆਖਿਆ। ਦੁੱਗਲ ਸਾਹਿਬ ਆਪਣੀ ਥਾਂ ਤੋਂ ਹਿੱਲੇ ਨਹੀਂ। ਉਹਨਾਂ ਦੀ ਬੀਵੀ ਮੈਨੂੰ ਗੇਟ ਤੀਕ ਛੱਡਣ ਆਈ।

**("ਗੁਜ਼ਰੇ ਥੇ ਹਮ ਜਹਾਂ ਸੇ" ਸਫ਼ਰਨਾਮੇ ਵਿਚੋਂ ਅਦਾਰਾ ਚਿਰਾਗ ਵਲੋਂ ਪੇਸ਼ਕਸ਼)**



# ਕਹਾਣੀ ਬਾਰੇ ਗੱਲਾਂ

**- ਅਫ਼ਜ਼ਲ ਤੌਸੀਫ਼**

ਅੱਜ ਕਹਾਣੀ ਬੜੇ ਰੰਗ ਅਖ਼ਤਿਆਰ ਕਰ ਚੁੱਕੀ ਹੈ। ਤਕਨੀਕ ਦੀ ਸਖ਼ਤ ਸੰਗਲੀ ਉਹਨੇ ਚੰਗੀ ਖੁੱਲੀ ਕਰ ਲਈ ਹੈ ਤੇ ਦੁਨੀਆਂ ਦੇ ਫ਼ਾਸਲੇ ਵੀ ਬਹੁਤ ਘੱਟ ਗਏ ਹੋਏ ਨੇ। ਸਾਰੀ ਦੁਨੀਆਂ ਦੀ ਕਹਾਣੀ ਆਪਣੀ ਪਛਾਣ ਲੈ ਕੇ ਸਾਰੀ ਦੁਨੀਆਂ ਵਿਚ ਖਿਲਰ ਗਈ ਹੋਈ ਹੈ। ਸਾਡੀ ਕਹਾਣੀ ਤੀਸਰੀ ਦੁਨੀਆਂ ਦੀ ਕਹਾਣੀ ਹੈ। ਤੀਸਰੀ ਦੁਨੀਆਂ, ਜ਼ਮੀਨ ਦੇ ਪੱਛਮ ਉੱਤਰ ਵਿਚ ਪਸਰੀ ਹੋਈ ਦੁਨੀਆਂ। ਏਥੇ ਧਰਤੀ ਦੇ ਸਭ ਤੋਂ ਬਹੁਤੇ, ਸਭ ਤੋਂ ਗ਼ਰੀਬ ਤੇ ਦੁਖੀ ਲੋਕ ਰਹਿੰਦੇ ਨੇ। ਇਹ ਲੋਕ ਜੰਮਦੇ ਨੇ, ਉਮਰ ਪਾ ਕੇ ਮਰ ਜਾਂਦੇ ਨੇ। ਦੁੱਖ ਭੋਗਣ ਤੋਂ ਵੱਧ ਕਾਰਨਾਮਾ ਕੋਈ ਨਹੀਂ ਕਰਦੇ। ਇਸੇ ਕਰਕੇ ਬਹੁਤੇ ਹੋ ਕੇ ਗੁੰਮਨਾਮ ਰਹਿੰਦੇ ਨੇ। ਤੀਸਰੀ ਦੁਨੀਆਂ ਦੇ ਲੋਕੀਂ ਕਹਾਣੀ ਵੀ ਘੱਟ ਲਿਖਦੇ ਨੇ। ਆਹੋ ਕਿਹਾ ਤਾਂ ਇਸੇ ਤਰ੍ਹਾਂ ਜਾਂਦਾ ਏ, ਪਰ ਕਹਾਣੀ ਲਿਖਣਾ ਆਮ ਲੋਕਾਂ ਦਾ ਕੰਮ ਨਹੀਂ। ਉਹਨਾਂ ਦਾ ਕੰਮ ਕਹਾਣੀ ਬਣਾਉਣਾ ਏ। ਸੋ ਸਾਡੇ ਤੀਸਰੇ ਸੰਸਾਰ ਦੀ ਦੁਨੀਆਂ ਦਾ ਹਰੇਕ ਆਦਮੀ ਇਕ ਕਹਾਣੀ ਨਾਲ ਜਿਉਂਦਾ, ਦੂਜੀ ਨਾਲ ਮਰ ਜਾਂਦਾ ਏ। ਇਹ ਗੱਲ ਮੈਨੂੰ ਪਤਾ ਏ, ਕਿਉਂ ਜੋ ਮੈਂ ਆਪ ਉਹਨਾਂ ਵਿਚੋਂ ਈ ਹਾਂ।

ਮੈਨੂੰ ਇਹ ਵੀ ਪਤਾ ਏ ਪਈ ਤੀਸਰੀ ਦੁਨੀਆਂ ਜੋ ਆਬਾਦੀ ਤੇ ਇਤਿਹਾਸ ਦੇ ਹਿਸਾਬ ਨਾਲ ਪਹਿਲੇ ਨੰਬਰ ਦੀ ਦੁਨੀਆਂ ਏ, ਇਥੇ ਜੰਮਣ ਵਾਲੇ ਮਰਦ ਔਰਤ ਨੂੰ ਅਜਿਹੇ ਹਾਲਾਤ ਦਿੰਦੀ ਏ ਕਿ ਸ਼ੁਰੂ ਤੋਂ ਉਹਦੇ ਪਿੰਡੇ ਉੱਤੇ ਇਕ ਕਹਾਣੀ ਉੱਗਣੀ ਸ਼ੁਰੂ ਹੋ ਜਾਂਦੀ ਏ, ਅਕਾਸ਼-ਵੇਲ ਵਾਂਗ ਉਹ ਕਹਾਣੀ ਲਹੂ ਚੂਸਣ ਵਾਲੀ ਹੁੰਦੀ ਏ। ਬੰਦੇ ਦੇ ਅੰਦਰ ਜਿਊਣ-ਜੋਤ ਨੂੰ ਵਧਣ ਫੁੱਲਣ ਨਹੀਂ ਦਿੰਦੀ। ਇਸੇ ਕਰਕੇ ਤੀਸਰੀ ਦੁਨੀਆਂ ਦੇ ਬਹੁਤੇ ਲੋਕੀਂ ਜ਼ਿੰਦਗੀ ਵੱਲ ਘੱਟ, ਮੌਤ ਵੱਲ ਬਹੁਤਾ ਵੇਖਦੇ ਨੇ। ਸਭਿਆਚਾਰ ਇਹਨਾਂ ਨੂੰ ਜੋ ਕੁਝ ਦਿੰਦਾ ਏ, ਉਹ ਭੁੱਖ, ਬੀਮਾਰੀ, ਗਰੀਬੀ, ਤੰਗੀ ਤੇ ਬੇਖ਼ਬਰੀ ਏ। ਅਸਮਾਨੀ ਜ਼ਮੀਨੀ ਆਫ਼ਤਾਂ ਵੀ ਘੱਟ ਨਹੀਂ ਕਰਦੀਆਂ। ਹੋਰ ਕੁਝ ਨਹੀਂ ਤਾਂ ਇਹ ਆਪ ਇਕ ਦੂਜੇ ਨੂੰ ਕਤਲ ਕਰੀ ਜਾਂਦੇ ਨੇ। ਕਦੇ ਗਰੋਹ-ਦਰ-ਗਰੋਹ, ਕਦੇ ਇਕੱਲਾ-ਇਕੱਲਾ ਮਾਰੀ ਮਰੀ ਜਾਂਦੇ ਨੇ। ਫਿਰ ਵੀ ਆਬਾਦੀ ਚੌਗੁਣੀ ਰਹਿੰਦੀ ਏ।

ਕਹਿਣ ਦਾ ਮਤਲਬ ਇਹ ਕਿ ਸਾਡੀ ਇਸ ਦੁਨੀਆਂ ਅੰਦਰ ਦੋਵੇਂ ਜਿਣਸਾਂ ਬਹੁਤ ਨੇ। ਆਦਮੀ ਵੀ ਤੇ ਕਹਾਣੀ ਵੀ, ਪਰ ਕਹਾਣੀਆਂ ਲਿਖਣ ਵਾਲੇ ਬੜੇ ਥੋੜ੍ਹੇ ਨੇ। ਕਹਾਣੀਆਂ ਜੰਮਦੀਆਂ ਬਹੁਤ ਨੇ, ਪਰ ਲਿਖੀਆਂ ਥੋੜ੍ਹੀਆਂ ਜਾਂਦੀਆਂ ਨੇ। ਇਸ ਦੀ ਵਜ੍ਹਾ ਕੁਝ ਹੋਰ ਵੀ ਹੋ ਸਕਦੀ ਏ, ਪਰ ਮੇਰੀ ਸਮਝ ਵਿਚ ਤਾਂ ਏਨਾ ਕੁ ਆਇਆ ਪਈ ਕਹਾਣੀਕਾਰ ਆਮ ਆਦਮੀ ਕੋਲੋਂ ਵੀ ਜ਼ਿਆਦਾ ਮੁਸ਼ਕਿਲ ਵਿਚ ਰਹਿੰਦੇ ਨੇ। ਕਹਾਣੀ

ਲਿਖਣ ਵਾਲੇ ਨੂੰ ਆਪਣਾ ਅੰਦਰ ਬਾਹਰ ਆਜ਼ਾਦ ਤੇ ਨਿਰਪੱਖ ਹੋ ਕੇ ਕਹਾਣੀ ਲਿਖਣੀ ਹੁੰਦੀ ਏ। ਕਿਉਂ ਜੋ ਕਹਾਣੀ ਕਿਸੇ ਹੋਰ ਦੀ ਹੁੰਦੀ ਏ, ਪਰ ਨਹੀਂ ਕਹਾਣੀਕਾਰ ਤਾਂ ਅਕਸਰ ਆਪਣੀ ਵਿਚ ਫਸਿਆ ਰਹਿੰਦਾ ਏ। ਉਹਦਾ ਤਜਰਬਾ ਲਹੂ-ਮਾਸ ਵਿਚ ਢਲਦਾ ਨਹੀਂ। ਇਸੇ ਕਰਕੇ ਅਕਸਰ ਕਹਾਣੀ ਆਪਣੇ ਜੁੱਸੇ ਤੋਂ ਘੱਟ ਜਾਂਦੀ ਏ। ਅਕਸਰ ਕਹਾਣੀਕਾਰਾਂ ਕੋਲ ਇਸ ਹੌਸਲੇ ਦੀ ਘਾਟ ਵੀ ਹੁੰਦੀ ਏ ਕਿ ਉਹ ਆਪਣੀ ਖੱਲ ਵਿਚੋਂ ਕਹਾਣੀ ਕੱਢ ਸਕੇ। ਏਥੇ ਸਮਾਜ ਦਾ ਮਜਾਜ਼ ਗੱਲ ਪ੍ਰਗਟ ਕਰਨ ਦਾ ਨਹੀਂ, ਸਗੋਂ ਲੁਕੋ ਕੇ ਰੱਖਣ ਦਾ ਹੁੰਦਾ ਏ।

ਇਸ ਆਦਤ ਨੇ ਕਹਾਣੀ ਦਾ ਸੁਭਾਅ ਤੇ ਸ਼ਬਦਾਂ ਦੀ ਬਣਾਵਟ ਇੰਝ ਹੀ ਕਰ ਛੱਡੀ ਏ, ਪਈ ਜਿੰਨੀ ਕੁ ਗੱਲ ਆਖੀ ਜਾਵੇ, ਓਸ ਤੋਂ ਵੱਧ ਲੁਕੋ ਲਈ ਜਾਵੇ। ਫਿਰ ਵੀ ਇਸ ਸਦੀ ਵਿਚ ਸਮਾਜਵਾਦੀ ਇਨਕਲਾਬਾਂ ਨੇ ਸਮਾਜ ਦੇ ਕਈ ਦਰਵਾਜ਼ੇ ਖੋਲ੍ਹ ਦਿੱਤੇ ਤਾਂ ਕਹਾਣੀ ਦੀ ਅੱਖ ਖੁੱਲ੍ਹ ਗਈ। ਲਿਖਾਰੀ ਦਾ ਦਿਲ ਵੀ ਆਜ਼ਾਦ ਹੋਇਆ। ਆਪਣੇ ਆਪ ਵਿਚੋਂ ਨਿਕਲ ਕੇ ਉਹਨੇ ਦੁਨੀਆਂ ਨੂੰ ਵੇਖਿਆ। ਨਵੇਂ ਸਾਹਿਤ ਨੂੰ ਪੜ੍ਹਿਆ। ਦੂਜੇ ਦੀ ਕਹਾਣੀ ਆਪਣੇ ਵਾਂਗ ਲਿਖਣੀ ਸ਼ੁਰੂ ਕੀਤੀ। ਆਪਣੀ ਕਹਾਣੀ ਦੂਜਿਆਂ ਵਾਸਤੇ ਲਿਖੀ।

ਮੈਂ ਆਪ ਵੀ ਦੋਹਾਂ ਤਰ੍ਹਾਂ ਦੇ ਹਾਲਾਤ ਦਾ ਅਸਰ ਲੈਂਦੀ ਰਹੀ ਹਾਂ। ਪਹਿਲਾਂ ਤਾਂ ਕਹਾਣੀ ਨਾਲ ਕਦੇ ਮੁਲਾਕਾਤ ਵੀ ਨਾ ਹੋਈ। ਫਿਰ ਜਦੋਂ ਮਿਲੀ ਤਾਂ ਇਕ ਹਜੂਮ ਸੀ। ਹਰ ਥਾਂ ਕਹਾਣੀ ਦੇ ਕਿਰਦਾਰ ਦਿਸਣ ਲੱਗ ਪਏ। ਘਰ, ਗਲੀ, ਕਾਲਜ, ਬਾਜ਼ਾਰ ਵਿਚ ਤੇ ਜੇਲ੍ਹ ਵਿਚ ਵੀ ਜਿੱਥੋਂ ਜਿੱਥੋਂ ਮੈਂ ਲੰਘੀ, ਕਹਾਣੀ ਖੜ੍ਹੀ ਸੀ। ਕਿਸੇ ਕਿਸੇ ਨੇ ਰਾਹ ਵੀ ਰੋਕ ਲਈ। ਕਈ ਗੱਲ ਪੈ ਗਈਆਂ, ਕੁਝ ਲੋਕੀਂ ਦੂਰ ਬੀਤੇ ਵਿਚ ਮੇਰੇ ਬਚਪਨ ਨੂੰ ਮਿਲੇ ਸੀ। ਉਹਨਾਂ ਦੀਆਂ ਕਹਾਣੀਆਂ ਦਾ ਕਲੇਮ ਵੀ ਮਿਲਿਆ। ਵਿਚੋਂ ਕਈ ਉਰਦੂ ਵਿਚ ਲਿਖੀਆਂ ਗਈਆਂ। ਕਈਆਂ ਨੂੰ ਪੰਜਾਬੀ ਵਿਚ ਲਿਖਣਾ ਠੀਕ ਲੱਗਾ ਤਾਂ ਵੀ ਗੱਲ ਪੂਰੀ ਕਿੱਥੇ। ਬਹੁਤ ਸਾਰੀਆਂ ਕਹਾਣੀਆਂ ਵਾਸਤੇ ਲਫ਼ਜ਼ਾਂ ਦੀ ਘਾਟ ਰਹੀ। ਬਹੁਤ ਸਾਰੀਆਂ ਲਈ ਹੌਸਲੇ ਦੀ।

ਫਿਰ ਵੀ ਮੈਂ ਸਮਝਦੀ ਹਾਂ ਪੜ੍ਹਨ ਵਾਲਿਆਂ ਨੇ ਮੈਨੂੰ ਦੱਸਿਆ ਵੀ ਏ, "ਰਿਕਾਰਡ ਮਾੜਾ ਨਹੀਂ", "ਟਾਹਲੀ ਮੇਰੇ ਬੱਚੜੇ", "ਜ਼ਮੀਨ ਪਰ ਲੌਟ ਆਨੇ ਕਾ ਦਿਨ" ਤੇ 'ਪੰਜੀਵਾਂ ਘੰਟਾ" ਹੁਣ ਤਾਈਂ 60 ਕਹਾਣੀਆਂ ਦਾ ਹਾਸਲ ਬੁਰਾ ਨਹੀਂ। ਆਉਂਦੇ ਸਾਲ ਵਾਧਾ ਲੈ ਕੇ ਆਵਣਗੇ। ਆਸ ਕਹਿੰਦੀ ਏ, ਇਹਨਾਂ ਕਹਾਣੀਆਂ ਲਈ ਪੂਰੇ ਲਫ਼ਜ਼ ਹਾਸਲ ਕਰਨਾ ਇਕ ਔਖਾ ਕੰਮ ਸੀ। ਕੁਝ ਪਰਿੰਦਿਆਂ ਨੂੰ ਪਰ ਲਾ ਕੇ ਉਡਾ ਦਿੱਤਾ। ਹੁਣ ਵੇਖੋ ਕੀ ਬਣਦਾ ਏ? ਘੁੱਗੀਆਂ ਕਿ ਕਬੂਤਰ, ਲੋੜ ਤਾਂ ਦੋਵਾਂ ਦੀ ਹੈ। ਅਮਨ ਦੀ ਸਿਫਾਰਤ ਤੇ ਦਿਲ ਦਾ ਪੈਗਾਮ ਉਹਨਾਂ ਸਾਰਿਆਂ ਲਈ ਜੋ ਆਪਣੀ ਆਪਣੀ ਕਹਾਣੀ ਦੀ ਲੋਈ ਵਲ੍ਹੇਟ ਕੇ ਬੈਠੇ



ਹੁਏ ਨੇ। ਲਿਖ ਨਹੀਂ ਸਕਦੇ, ਦਿਲ ਤੇ ਝੱਲਦੇ ਨੇ। ਉਹਨਾਂ ਕੋਲ ਖਬਰੇ ਲਫਜ਼ ਨਹੀਂ, ਜਾਂ ਮੁਹਲਤ ਨਹੀਂ ਪਰ ਕਹਾਣੀ ਪੜ੍ਹ ਕੇ ਤਸੱਲੀ ਹੁੰਦੀ ਏ। ਲਿਖ ਕੇ ਉਸ ਤੋਂ ਵੱਧ। ਮੈਨੂੰ ਆਪ ਲੱਗਦਾ ਏ, ਮੇਰੇ ਕੋਲ ਇਕ ਗੱਲ ਸੀ, ਅਮਾਨਤ ਵਰਗੀ ਸਾਂਭੀ ਨਹੀਂ ਜਾਂਦੀ। ਲਿਖ ਛੱਡੀ ਤਾਂ ਸੁਰੱਖਿਅਤ ਹੋ ਗਈ। ਦਿਲ ਹਲਕਾ ਹੋ ਜਾਂਦਾ ਏ।

ਪਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਮੇਰਾ ਲਿਖਣਾ ਮੇਰਾ ਫਰਜ਼ ਲਾਹੁੰਦਾ ਏ। ਮੈਂ ਆਪਣੇ ਲੋਕਾਂ ਦੇ ਸਾਹਮਣੇ ਖੜ੍ਹੀ ਹੋ ਕੇ ਕਹਿ ਸਕਦੀ ਹਾਂ, "ਉਮਰ ਭਰ ਮੈਂ ਤੁਹਾਡੇ ਕੋਲੋਂ ਬਹੁਤ ਕੁਝ ਲਿਆ। ਅੱਜ ਮੇਰੀ ਹੈਸੀਅਤ ਹੈ ਕਿ ਮੈਂ ਕੁਝ ਮੋੜ ਸਕਾਂ। ਤੁਹਾਡੇ ਲਈ ਇਹ ਕਹਾਣੀ ਦੀ ਸੌਗਾਤ ਏ, ਮੇਰੀ ਖਾਹਿਸ਼ ਏ ਮੈਂ ਹੋਰ ਲਿਖਾਂ। ਆਪਣੇ ਅੰਤ ਸਮੇਂ ਤੋੜੀ ਲਿਖਦੀ ਜਾਵਾਂ। ਤਾਂ ਜੋ ਮੇਰਾ ਵਜੂਦ ਹਲਕਾ ਫੁੱਲ ਹੋ ਜਾਵੇ। ਫੇਰ ਕਦੇ ਮੇਰੀ ਰੂਹ ਦਾ ਫੇਰਾ ਹੋਵੇ ਤਾਂ ਇਸ ਦੁਨੀਆਂ ਵਿਚ ਆਪਣਾ ਛੱਡਿਆ ਹੋਇਆ ਕੁਝ ਵਿਰਸਾ, ਆਪਣਾ ਲਾਇਆ ਕੋਈ ਬੂਟਾ ਦਿਸੇ ਤਾਂ ਸਹੀ। ਚੰਗਾ ਹੁਣ ਤੁਸੀਂ ਵੇਖੋ ਮੈਂ ਕੀ ਲਿਖਿਆ ਏ। ਕਿਸ ਤਰ੍ਹਾਂ ਦਾ ਲਿਖਿਆ ਏ। •

**ਜਨਵਰੀ 1998, ਭੂਮਿਕਾ, ਪੰਜੀਵਾਂ ਘੰਟਾ**


**ਹਰਭਜਨ ਸਿੰਘ ਹੁੰਦਲ ਦੀਆਂ 2014 ਵਿਚ ਛਪੀਆਂ ਪੁਸਤਕਾਂ**

1. ਪਿਛਲਾ ਪਿੰਡ - (ਦੂਸਰਾ ਐਡੀਸ਼ਨ)
   ਮੁੱਲ - 300 ਰੁਪਏ, ਪੰਨੇ - 142.
2. ਮੋਤੀਆਂ ਵਰਗੇ ਅੱਖਰ - (ਦੂਸਰਾ ਐਡੀਸ਼ਨ)
   ਮੁੱਲ - 475 ਰੁਪਏ, ਪੰਨੇ - 262.
3. ਚਿੱਤਰਕਾਰ ਜਰਨੈਲ ਸਿੰਘ
   ਮੁੱਲ - 140 ਰੁਪਏ, ਪੰਨੇ - 98.
4. ਅੰਨਤੋਨੀਓ ਗ੍ਰਾਮਸਕੀ - (ਸੰਖੇਪ ਜੀਵਨੀ)
   ਮੁੱਲ - 240 ਰੁਪਏ, ਪੰਨੇ - 120.

ਨੋਟ - ਉਕਤ ਪੁਸਤਕਾਂ ਮਨਪ੍ਰੀਤ ਪ੍ਰਕਾਸ਼ਨ ਦਿੱਲੀ ਨੇ ਛਾਪੀਆਂ ਹਨ
ਫੋਨ - 93122-71252

5. ਰਾਤ ਕੁਲਹਿਣੀ - (ਪੰਜਾਬੀ ਕਵਿਤਾਵਾਂ)
   ਹਬੀਬ ਜਾਲਿਬ
   ਪ੍ਰਕਾਸ਼ਨ - ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ

# ਦੂਸਰੇ ਆਦਮ ਦੀ ਬੇਟੀ

**- ਅਫ਼ਜ਼ਲ ਤੌਸੀਫ਼**

ਭਾਰਤ ਦੀ ਵੰਡ ਹੋਣ ਤੋਂ ਪਹਿਲਾਂ ਦੀ ਜਨਮੀ, ਪ੍ਰੋਫੈਸਰ ਅਫ਼ਜ਼ਲ ਤੌਸੀਫ਼ ਦੇ ਵੱਡ-ਵਡੇਰੇ ਹੁਸ਼ਿਆਰਪੁਰ ਜ਼ਿਲ੍ਹੇ ਦੇ, ਜਿਸਨੂੰ ਹੁਣ ਪੂਰਬੀ ਪੰਜਾਬ ਕਿਹਾ ਜਾਂਦਾ ਹੈ, ਮਾਣ-ਮੱਤੇ ਜ਼ਿਮੀਂਦਾਰ ਸਨ। ਭਾਵੇਂ 10 ਸਾਲ ਦੀ ਉਮਰ ਵਿਚ ਉਸਦੇ ਮਾਤਾ-ਪਿਤਾ ਕੋਇਟੇ ਜਾ ਟਿਕੇ ਸਨ। ਇਹ 1947 ਤੋਂ ਪਹਿਲਾਂ ਦੇ ਘੱਲੂਘਾਰੇ ਦੀ ਗੱਲ ਹੈ। ਪਰ ਉਸਦਾ ਬਾਕੀ ਦਾ ਪਰਿਵਾਰ ਉਸ ਪਾਗਲਪਨ ਦਾ ਸ਼ਿਕਾਰ ਹੋ ਗਿਆ ਜਿਸਨੇ ਕਿ ਉਪ-ਮਹਾਂਦੀਪ ਨੂੰ ਘੇਰ ਲਿਆ ਸੀ। ਬੇਘਰੇ ਹੋਣ ਤੇ ਨਿੱਹਕੇ ਜ਼ੁਲਮ ਕਾਰਨ, ਅਫ਼ਜ਼ਲ ਤੌਸੀਫ਼ ਦੇਸ਼ ਦੀ ਸਭ ਤੋਂ ਵੱਧ ਰਚਨਾਤਮਿਕ ਅਤੇ ਪ੍ਰਗਤੀਸ਼ੀਲ ਲੇਖਕਾਂ ਵਿਚੋਂ ਇਕ ਬਣ ਗਈ।

ਅੱਜ ਤੀਕ ਉਸਨੇ 32 ਪੁਸਤਕਾਂ ਲਿਖ ਲਈਆਂ ਹਨ ਅਤੇ ਅਣਗਿਣਤ ਅਖਬਾਰੀ ਕਾਲਮ ਲਿਖੇ ਹਨ ਤੇ ਕਈ ਕੌਮਾਂਤਰੀ ਫੋਰਮਾਂ ਉੱਤੇ ਹੌਂਸਲੇ ਤੇ ਜਜ਼ਬੇ ਨਾਲ ਬੋਲ ਚੁੱਕੀ ਹੈ। ਲਿਤਾੜੇ ਲੋਕਾਂ ਲਈ ਉਸ ਦੀ ਫਿਕਰਮੰਦੀ, ਜ਼ੁਲਮ ਤੇ ਤਸ਼ੱਦਦ ਦਾ ਸ਼ਿਕਾਰ ਹੋਇਆਂ ਲਈ ਉਸਦੀ ਹਮਦਰਦੀ, ਸਕੂਲ ਤੋਂ ਲੱਗ ਕੇ ਬੀ. ਏ. ਤੀਕ ਉਸਦੀ ਪੜ੍ਹਾਈ ਤੱਕ ਜਾਰੀ ਰਹੀ। ਉਸਨੇ ਕੋਇਟੇ ਨੂੰ ਆਪਣੇ ਘਰ ਦਾ ਸ਼ਹਿਰ ਪ੍ਰਵਾਨ ਕਰ ਲਿਆ। ਪਿਛਲੇ ਸਾਲਾਂ ਵਿਚ ਉਸਨੇ ਪੰਜਾਬੀ ਪਛਾਣ ਨੂੰ ਅਪਣਾ ਲਿਆ, ਜਦੋਂ ਉਹ ਲਾਹੌਰ ਵਿਚ ਇਕ ਉਸਤਾਦ ਤੇ ਲੇਖਕ ਵਜੋਂ ਅਕਾਦਮਿਕ ਹਲਕਿਆਂ ਵਿਚ ਪ੍ਰਸਿੱਧ ਹੋ ਗਈ। ਇਹ ਉਹੀ ਸਾਲ ਸਨ ਜਦੋਂ ਉਸਦੀ ਰਾਜਨੀਤਕ ਵਿਚਾਰਧਾਰਾ ਦੇ ਨਕਸ਼ ਉਘੜਨ ਲੱਗੇ ਤੇ ਉਹ ਪੀਪਲਜ਼ ਪਾਰਟੀ ਦੀ ਚੜ੍ਹਤ ਸਮੇਂ ਉਸ ਨਾਲ ਸਹਿਮਤ ਨਜ਼ਰ ਆਉਣ ਲੱਗੀ।

ਘੱਟੋ ਘੱਟ ਇਹ ਕਿਹਾ ਜਾ ਸਕਦਾ ਕਿ ਸਿੱਟੇ ਬੜੇ ਨਾਟਕੀ ਸਨ। ਉਸ ਉੱਤੇ ਰਾਜ-ਧ੍ਰੋਹ ਦਾ ਇਲਜ਼ਾਮ ਲਾਇਆ ਗਿਆ ਕਿਉਂਕਿ ਉਸਨੇ ਢਾਕਾ ਦੀ ਹਾਰ ਬਾਰੇ ਇਕ ਕਿਤਾਬ ਲਿਖੀ ਸੀ। ਉਸਨੂੰ ਦੋ ਵਾਰ ਫੌਜੀ ਅਦਾਲਤਾਂ ਸਾਹਮਣੇ ਪੇਸ਼ ਹੋਣਾ ਪਿਆ। ਉਸਨੇ ਕੈਦ ਕੱਟੀ, ਤੇ ਕਈ ਵਾਰ ਆਪਣੇ ਦੇਸ਼ ਵਿਚ ਉਸਨੂੰ ਭਗੌੜਾ ਕਰਾਰ ਦਿੱਤਾ ਗਿਆ।

ਡੈਨਮਾਰਕ ਵਿਚ ਏਸ਼ੀਆਈ ਲੇਖਕ ਪੁਰਸਕਾਰ ਤੋਂ ਲੱਗ ਕੇ, ਉਸਦੀ ਸੂਖਮਤਾ ਨੂੰ ਭਾਰਤ ਵਿਚਲੇ ਮਿਲੀਨੀਅਮ ਪੁਰਸਕਾਰ ਅਤੇ ਅੱਠ ਹੋਰ ਪੁਰਸਕਾਰ ਮਿਲ ਚੁੱਕੇ ਹਨ। ਇਹਨਾਂ ਪੁਰਸਕਾਰਾਂ ਵਿਚ ਮਸੂਦ ਖੱਦਰ ਪੋਸ਼ ਪੁਰਸਕਾਰ ਵੀ ਸ਼ਾਮਿਲ ਹੈ। ਉਸਨੂੰ ਫ਼ਖ਼ਰ ਹੁੰਦਾ ਹੈ ਕਿ ਬੇਘਰੇ ਹੋਣ ਦੀ ਭਾਵਨਾ ਅੱਜ ਤੀਕਰ ਉਸਦਾ ਪਿੱਛਾ ਕਰਦੀ ਹੈ। "ਮੇਰਾ ਜੁਰਮ ਇਹ ਹੈ ਕਿ ਸਥਾਪਤੀ ਉੱਤੇ ਉਜੱਡ-ਪੁਣਾ ਸਦਾ ਹੀ ਭਾਰੂ ਰਿਹਾ ਹੈ।" ਇਹਨਾਂ ਹੀ



ਦਿਨਾਂ ਵਿਚ ਛਪੀ ਉਸਦੀ ਸਵੈ-ਜੀਵਨੀ "ਦੇਖੀ ਤੇਰੀ ਦੁਨੀਆਂ" ਸਾਰੀ ਗੱਲ ਖੁੱਲ੍ਹ ਕੇ ਦੱਸ ਦਿੰਦੀ ਹੈ।

**? ਪਾਕਿਸਤਾਨ ਦੇ ਸਰਕਾਰੀ ਪੁਰਸਕਾਰ ਤੋਂ ਇਨਕਾਰੀ ਹੋਣ ਤੋਂ ਪਿੱਛੋ ਤੁਹਾਡੇ ਸਾਹਿਤਕ ਰੁਤਬੇ ਨੂੰ ਕਈ ਸਾਲਾਂ ਬਾਅਦ ਸਵੀਕਾਰੇ ਜਾਣ ਪਿੱਛੋਂ, ਇਕ ਵਾਰ ਫਿਰ ਤੁਹਾਡਾ ਨਾਂ ਇਸ ਸਾਲ ਸਤਿਕਾਰਤ ਪੁਰਸਕਾਰ ਲਈ ਵਿਚਾਰਿਆ ਗਿਆ ਹੈ। ਕੀ ਤੁਸੀਂ ਇਸ ਸਨਮਾਨ ਨੂੰ ਪ੍ਰਵਾਨ ਕਰੋਗੇ?**

\- ਜ਼ਿਆ-ਉਲ-ਹੱਕ ਦੇ ਸਮੇਂ ਇਕ ਉੱਚ ਸਰਕਾਰੀ ਪੁਲਿਸ ਅਫ਼ਸਰ ਮੇਰੇ ਕੋਲ ਇਸ ਸਤਿਕਾਰਤ ਪੁਰਸਕਾਰ ਦੀ ਪੇਸ਼ਕਸ਼ ਲੈ ਕੇ ਆਇਆ ਸੀ ਤੇ ਕਿਹਾ ਸੀ ਕਿ ਤੁਹਾਨੂੰ ਅੱਠ ਮੁਰੱਬੇ ਵਾਹੀ ਯੋਗ ਜ਼ਮੀਨ ਦਿੱਤੀ ਜਾ ਰਹੀ ਹੈ ਤਾਂ ਮੈਂ ਸਿੱਧੇ ਹੀ ਨਾਂਹ ਕਰ ਦਿੱਤੀ ਸੀ। ਕਿਉਂਕਿ ਪਹਿਲੀ ਗੱਲ ਮੈਂ ਉਸ ਪ੍ਰਬੰਧ ਦੇ ਵਿਰੁੱਧ ਲਿਖਦੀ ਆਈ ਸੀ, ਜੋ ਜ਼ੀਆ ਵਲੋਂ ਲਾਗੂ ਕੀਤਾ ਜਾ ਰਿਹਾ ਸੀ। ਦੂਸਰੇ ਮੇਰੇ ਇਸ ਸਨਮਾਨ ਨੂੰ ਸਵੀਕਾਰੇ ਜਾਣ ਨਾਲ ਲਿਬੀਆ ਸਾਜਿਸ਼ ਕੇਸ ਦੇ ਉਹਨਾਂ ਇਕਤਾਲੀ ਸਾਥੀਆਂ ਉੱਤੇ ਦੋਸ਼ ਲੱਗਣਾ ਸੀ, ਜਿਸ ਵਿਚ ਕਿ ਮੈਂ ਵੀ ਇਕ ਧਿਰ ਸੀ। ਇਸ ਲਈ ਮੇਰਾ ਉੱਤਰ ਇਹ ਸੀ ਕਿ ਇਕ ਆਜ਼ਾਦੀ ਸੰਗਰਾਮੀਆ ਹੋਣਾ ਤੇ ਕ੍ਰਾਂਤੀਕਾਰੀ ਸਮਝੇ ਜਾਣਾ ਇਸ ਤੋਂ ਕਿਤੇ ਵੱਡੇ ਪੁਰਸਕਾਰ ਹਨ। ਪੰਜੀ ਹਜ਼ਾਰ ਵਿਦਿਆਰਥੀਆਂ ਵਲੋਂ ਵਧੀਆ ਟੀਚਰ ਵਜੋਂ ਯਾਦ ਕੀਤਾ ਜਾਣਾ ਕਿਤੇ ਵੱਡੀ ਇੱਜ਼ਤ ਹੈ। ਮੈਂ ਇਸ ਲਾਲਚ ਦੀ ਪ੍ਰਵਾਹ ਨਾ ਕੀਤੀ ਕਿਉਂਕਿ ਮੇਰਾ ਦਾਦਾ ਅਣਵੰਡੇ ਭਾਰਤ ਵਿਚ ਤਿੰਨ ਪਿੰਡਾਂ ਦਾ ਮਾਲਕ ਸੀ ਤੇ ਮੇਰਾ ਸਵਰਗੀ ਪਿਤਾ ਕਵੈਦ ਰਹਿ ਚੁੱਕਾ ਸੀ, ਅਰਥਾਤ ਸੁਰੱਖਿਆ ਅਧਿਕਾਰੀ ਸੀ। ਜ਼ੈਰਾਤ ਵਿਚ ਤੇ ਉਸਨੇ ਪਿਤਾ-ਪੁਰਖੀ ਜ਼ਮੀਨ ਬਾਰੇ ਕੋਈ ਦਾਅਵਾ ਨਹੀਂ ਸੀ ਕੀਤਾ। ਹਾਲਾਂਕਿ ਇਸ ਹੈਸੀਅਤ ਵਿਚ ਉਸਦਾ ਹੱਕ ਬਣਦਾ ਸੀ। ਦੂਜੇ ਸਾਰੇ ਲੋਕ ਲਾਭ ਉਠਾ ਰਹੇ ਸੀ। ਪਰ ਹਾਂ, ਹੁਣ ਮੈਂ ਇਹ ਪੁਰਸਕਾਰ ਪ੍ਰਵਾਨ ਕਰ ਲਵਾਂਗੀ, ਕਿਉਂਕਿ ਮੇਰੇ ਮਿੱਤਰਾਂ ਨੇ ਮੈਨੂੰ ਸਹਿਮਤ ਕਰਵਾ ਲਿਆ ਹੈ ਤੇ ਕਿਹਾਂ ਹੈ ਕਿ ਇਹ ਪੁਰਸਕਾਰ ਸਥਾਪਤੀ ਵਲੋਂ ਨਹੀਂ ਆ ਰਿਹਾ, ਸਗੋਂ ਦੇਸ਼ ਵਲੋਂ ਆ ਰਿਹਾ ਹੈ, ਜਿਸ ਖ਼ਾਤਰ ਮੈਂ ਲੜਦੀ ਰਹੀ ਹਾਂ, ਇਹ ਮੇਰਾ ਅਧਿਕਾਰ ਬਣਦਾ ਹੈ।

**? ਤੁਹਾਡੀ ਰਾਜਸੀ ਵਿਚਾਰਧਾਰਾ ਦੇ ਬਣਨ ਵਿਚ, ਇਕੋ ਇਕ ਤੇ ਸਭ ਤੋਂ ਤਾਕਤਵਰ ਕਿਹੜਾ ਕਾਰਕ ਰਿਹਾ ਹੈ?**

\- ਬਲੋਚਿਸਤਾਨ ਵਿਚ ਵੱਡੇ ਹੋਣਾ, ਤੇ ਵਿਸ਼ਵ ਸਾਹਿਤ ਪੜ੍ਹਨਾ ਤੇ ਉਹਨਾਂ ਅਧਿਆਪਕਾਂ ਨਾਲ ਵਿਚਰਨਾ ਜਿਹਨਾਂ ਦੇ ਵਿਚਾਰ ਤਰੱਕੀ-ਪਸੰਦ ਸਨ ਤੇ ਮਾਰਕਸਵਾਦੀ ਕ੍ਰਾਂਤੀ ਦਾ ਅਨੁਭਵ ਪ੍ਰਾਪਤ ਕਰਨਾ ਤੇ ਸਮਾਜਿਕ ਇਨਸਾਫ ਲਈ

ਸੋਚਣਾ, ਜਿਸ ਦਾ ਕਿ ਬੀਜ ਪੁੰਗਰ ਰਿਹਾ ਸੀ।

ਪਰ ਜਦੋਂ ਮੈਂ ਲਾਹੌਰ ਪਰਤ ਆਈ ਤੇ ਲੇਡੀ ਮੈਕਲਾਗਨ ਕਾਲਜ ਵਿਚ ਟੀਚਰ ਆ ਲੱਗੀ ਤੇ ਸਮਾਜ ਵਿਚ ਵਿਤਕਰੇ ਵਧੇਰੇ ਤਿੱਖੇ ਹੋ ਗਏ। ਮੈਂ ਅਨੁਭਵ ਕੀਤਾ ਕਿ ਪੰਜਾਬ, ਜਿਸ ਵਿਚ ਵਧੇਰੇ ਵਸੋਂ ਇਮਾਨਦਾਰ ਲੋਕਾਂ ਦੀ ਸੀ, ਉਹ ਹੁਣ ਜ਼ੁਲਮ ਦਾ ਕੇਂਦਰ ਬਣਿਆ ਹੋਇਆ ਸੀ ਅਤੇ ਜਿੱਥੇ ਨਿਕੰਮੀ ਅਫਸਰਸ਼ਾਹੀ ਭੋਂ-ਮਾਲਕਾਂ ਜਾਗੀਰਦਾਰਾਂ ਦੀ ਸਹਾਇਤਾ ਕਰ ਰਹੀ ਸੀ। ਉਹਨਾਂ ਕੋਲ ਸਾਰੀ ਤਾਕਤ ਸੀ ਤੇ ਸਾਰੀ ਦੌਲਤ ਤੇ ਆਮ ਲੋਕਾਂ ਦਾ ਜੀਵਨ ਬੜਾ ਦੁਖਦਾਈ ਸੀ। ਮੈਨੂੰ ਇਸ ਹਕੀਕਤ ਨੇ ਜਾਗ੍ਰਿਤੀ ਪ੍ਰਦਾਨ ਕੀਤੀ ਤੇ ਮੈਂ ਉਹਨਾਂ ਲੋਕਾਂ ਨਾਲ ਜਾ ਖਲੋਈ, ਜੋ ਪੀਪਲਜ਼ ਪਾਰਟੀ ਦੀ ਅਗਵਾਈ ਹੇਠ ਅਯੂਬ-ਸ਼ਾਹੀ ਦੇ ਵਿਰੁੱਧ ਸਨ।

ਇਹ ਬੜੇ ਜੋਸ਼ ਭਰੇ ਸਮੇਂ ਸਨ ਤੇ ਇਹ ਇਕ ਅਦੁੱਤੀ ਅਨੁਭਵ ਸੀ ਕਿ ਉਹਨਾਂ ਲੋਕਾਂ ਨੂੰ ਪੜ੍ਹਾਉਣਾ ਜੋ ਕੋਈ ਸੇਧ ਲੱਭ ਰਹੇ ਸਨ। ਮੈਨੂੰ ਇਕ ਲੈਕਚਰਾਰ ਵਜੋਂ ਪਬਲਿਕ ਸਰਵਿਸ ਕਮਿਸ਼ਨ ਨੇ ਚੁਣ ਲਿਆ ਸੀ ਤੇ ਭਾਵੇਂ ਅਸੀਂ ਸ਼ਬਦ ਦੇ ਸਹੀ ਅਰਥਾਂ ਵਿਚ ਸਰਗਰਮ ਕਾਰਕੁੰਨ ਨਹੀਂ ਸੀ। ਪਰ ਸਾਰੇ ਸ਼ੱਕੀ ਵਾਤਾਵਰਨ ਨੇ ਸਾਨੂੰ ਬੁਰਕੇ ਪਾ ਕੇ ਪਾਰਟੀ ਦੀਆਂ ਮੀਟਿੰਗਾਂ ਵਿਚ ਜਾਣ ਦਾ ਮੌਕਾ ਦਿੱਤਾ ਤੇ ਸਾਡਾ ਪਤਾ ਨਹੀਂ ਸੀ ਲੱਗਦਾ, ਜਦ ਕਿ ਹਰ ਪਾਸੇ ਸਰਕਾਰੀ ਸੂਹੀਏ ਫਿਰਦੇ ਸਨ।

ਸਾਰੀਨ ਤੇ ਹਨੀਫ ਰਾਮੇ ਦੀ ਪਤਨੀ, ਜਿਸਨੂੰ ਮੈਂ ਕੋਇਟੇ ਦੇ ਦਿਨਾਂ ਤੋਂ ਜਾਣਦੀ ਸੀ, ਉਹਨਾਂ ਨੇ ਪੀ. ਪੀ. ਪੀ. ਪਾਰਟੀ ਦਾ ਗੁਪਤ ਵਿੰਗ ਬਣਾਇਆ ਸੀ। ਉਸ ਵੇਲੇ ਪੰਜ਼ੀ ਹਜ਼ਾਰ ਔਰਤਾਂ ਮੈਂਬਰ ਸਨ ਜਦਕਿ ਛਾਪਾ ਪਿਆ। ਫਿਰ ਪਿੱਛੋਂ ਜ਼ੀਆ ਦੇ ਰਾਜ ਵੇਲੇ ਭੁੱਟੋ ਬਚਾਓ ਲਹਿਰ ਵੇਲੇ ਮੈਂ ਬਹੁਤ ਸਰਗਰਮ ਸੀ ਕਿਉਂਕਿ ਅਸੀਂ ਹਰ ਕੀਮਤ ਉੱਤੇ ਉਸਨੂੰ ਬਚਾਉਣਾ ਚਾਹੁੰਦੀਆਂ ਸੀ। ਪਰ ਜਦੋਂ ਲੱਖਾਂ ਲੋਕ ਇਸ ਲਈ ਸੰਘਰਸ਼ ਕਰ ਰਹੇ ਸੀ ਤੇ ਕੋੜੇ ਖਾ ਰਹੇ ਸਨ, ਅਸੀਂ ਉਸਨੂੰ ਬਚਾ ਨਾ ਸਕੇ। ਅਸਲ ਵਿਚ, ਇਹ ਮੇਰੇ ਜੀਵਨ ਦੀ ਸਭ ਤੋਂ ਵੱਡੀ ਹਾਰ ਸੀ ਜੋ ਮੈਂ ਖਾਧੀ।

? **ਇਹ ਹਕੀਕਤ ਕਿ ਭੁੱਟੋ, ਜੋ ਤੁਹਾਡਾ ਵਿਚਾਰਧਾਰਕ ਨਾਇਕ ਸੀ, ਲੋਕ-ਰਾਜ ਪੱਖੋਂ ਅਸਫਲ ਹੋ ਗਿਆ, ਜਿਵੇਂ ਕਿ ਉਸਦੀ ਸਪੁੱਤਰੀ ਬੇਨਜ਼ੀਰ ਵੀ?**

\- ਹਾਂ, ਕੁਝ ਹੱਦ ਤੀਕ, ਭੁੱਟੋ ਦੇ ਜੀਵਨ-ਕਾਲ ਵਿਚ ਪੀ. ਪੀ. ਪੀ. ਵੀ ਰਾਹੋਂ ਥਿੜਕ ਗਈ ਸੀ, ਸਾਰੇ ਮੋਢੀ ਜੋ ਵਿਚਾਰਧਾਰਾ ਦੇ ਸਮਰਥਕ ਸਨ, ਉਹ ਨਿਰਾਸ਼ ਹੋ ਗਏ ਸਨ। ਕਿਉਂਕਿ ਸ਼ੇਖ਼ ਰਸੀਦ ਵਰਗੇ ਵੀ ਅੱਡ ਹੋ ਗਏ। ਹਨੀਫ਼ ਰਾਮੇ ਨੂੰ ਜੋ ਪੀ.ਪੀ.ਪੀ. ਦਾ ਮੁਢਲਾ ਮੈਂਬਰ ਸੀ, ਨੂੰ ਭੁੱਟੋ ਦੇ ਤਾਕਤ ਦੇ ਸਮੇਂ ਵਿਚ ਲਾਹੌਰ ਦੇ ਕਿਲ੍ਹੇ ਵਿਚ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਡਾ. ਮੁਬਾਸ਼ਿਰ ਹਸਨ ਵੀ ਵਜ਼ਾਰਤ ਛੱਡ ਗਿਆ, ਜਦੋਂ ਭੁੱਟੋ ਨੇ ਐਨ. ਏ.ਪੀ. ਦੀ ਬਲੋਚਿਸਤਾਨ ਵਾਲੀ ਸਰਕਾਰ ਤੋੜ



ਦਿੱਤੀ। ਭੁੱਟੋ ਨੇ ਆਪਣੀ ਗਲਤੀ ਸਵੀਕਾਰ ਕਰ ਲਈ, ਕਿਉਂਕਿ ਜਦੋਂ ਉਸਨੂੰ ਆਖ਼ਰੀ ਇੱਛਾ ਪੁੱਛੀ ਗਈ ਤਾਂ ਉਸਨੇ ਇਹ ਗੱਲ ਆਖੀ ਸੀ "ਮੈਨੂੰ 32 ਗੋਲੀਆਂ ਵਾਲਾ ਰਿਵਾਲਵਰ ਦਿਓ ਤੇ ਮੇਰੀ ਕੇਂਦਰੀ ਕਮੇਟੀ)

ਬੇਨਜ਼ੀਰ ਨੇ ਵੀ ਭੁੱਟੋ ਵਾਂਗ ਨਿਰਾਸ਼ ਕੀਤਾ ਭਾਵੇਂ ਕਿ ਉਸ ਨੂੰ ਵੀ ਦੁੱਖ ਸਹਿਣੇ ਪਏ। ਅਸੀਂ ਸਾਰੇ ਉਸਦੇ ਨਾਲ ਸੀ, ਜਦੋਂ ਉਸਨੇ ਪ੍ਰਧਾਨਮੰਤਰੀ ਵਜੋਂ ਸਹੁੰ ਚੁੱਕੀ ਸੀ। ਅਸਾਂ ਅਨੁਭਵ ਕੀਤਾ ਕਿ ਇਹ ਅਹੁਦਾ, ਸਮਝੌਤੇ ਕਰਕੇ ਪ੍ਰਾਪਤ ਕੀਤਾ ਗਿਆ ਸੀ। ਬੇਨਜ਼ੀਰ ਨੇ ਉਹਨਾਂ ਸਭਨਾਂ ਨਾਲ ਸਮਝੌਤਾ ਕੀਤਾ, ਜਿਨ੍ਹਾਂ ਨੇ ਉਸ ਦੇ ਪਿਤਾ ਨੂੰ ਕਤਲ ਕੀਤਾ ਸੀ। ਪਰ ਜੇ ਉਹ ਅਮਰੀਕੀ ਰਾਏ ਨੂੰ ਪ੍ਰਵਾਨ ਨਾ ਕਰਦੀ, ਤਾਂ ਉਹ ਸਾਰਾ ਜੀਵਨ ਦੇਸ਼-ਨਿਕਾਲੇ ਵਿਚ ਹੀ ਕੱਟਦੀ, ਇਹ ਗੱਲ ਅੰਤ ਤੇ ਲਾਹੇਵੰਦ ਰਹਿਣੀ ਸੀ। ਉਸਦੀ ਸਭ ਤੋਂ ਵੱਡੀ ਗਲਤੀ ਇਹ ਸੀ ਕਿ ਉਸਨੇ ਵਿਚਾਰਧਾਰਾ ਬਾਰੇ ਸਮਝੌਤਾ ਕਰ ਲਿਆ ਤੇ ਲੋਕਾਂ ਦੀ ਕੀਮਤ ਉੱਤੇ ਕੀਤਾ ਤੇ ਕੀਤਾ ਵੀ ਸਾਮਰਾਜੀ ਸ਼ਕਤੀ ਦੇ ਕਹਿਣ ਉੱਤੇ।

ਹੁਣ, ਅੱਜਕੱਲ੍ਹ ਕੋਈ ਪਾਰਟੀ ਨਹੀਂ ਹੈ ਤੇ ਨਾ ਹੀ ਜਰਦਾਰੀ। ਬਿਲਾਵਲ ਨੂੰ ਬਿਨਾਂ ਪਾਰਟੀ ਦੀਆਂ ਚੋਣਾਂ ਤੋਂ ਅੱਗੇ ਲਿਆਉਣਾ, ਬੱਚਿਆਂ ਵਾਲੀ ਗੱਲ ਹੈ। ਇਹ ਵੀ ਹੋਰਨਾਂ ਚਾਲਾਂ ਵਰਗੀ ਹੀ ਇਕ ਚਾਲ ਹੈ, ਜਿਸਨੂੰ ਪ੍ਰਵਾਨ ਕਰਨ ਲਈ ਲੋਕਾਂ ਨੂੰ ਬੇਵਕੂਫ ਬਣਾਇਆ ਗਿਆ ਹੈ।

? **ਬਲੋਚ ਮਸਲਾ ਜੋ ਸਪੱਸ਼ਟ ਤੌਰ ਤੇ ਸੰਘ-ਵਿਰੋਧੀ ਹੈ ਤੇ ਵੱਖਵਾਦੀ ਵਿਚਾਰ ਵਾਲਾ ਤੇ ਇਸ ਨੇ ਸਦਾ ਹੀ ਤੁਹਾਡੀ ਹਮਦਰਦੀ ਜਿੱਤੀ ਹੈ। ਇਹ ਕਿਉਂ?**

\- ਕਿਉਂਕਿ ਬਲੋਚਿਸਤਾਨ ਨੇ ਮੈਨੂੰ ਸ਼ਰਨ ਦਿੱਤੀ, ਜਦੋਂ ਕਿ ਮੈਂ ਬੇ-ਘਰੀ ਸੀ, ਜਦੋਂ ਮੇਰੀ ਕੋਈ ਪਛਾਣ ਨਹੀਂ ਸੀ। ਇਸਨੇ ਮੇਰੀ ਪਾਲਣਾ-ਪੋਸ਼ਣਾ ਕੀਤੀ। ਮੈਨੂੰ ਜਾਗ੍ਰਿਤ ਕੀਤਾ ਤੇ ਵਿਚਾਰਾਂ ਦੀ ਪਰਪੱਕਤਾ ਪ੍ਰਦਾਨ ਕੀਤੀ। ਮੈਂ ਅੱਖੀਂ ਵੇਖਿਆ ਹੈ ਕਿ ਕਿਵੇਂ ਬਲੋਚਾਂ ਦੇ ਅਧਿਕਾਰਾਂ ਨੂੰ ਮਿੱਧਿਆ ਗਿਆ ਹੈ। ਅਜਿਹੀਆਂ ਹਾਲਤਾਂ ਵਿਚ ਤੁਸੀਂ ਕੀ ਆਸ ਰੱਖ ਸਕਦੇ ਹੋ? ਕਿ ਉਹਨਾਂ ਨੂੰ ਇਕ ਹਸਪਤਾਲ ਜਾਂ ਆਟੇ ਦੀਆਂ ਬੋਰੀਆਂ ਦੇ ਕੇ ਖਰੀਦਿਆ ਜਾ ਸਕਦਾ ਹੈ? ਪਹਿਲਾਂ ਤੁਹਾਨੂੰ ਉਹਨਾਂ ਦੇ ਜ਼ਖ਼ਮਾਂ ਉੱਤੇ ਪੱਟੀ ਕਰਨੀ ਪਵੇਗੀ, ਜੋ ਜ਼ਖ਼ਮ ਏਨੀ ਦੇਰ ਤੋਂ ਪੱਕ ਗਿਆ ਹੋਇਆ ਹੈ। ਉਹਨਾਂ ਨੂੰ ਪਾਕਿਸਤਾਨ ਦਾ ਹਿੱਸਾ ਸਮਝ ਕੇ ਵਿਹਾਰ ਕਰੋ। ਆਖਰ ਬਲੋਚਿਸਤਾਨ ਇੱਕ ਵੋਟ ਸਦਕਾ ਹੀ ਪਾਕਿਸਤਾਨ ਦਾ ਹਿੱਸਾ ਬਣਿਆ ਸੀ ਤੇ ਉਸਦਾ ਮਾਲਕ ਅਕਬਰ ਬੁਗਤੀ ਸੀ। ਜਿਸਨੂੰ ਬੰਬਾਂ ਨਾਲ ਖ਼ਤਮ ਕਰ ਦਿੱਤਾ ਗਿਆ। ਤੁਸੀਂ ਆਪਣੇ ਦੇਸ਼-ਵਾਸੀਆਂ ਉੱਤੇ ਇਸ ਤਰ੍ਹਾਂ ਤੇ ਬੰਬ ਨਹੀਂ ਚਲਾਉਂਦੇ।

ਬਲੋਚਿਸਤਾਨ ਦੀ ਪ੍ਰਤੀਨਿਧਤਾ ਲਈ ਬੁਗਤੀ (ਜੋ ਹੁਣ ਮਰ ਗਿਆ ਹੈ) ਜਾਂ ਮਾਰੀ

(ਜੋ ਹੁਣ ਬਹੁਤ ਬੁੱਢਾ ਹੈ) ਅਤੇ ਅਤਾਉੱਲਾ ਮੰਗਲ, ਇਹੀ ਲੋਕ ਸਨ, ਜਿਨ੍ਹਾਂ ਨੂੰ ਇਸ ਧਰਤੀ ਨਾਲ ਅਸਲੀ ਮੋਹ ਸੀ। ਕੇਵਲ ਏਨਾ ਕਿ ਉਹ ਬਲੋਚ ਲੋਕਾਂ ਦੇ ਹੱਕਾਂ ਲਈ ਉਠ ਖਲੋਤੇ। ਉਨ੍ਹਾਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਕਈਆਂ ਨੂੰ ਲਗਾਤਾਰ 25 ਸਾਲ ਤੀਕ। ਉਹ ਕੇਵਲ ਪਾਕਿਸਤਾਨ ਵਿਚ ਆਪਣੇ ਹੱਕ ਮੰਗਦੇ ਸੀ,ਜਿਸ ਵਿਚ ਪ੍ਰਾਂਤਕ ਖ਼ੁਦ-ਮੁਖ਼ਤਾਰੀ ਹੋਵੇ। ਬਲੋਚਿਸਤਾਨ ਸਿੰਧ ਤੇ ਸਰਹੱਦੀ ਪ੍ਰਾਂਤਾਂ ਨੂੰ ਵੀ ਇਹੀ ਗਿਲਾ ਹੈ।

? **ਸੋ ਪੰਜਾਬ ਪੁਆੜੇ ਦੀ ਜੜ੍ਹ ਬਣ ਜਾਊ ਤੇ ਫੈਡਰੇਸ਼ਨ ਕਿੱਥੇ ਗਈ?**

- ਫੈਡਰੇਸ਼ਨ ਕਦੇ ਵੀ ਨਹੀਂ ਹੋਈ ਤੇ ਪੰਜਾਬ ਦੀ ਹਾਲਤ ਕਿਤੇ ਵੱਧ ਠੀਕ ਹੋਣੀ ਸੀ ਜੇ ਖ਼ੁਦਮੁਖਤਾਰੀ ਹੁੰਦੀ ਕਿਉਂਕਿ ਪ੍ਰਾਂਤਕ ਖ਼ੁਦ-ਮੁਖ਼ਤਾਰੀ ਨਾਲ ਲੋਕ-ਰਾਜ ਤਕੜਾ ਹੋਣਾ ਸੀ। ਇਹ ਸੀ ਜੋ ਕਾਇਦੇ-ਆਜ਼ਮ ਦੀ ਤਜਵੀਜ਼ ਸੀ। ਜਿੱਥੋਂ ਤੀਕ ਮੇਰੀਆਂ ਵਫ਼ਾਦਾਰੀਆਂ ਦਾ ਸਬੰਧ ਹੈ, ਮੈਂ ਅਵਾਮ (ਆਮ ਲੋਕਾਂ) ਦੇ ਨਾਲ ਹਾਂ, ਭਾਵੇਂ ਉਹ ਕਿਸੇ ਵੀ ਸੂਬੇ ਦੇ ਹੋਣ। ਪੰਜਾਬ ਮੇਰੀ ਜਨਮ-ਭੂਮੀ ਹੈ, ਤੇ ਇਹ ਪੰਜਾਬ ਹੀ ਹੈ ਕਿ ਇਕ ਲੇਖਕ ਅਤੇ ਚਿੰਤਕ ਵਜੋਂ ਮੇਰੀ ਪਛਾਣ ਬਣੀ ਹੈ। ਜਿਸ ਸਦਕਾ ਮੈਨੂੰ ਏਨੇ ਪੁਰਸਕਾਰ ਮਿਲੇ ਹਨ। ਅਸਲ ਵਿਚ ਜੇ ਮੈਂ ਏਥੇ ਨਾ ਆਉਂਦੀ ਤਾਂ ਮੈਂ ਆਪਣੀ ਮਾਂ-ਬੋਲੀ ਵੀ ਨਹੀਂ ਸੀ ਸਿੱਖ ਸਕਦੀ, ਨਾ ਹੀ ਇਸ ਵਿਚ ਲਿਖਣ ਦਾ ਹੌਸਲਾ ਪੈਣਾ ਸੀ।

ਪੰਜਾਬ ਨੇ ਹੀ ਅੰਮ੍ਰਿਤਾ ਪ੍ਰੀਤਮ ਦੀ ਦੋਸਤੀ ਦਿੱਤੀ, ਜਿਸਨੇ ਮੇਰੇ ਬਾਰੇ ਇਕ ਕਿਤਾਬ ਲਿਖੀ ਤੇ ਮੈਨੂੰ ਪੰਜਾਬ ਦੀ ਧੀ ਆਖਿਆ। ਉਸਨੇ ਮੈਨੂੰ ਲੋਕਾਂ ਦੀਆਂ ਸੰਵੇਦਨਾਵਾਂ ਨੂੰ ਪ੍ਰਗਟ ਕਰਨ ਦੀ ਸੰਵੇਦਨਾ ਦਿੱਤੀ। ਮੇਰੀਆਂ ਪੰਜਾਬੀ ਲਿਖਤਾਂ ਨੇ ਮੈਨੂੰ ਭਾਰਤ ਵਿਚ ਪੁਰਸਕਾਰ ਪ੍ਰਾਪਤ ਕਰਨ ਲਈ ਸੱਦਾ ਦਿੱਤਾ। ਇਸ ਦੇ ਨਾਲ ਹੀ ਮੈਨੂੰ ਮੇਰੀ ਜ਼ਿੰਦਗੀ ਵਿਚ ਮੇਰੇ ਪਿਉ-ਦਾਦਿਆਂ ਦਾ ਪਿੰਡ ਵੇਖਣ ਅਤੇ ਉਹ ਦੁਖਾਂਤ ਅਨੁਭਵ ਕਰਨ ਦਾ ਮੌਕਾ ਦਿੱਤਾ, ਜਿਹੜੇ ਵੰਡ ਵੇਲੇ ਆਪਣੀ ਮਾਂ-ਬੋਲੀ ਲਈ ਕੁਰਬਾਨ ਹੋਏ ਸਨ।

? **ਇਸ ਸਭ ਕਾਸੇ ਦੇ ਬਾਵਜੂਦ ਤੁਸੀਂ ਉਹਨਾਂ ਲੋਕਾਂ ਕੋਲੋਂ ਪੁਰਸਕਾਰ ਲੈਣ ਲਈ ਭਾਰਤ ਗਏ, ਜਿਹਨਾਂ ਤੁਹਾਡੇ ਪਰਿਵਾਰ ਨੂੰ ਕਤਲ ਕੀਤਾ ਤੇ ਤੁਹਾਨੂੰ ਬੇਘਰੇ ਕਰ ਦਿੱਤਾ?**

- ਮਿਲੇਨੀਅਮ ਪੁਰਸਕਾਰ ਲਈ ਲੋਕਾਂ ਨੇ ਮੇਰੇ ਮਾਣ ਵਿਚ ਇੱਕ ਬੜਾ ਵੱਡਾ ਸਮਾਗਮ ਕੀਤਾ ਸੀ। ਮੈਂ ਸਟੇਜ ਉੱਤੇ ਬੈਠੀ ਹੋਈ ਸੀ, ਜਦੋਂ ਉਹ ਆਏ ਤੇ ਹੱਥ ਜੋੜ ਕੇ ਮੁਆਫ਼ੀ ਮੰਗੀ। ਪਰ ਮੈਂ ਆਖਿਆ ਕਿ ਜੇ ਤੁਸੀਂ ਇਸ ਤਰ੍ਹਾਂ ਕਰਦੇ ਹੋ ਤਾਂ ਮੈਨੂੰ ਵੀ ਉਹਨਾਂ ਜ਼ੁਲਮਾਂ ਲਈ ਮੁਆਫ਼ੀ ਮੰਗਣੀ ਹੋਵੇਗੀ ਜੋ ਜ਼ੁਲਮ ਕਿ ਹਿੰਦੂਆਂ ਅਤੇ ਸਿੱਖਾਂ



ਉੱਤੇ ਏਥੇ ਕੀਤੇ ਗਏ। ਫ਼ਰਕ ਕੇਵਲ ਏਨਾ ਹੈ ਕਿ ਉਹ ਕਹਾਣੀਆਂ ਲਿਖੀਆਂ ਨਹੀਂ ਗਈਆਂ ਜੋ ਸਰਹੱਦ ਦੇ ਏਸ ਪਾਸੇ ਪਾਕਿਸਤਾਨ ਵਿਚ ਵਾਪਰੀਆਂ ਸਨ।

? **ਇੱਕ ਵਿਦਿਅਕ-ਮਾਹਰ ਵਜੋਂ ਤੁਸੀਂ ਆਪਣੇ 35 ਸਾਲ ਦੇ ਤਜ਼ਰਬੇ ਰਾਹੀਂ ਵਿਦਿਅਕ-ਮਾਹੌਲ ਬਾਰੇ ਕੀ ਟਿੱਪਣੀ ਕਰੋਗੇ?**

- ਜ਼ਿਆ-ਉਲ-ਹੱਕ ਦਾ ਸਮਾਂ ਸਭ ਤੋਂ ਕਾਲਾ ਦੌਰ ਸੀ। ਨਿੱਜੀ ਪੱਧਰ ਉੱਤੇ ਸਰਕਾਰੀ ਏਜੰਸੀਆਂ ਨੇ ਮੈਨੂੰ ਇਸ ਹੱਦ ਤੀਕਰ ਪ੍ਰੇਸ਼ਾਨ ਕੀਤਾ ਕਿ ਇੱਕ ਵਾਰ ਸਵੇਰ ਦੇ ਦੋ ਵਜੇ ਮੈਨੂੰ ਗਵਾਂਢੀ ਘਰਾਂ ਦੀਆਂ ਕੰਧਾਂ ਟੱਪਣੀਆਂ ਪਈਆਂ ਸਨ। ਇਸ ਨਾਲ ਲੰਮਾ ਸਮਾਂ ਮੈਨੂੰ ਗੁਪਤਵਾਸ ਵਿਚ ਰਹਿਣਾ ਪਿਆ ਤੇ ਇਹ ਸਮਾਂ ਖ਼ਤਮ ਉਦੋਂ ਹੀ ਹੋਇਆ ਜਦੋਂ ਮੈਂ ਆਪਣੇ ਹਮਦਰਦਾਂ ਨੂੰ ਬਚਾਉਣ ਲਈ ਕੋਇਟੇ ਜਾ ਕੇ ਆਈ.ਐਸ.ਆਈ. ਸਾਹਮਣੇ ਪੇਸ਼ ਹੋਈ।

ਪਬਲਿਕ ਪੱਧਰ ਉੱਤੇ ਇਕ ਕੰਮ ਜੋ ਜ਼ੀਆ ਨੇ ਕੀਤਾ, ਉਹ ਇਹ ਸੀ ਕਿ ਕੁਝ ਅਖੌਤੀ ਲੇਖਕਾਂ ਨੂੰ ਇਕੱਠਾ ਕੀਤਾ ਤੇ ਪਬਲਿਕ ਤੌਰ ਤੇ ਉਹਨਾਂ ਨੂੰ ਆਖਿਆ ਕਿ ਪ੍ਰਗਤੀਵਾਦੀ ਸਾਹਿਤ ਤੇ ਵਿਚਾਰ ਗੰਦ ਹਨ ਤੇ ਇਹ ਸਾਡੇ ਸਿਸਟਮ ਨੂੰ ਖਾ ਜਾਵੇਗਾ। ਵਾਰਸ ਮੀਰ ਉਸ ਸਦਮੇ ਨਾਲ ਮਰ ਗਿਆ ਜਦੋਂ ਉਸਨੇ ਪ੍ਰਗਤੀਵਾਦੀ ਵਿਚਾਰ ਨਾਲ ਹੁੰਦਾ ਇਹ ਵਿਹਾਰ ਵੇਖਿਆ। ਪਰ ਸਭ ਤੋਂ ਵੱਧ ਭਿਆਨਕ ਗੱਲ ਉਦੋਂ ਵਾਪਰੀ ਜਦੋਂ ਉਹਨਾਂ ਨੇ ਸਿਲੇਬਸਾਂ ਵਿਚਲੇ ਸਾਹਿਤ ਤੇ ਇਤਿਹਾਸ ਨੂੰ ਪਾੜਨਾ ਆਰੰਭ ਕੀਤਾ। ਉਹਨਾਂ ਨੇ ਕੋਰਸਾਂ ਨੂੰ ਇਸ ਖ਼ਿਆਲ ਨਾਲ ਵਿਗਾੜਨਾ ਆਰੰਭ ਕੀਤਾ ਕਿ ਵਿਸ਼ੇ ਵਜੋਂ ਇਸਲਾਮੀਅਤ ਦੇ ਵਿਗੜੇ ਰੂਪ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ। ਮੈਂ ਸਿਲੇਬਸ ਬਣਾਉਣ ਵਾਲੀ ਸੈਨਿਟ ਕਮੇਟੀ ਦੀ ਮੈਂਬਰ ਸੀ ਤੇ ਮੈਂ ਉਹਨਾਂ ਨੂੰ ਸਪੱਸ਼ਟ ਆਖਿਆ ਕਿ ਕੋਈ ਬੰਦਾ ਕਿਸੇ ਨਾ ਕਿਸੇ ਤਰ੍ਹਾਂ ਫੈਜ਼ ਨੂੰ ਸਿਲੇਬਸ ਵਿਚੋਂ ਹਟਾਉਣ ਲਈ ਤਾਂ ਸਮਝੌਤਾ ਕਰ ਸਕਦਾ ਹੈ, ਪਰ ਅਸੀਂ ਅਚਾਨਕ ਹੀ ਇਕਬਾਲ ਦੀਆਂ ਬੜੀਆਂ ਸੁੰਦਰ ਕਵਿਤਾਵਾਂ ਤੋਂ ਕਿਉਂ ਔਖੇ ਹੋ ਗਏ ਹਾਂ, ਜਦਕਿ ਉਸੇ ਪਲ ਉਹ ਇਹ ਵੀ ਮੰਨਦੇ ਹਨ ਕਿ ਇਕਬਾਲ ਨੇ ਪਾਕਿਸਤਾਨ ਦਾ ਵਿਚਾਰ ਲੋਕਾਂ ਨੂੰ ਦਿੱਤਾ ਸੀ।

ਜਦ ਮੈਂ ਇਸ ਗੱਲ ਉੱਤੇ ਅੜੀ ਰਹੀ ਤਾਂ ਉਹਨਾਂ ਨੇ ਮੈਨੂੰ ਦੱਸਿਆ ਕਿ ਇਕਬਾਲ ਦੀਆਂ ਕਵਿਤਾਵਾਂ "ਉਠੋ ਮੇਰੀ ਦੁਨੀਆਂ ਕੇ ਗਰੀਬਾਂ ਕੋ ਜਗਾ ਦੋ" ਕੱਢਣ ਬਾਰੇ ਹੁਕਮ ਉਪਰੋਂ ਆਇਆ ਹੈ। ਤਾਂ ਮੈਂ ਆਖਿਆ ਕਿ ਇਹ ਕੋਈ ਇਲਾਹੀ ਹੁਕਮ ਨਹੀਂ ਹੈ। ਉਹਨਾਂ ਦਾ ਅਗਲਾ ਬਹਾਨਾ ਇਹ ਸੀ ਕਿ ਇਕਬਾਲ ਪੜ੍ਹਾਉਣ ਵਿਚ ਬੜਾ ਮੁਸ਼ਕਿਲ ਹੈ। ਮੈਂ ਉਹਨਾਂ ਟੀਚਰਾਂ ਨੂੰ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ, ਜਿਹਨਾਂ

ਲਈ ਇਕਬਾਲ ਇਕ ਸਮੱਸਿਆ ਸੀ। ਬਿਲਕੁਲ ਅਗਲੇ ਦਿਨ ਮੈਨੂੰ ਇਤਲਾਹ ਦਿੱਤੀ ਗਈ ਕਿ ਹੁਣ ਤੁਸੀਂ ਸੈਨੇਟ ਕਮੇਟੀ ਦੇ ਮੈਂਬਰ ਨਹੀਂ ਰਹੇ।

? **ਅੱਜ ਤੁਸੀਂ ਪਾਕਿਸਤਾਨ ਦੀ ਇਸ ਅਵਸਥਾ ਵਿਚ ਕੀ ਸੋਚਦੇ ਹੋ?**

\- ਜਾਗੀਰਦਾਰੀ ਅਤੇ ਜਾਗੀਰਦਾਰੀ ਮਾਨਸਿਕਤਾ, ਵਿਸ਼ੇਸ਼ ਤੌਰ ਤੇ ਜਦੋਂ ਇਸ ਨੇ ਰਾਜਸੀ ਸਹਾਇਤਾ ਪ੍ਰਾਪਤ ਕਰਨੀ ਆਰੰਭ ਕੀਤੀ। ਇਸ ਕਾਰਨ ਸਾਨੂੰ ਦੇਸ਼ ਦਾ ਇੱਕ ਭਾਗ ਤਿਆਗਣਾ ਪਿਆ। ਇਹ ਪ੍ਰਬੰਧ ਸਮਾਜਿਕ ਤੌਰ ਤੇ ਜਾਗ੍ਰਿਤ ਹੋਈ ਸੋਚਣੀ ਦਾ ਦੁਸ਼ਮਣ ਹੈ। ਸਾਰੇ ਸੰਸਾਰ ਵਿਚ ਤੁਸੀਂ ਅਜਿਹਾ ਲੋਟੂ ਪ੍ਰਬੰਧ ਕਿਤੇ ਨਹੀਂ ਵੇਖ ਸਕਦੇ। ਭਾਰਤ ਨੇ ਸ਼ੁਰੂ ਤੋਂ ਹੀ ਇਸਨੂੰ ਖ਼ਤਮ ਕਰ ਦਿੱਤਾ ਸੀ ਜਦਕਿ ਸਾਡੇ ਲੀਡਰ ਇਸਨੂੰ ਪਾਲ ਰਹੇ ਹਨ। ਮੈਂ ਜ਼ਾਤੀ ਤੌਰ ਤੇ ਸੋਚਦੀ ਹਾਂ ਕਿ ਜੇ ਨਹਿਰੂ ਨੇ ਆਪਣੇ ਪ੍ਰੋਗਰਾਮ ਵਿਚ ਜ਼ਮੀਨੀ ਸੁਧਾਰ ਸ਼ਾਮਲ ਨਾ ਕੀਤੇ ਹੁੰਦੇ ਤਾਂ ਪਾਕਿਸਤਾਨ ਕਦੇ ਵੀ ਨਹੀਂ ਬਣਨਾ ਸੀ। ਇਹ ਦੇਸ਼ ਬਣਾਇਆ ਹੀ ਇਸ ਕਾਰਨ ਗਿਆ ਸੀ ਕਿ ਜਾਗੀਰਦਾਰੀ ਸਿਸਟਮ ਸਾਬਤ ਸਬੂਤ ਰਹੇ। ਜਾਗੀਰਦਾਰ, ਸਾਰੇ ਹੀ ਬ੍ਰਿਟਿਸ਼ ਸਾਮਰਾਜ ਦੇ ਚਮਚੇ ਸਨ ਤੇ ਉਹ ਜਾਣਦੇ ਸਨ ਕਿ ਜੇ ਅਸੀਂ ਕਾਂਗਰਸ ਦੇ ਘੇਰੇ ਵਿਚ ਰਹੇ ਤਾਂ ਉਹ ਖ਼ਤਮ ਹੋ ਜਾਣਗੇ, ਕਿਉਂਕਿ ਉਸ ਸਮੇਂ ਤੀਕ ਉਪ-ਮਹਾਂਦੀਪ ਵਿਚ ਮਾਰਕਸਵਾਦੀ ਸੋਚ ਪ੍ਰਫੁੱਲਤ ਹੋ ਰਹੀ ਸੀ। ਮੁਸਲਿਮ ਲੀਗ ਤੇ ਜ਼ਮੀਨਾਂ ਵਾਲੇ ਨਵਾਬ ਅੰਗਰੇਜ਼ਾਂ ਦੀ ਉਪਜ ਸਨ। ਦੂਸਰੇ ਪਾਸੇ ਅਮਰੀਕਾ ਸੀ ਜੋ ਉਸ ਪੈਸੇ ਦੇ ਇਵਜ਼ਾਨੇ ਵਜੋਂ ਕੁਝ ਚਾਹੁੰਦਾ ਸੀ ਜੋ ਉਸਨੇ ਜੰਗ ਵਿਚ ਬਰਤਾਨੀਆ ਨੂੰ ਦਿੱਤੇ ਸਨ। ਉਹ ਕੁਝ ਅਜਿਹਾ ਇਲਾਕਾ ਚਾਹੁੰਦੇ ਸਨ ਜਿੱਥੇ ਸਾਮਰਾਜ ਨੂੰ ਪੂਰੀ ਖੁੱਲ੍ਹ ਹੋਵੇ ਤੇ ਇਹ ਕੁਝ ਹੁਣ ਤੀਕ ਚੱਲ ਰਿਹਾ ਹੈ। ਹੁਣ ਸਾਨੂੰ ਇਹ ਸਾਰਾ ਕੁਝ ਮਹਿੰਗਾ ਪੈ ਰਿਹਾ ਹੈ।

? **ਐਪਰ ਪਾਕਿਸਤਾਨ ਦਾ ਮੁੱਢਲਾ ਖ਼ਿਆਲ ਤਾਂ ਲਾਇਲਾ ਹਾ-ਇਲਾਲ ਸੀ?**

\- ਇਹ ਖ਼ਿਆਲ ਬਹੁਤ ਦੇਰ ਬਾਅਦ ਆਇਆ ਜਦੋਂ ਲਿਆਕਤ ਅਲੀ ਖਾਨ 'ਕਰਾਰ ਦਾਤੇ ਮੁਕਾਸਿਦ" ਪਾਸ ਕੀਤੀ। ਕਾਇਦੇ ਆਜ਼ਮ ਨੇ ਪਾਕਿਸਤਾਨ ਨੂੰ ਇਕ ਧਰਮ-ਨਿਰਪੱਖ ਸਟੇਟ ਵਜੋਂ ਚਿਤਵਿਆ ਸੀ। ਪਰ ਡੇਢ ਸਾਲ ਬਾਅਦ ਉਹ ਜੀਰਾਤ ਵਿਚ ਇਕ ਬੇਵੱਸ ਕੈਦੀ ਵਾਂਗ ਸੀ। ਮੇਰਾ ਪਿਤਾ ਉਸਦੇ ਬਹੁਤ ਕਰੀਬ ਸੀ। ਮੈਨੂੰ ਚੇਤੇ ਹੈ ਕਿ ਉਹ ਕਾਇਦੇ-ਆਜ਼ਮ ਦੇ ਹਵਾਲੇ ਨਾਲ ਕਹਿੰਦੇ ਹੁੰਦੇ ਸਨ ਕਿ ਇਕ ਵਾਰ ਉਹਨਾਂ ਕੋਲ ਵਿਦਿਆਰਥੀਆਂ ਦਾ ਇਕ ਗਰੁੱਪ ਆਇਆ, ਜੋ ਕਿ ਉਹਨਾਂ ਨੂੰ ਜੀਰਾਤ ਵਿਖੇ ਮਿਲਣ ਆਇਆ ਸੀ। ਉਹਨਾਂ ਕਿਹਾ, "ਮੁਸਲਿਮ ਲੀਗ ਕਿੱਥੇ ਹੈ? ਕਾਇਦੇ-ਆਜ਼ਮ ਨੇ ਕਦੇ ਵੀ ਮੁਸਲਿਮ-ਲੀਗ ਨੂੰ ਜਾਗੀਰਦਾਰਾਂ ਦੀ ਪਾਰਟੀ



ਵਜੋਂ ਨਹੀਂ ਚਿਤਵਿਆ ਸੀ। ਅਸਲ ਵਿਚ ਉਹ ਵੰਡ ਤੋਂ ਪਹਿਲਾਂ ਭਾਰਤ ਵਿਚ ਲੋਕ ਜਾਇਦਾਦ ਛੱਡ ਆਏ ਸਨ, ਉਹਨਾਂ ਨੂੰ ਉਹ ਦੁਬਾਰਾ ਅਲਾਟ ਕਰਨਾ ਨਹੀਂ ਚਾਹੁੰਦੇ ਸਨ। ਇਸ ਕਾਰਨ ਉਸ ਤੇ ਲਿਆਕਤ ਅਲੀ ਖਾਨ ਵਿਚ ਫੁੱਟ ਐਨੀ ਵੱਧ ਗਈ ਕਿ ਅੰਤ ਉੱਤੇ ਉਹਨਾਂ ਦੀ ਬੋਲ-ਚਾਲ ਬੰਦ ਹੋ ਗਈ। ਸਾਨੂੰ ਸਭ ਨੂੰ ਪਤਾ ਹੈ ਕਿ ਉਹਨਾਂ ਨਾਲ ਆਖ਼ਰੀ ਯਾਤਰਾ ਸਮੇਂ ਕਰਾਚੀ ਹਵਾਈ ਅੱਡੇ ਤੋਂ ਗਵਰਨਰ ਦੇ ਘਰ ਤੀਕ ਲਿਜਾਦਿਆਂ ਕੀ ਸਲੂਕ ਕੀਤਾ ਗਿਆ ਸੀ।

? **ਅੱਜ ਤੁਹਾਡੀ ਸਭ ਤੋਂ ਵੱਡੀ ਚਿੰਤਾ ਕੀ ਹੈ?**

\- ਕਿ ਪਾਕਿਸਤਾਨ ਜਿਊਂਦਾ ਰਹੇ ਕਿ ਇਹ ਇਸ ਯੋਗ ਹੋਵੇ ਕਿ ਇਸ ਦੇ ਵਿਰੁੱਧ ਜੋ ਭੰਡੀ-ਪ੍ਰਚਾਰ ਹੁੰਦਾ ਹੈ, ਇਹ ਉਸਦਾ ਸਾਹਮਣਾ ਕਰਨ ਦੇ ਕਾਬਿਲ ਹੋਵੇ ਕਿ ਇਸ ਦੀ ਲੰਬਾਈ ਚੌੜਾਈ ਵਿਚ ਜੋ ਕਤਲ ਤੇ ਹੰਗਾਮੇ ਹੁੰਦੇ ਹਨ ਉਹ ਖ਼ਤਮ ਹੋ ਜਾਣ। ਮੈਂ ਸਦਾ ਹੀ ਮਿਲਟਰੀ ਦੇ ਦਖਲ ਦੇ ਖਿਲਾਫ਼ ਰਹੀ ਹਾਂ।

ਮੇਰਾ ਇਹ ਵੀ ਵਿਚਾਰ ਹੈ ਕਿ ਜਾਗ੍ਰਿਤ ਹੋਏ ਅਵਾਮ ਦੇ ਸਨਮੁੱਖ ਸਾਮਰਾਜੀ ਸ਼ਕਤੀਆਂ ਦੇ ਸਮੁੱਚੇ ਪ੍ਰਭਾਵ ਲਈ ਮੁੱਲਾਂਵਾਦ ਸਭ ਤੋਂ ਮਹੱਤਵਪੂਰਨ ਖ਼ਤਰਾ ਹੈ। ਪਾਕਿਸਤਾਨ ਕੇਵਲ ਮੁਸਲਮਾਨਾਂ ਲਈ ਨਹੀਂ ਸੀ ਬਣਾਇਆ ਗਿਆ। ਇਹ ਹਕੀਕਤ ਕਿ ਮੁਸਲਮਾਨ ਰੋਜ਼ਾਨਾ ਹੀ ਇਕ ਦੂਜੇ ਦਾ ਗਲਾ ਕੱਟਣ ਵਿਚ ਰੁੱਝੇ ਰਹਿੰਦੇ ਹਨ, ਇਸ ਨੁਕਤੇ ਨੂੰ ਪ੍ਰਮਾਣਤ ਕਰਦੀ ਕਿ ਅਜਿਹੀ ਕੋਈ ਚੀਜ਼ ਨਹੀਂ ਹੈ। ਜਿਸਨੂੰ ਮੁਸਲਿਮ-ਸਮੂਹ ਆਖਿਆ ਜਾ ਸਕੇ। ਅੱਜ ਸੁਸਾਇਟੀ ਦੀ ਨੁਹਾਰ ਮੁਸਲਮਾਨਾਂ ਵਿਚ ਵੱਖ-ਵੱਖ ਰੁਤਬਿਆਂ ਉੱਤੇ ਨਿਰਭਰ ਹੈ। ਜਿਨ੍ਹਾਂ ਵਿਚ ਗਰੀਬ ਤੇ ਅਮੀਰ ਲਿਤਾੜੇ ਹੋਏ ਤੇ ਲਿਤਾੜਨ ਵਾਲਿਆਂ ਸ਼ਕਤੀਵਰ ਤੇ ਸ਼ਕਤੀਹੀਣਾਂ ਵਿਚ ਵੰਡੀ ਹੋਈ ਹੈ।

? **ਤੁਹਾਡਾ ਦਾਅਵਾ ਨਿਰਾਸਤਾ ਦੀ ਭਾਵਨਾ ਪ੍ਰਗਟ ਕਰਦਾ ਹੈ, ਅਰਥਾਤ ਤੁਹਾਡੀ ਲੰਮੀ ਸਰਗਰਮੀ ਨੇ ਤੁਹਾਨੂੰ ਕਿਤੇ ਵੀ ਨਹੀਂ ਪਹੁੰਚਾਇਆ।**

\- ਨਹੀਂ, ਮੇਰਾ ਅਜੇ ਵੀ ਯਕੀਨ ਹੈ ਕਿ ਜਿਹੜੇ ਲੋਕ ਸਾਡੇ ਪ੍ਰਭਾਵ ਹੇਠ ਆਏ ਸਨ, ਉਹ ਅਖ਼ੀਰ ਉੱਤੇ ਇਸ ਪ੍ਰਬੰਧ ਨੂੰ ਦੁਬਾਰਾ ਰਚਣਗੇ। ਮੈਨੂੰ ਆਪਣੇ ਉਹਨਾਂ ਵਿਦਿਆਰਥੀਆਂ ਉੱਤੇ ਮਾਣ ਹੈ, ਜਿਹਨਾਂ ਮੇਰੇ ਵਾਂਗ ਸੋਚਣਾ ਸਿਖਿਆ ਸੀ। ਮੇਰੀ ਪੀੜ੍ਹੀ, ਸੰਭਵ ਹੈ ਅਸਫਲ ਰਹੀ ਹੋਵੇ, ਪਰ ਅਜੇ ਵੀ ਮੈਨੂੰ ਸੁਰੰਗ ਦੇ ਅਖ਼ੀਰ ਉੱਤੇ ਰੌਸ਼ਨੀ ਨਜ਼ਰ ਆਉਂਦੀ ਹੈ।

**ਪੰਜਾਬੀ ਰੂਪ - ਹਰਭਜਨ ਸਿੰਘ ਹੁੰਦਲ**

ਪਾਕਿਸਤਾਨ ਵਿਚ ਭਗਤ ਸਿੰਘ - ਸੁਖਦੇਵ - ਰਾਜਗੁਰੂ

## ਭਗਤ ਸਿੰਘ ਯੁਗਾਂ ਤੱਕ ਜਿਉਂਦਾ ਰਹੇਗਾ

ਮੂਲ ਲੇਖਿਕਾ - ਅਫ਼ਜ਼ਲ ਤੌਸੀਫ਼

ਅਨੁਵਾਦਕ - ਅਜਮੇਰ ਸਿੱਧੂ

ਇਤਿਹਾਸ ਕਿਤੇ ਵੀ ਉਪਜ ਸਕਦਾ ਹੈ ਅਤੇ ਇਸਨੂੰ ਕਿਤੋਂ ਵੀ ਖੋਜਿਆ ਜਾ ਸਕਦਾ ਹੈ। ਇਤਿਹਾਸਕ ਤੱਥ ਲੰਬੇ ਸਮੇਂ ਲਈ ਛੁਪੇ ਨਹੀਂ ਰਹਿ ਸਕਦੇ। ਕਦੇ ਨਾ ਕਦੇ ਕਹਾਣੀਆਂ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਉਣਾ, ਇਤਿਹਾਸ ਦਾ ਆਪਣਾ ਗੁਣ ਹੈ। ਕਦੇ-ਕਦੇ ਕੌੜੇ ਸੱਚ ਕਹਾਣੀਆਂ ਦਾ ਰੂਪ ਲੈ ਲੈਂਦੇ ਹਨ, ਜਦੋਂ ਉਹ ਵਾਰ-ਵਾਰ ਦੁਹਰਾਈਆਂ ਜਾਂਦੀਆਂ ਹਨ ਜਾਂ ਦੁਬਾਰਾ ਲਿਖੀਆਂ ਜਾਂਦੀਆਂ ਹਨ। ਭਗਤ ਸਿੰਘ ਵੀਹਵੀਂ ਸਦੀ ਦਾ ਇਕ ਮਹਾਨ ਨਾਇਕ ਅਤੇ ਪੰਜਾਬ ਦੀਆਂ ਦੰਦ ਕਥਾਵਾਂ ਦਾ ਇਕ ਪਾਤਰ ਹੈ। ਇਸ ਮਹਾਨ ਆਜ਼ਾਦੀ ਘੁਲਾਟੀਏ ਬਾਰੇ ਬਹੁਤ ਸਾਰੀਆਂ ਕਹਾਣੀਆਂ ਚਰਚਿਤ ਹਨ ਅਤੇ ਭਗਤ ਸਿੰਘ ਉੱਤੇ ਘੱਟੋ-ਘੱਟ ਤਿੰਨ ਫਿਲਮਾਂ ਭਾਰਤ ਵਿਚ ਬਣੀਆਂ ਹਨ।

ਲਾਹੌਰ ਦਾ ਰਹਿਣ ਵਾਲਾ ਮਸੀਦ ਸ਼ੇਖ਼ ਕਹਾਣੀਆਂ ਦੀ ਪੇਸ਼ਕਾਰੀ ਆਪਣੇ ਢੰਗ ਨਾਲ ਕਰਦਾ ਹੈ। ਉਸ ਅਨੁਸਾਰ ਬਹੁਤੇ ਲੋਕ ਇਸ ਤੱਥ ਤੋਂ ਵਾਕਿਫ਼ ਨਹੀਂ ਹਨ ਕਿ ਸ਼ਾਹ ਜਮਾਲ ਅਤੇ ਸ਼ਾਦਮਨ ਦਾ ਇਲਾਕਾ ਕਦੇ ਲਹਿਣਾ ਸਿੰਘ ਦੀ ਛਾਉਣੀ ਵਜੋਂ ਜਾਣਿਆ ਜਾਂਦਾ ਸੀ। ਲਹਿਣਾ ਸਿੰਘ ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਤੋਂ ਪਹਿਲਾਂ ਲਾਹੌਰ ਉੱਤੇ ਰਾਜ ਕੀਤਾ ਸੀ, ਤਿੰਨ ਸ਼ਾਸ਼ਕਾਂ ਵਿਚੋਂ ਇੱਕ ਸੀ। ਉਸਦੀ ਛਾਉਣੀ ਵਿਚ ਇਕ ਵੱਡੀ ਹਵੇਲੀ ਸੀ। ਉਸ ਜਗ੍ਹਾ ਤੇ ਅੱਜਕੱਲ ਸ਼ਾਦਮਾਨ ਚੌਕ ਬਣਾਇਆ ਗਿਆ ਹੈ। ਸੂਫ਼ੀ ਸੰਤ ਬਾਬਾ ਸ਼ਾਹ ਜਮਾਲ ਦੇ ਮਕਬਰੇ ਦੇ ਬਹੁਤ ਨੇੜੇ ਇਹ ਗੋਲਾਕਾਰ ਚੌਕ ਬਣਾਇਆ ਹੋਇਆ ਹੈ।

ਕਹਾਣੀ ਇਹ ਹੈ ਕਿ ਕਸੂਰ ਦੇ ਖਾਨ, ਜਿਹੜੇ ਲਾਹੌਰ ਦੇ ਤਖ਼ਤ ਨੂੰ ਉਲਟਾਉਣ ਵਿਚ ਗੋਰਿਆਂ ਦੇ ਸਾਂਝੀਦਾਰ ਸੀ, ਮਹਾਰਾਜ ਦਾ ਕਤਲ ਕਰਨ ਲਈ ਉਸ ਨੇ ਸਿੱਖਾਂ ਦੇ ਸਰਦਾਰ ਕੋਲ ਇੱਕ ਦੂਤ ਭੇਜਿਆ। ਪਰ ਗੱਲਬਾਤ ਦੌਰਾਨ ਮਸਲਾ ਉਲਟਾ-ਪੁਲਟਾ ਹੋ ਗਿਆ ਅਤੇ ਦੂਤ ਮੌਕੇ 'ਤੇ ਹੀ ਮਾਰਿਆ ਗਿਆ। ਇਹ ਧੋਖਾ ਕਸੂਰ ਦੇ ਪਠਾਣ ਸ਼ਾਸਕਾਂ ਦੀ ਧੋਖਾਧੜੀ ਨਾਲ ਮਿਲਦਾ ਜੁਲਦਾ ਹੈ।

ਥੋੜ੍ਹੇ ਸਮੇਂ ਬਾਅਦ ਜਦ ਅੰਗਰੇਜ਼ਾਂ ਨੇ ਲਾਹੌਰ ਤੇ ਕਬਜ਼ਾ ਕੀਤਾ। ਉਨ੍ਹਾਂ ਨੇ ਲਹਿਣਾ ਸਿੰਘ ਦੀ ਛਾਉਣੀ ਨੂੰ ਢਾਹ ਕੇ ਪੰਜਾਬ ਦੀ ਇਕ ਵੱਡੀ ਜੇਲ੍ਹ ਦਾ ਰੂਪ ਦੇ ਦਿੱਤਾ। ਜਿੱਥੇ ਲੰਬੀ ਕੈਦ ਅਤੇ ਕਤਲ ਦੇ ਮੁਜ਼ਰਿਮਾਂ ਨੂੰ ਰੱਖਿਆ ਜਾਂਦਾ ਸੀ। ਜਿੱਥੇ ਲਹਿਣਾ ਸਿੰਘ ਦਾ ਘਰ ਬਣਾਇਆ ਗਿਆ ਸੀ, ਉਹ ਮਕਤਲ ਵਿਚ ਤਬਦੀਲ ਕਰ ਦਿੱਤਾ ਗਿਆ। ਜਿੱਥੇ ਅਜ਼ਾਦੀ ਘੁਲਾਟੀਏ ਅਤੇ ਸਿਆਸੀ ਕੈਦੀ ਰੱਖੇ ਗਏ ਅਤੇ ਬਾਅਦ ਵਿਚ ਉਨ੍ਹਾਂ ਨੂੰ ਫਾਂਸੀ



ਦੇ ਦਿੱਤੀ ਗਈ।

1928 ਵਿਚ ਬ੍ਰਿਟਿਸ਼ ਸਰਕਾਰ ਨੇ ਸਰ ਜੌਹਨ ਸਾਈਮਨ ਦੀ ਅਗਵਾਈ ਵਿਚ ਇਕ ਕਮਿਸ਼ਨ ਬਿਠਾਇਆ ਜਿਸ ਨੇ ਭਾਰਤ ਵਿਚ ਸਿਆਸੀ ਹਾਲਾਤ ਤੇ ਤਾਜ਼ਾ ਰਿਪੋਰਟ ਤਿਆਰ ਕਰਨੀ ਸੀ। ਭਾਰਤੀ ਸਿਆਸੀ ਪਾਰਟੀਆਂ ਨੇ ਇਸ ਕਮਿਸ਼ਨ ਦਾ ਬਾਈਕਾਟ ਕੀਤਾ। ਕਿਉਂਕਿ ਇਸ ਕਮਿਸ਼ਨ ਵਿਚ ਕਿਸੇ ਭਾਰਤੀ ਨੂੰ ਮੈਂਬਰ ਨਹੀਂ ਲਿਆ ਗਿਆ ਸੀ, ਇਸ ਕਰਕੇ ਦੇਸ਼ ਭਰ ਵਿਚ ਇਸ ਦਾ ਵਿਰੋਧ ਹੋਇਆ। 30 ਅਕਤੂਬਰ, 1928 ਨੂੰ ਜਦ ਇਹ ਕਮਿਸ਼ਨ ਲਾਹੌਰ ਪੁੱਜਾ ਤਾਂ ਲਾਲਾ ਲਾਜਪਤ ਰਾਏ ਦੀ ਅਗਵਾਈ ਹੇਠ ਲੋਕਾਂ ਨੇ ਪੁਰਅਮਨ ਅਤੇ ਅਹਿੰਸਕ ਤਰੀਕੇ ਨਾਲ ਇਸ ਦੀ ਵਿਰੋਧਤਾ ਕਰਕੇ ਮਾਰਚ ਕੀਤਾ। ਪਰ ਪੁਲਿਸ ਨੇ ਇਸ ਨੂੰ ਹਿੰਸਕ ਬਣਾ ਦਿੱਤਾ। ਪੁਲਿਸ ਦੇ ਮੁਖੀ ਸਕੌਟ ਨੇ ਲਾਲਾ ਲਾਜਪਤ ਰਾਏ ਅਤੇ ਲੋਕਾਂ 'ਤੇ ਬੁਰੀ ਤਰ੍ਹਾਂ ਲਾਠੀਚਾਰਜ ਕਰਵਾਇਆ। ਜਿਸ ਨਾਲ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ।

ਭਗਤ ਸਿੰਘ ਜਿਹੜੇ ਕਿ ਇਸ ਘਟਨਾ ਦੇ ਚਸ਼ਮਦੀਦ ਗਵਾਹ ਸਨ ਅਤੇ ਮਾਰਚ ਵਿਚ ਸ਼ਾਮਿਲ ਸਨ ਨੇ ਇਸ ਘਟਨਾ ਦਾ ਬਦਲਾ ਲੈਣ ਦੀ ਕਸਮ ਖਾਧੀ। ਉਸਨੇ ਦੂਜੇ ਕ੍ਰਾਂਤੀਕਾਰੀਆਂ ਸ਼ਿਵਾ ਰਾਮ ਰਾਜਗੁਰੂ, ਜੈ ਗੋਪਾਲ ਅਤੇ ਸੁਖਦੇਵ ਥਾਪਰ ਨੂੰ ਨਾਲ ਲਿਆ ਅਤੇ ਪੁਲਿਸ ਮੁਖੀ ਨੂੰ ਮਾਰਨ ਦੀ ਯੋਜਨਾ ਬਣਾਈ। ਜੈ ਗੋਪਾਲ ਨੇ ਸਕੌਟ ਵੱਲ ਇਸ਼ਾਰਾ ਕਰਨਾ ਸੀ ਅਤੇ ਭਗਤ ਸਿੰਘ ਨੇ ਉਸਨੂੰ ਗੋਲੀ ਮਾਰਨੀ ਸੀ। ਪਰ ਜੈ ਗੋਪਾਲ ਨੇ ਗਲਤੀ ਨਾਲ ਜੇ. ਪੀ. ਸਾਂਡਰਸ ਵੱਲ ਇਸ਼ਾਰਾ ਕੀਤਾ ਜਿਹੜਾ ਕਿ ਪੁਲਿਸ ਦਾ ਡਿਪਟੀ ਸੁਪਰਡਿੰਟ ਸੀ। ਇਸ ਤਰ੍ਹਾਂ ਸਕੌਟ ਦੀ ਜਗ੍ਹਾਂ ਸਾਂਡਰਸ ਮਾਰਿਆ ਗਿਆ। ਉਹ ਉਸ ਵੇਲੇ ਪੁਲਿਸ ਤੋਂ ਬਚਣ ਲਈ ਲਾਹੌਰ ਛੱਡ ਗਏ। ਪੁਲਿਸ ਨੂੰ ਚਕਮਾ ਦੇਣ ਲਈ ਉਹਨਾਂ ਨੇ ਆਪਣੀ ਦਾੜ੍ਹੀ ਅਤੇ ਵਾਲ ਕਟਵਾ ਲਏ।

ਕ੍ਰਾਂਤੀਕਾਰੀਆਂ ਦੇ ਇਸ ਦਲੇਰਾਨਾ ਐਕਸ਼ਨ ਤੋਂ ਬਾਅਦ ਬ੍ਰਿਟਿਸ਼ ਸਰਕਾਰ ਨੇ ਡਿਫੈਂਸ ਇੰਡੀਆ ਐਕਟ ਦੇ ਅਧੀਨ ਪੁਲਿਸ ਨੂੰ ਵਾਧੂ ਪਾਵਰਾਂ ਦੇ ਦਿੱਤੀਆਂ। ਇਹ ਕਾਨੂੰਨ ਕਾਂਉਸਿਲ ਵਿਚ ਇਕ ਵੋਟ ਤੋਂ ਹਾਰ ਗਿਆ। ਫਿਰ ਕਿਵੇਂ ਨਾ ਕਿਵੇਂ ਇਸ ਨੂੰ ਲਾਗੂ ਕਰਨ ਲਈ ਆਰਡੀਨੈਂਸ ਜਾਰੀ ਕੀਤਾ ਗਿਆ ਅਤੇ ਇਹ ਦਾਅਵਾ ਕੀਤਾ ਗਿਆ ਕਿ ਇਹ ਆਰਡੀਨੈਂਸ ਲੋਕਾਂ ਦੇ ਵੱਡੇ ਹਿੱਤ ਵਿਚ ਹੈ। ਇਸ ਐਕਟ ਦੇ ਵਿਰੋਧ ਵਿਚ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਨੇ ਅਸੈਂਬਲੀ ਵਿਚ ਬੰਬ ਸੁੱਟਣ ਦਾ ਫੈਸਲਾ ਕੀਤਾ। ਜਿੱਥੇ ਇਹ ਕਾਨੂੰਨ ਪਾਸ ਕੀਤਾ ਜਾਣਾ ਸੀ। ਇਹ ਫੈਸਲਾ ਕੀਤਾ ਕਿ ਭਗਤ ਸਿੰਘ ਅਤੇ ਇਕ ਹੋਰ ਕ੍ਰਾਂਤੀਕਾਰੀ ਬੁਟਕੇਸ਼ਵਰ ਦੱਤ ਅਸੈਂਬਲੀ ਵਿਚ ਬੰਬ ਸੁੱਟਣਗੇ। 8 ਅਪ੍ਰੈਲ 1929 ਨੂੰ ਭਗਤ ਸਿੰਘ ਅਤੇ ਬੀ. ਕੇ. ਦੱਤ ਨੇ ਅਸੈਂਬਲੀ ਦੀ ਗੈਲਰੀ ਵਿਚੋਂ ਬੰਬ ਸੁੱਟਿਆ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਏ ਅਤੇ ਨਾਲ ਹੀ ਇਸ਼ਤਿਹਾਰ ਸੁੱਟੇ ਗਏ ਅਤੇ ਕਿਹਾ ਗਿਆ ਕਿ ਬੋਲੀ ਬ੍ਰਿਟਿਸ਼ ਸਰਕਾਰ ਦੇ ਕੰਨਾਂ ਤੱਕ ਅਸੀਂ ਆਵਾਜ਼

ਪਹੁੰਚਾਉਣੀ ਚਾਹੁੰਦੇ ਹਾਂ। ਇਸ ਬੰਬ ਨਾਲ ਨਾ ਕੋਈ ਜ਼ਖਮੀ ਹੋਈ ਅਤੇ ਨਾ ਹੀ ਕਿਸੇ ਦੀ ਮੌਤ ਹੋਈ। ਵਿਦੇਸ਼ੀ ਅਸਲਾ ਮਾਹਿਰਾਂ ਨੇ ਵੀ ਭਗਤ ਸਿੰਘ ਅਤੇ ਦੱਤ ਦੇ ਦਾਅਵੇ ਨੂੰ ਸਹੀ ਠਹਿਰਾਇਆ ਕਿ ਇਹ ਬੰਬ ਕੋਈ ਸ਼ਕਤੀਸ਼ਾਲੀ ਬੰਬ ਨਹੀਂ ਸੀ, ਜਿਸ ਨਾਲ ਕੋਈ ਜ਼ਖ਼ਮੀ ਹੁੰਦਾ। ਅਸਲ ਵਿਚ ਇਹ ਬੰਬ ਲੋਕਾਂ ਦੀ ਆਵਾਜ਼ ਸੀ ਅਤੇ ਬ੍ਰਿਟਿਸ਼ ਸਰਕਾਰ ਲਈ ਸਮੂਹਿਕ ਵੰਗਾਰ ਸੀ। ਭਗਤ ਸਿੰਘ ਅਤੇ ਬੁਟਕੇਸ਼ਵਰ ਦੱਤ ਨੇ ਆਪਣੀ ਗ੍ਰਿਫਤਾਰੀ ਦਿੱਤੀ ਅਤੇ ਦੋਨਾਂ ਨੂੰ 12 ਜੂਨ, 1929 ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ।

ਛੇਤੀ ਹੀ ਇਸ ਗ੍ਰਿਫਤਾਰੀ ਤੋਂ ਬਾਅਦ ਅਤੇ ਅਸੈਂਬਲੀ ਬੰਬ ਕੇਸ ਦੌਰਾਨ ਪਤਾ ਲੱਗਾ ਕਿ ਜੇ. ਪੀ. ਸਾਂਡਰਸ ਦੀ ਮੌਤ ਦੇ ਜ਼ਿੰਮੇਵਾਰ ਵੀ ਇਹ ਹੀ ਹਨ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸਿਰ ਇਹ ਕਤਲ ਦਾ ਕੇਸ ਪਾ ਦਿੱਤਾ ਗਿਆ। ਭਗਤ ਸਿੰਘ ਹੋਰੀਂ ਫੈਸਲਾ ਕੀਤਾ ਸੀ ਕਿ ਅਦਾਲਤ ਨੂੰ ਭਾਰਤ ਦੀ ਆਜ਼ਾਦੀ ਲਈ ਪ੍ਰਾਪੇਗੰਡਾ ਦੇ ਤੌਰ ਦੇ ਇਸਤੇਮਾਲ ਕੀਤਾ ਜਾਵੇ। ਉਸਨੇ ਇਸ ਕਤਲ ਨੂੰ ਆਪਣੇ ਜ਼ਿੰਮੇ ਲੈ ਲਿਆ ਅਤੇ ਚੱਲਦੇ ਕੇਸ ਦੌਰਾਨ ਅੰਗਰੇਜ਼ ਸਰਕਾਰ ਦੇ ਵਿਰੁੱਧ ਆਪਣਾ ਹਲਫ਼ਨਾਮਾ ਪੇਸ਼ ਕੀਤਾ। ਇਸ ਕੇਸ ਦੀ ਸੁਣਵਾਈ ਸਮੇਂ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਦੇ ਮੈਂਬਰਾਂ ਤੋਂ ਸਿਵਾਏ ਹੋਰ ਕੋਈ ਨਹੀਂ ਸੀ। ਇਸ ਨਾਲ ਭਗਤ ਸਿੰਘ ਦੇ ਸਾਥੀਆਂ ਵਿਚ ਵਿਦਰੋਹ ਦੀ ਲਹਿਰ ਦੌੜ ਪਈ।

ਉਕਤ ਜੇਲ੍ਹ ਵਿਚ ਭਗਤ ਸਿੰਘ ਅਤੇ ਦੂਸਰੇ ਕੈਦੀਆਂ ਨੇ ਕੈਦੀਆਂ ਦੀਆਂ ਮੰਗਾਂ ਦੇ ਸੰਬੰਧ ਵਿਚ ਭੁੱਖ ਹੜਤਾਲ ਕੀਤੀ। ਉਸਦਾ ਵੱਡਾ ਕਾਰਨ ਇਹ ਸੀ ਕਿ ਕਾਤਲਾਂ ਅਤੇ ਚੋਰਾਂ ਨਾਲ ਭਾਰਤੀ ਰਾਜਸੀ ਕੈਦੀਆਂ ਨਾਲੋਂ ਚੰਗਾ ਵਤੀਰਾ ਕੀਤਾ ਜਾਂਦਾ ਸੀ। ਜਦਕਿ ਰਾਜਸੀ ਕੈਦੀਆਂ ਨੂੰ ਕਾਨੂੰਨ ਮੁਤਾਬਕ ਜ਼ਿਆਦਾ ਹੱਕ ਪ੍ਰਾਪਤ ਸਨ। ਇਸ ਹੜਤਾਲ ਦਾ ਮੁੱਖ ਮੰਤਵ ਰਾਜਸੀ ਕੈਦੀਆਂ ਦੇ ਚੰਗੇ ਭੋਜਨ ਦਾ ਪ੍ਰਬੰਧ, ਕਿਤਾਬਾਂ ਅਤੇ ਰੋਜ਼ਾਨਾ ਅਖ਼ਬਾਰਾਂ ਦਾ ਪ੍ਰਬੰਧ, ਕੱਪੜਿਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਦਾ ਪ੍ਰਬੰਧ ਕਰਨਾ ਸੀ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਰਾਜਸੀ ਕੈਦੀਆਂ ਕੋਲੋਂ ਕੋਈ ਜਿਸਮਾਨੀ ਅਤੇ ਬੇਹੁਦਾ ਕੰਮ ਨਾ ਕਰਵਾਇਆ ਜਾਵੇ।

ਇਹ ਭੁੱਖ ਹੜਤਾਲ 63 ਦਿਨ ਤੱਕ ਚੱਲੀ ਅਤੇ ਬਹੁਤ ਸਾਰੀਆਂ ਮੰਗਾਂ ਬ੍ਰਿਟਿਸ਼ ਸਰਕਾਰ ਨੂੰ ਮੰਨਣੀਆਂ ਪਈਆਂ। ਭਾਰਤ ਦੇ ਸਾਰੇ ਲੋਕਾਂ ਵਿਚ ਭਗਤ ਸਿੰਘ ਅਤੇ ਸਾਥੀ ਹਰਮਨ ਪਿਆਰੇ ਹੋ ਗਏ। ਇਸ ਹੜਤਾਲ ਤੋਂ ਪਹਿਲਾਂ ਭਗਤ ਸਿੰਘ ਦੀ ਪਹਿਚਾਣ ਸਿਰਫ਼ ਪੰਜਾਬ ਖਿੱਤੇ ਤੱਕ ਹੀ ਸੀਮਿਤ ਸੀ।

ਭਗਤ ਸਿੰਘ ਨੂੰ 7 ਅਕਤੂਬਰ, 1930 ਨੂੰ ਫਾਂਸੀ ਦੇ ਦਿੱਤੀ ਜਾਣੀ ਸੀ। ਅੰਗਰੇਜ਼ ਇਸ ਕਾਰਵਾਈ ਤੋਂ ਇੰਨਾ ਡਰਦੇ ਸਨ ਕਿ ਸਾਰੇ ਭਾਰਤ ਵਿਚ ਭਗਤ ਸਿੰਘ ਦੀ ਮੌਤ ਦੇ ਵਾਰੰਟ ਉੱਤੇ ਦਸਤਖ਼ਤ ਕਰਨ ਲਈ ਕੋਈ ਵੀ ਮੈਜਿਸਟ੍ਰੇਟ ਸਾਹਮਣੇ ਨਹੀਂ ਆਇਆ। ਅੰਤ ਗੋਰੇ ਕਸੂਰ ਪਹੁੰਚ ਗਏ, ਜਿੱਥੇ ਵਫ਼ਾਦਾਰ ਮੈਜਿਸਟ੍ਰੇਟ ਨੂੰ ਲੱਭਿਆ ਗਿਆ। ਇਹ ਸਨ



ਨਵਾਬ ਮੁਹੰਮਦ ਅਹਿਮਦ ਖਾਨ। ਉਹ ਇਨ੍ਹਾਂ ਦੀ ਮੌਤ ਦੇ ਵਾਰੰਟ ਤੇ ਦਸਤਖ਼ਤ ਕਰਨ ਲਈ ਤਿਆਰ ਹੋ ਗਿਆ ਅਤੇ ਉਸਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਫਾਂਸੀ ਦੇ ਸਮੇਂ ਹਾਜ਼ਰ ਹੋਣ ਲਈ ਹਾਂ ਕੀਤੀ। ਨਿਡਰ ਅਤੇ ਬਹਾਦਰ ਯੋਧਿਆਂ ਨੇ ਭਾਰਤ ਦੀ ਆਜ਼ਾਦੀ ਅਤੇ ਸਮਾਜਵਾਦ ਜ਼ਿੰਦਾਬਾਦ ਦੇ ਨਾਹਰੇ ਲਗਾਏ। ਬ੍ਰਿਟਿਸ਼ ਸਰਕਾਰ ਜੋ ਦੁਨੀਆਂ ਦੀ ਇਕ ਵੱਡੀ ਤਾਕਤ ਮੰਨੀ ਜਾਂਦੀ ਸੀ। ਉਹ ਉਸ ਵਿਰੁੱਧ ਅਤੇ ਦੇਸ਼ ਦੀ ਆਜ਼ਾਦੀ ਅਤੇ ਲੋਕਾਂ ਦੀ ਮੁਕਤੀ ਲਈ ਲੜੇ।

23 ਮਾਰਚ, 1931 ਨੂੰ ਭਗਤ ਸਿੰਘ ਅਤੇ ਉਸ ਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨੂੰ ਉਸ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ ਜਿਹੜੀ ਲਹਿਣਾ ਸਿੰਘ ਦੀ ਵੱਡੀ ਹਵੇਲੀ ਵਿਚ ਬਣਾਈ ਗਈ ਸੀ।

ਕੁਝ ਹੋਰ ਕਹਿਣ ਤੋਂ ਪਹਿਲਾਂ ਮੈਂ ਕੁਝ ਹੋਰ ਦੱਸਣਾ ਚਾਹੁੰਦੀ ਹਾਂ ਕਿ 44 ਸਾਲ ਬਾਅਦ ਆਜ਼ਾਦੀ ਘੁਲਾਟੀਏ ਮੁਹੰਮਦ ਅਹਿਮਦ ਦਾ ਕਤਲ ਹਕੂਮਤ ਵਲੋਂ ਉਸ ਜਗ੍ਹਾ ਤੇ ਕੀਤਾ ਗਿਆ ਜਿੱਥੇ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਦਿੱਤੀ ਗਈ ਸੀ। ਉਸਦੇ ਪੁੱਤਰ ਅਹਿਮਦ ਰਜਾ ਕਸੂਰੀ ਨੇ ਉਸ ਵੇਲੇ ਦੇ ਪ੍ਰਧਾਨਮੰਤਰੀ ਜੁਲਫਕਾਰ ਅਲੀ ਭੁੱਟੋ ਦੇ ਵਿਰੁੱਧ ਕੇਸ ਕੀਤਾ ਸੀ। ਕੁਝ ਸਾਲਾਂ ਬਾਅਦ ਜਨਰਲ ਜੀਆ ਨੇ ਜਦ ਪਾਕਿਸਤਾਨ ਦੀ ਪੀਪਲਜ਼ ਪਾਰਟੀ ਦੇ ਲੋਕਰਾਜ ਦਾ ਤਖਤਾ ਪਲਟਾ ਦਿੱਤਾ ਅਤੇ ਮਾਰਸ਼ਲ-ਲਾਅ ਲਾ ਦਿੱਤਾ ਗਿਆ। ਉਹੀ FIR ਦਾ ਇਸਤੇਮਾਲ ਪਾਕਿਸਤਾਨ ਦੇ ਪ੍ਰਧਾਨਮੰਤਰੀ ਵਿਰੁੱਧ ਕੀਤਾ ਗਿਆ।

ਜੁਲਫਕਾਰ ਅਲੀ ਭੁੱਟੋ ਜੋ ਕਿ ਪਾਕਿਸਤਾਨ ਦੀ ਪੀਪਲਜ ਪਾਰਟੀ ਦਾ ਜਨਮਦਾਤਾ ਸੀ ਅਤੇ ਪਾਕਿਸਤਾਨ ਦਾ ਪ੍ਰਧਾਨਮਤੰਰੀ ਸੀ, ਨੂੰ 4 ਅਪ੍ਰੈਲ 1979 ਨੂੰ ਫਾਂਸੀ ਚਾੜ੍ਹ ਦਿੱਤਾ ਗਿਆ। ਭਾਵੇਂ ਇਹ ਸਾਰੇ ਜਾਣਦੇ ਸਨ ਕਿ ਇਹ ਫਾਂਸੀ ਜਨਰਲ ਜਿਆ-ਉਲ ਹੱਕ ਦੇ ਕਹਿਣ ਤੇ ਹੋਈ ਸੀ ਜੋ ਕਿ ਉਸ ਵੇਲੇ ਮਿਲਟਰੀ ਡਿਕਟੇਟਰ ਸੀ। ਇਸ ਦੁਖਾਂਤ ਦੀਆਂ ਤਾਰਾਂ ਵੀ ਉਸੇ ਜਗ੍ਹਾਂ, ਸ਼ਾਹ ਜਮਾਲ, ਮੁਹੰਮਦ ਅਹਿਮਦ ਕਸੂਰੀ ਅਤੇ ਉਸਦੇ ਪੁੱਤਰ ਅਹਿਮਦ ਰੇਜਾ ਕਸੂਰੀ ਨਾਲ ਜੁੜਦੀਆਂ ਹਨ। ਅੱਜਕੱਲ੍ਹ ਇਸ ਜਗ੍ਹਾ ਤੇ ਸ਼ਾਦਮਾਨ ਚੌਂਕ ਬਣਾਇਆ ਗਿਆ ਹੈ। ਇਸ ਚੌਂਕ ਦੇ ਨਾਲ ਹੀ ਸਰਕਾਰੀ ਕਾਲੋਨੀ ਬਣੀ ਹੋਈ ਹੈ। ਇਹ ਚੌਂਕ ਅਤੇ ਕਾਲੋਨੀ ਦੀ ਜਗ੍ਹਾ ਸਾਡੇ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਹੋਈ ਹੈ। ਸ਼ਹੀਦ ਭਗਤ ਸਿੰਘ ਅਤੇ ਸੁਖਦੇਵ ਦੀ ਜਨਮ ਸ਼ਤਾਬਦੀ ਤੇ ਇਨ੍ਹਾਂ ਯੋਧਿਆਂ ਨੂੰ ਇਸ ਧਰਤੀ ਤੋਂ ਦੁਨੀਆਂ ਭਰ ਦੇ ਮਿਹਨਤਕਸ਼ ਲੋਕਾਂ ਨੂੰ ਸਲਾਮ ਭੇਜਦੀ ਹਾਂ ਜੋ ਉਨ੍ਹਾਂ ਦਾ ਸੁਪਨਾ ਪੂਰਾ ਕਰਨ ਲਈ ਸੰਘਰਸ਼ ਦੇ ਮੈਦਾਨ ਵਿਚ ਹਨ। ਅੱਜਕੱਲ੍ਹ ਮੈਂ ਇਸ ਕਾਲੋਨੀ ਦੀ ਵਸਨੀਕ ਹਾਂ। ਮੈਨੂੰ ਲੱਗਦਾ ਹੈ ਕਿ ਇਹ ਮੇਰੇ ਵੀਰ ਮੇਰੇ ਸਾਥ ਹੀ ਜੀਅ ਰਹੇ ਹਨ। ਕਹਿ ਰਹੇ ਹਨ - ਲੜਨ ਵਾਲਿਆਂ ਦੀ ਲੜਾਈ ਅਜੇ ਮੁੱਕੀ ਨਹੀਂ। •

ਅਜਮੇਰ ਸਿੱਧੂ C/O ਜੰਡੇ ਹੇਅਰ ਡਰੈਸਰਜ਼, ਚੰਡੀਗੜ੍ਹ ਰੋਡ, ਨਵਾਂਸ਼ਹਿਰ ਫੋਨ: 94630-63990

# ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਪੰਜਾਬੀ ਜ਼ੁਬਾਨ

**- ਅਫ਼ਜ਼ਲ ਤੌਸੀਫ਼**

ਅਜਬ ਗੱਲ ਏ, ਕਲਾਸੀਕਲ ਦੌਰ ਦੀ ਭਰਪੂਰ ਜ਼ੁਬਾਨ ਪੰਜਾਬੀ, ਤਰੱਕੀ ਦੇ ਦੌਰ ਵਿਚ ਆ ਕੇ ਅਧੂਰੀ ਰਹਿ ਗਈ। ਇਸ ਪਛੜੇਪਨ ਦੇ ਕਾਰਨ ਬਹੁਤ ਸਾਰੇ ਨੇ। ਪਹਿਲਾ ਕਾਰਨ ਤਾਂ ਪੰਜਾਬ ਦੀ ਤਕਸੀਮ ਏ। ਦੂਜਾ, ਹਕੂਮਤਾਂ ਤੇ ਹੁਕਮਰਾਨਾਂ ਦਾ ਗ਼ੈਰ-ਜਮਹੂਰੀ ਤੋਂ ਅਵਾਮੀ ਕਲਚਰ ਵਿਰੋਧੀ ਰਵੱਈਆ। ਆਮ ਪੰਜਾਬੀ ਸਿਆਸਤ-ਬਾਜ਼ਾਂ ਦੀ ਗੰਦੀ ਸਿਆਸਤ ਤੇ ਘਟੀਆਪਨ ਦਾ ਅਹਿਸਾਸ, ਅਵਾਮ ਨੂੰ ਬੇਅਖ਼ਤਿਆਰ ਅਤੇ ਅਨਪੜ੍ਹ ਰੱਖਣ ਦੀ ਪਾਲਿਸੀ, ਪੰਜਾਬੀ ਬੰਦੇ ਦਾ ਕੰਪਲੈਕਸ ਕਿ ਉਹ ਆਪਣੀ ਪਛਾਣ ਪੰਜਾਬ ਤੋਂ ਕਿਤੇ ਬਾਹਰ ਲੱਭਦਾ, ਕਦੇ ਮੱਕੇ-ਮਦੀਨੇ ਜਾਂਦਾ, ਕਦੀ ਦਿੱਲੀ, ਬੁਖਾਰੇ, ਕਦੇ ਅਮਰੀਕਾ, ਕੈਨੇਡਾ। ਉਹ ਤੇ ਗ਼ਨੀਮਤ ਏ, ਸਿੱਖ ਮਜ਼੍ਹਬ ਦਾ ਜੋੜ ਪੰਜਾਬ ਨਾਲ ਜੁੜਦਾ ਏ, ਗੁਰੂ ਗ੍ਰੰਥ ਸਾਹਿਬ ਪੰਜਾਬੀ ਵਿਚ ਏ। ਨਹੀਂ ਤਾਂ ਅੱਜ ਪੰਜਾਬੀ ਕਿਤੇ ਨਾ ਲੱਭਦੀ।

ਵੱਡੇ ਅਤੇ ਅਸਲੀ ਪੰਜਾਬ ਵਿਚ ਹੀਰ ਲਿਖੀ ਗਈ। ਗ੍ਰੰਥ ਸੰਪਾਦਿਤ ਹੋਇਆ ਪਰ ਅੱਜ ਦੀ ਹਾਲਤ : ਮੁਲਕ ਦੀ 62 ਫੀਸਦੀ ਆਬਾਦੀ ਪੰਜਾਬੀ ਪਰ ਪੰਜਾਬੀ ਸਕੂਲ ਇੱਕ ਵੀ ਨਹੀਂ। ਪੰਜਾਬੀ ਬੋਲੀ ਨਾ ਤਾਲੀਮ ਵਿਚ ਤੇ ਨਾ ਦਫਤਰ ਵਿਚ। ਸ਼ਹਿਰੀ ਆਬਾਦੀ ਅੰਗਰੇਜ਼ੀ, ਉਰਦੂ ਬੋਲਦੀ, ਪੰਜਾਬੀ ਨੂੰ ਦਿਹਾਤੀ (ਪੇਂਡੂ) ਬੋਲੀ ਸਮਝਦੀ ਏ। ਬਾਬੂ ਸ਼ਾਹੀ ਤਬਕਾ ਉਰਦੂ ਲਿਖਦਾ ਪੜ੍ਹਦਾ ਏ। 21ਵੀਂ ਸਦੀ ਦੇ ਜਮਹੂਰੀ ਹੱਕ ਤੇ ਤਰੱਕੀ ਦੇ ਰਸਤੇ ਪੰਜਾਬੀ ਅਵਾਮ ਤੇ ਜ਼ੁਬਾਨ ਵਾਸਤੇ ਬੰਦ ਹੋ ਚੁੱਕੇ ਨੇ। ਅੱਜ ਹਾਲਤ ਇਹ ਹੈ ਕਿ ਇਸ ਸ਼ਾਨਦਾਰ ਪਿਛੋਕੜ ਤੇ ਖਿਲਾਰ ਰੱਖਣ ਵਾਲੀ ਜ਼ੁਬਾਨ ਦਾ ਨਾਂ ਉਨ੍ਹਾਂ ਜ਼ੁਬਾਨਾਂ ਦੇ ਨਾਲ ਲਿਖ ਦਿੱਤਾ ਗਿਆ ਏ, ਜਿਹੜੀਆਂ ਫ਼ਨਾਹ ਦੇ ਖ਼ਤਰੇ ਵਿਚ ਆ ਚੁੱਕੀਆਂ ਨੇ। ਹੋਰਾਂ ਤੋਂ ਇਲਾਵਾ ਡਾ. ਡੈਨਿਸ ਐਲ. ਮੈਲੋਨ, ਜੋ ਇਕ ਅੰਤਰਰਾਸ਼ਟਰੀ ਪੜ੍ਹਤਾ ਸਲਾਹਕਾਰ ਹੈ, ਨੇ ਦੁਨੀਆਂ ਦੀਆਂ ਜਿਨ੍ਹਾਂ ਜ਼ੁਬਾਨਾਂ 'ਤੇ ਨਿਸ਼ਾਨ ਲਾਇਆ ਏ, ਜਿਹੜੀਆਂ ਫਨਾਹ ਹੋਣ ਵਾਲੀਆਂ ਨੇ, ਉਨ੍ਹਾਂ ਵਿਚ ਪੰਜਾਬੀ ਵੀ ਏ। ਇਨ੍ਹਾਂ ਬੋਲੀਆਂ ਦੇ ਖ਼ਤਮ ਹੋਣ ਦੇ ਕਈ ਕਾਰਨ ਨੇ। ਇਕ ਤਾਂ ਖੇਤ ਨੂੰ ਵਾੜ ਖਾ ਜਾਣ ਵਾਲੀ ਗੱਲ ਏ। ਦੂਜਾ ਪੜ੍ਹਤਾ ਦੀ ਤਾਕਤ ਦਾ ਘੱਟ ਜਾਣਾ। ਤੀਜਾ, ਨਵੀਂ ਲੱਫ਼ਾਜ਼ੀ ਸ਼ਬਦਾਵਲੀ ਦਾ ਪੈਦਾ ਨਾ ਹੋਣਾ।

ਅਫ਼ਸੋਸ ਦੀ ਗੱਲ ਏ, ਇਨ੍ਹਾਂ ਜ਼ੁਬਾਨਾਂ ਵਿਚ ਪੰਜਾਬੀ ਦਾ ਨਾਂ ਵੀ ਏ। ਪਾਕਿਸਤਾਨ ਵਾਲੇ ਪੰਜਾਬ ਵਿਚ ਜ਼ੁਬਾਨ ਦੀ ਮੌਤ ਹੋ ਰਹੀ ਏ। ਬੂਟਾ ਉਤੋਂ ਸੁੱਕ ਜਾਵੇ ਤਾਂ ਜੜ੍ਹ ਵੀ ਸੁੱਕ ਜਾਂਦੀ ਏ। ਅਗਲੀਆਂ ਨਹੀਂ, ਅੱਜ ਦੀਆਂ ਨਸਲਾਂ ਨੂੰ ਪੰਜਾਬੀ ਨਹੀਂ ਆਉਂਦੀ ਤਾਂ ਉਹ ਪਿਛਲੇ ਕਲਾਸਿਕਸ ਕਿਸ ਤਰ੍ਹਾਂ ਪੜ੍ਹਨਗੇ। ਵਾਰਿਸ ਨੇ ਲਾਵਾਰਸ ਹੋਣਾ ਈ ਹੋਣਾ ਏ, ਹਾਂ, ਪਰ ਕੁਝ ਆਸ ਚੜ੍ਹਦੇ ਪੰਜਾਬ ਦੇ ਤਾਲੀਮੀ ਅਦਾਰਿਆਂ ਵਲੋਂ ਬਣਦੀ ਏ ਪਰ ਇੱਥੇ ਵੀ ਸਭ ਕੁਝ ਠੀਕ ਨਹੀਂ। ਨਵੀਂ ਨਸਲ ਜੋ ਪੰਜਾਬੀ ਲਿਖ ਪੜ੍ਹ ਰਹੀ ਏ, ਉਹ ਪੁਰਾਣੇ ਪੰਜਾਬੀ ਸਭਿਆਚਾਰ ਦੀ ਖੁਸ਼ਬੋ ਤੋਂ ਖਾਲੀ ਏ।

ਸਾਇੰਸ ਅਤੇ ਟੈਕਨਾਲੋਜੀ ਦੇ ਖੇਤਰਾਂ ਵਿਚ ਏਸ਼ੀਆ ਦੀਆਂ ਸਾਰੀਆਂ ਜ਼ੁਬਾਨਾਂ



ਪਿੱਛੇ ਰਹਿ ਗਈਆਂ ਨੇ। ਪੰਜਾਬੀ ਤਾਂ ਬਿਲਕੁਲ ਈ, ਕਿਉਂ ਜੋ ਸਾਇੰਸ, ਟੈਕਨਾਲੋਜੀ, ਜ਼ਮੀਨੀ, ਖਲਾਈ ਤੇ ਸਮੁੰਦਰੀ ਜੋ ਵੀ ਜਿਸ ਮੂਲਕ ਵਿਚ ਤਰੱਕੀ ਕਰਦੀ ਏ, ਉਸੇ ਇਲਾਕੇ ਦੀ ਜ਼ੁਬਾਨ ਨੂੰ ਨਵੀਂ ਟਰਮੀਨਾਲੋਜੀ ਤੇ ਲੱਫ਼ਾਜ਼ੀ ਦਾ ਖਜ਼ਾਨਾ ਲੱਭਦਾ ਏ। ਅੱਜ ਯੂਰਪੀਅਨ ਜ਼ੁਬਾਨਾਂ ਅਮੀਰ ਨੇ। ਕੱਲ੍ਹ ਪੂਰਵੀ ਜ਼ੁਬਾਨਾਂ ਕੋਲ ਇਲਮ ਦੀ ਅਮੀਰੀ ਸੀ। ਇਸੇ ਕਰਕੇ ਅੱਜ ਏਸ਼ੀਆਈ ਮੁਲਕਾਂ ਵਿਚ ਅੰਗਰੇਜ਼ੀ ਸਿੱਖਣ ਦੀ ਜ਼ਰੂਰਤ ਵੱਧ ਰਹੀ ਏ। ਇਹ ਅਜੇ ਕੱਲ੍ਹ ਦੀ ਗੱਲ ਏ ਜਦੋਂ ਸੋਵੀਅਤ ਰੂਸ ਖਿਲਾਈ ਖੋਜ ਵਿਚ ਅੱਗੇ ਨਿਕਲ ਗਿਆ ਸੀ ਤਾਂ ਅਮਰੀਕੀਆਂ ਨੂੰ ਰੂਸੀ ਜ਼ੁਬਾਨ ਸਿੱਖਣ ਦੀ ਲੋੜ ਪੈ ਗਈ ਸੀ।

ਅਸਲ ਵਿਚ ਵੀਹਵੀਂ ਸਦੀ ਜ਼ੁਬਾਨਾਂ ਦੇ ਤਰੱਕੀ ਕਰਨ ਦੀ ਸਦੀ ਸੀ। ਇਹੋ ਸਦੀ ਜ਼ਵਾਲ (ਪਤਨ) ਦੀ ਸਦੀ ਵੀ ਰਹੀ। ਸਾਇੰਸ ਨਾਲ ਜੁੜੀ ਟਰਮੀਨਾਲੋਜੀ ਨੂੰ ਦੇਸੀ ਜ਼ੁਬਾਨਾਂ ਨੇ ਵੀ ਅਪਣਾਇਆ ਪਰ ਪੰਜਾਬੀ ਦਾ ਪਤਨ ਹੋਇਆ ਜਦ ਕਿ ਇੰਡੋ-ਪਾਕਿਸਤਾਨ ਦੀਆਂ ਹੋਰ ਜ਼ੁਬਾਨਾਂ ਨੇ ਤਰੱਕੀ ਕੀਤੀ। ਆਹਲਾ ਦਰਜੇ ਦਾ ਅਦਬ, ਆਹਲਾ ਦਰਜੇ ਦੀ ਪੜ੍ਹਾਈ, ਖੋਜ, ਟੈਕਨਾਲੋਜੀ ਤੇ ਸਾਂਚੇ ਬਣੇ। ਜ਼ੁਬਾਨ ਬਣਨ ਦਾ ਇਕ ਅਮਲ ਵੀ ਹੁੰਦਾ ਏ। ਮੈਂ ਉਸ ਅਮਲ ਨੂੰ ਕਿਧਰੇ ਹੋਰ ਨਹੀਂ, ਆਪਣੇ ਸੂਬਾ ਸਿੰਧ ਵਿਚ ਵੇਖਿਆ। ਸਿੰਧ ਲੈਂਗੂਏਜ਼ ਅਥਾਰਿਟੀ ਜਾਮ ਸ਼ੋਰੋ ਯੂਨੀਵਰਸਿਟੀ ਦੇ ਨਾਲ ਇਕ ਸ਼ਾਨਦਾਰ ਅਦਾਰਾ ਏ। ਸਿੰਧੀ ਜ਼ੁਬਾਨ ਵਿਚ ਉੱਚ ਪੱਧਰ ਦੀ ਖੋਜ, ਵਿਦਿਆ, ਨਵੇਂ ਇਲਮ ਤੇ ਅਦਬ ਦੀ ਸਿਰਜਨਾ ਵਾਸਤੇ ਸਾਂਚੇ ਬਣਾਏ ਜਾ ਰਹੇ ਨੇ। ਪਿਛਲੇ 40 ਕੁ ਸਾਲਾਂ ਤੋਂ ਕੰਮ ਕਰਦਾ ਉਹ ਅਦਾਰਾ ਜ਼ਮਾਨਤ ਏ ਕਿ ਸਿੰਧੀ ਬੋਲੀ ਜੀਵੇਗੀ, ਤਰੱਕੀ ਕਰੇਗੀ, ਭਾਵੇਂ ਉਰਦੂ ਬੋਲਣ ਵਾਲਿਆਂ ਦੀ ਆਬਾਦੀ ਬਹੁਤ ਵੱਧ ਗਈ ਹੈ। ਸ਼ਹਿਰਾਂ ਉੱਤੇ ਉਰਦੂ ਦਾ ਕਬਜ਼ਾ ਹੋ ਗਿਆ ਏ ਪਰ ਉਰਦੂ ਜਾਂ ਉਰਦੂ ਭਾਸ਼ੀ ਲੋਕ ਕਿਸੇ ਤਰ੍ਹਾਂ ਵੀ ਸਿੰਧੀ ਨੂੰ ਢਾਹ ਨਹੀਂ ਸਕਦੇ ਜਦ ਕਿ ਵੱਡੇ ਪੰਜਾਬ ਦੀ ਪੰਜਾਬੀ ਦੋਵਾਂ ਪਾਸਿਆਂ ਤੋਂ ਮਾਰੀ ਗਈ। ਆਮ ਪੰਜਾਬੀਆਂ ਨੇ ਆਪਣੀ ਬੋਲੀ ਨੂੰ ਉਸੇ ਤਰ੍ਹਾਂ ਬੇਇੱਜ਼ਤ ਕੀਤਾ, ਜਿਸ ਤਰ੍ਹਾਂ ਵੰਡ ਵੇਲੇ ਪੰਜਾਬਣ ਨੂੰ ਕੀਤਾ ਗਿਆ ਸੀ। ਉਤੋਂ ਪੰਜਾਬੀ-ਵਿਰੋਧੀ ਹਕੂਮਤਾਂ ਨੇ ਢਾਹ ਲਾਈ। ਪੰਜਾਬੀ ਅਫਸਰਸ਼ਾਹੀ ਤੇ ਆਮ ਲਿਖਾਰੀ ਵੀ ਘਟੀਆਪਨ ਦੇ ਅਹਿਸਾਸ ਦਾ ਸ਼ਿਕਾਰ ਹਨ। ਅੱਜ ਤੋਂ ਨਹੀਂ, ਸਦਾ ਤੋਂ। ਇਕਬਾਲ ਤੋਂ ਲੈ ਕੇ ਫੈਜ਼ ਅਤੇ ਹਬੀਬ ਜਾਲਬ ਤਾਈਂ, ਇਧਰ ਅਫ਼ਸਾਨੇ ਵੱਲ ਕ੍ਰਿਸ਼ਨ ਚੰਦਰ ਤੋਂ ਲੈ ਕੇ ਮੰਟੋ ਤਾਈਂ, ਅਹਿਮਦ ਨਦੀਮ ਕਾਸਮੀ ਤੋਂ ਲੈ ਕੇ ਅਸ਼ਫਾਕ ਅਹਿਮਦ ਤੋੜੀ, ਉਰਦੂ ਹੀ ਲਿਖਦੇ ਰਹੇ। ਉਹਦੀ ਇੱਕ ਵਜ੍ਹਾ ਇਹ ਵੀ ਹੈ ਕਿ ਪੰਜਾਬੀ ਅਦਬ ਦੀ ਛਪਾਈ ਬੜੀ ਮਹਿੰਗੀ ਤੇ ਮੁਸ਼ਕਿਲ ਕੰਮ ਏ। ਉਤੋਂ ਪਾਠਕ ਵੀ ਕੋਈ ਨਹੀਂ। ਕਦਰ ਵੀ ਕੋਈ ਨਹੀਂ।

ਪੰਜਾਬੀ ਜ਼ੁਬਾਨ ਤੇ ਸਭਿਆਚਾਰ ਵਾਸਤੇ ਆਖ਼ਰੀ ਆਸ ਪਟਿਆਲਾ ਯੂਨੀਵਰਸਿਟੀ ਤੇ ਹੋਰ ਅਦਾਰੇ ਨੇ। ਪਿਛਲੇ ਪੰਜਾਹ ਵਰ੍ਹੇ ਦੁਨੀਆਂ ਦੀ ਤਰੱਕੀ ਇਕ ਰਿਕਾਰਡ 'ਤੇ ਪੰਜਾਬੀ ਦਾ ਨਾਂ ਜੇ ਕਿਤੇ ਹੈ ਤਾਂ ਚੜ੍ਹਦੇ ਪੰਜਾਬ ਨੇ ਲਿਖਿਆ ਏ। ਇਥੇ ਤਾਲੀਮੀ ਅਦਾਰਿਆਂ ਵੀ ਕੰਮ ਕੀਤਾ, ਲਿਖਾਰੀਆਂ ਵੀ ਤੇ ਸਕਾਲਰਾਂ ਵੀ ਆਪਣਾ ਹਿੱਸਾ ਪਾਇਆ ਪਰ ਇਥੇ ਵੀ ਪੰਜਾਬੀ ਜ਼ੁਬਾਨ ਵਿਚ ਬਹੁਤ ਸਾਰਾ ਪ੍ਰਦੂਸ਼ਣ ਆ ਚੁੱਕਾ ਹੈ। ਪੰਜਾਬੀ ਆਬਾਦੀ ਘੱਟ ਰਹੀ

ਹੈ। ਪਰਵਾਸੀਆਂ ਦੀ ਰਫਤਾਰ ਤੇਜ਼ ਏ। ਗ਼ੈਰ-ਪੰਜਾਬੀ ਆਬਾਦਕਾਰ ਤੇਜ਼ੀ ਨਾਲ ਪੰਜਾਬ ਆ ਰਹੇ ਰਹੇ ਨੇ। ਹੋ ਸਕਦਾ ਏ, ਕਿਸੇ ਦਿਨ ਪੰਜਾਬੀ ਬੋਲਣ ਵਾਲੇ ਬਹੁਤ ਥੋੜ੍ਹੇ ਰਹਿ ਜਾਣ। ਹਿੰਦੀ ਦਾ ਜ਼ੋਰ ਹੋਵੇ ਤੇ ਪੰਜਾਬੀ ਅਵਾਮ ਦੀ ਥਾਂ ਬਿਹਾਰੀ ਕੌਮ ਵੱਸ ਜਾਏ। ਪੰਜਾਬੀ ਬੋਲੀ ਸਿਰਫ਼ ਆਬ ਜ਼ਮ-ਜ਼ਮ ਜਾਂ ਗੰਗਾ-ਜਲੀ ਬਣਕੇ ਰਹਿ ਜਾਵੇ। ਗ਼ਲਤਫਹਿਮੀ ਜਾਂ ਖੁਸ਼ਫਹਿਮੀ, ਪੰਜਾਬੀ ਕੈਨੇਡਾ ਵਿਚ ਰਹੇਗੀ, ਨਿਊਜ਼ੀਲੈਂਡ ਤੇ ਇੰਗਲੈਂਡ ਵਿਚ ਤਰੱਕੀ ਕਰੇਗੀ। ਪੰਜਾਬੀ ਸ਼ੇਖਚਿਲੀ ਦੀਆਂ ਬੜ੍ਹਕਾਂ ਨੇ। ਨਾ ਸੁਣੋ ਤਾਂ ਚੰਗਾ ਏ। ਇਸੇ ਤਰ੍ਹਾਂ ਲਹਿੰਦੇ ਪੰਜਾਬ ਵਿਚ ਜਿੱਥੇ ਬੱਚਾ-ਬੱਚਾ ਉਰਦੂ ਬੋਲਦਾ, ਉਰਦੂ ਜਾਂ ਅੰਗਰੇਜ਼ੀ ਪੜ੍ਹਦਾ-ਲਿਖਦਾ ਏ, ਪਰ ਮਸਖਰਾ ਕਹਿੰਦਾ ਦੋ-ਚਾਰ ਕਰ ਲਓ, ਦੋ-ਚਾਰ ਕਾਨਫਰੰਸਾਂ ਤੇ ਇਕ ਇਮਾਰਤ ਉੱਤੇ ਪੰਜਾਬੀ ਦੀ ਤਰੱਕੀ ਦਾ ਬੋਰਡ ਲਾ ਦਿਓ, ਸਭ ਠੀਕ ਹੋ ਜਾਵੇਗਾ। ਅਜਿਹੇ ਮਸਖਰਿਆਂ ਦੀਆਂ ਗੱਲਾਂ ਸੁਣ ਕੇ ਮੈਂ ਬਲੋਚਿਸਤਾਨ ਤੋਂ ਆਈ ਸਾਂ। ਪੰਜਾਬੀ ਬੋਲੀ ਵਿਚ ਅੱਠ-ਦਸ ਕਿਤਾਬਾਂ ਲਿਖ ਮਾਰੀਆਂ। ਅੱਜ ਉਹ ਕਿਤਾਬਾਂ ਚੜ੍ਹਦੇ ਪੰਜਾਬ 'ਚ ਪੜ੍ਹੀਆਂ ਜਾ ਰਹੀਆਂ ਨੇ। ਉਧਰ ਵੱਡੇ ਪੰਜਾਬ ਦੇ ਪੰਜਾਬੀ ਅਦਾਰੇ ਦੀ ਡੀ. ਜੀ. ਡਾਇਰੈਕਟਰ ਜਾਂ ਕਾਨਫਰੰਸ ਦੇ ਸਦਰ (ਪ੍ਰਧਾਨ) ਹੋਰੀਂ ਬਿਲਕੁਲ ਨਹੀਂ ਜਾਣਦੇ ਉਨ੍ਹਾਂ ਕਿਤਾਬਾਂ ਦੇ ਨਾਂ ਕੀ ਨੇ। ਫਿਰ ਵੀ ਕੁਝ ਸ਼ਹੀਦ ਹੈਗੇ ਨੇ ਜੋ ਆਪਣਾ ਲਹੂ ਸਿੰਜ ਕੇ ਪੰਜਾਬੀ ਕਿਤਾਬ ਛਪਵਾਉਂਦੇ ਨੇ।

ਇਸ ਤਰ੍ਹਾਂ ਕਿਉਂ ਹੋਇਆ? ਪਹਿਲੀ ਵਜ੍ਹਾ, ਜਮਹੂਰੀਅਤ ਦਾ ਨਾ ਹੋਣਾ। ਦੂਜੀ ਵਜ੍ਹਾ, ਪੰਜਾਬੀ ਦਾ ਹੀਣ-ਭਾਵ ਤੇ ਸ਼ਾਹ-ਪ੍ਰਸਤੀ। ਅਵਾਮ ਦੀ ਜ਼ੁਬਾਨ ਤੋਂ ਸਭਿਆਚਾਰ ਦੀ ਤਰੱਕੀ ਵਾਸਤੇ ਜਮਹੂਰੀ ਕਦਰਾਂ ਤੇ ਰੌਸ਼ਨ ਸਮਾਜ ਚਾਹੀਦਾ ਏ। ਆਪਣੀ ਤਾਰੀਖ਼ ਦੀ ਜਾਣਕਾਰੀ ਤੇ ਮੀਆਂ ਜੜ੍ਹਾਂ ਨਾਲ ਜੋੜ ਤੇ ਮਾਣ ਚਾਹੀਦਾ ਏ।

ਆਖ਼ਰੀ ਤੇ ਜ਼ਰੂਰੀ ਗੱਲ ਅਜੋਕੇ ਪੰਜਾਬੀ ਅਦਬ ਵਿਚ ਇਕ ਪਸਮਾਂਦਗੀ ਏ। ਨਵੇਂ ਪੰਜਾਬੀ ਤਜ਼ਰਬੇ ਨਾ ਹੋਣ ਦੇ ਬਰਾਬਰ ਨੇ। ਕਿਤੇ ਹਿੰਦੀ, ਕਿਤੇ ਅੰਗਰੇਜ਼ੀ, ਕਿਤੇ ਉਰਦੂ ਦੇ ਪਰਛਾਵੇਂ। ਅਦਬ ਲੋਕਾਂ ਤਾਈਂ ਨਹੀਂ ਪੁੱਜਾ ਤੇ ਅਵਾਮ ਦੀ ਰਸਾਈ ਅਦਬ ਤੋੜੀ ਨਹੀਂ ਹੋ ਸਕੀ। ਮੱਧ ਵਰਗ ਜਾਂ ਨਿਮਨ ਮੱਧ ਵਰਗ, ਤਾਕਤਵਰ ਤੇ ਤਾਜ਼ਾ ਅਦਬ ਪੈਦਾ ਈ ਨਹੀਂ ਕਰ ਸਕਿਆ। ਪਛੜੇ ਹੋਏ ਅਵਾਮ ਦੀ ਕੀ ਕਰ ਸਕਦੇ ਨੇ। ਇਕ ਬਹੁਤ ਖ਼ਾਸ ਗੱਲ ਧਿਆਨ ਦੇਣ ਵਾਲੀ, ਪੰਜਾਬੀ ਅਦੀਬ ਸਿਰਫ਼ ਮਸਲਿਆਂ 'ਤੇ ਲਿਖਦੇ ਨੇ ਪਰ ਮਸਲੇ ਪੈਦਾ ਕਰਨ ਵਾਲੇ ਕਾਰਨਾਂ ਬਾਰੇ ਨਹੀਂ ਲਿਖਦੇ। ਮਸਲੇ ਤੇ ਮਸਲੇ ਦੇ ਕਾਰਨਾਂ ਨੂੰ ਅਦਬ ਵਿਚ ਢਾਲ ਦੇਣਾ ਵੱਡੀ ਕਾਰੀਗਰੀ ਹੁੰਦੀ ਏ। ਮੱਧ ਵਰਗੀ ਅਦਬ ਵਿਚ ਹਕੂਮਤ-ਪ੍ਰਸਤੀ, ਮੌਕਾ-ਪ੍ਰਸਤੀ, ਮਜ਼੍ਹਬ-ਪ੍ਰਸਤੀ ਤੇ ਅੰਧੀ ਅੱਖ ਦਾ ਚਾਨਣ ਈ ਹੁੰਦਾ ਏ।

ਪੰਜਾਬੀ ਸਾਹਿਤ ਤੇ ਸ਼ਾਇਰੀ ਦੀ ਵੱਡੀ ਕਮਜ਼ੋਰੀ, ਉਹਦਾ ਓਪਰਾ ਅਤੇ ਇਕ-ਪਰਤੀ ਹੋਣਾ ਹੈ। ਇਹ ਗੱਲ ਉਰਦੂ, ਹਿੰਦੀ ਸਾਹਿਤ ਵਿਚ ਵੀ ਆ ਚੁੱਕੀ ਏ। ਅਜਿਹਾ ਅਦਬ-ਧਾਰਾ ਪੜ੍ਹਕੇ ਜੀਵਨ ਦੀ ਦੂਜੀ ਪਰਤ ਨਹੀਂ ਖੁੱਲ੍ਹਦੀ। ਲਿਖਣ ਵਾਲਾ ਤਾਕਤਵਰ ਨਹੀਂ, ਲਾਚਾਰ ਲੱਗਦਾ ਏ। ਉਹਦੇ ਕੋਲ ਉੱਚੀ ਇਖਲਾਕੀ ਤਾਕਤ ਨਹੀਂ। ਉਹ ਜੱਦੋ-



ਜ਼ਹਿਦ ਵਾਲੇ ਪਿੜ ਦਾ ਲੜਾਕਾ ਨਹੀਂ, ਕਿਸੇ ਪੁਰਾਣੇ ਮਜ਼ਾਰ ਦਾ ਮਜੌਰ ਜਿਹਾ ਬਣ ਜਾਂਦਾ ਏ, ਜਿਹਦੇ ਵਿਚ ਲਹਿੰਦੇ ਪੰਜਾਬ ਦਾ ਪੰਜਾਬੀ ਸ਼ਾਇਰ ਵਾਰਿਸ, ਬੁੱਲ੍ਹੇ ਦੀ ਕਬਰ ਦਾ ਮਜੌਰ ਹੋਣ ਤੇ ਰਾਜ਼ੀ ਏ। ਇਨ੍ਹਾਂ ਬਾਰੇ ਅਯਾਜ਼ ਕਹਿੰਦਾ ਏ, ਸੱਸੀ ਦੇ ਪਾਟੇ ਚੋਲੇ ਦੀਆਂ ਲੀਰਾਂ ਜ਼ਖ਼ਮਾਂ 'ਤੇ ਬੰਨ੍ਹ ਕੇ 'ਸਿਹਤ' ਪਿਆਲੇ ਪੀ ਬੈਠੇ ਨੇ। ਅੱਜ ਦੇ ਪੰਜਾਬੀ ਸ਼ਾਇਰ ਵੇਲੇ ਤੋਂ ਪਿੱਛੇ ਨੇ।

ਅੱਜ ਤਾਂ ਵੱਢੇ ਹੋਏ ਰੁੱਖ ਦੇ ਟਾਹਣ ਉੱਚੇ ਨਹੀਂ ਹੋ ਸਕਦੇ। ਨਿਰੀ ਸ਼ਾਇਰੀ ਤੇ ਗਲਪ ਦੀ ਗੱਲ ਵੀ ਨਹੀਂ ਰਹੀ। ਸਾਰੇ ਇਲਮ ਨੂੰ ਇਕ ਚੁਣੌਤੀ ਏ, ਕਿਉਂ ਜੋ ਅੱਜ ਦਾ ਸਭਿਆਚਾਰ ਸਾਇੰਸ ਟੈਕਨਾਲੋਜੀ ਦਾ ਸਭਿਆਚਾਰ ਏ। ਇਸ ਵੇਲੇ ਹਰ ਜ਼ੁਬਾਨ ਨੂੰ ਤਰੱਕੀ ਦੀ ਲੋੜ ਏ, ਨਹੀਂ ਤਾਂ ਆਊਟ-ਡੇਟਿਡ ਹੋ ਜਾਣ ਦਾ ਖ਼ਤਰਾ ਏ। ਇਕ ਜ਼ਮਾਨਾ ਸ਼ੀ ਜਦੋਂ ਅਮਰੀਕਾ ਨੇ ਰੂਸੀ ਜ਼ੁਬਾਨ ਸਿੱਖੀ, ਅੱਜ ਚੀਨੀ ਅੰਗਰੇਜ਼ੀ ਸਿੱਖ ਰਿਹਾ ਏ। ਪੰਜਾਬੀ ਨੂੰ ਤਾਂ ਬਹੁਤ ਕੁਝ ਨਵਾਂ ਚਾਹੀਦਾ ਏ। ਇਸ ਚੁਣੌਤੀ ਦਾ ਸਾਹਮਣਾ ਕਿਸ ਤਰ੍ਹਾਂ ਕਰਨਾ ਏ? ਸਿਰਫ਼ ਚੜ੍ਹਦਾ ਪੰਜਾਬ ਈ ਫੈਸਲਾ ਕਰ ਸਕਦਾ ਏ। ਲਹਿੰਦੇ ਪੰਜਾਬ ਦੀ ਬੋਲੀ ਨੂੰ ਤਾਂ ਹੋਰ ਚੁਣੌਤੀ ਏ, ਫਨਾਹ ਤੋਂ ਕਿਸ ਤਰ੍ਹਾਂ ਬਚਣਾ ਏ। ਦੋਵੇਂ ਪੰਜਾਬ ਰਲ ਕੇ ਸ਼ਾਇਦ ਕੁਝ ਕਰ ਸਕਣ। ਪਰ ਹਾਲ ਦੀ ਘੜੀ ਤਾਂ ਕੋਈ ਕਦਮ ਚੁੱਕਿਆ ਨਹੀਂ ਗਿਆ। ਸਿਰਫ਼ ਸੋਚਿਆ ਜਾ ਰਿਹਾ ਏ। ਸੋਚਣ ਦੇ ਇਸ ਢੰਗ ਤੋਂ ਸ਼ਾਇਦ ਕੋਈ ਸੰਤੁਸ਼ਟ ਵੀ ਹੋਵੇ ਪਰ ਮੈਂ ਨਹੀਂ, ਕਿਉਂ ਜੋ ਮੈਂ ਵੱਡੇ ਪੰਜਾਬ ਵਿਚ ਪੰਜਾਬੀ ਜ਼ੁਬਾਨ ਦਾ ਖ਼ਾਤਮਾ ਸਾਫ਼-ਸਾਫ਼ ਦੇਖ ਸਕਦੀ ਹਾਂ, ਕਿਉਂ ਜੋ ਦਸ ਕਰੋੜ ਪੰਜਾਬੀਆਂ ਵਿਚ ਆਪਣੀ ਮਾਂ ਬੋਲੀ ਨੂੰ ਬਚਾਉਣ ਲਈ ਅਜੇ ਕੋਈ ਲਹਿਰ ਪੈਦਾ ਨਹੀਂ ਹੋਈ, ਸਰਕਾਰਾਂ ਗ਼ੈਰ-ਅਵਾਮੀ, ਗ਼ੈਰ-ਜਮਹੂਰੀ। ਪੰਜਾਬ ਨੂੰ ਇਸ ਧਰਤੀ ਦਾ ਮਾਣ ਦੇਣ ਵਾਲੇ ਇਕ ਫੀਸਦੀ ਵੀ ਨਹੀਂ। ਤਰੈਅ ਨਸਲਾਂ ਦੇ ਬੱਚੇ ਪੰਜਾਬੀ ਜ਼ੁਬਾਨ ਪੜ੍ਹ ਈ ਨਹੀਂ ਸਕੇ। ਅੱਗੋਂ ਕੋਈ ਆਸ ਨਹੀਂ, ਦੂਜੀ ਭਾਸ਼ਾ ਬਣ ਜਾਵੇ, ਆਸ ਨਹੀਂ।

ਕੋਈ ਜ਼ੁਬਾਨ ਕਿਸ ਤਰ੍ਹਾਂ ਜ਼ਿੰਦਾ ਰਹਿੰਦੀ ਏ? ਕਿਸ ਤਰ੍ਹਾਂ ਤਰੱਕੀ ਕਰਦੀ ਏ? ਪਾਕਿਸਤਾਨ ਵੱਲ ਦਾ ਪੰਜਾਬੀ ਇਸ ਸ਼ਊਰ ਤੋਂ ਖ਼ਾਲੀ ਏ। ਚੰਗੇ ਭਲੇ ਦਾਨਿਸ਼ਵਰ ਡੁਬਦੀ ਬੇੜੀ ਨੂੰ ਧਾਗਾ ਬੰਨ੍ਹ ਕੇ ਖਿੱਚ ਰਹੇ ਨੇ। ਮੇਲੇ, ਭੰਗੜੇ, ਜੁਗਤਾਂ ਜਾਂ ਚੜ੍ਹਦੇ ਲਹਿੰਦੇ ਪੰਜਾਬ ਦੇ ਫੇਰੇ। ਬੱਸ, ਏਨਾ ਈ ਕੰਮ ਹੋ ਰਿਹਾ ਹੈ। ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਨੂੰ ਬਚਾਉਣ ਵਾਸਤੇ ਆਖ਼ਰੀ ਗੱਲ ਨਹੀਂ, ਮਜ਼ਮੂਨ ਦੀ ਆਖ਼ਰੀ ਸਤਰ ਲਿਖ ਰਹੀ ਹਾਂ - ਵੰਡ ਦੀ ਛੁਰੀ ਨਾਲ ਵੱਢੇ ਹੋਏ ਪੰਜਾਬ ਨੂੰ ਆਪਣੀ ਪੂਰੀ ਤਾਰੀਖ਼ ਨਾਲ ਜੁੜਨਾ ਚਾਹੀਦਾ ਏ।

ਪੰਜਾਬ ਦੀ ਤਵਾਰੀਖ਼ 1947 ਤੋਂ ਨਹੀਂ, ਨਾਨਕ ਦੇ ਪੈਦਾਇਸ਼ ਤੋਂ ਵੀ ਨਹੀਂ, ਇਸਲਾਮ ਦੀ ਆਮਦ ਤੋਂ ਵੀ ਨਹੀਂ, ਮਸੀਹ ਤੋਂ ਵੀ, ਬੁੱਧ ਜੈਨ ਬ੍ਰਾਹਮਣ ਤੋਂ ਵੀ ਨਹੀਂ, ਸਿਕੰਦਰ ਦੇ ਹਮਲੇ ਤੋਂ ਇਹ ਤਵਾਰੀਖ਼ ਹੜੱਪਾ ਮਹਿੰਜੋਦੜੋ ਦੇ ਦਰਾਵੜੀ ਜ਼ਮਾਨੇ ਤੋਂ ਸ਼ੁਰੂ ਹੁੰਦੀ ਏ।

# ‘ਮੈਂ ਮਰੀਅਮ ਹੁੰਦੀ, ਆਪਣਾ ਪੁੱਤ ਆਪੇ ਜੰਮ ਲੈਂਦੀ’

**- ਅਫ਼ਜ਼ਲ ਤੌਸੀਫ਼**

**ਮੁਲਾਕਾਤੀ : ਅਜਮੇਰ ਸਿੱਧੂ**

ਲਾਹੌਰ ਦੀ ਅਦੀਬਾ ਅਫ਼ਜ਼ਲ ਤੌਸੀਫ਼ ਨੂੰ ਚੜ੍ਹਦੇ ਪੰਜਾਬ ਵਾਲੇ ਕਥਾਕਾਰ ਵਜੋਂ ਜਾਣਦੇ ਹਨ। ਉਸਦੇ ਕਹਾਣੀ ਸੰਗ੍ਰਹਿਾਂ ‘ਟਾਹਲੀ ਮੇਰੇ ਬੱਚੜੇ’ ਅਤੇ ‘ਪੰਝੀਵਾਂ ਘੰਟਾ’ ਨੇ ਉਸਨੂੰ ਕਥਾਕਾਰ ਵਜੋਂ ਸਥਾਪਿਤ ਕੀਤਾ ਹੈ। ਸੰਨ 2000 ਵਿਚ ਛਪੀ ਸਵੈ-ਜੀਵਨੀ ‘ਮਨ ਦੀਆਂ ਬਸਤੀਆਂ’ ਨੇ ਸੰਤਾਲੀ ਦੇ ਹੌਲਨਾਕ ਕਾਂਡ ਨੂੰ ਪੰਜਾਬੀ ਸਾਹਿਤ ਜਗਤ ਅੱਗੇ ਰੱਖਿਆ ਹੈ। ਅਫ਼ਜ਼ਲ ਤੌਸੀਫ਼ ਦਾ ਪਰਿਵਾਰਕ ਪਿਛੋਕੜ ਇਸ ਪੰਜਾਬ ਨਾਲ ਜੁੜਿਆ ਹੋਇਆ ਹੈ। ਉਸ ਦਾ ਜਨਮ ਜ਼ੁਬੈਦਾ ਬੀਬੀ ਦੀ ਕੁੱਖੋਂ 18 ਮਈ, 1936 ਨੂੰ ਨਾਨਕਾ ਪਿੰਡ ਕੂਮਕਲਾਂ, ਜ਼ਿਲ੍ਹਾ ਲੁਧਿਆਣਾ ਵਿਚ ਹੋਇਆ ਸੀ। ਉਸਦੇ ਅੱਬਾ ਚੌਧਰੀ ਮਹਿੰਦੀ ਖਾਂ ਪਿੰਡ ਸਿੰਬਲੀ, ਜ਼ਿਲ੍ਹਾ ਹੁਸ਼ਿਆਰਪੁਰ ਦੇ ਸਨ। ਹਰ ਬੰਦੇ ਦੇ ਅੰਦਰ ਕਈ-ਕਈ ਬਸਤੀਆਂ ਹੁੰਦੀਆਂ ਹਨ। ਅਫ਼ਜ਼ਲ ਤੌਸੀਫ਼ ਦੇ ਮਨ ਦੀਆਂ ਕਈ ਬਸਤੀਆਂ ਉਜੜ ਗਈਆਂ ਤੇ ਹਾਲੇ ਕਈ ਵਸਦੀਆਂ ਹਨ। ਉਸਦਾ ਖ਼ਾਸ ਦਰਿਆ ਸਤਲੁਜ ਜਿਸ ਦੇ ਇਕ ਕੰਢੇ ’ਤੇ ਨਾਨਕਾ ਤੇ ਦੂਜੇ ’ਤੇ ਦਾਦਕਾ ਪਿੰਡ ਸੀ, ਸੰਤਾਲੀ ਦੀ ਵੰਡ ਨੇ ਖੋਹ ਲਿਆ। ਸਿੰਬਲੀ ਤੇ ਕੂਮਕਲਾਂ ਉਨ੍ਹਾਂ ਦੇ ਪੱਕੇ ਘਰ, ਚੁਬਾਰੇ, ਖੂਹ, ਹਵੇਲੀਆਂ, ਬਾਗ, ਜ਼ਮੀਨਾਂ, ਫਸਲਾਂ ਤੇ ਮੋਰਾਂ ਦੀਆਂ ਡਾਰਾਂ ਉਹਦੀਆਂ ਕਹਾਣੀਆਂ ਜੋਗੇ ਹੋ ਕੇ ਰਹਿ ਗਏ।

ਇਨ੍ਹਾਂ ਸਤਰਾਂ ਦੇ ਲੇਖਕ ਨੇ ਉਸਦੇ ‘ਮਨ ਦੀਆਂ ਬਸਤੀਆਂ’ ਵਿਚੋਂ ਇਕ ਬਸਤੀ ਸਿੰਬਲੀ ਤੇ ਸੰਤਾਲੀ ਦੇ ਲਹੂ-ਲੁਹਾਨ ਇਤਿਹਾਸ ਦੇ ਪੱਤਰਾਂ ਨੂੰ 1997 ਵਿਚ ਫਰੋਲਿਆ ਤਾਂ ਉਹ ਸੱਤ-ਅੱਠ ਪੀੜ੍ਹੀਆਂ ਤੋਂ ਵੀ ਪਹਿਲਾਂ ਦੇ ਰਹਿ ਰਹੇ ਖ਼ਾਨਦਾਨ ਦੀਆਂ ਜੜ੍ਹਾਂ ਲੱਭਣ ਲਈ ਭਾਰਤ ਆਈ। ਉਹ 1997 ਵਿਚ ਕਲਕੱਤਾ ਦੇ ਦਿੱਲੀ ਦੀਆਂ ਸੜਕਾਂ ਵਿਚ ਵਾਰਿਸ ਸ਼ਾਹ, ਸ਼ਆਦਤ ਹਸਨ ਮੰਟੋ, ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ ਅਤੇ ਅੰਮ੍ਰਿਤਾ ਪ੍ਰੀਤਮ ਨੂੰ ਅਵਾਜ਼ਾਂ ਮਾਰਦੀ ਅੰਮ੍ਰਿਤਸਰ ਯੂਨੀਵਰਸਿਟੀ ਆ ਗਈ। ਪਰ ਸਿੰਬਲੀ ਜਾਣ ਲਈ ਉਹਦੀ ਰੂਹ ਕੀਲੀ ਗਈ। ਉਹਨੂੰ ਉਹ ਬੱਤਖਾਂ ਯਾਦ ਆ ਗਈਆਂ, ਜੋ ਰੋਜ਼ ਵਾਂਗ ਉਸ ਸ਼ਾਮ ਵੀ ਘਰ ਮੁੜੀਆਂ ਪਰ ਲਹੂ ਦੇ ਛੱਪੜ ਵਿਚ ਨਹਾਤੀਆਂ ਗਈਆਂ। ਉਹ ਪੱਥਰ ਹੋਣੋਂ ਡਰਦੀ ਵਾਪਸ ਮੁੜ ਗਈ। 53 ਵਰ੍ਹੇ ਉਹ ਕਤਲ ਹੋਏ ਜੀਆਂ ਤੇ ਸੁਪਨਿਆਂ ਦਾ ਭਾਰ ਢੋਂਹਦੀ ਰਹੀ। ਫਿਰ ਉਹਨੇ 2000 ਵਰ੍ਹੇ ਦੀ ਆਮਦ ’ਤੇ ‘ਮਨ ਦੀਆਂ ਬਸਤੀਆਂ’ ਸਵੈ-ਜੀਵਨੀ ਲਿਖ ਕੇ 53 ਵਰ੍ਹਿਆਂ ਦਾ ਬੋਝ ਲਾਹ ਦਿੱਤਾ ਤੇ ਆਪਣੇ ਮਤਬੰਨੇ ਪੁੱਤਰ ਰਾਣਾ ਨਵੀਦ ਇਕਬਾਲ (ਚੀਫ ਨਿਊਜ਼ ਐਡੀਟਰ ‘ਦੀ ਪਾਕਿਸਤਾਨ ਟਾਈਮਜ਼’) ਨੂੰ ਨਾਲ ਲੈ ਕੇ ਆਪਣੇ ਪੁਰਖਿਆਂ ਦੀ ਜਨਮ ਭੋਇੰ ’ਤੇ ਆ ਗਈ।

ਸਿੰਬਲੀ ਘੋੜੇਵਾਹ ਮੁਸਲਮਾਨ ਰਾਜਪੂਤਾਂ ਦਾ ਪਿੰਡ ਸੀ। ਸੰਤਾਲੀ ਤੋਂ ਪਹਿਲਾਂ ਉਹਦੇ ਵੱਡੇ ਵਡਾਰੂ ਜ਼ਮੀਨਾਂ ਜਾਇਦਾਦਾਂ ਦੇ ਮਾਲਕ ਸਨ। ਦਾਦਾ ਗੁਲਾਮ ਗੌਂਸ ਦੇ



ਦਾਦੇ ਦਾ ਭਰਾ ਫਤਹਿ ਖਾਂ 30 ਘੁਮਾਂ ਦੇ ਮਾਲਕ ਸਨ। ਗੁਲਾਮ ਗੌਂਸ ਦੇ ਤਿੰਨ ਮੁੰਡੇ ਨਿਆਮਤ ਖਾਂ, ਫੱਜਲ ਮੁਹੰਮਦ ਤੇ ਮਹਿੰਦੀ ਖਾਂ ਸਨ। ਅਫ਼ਜ਼ਲ ਤੌਸੀਫ਼ ਮਹਿੰਦੀ ਖਾਂ ਦੀ ਧੀ ਸੀ। ਮਹਿੰਦੀ ਖਾਂ ਕੋਇਟੇ ਪੁਲਿਸ ਅਫ਼ਸਰ ਸੀ। ਸੰਤਾਲੀ ਦੇ ਦੰਗਿਆਂ ਨੇ ਸਿੰਬਲੀ ਵੀ ਆਪਣੀ ਲਪੇਟ ਵਿਚ ਲੈ ਲਿਆ ਸੀ। ਅਫ਼ਜ਼ਲ ਤੌਸੀਫ਼ ਦੇ ਪਿਤਾ ਮਹਿੰਦੀ ਖਾਂ ਤੇ ਛੋਟਾ ਤਾਇਆ ਫੱਜਲ ਮੁਹੰਮਦ ਬਾਹਰ ਗਏ ਹੋਣ ਕਰਕੇ ਬੱਚ ਗਏ। ਅਫ਼ਜ਼ਲ ਤੌਸੀਫ਼ ਆਪਣੀ ਮਾਂ ਨਾਲ ਨਾਨਕੇ ਪਿੰਡ ਤੋਂ ਬੱਚ ਕੇ ਲਾਹੌਰ ਪੁੱਜ ਗਈ ਪਰ ਸਿੰਬਲੀ ਹਨ੍ਹੇਰੀ ਝੁੱਲ ਗਈ ਸੀ। ਉਸਦੇ ਘਰ ਦੇ 12 ਜੀਅ ਵੱਢ ਦਿੱਤੇ ਗਏ। ਤਾਏ ਦੀਆਂ ਚਾਰ ਧੀਆਂ ਵਿਚੋਂ ਦੋ ਧੀਆਂ ਸਰਵਰੀ ਤੇ ਸਦੀਕਣ ਅਗਵਾ ਕਰ ਲਈਆਂ ਗਈਆਂ। ਆਂਢ-ਗੁਆਂਢ ਦੀਆਂ ਕੁੜੀਆਂ ਵਲੋਂ ਖੂਹ ਵਿਚ ਛਾਲਾਂ ਮਾਰ ਦਿੱਤੀਆਂ ਗਈਆਂ। ਪਿੰਡ ਵਾਸੀ ਪੰਡਤ ਰੱਖਾ ਰਾਮ ਅਨੁਸਾਰ ਗੜ੍ਹਸ਼ੰਕਰ ਥਾਣੇ ’ਚੋਂ ਥਾਣੇਦਾਰ ਸਰਦਾਰੀ ਲਾਲ ਨੇ 101 ਲਾਸ਼ਾਂ ਕਾਗਜ਼ਾਂ ਵਿਚ ਦਰਸਾਈਆਂ ਸਨ। ਪਰ ਉਸ ਅਨੁਸਾਰ 250 ਦੀ ਗਿਣਤੀ ਸੀ।

ਕਤਲੇਆਮ ਵਾਲੀ ਜਗ੍ਹਾ ਤੇ ਇਨ੍ਹਾਂ ਸਤਰਾਂ ਦਾ ਲੇਖਕ ਬੀਬੀ ਅਫ਼ਜ਼ਲ ਤੌਸੀਫ਼ ਤੇ ਰਾਣਾ ਨਵੀਦ ਇਕਬਾਲ ਨੂੰ ਲੈ ਕੇ ਪੁੱਜਾ ਤਾਂ ਉਸਨੂੰ ਉਹਦੇ ਵੱਡੇ ਵਡਾਰੂ ਸ਼ਮਲਿਆਂ ਵਾਲੇ ਕਿਤੇ ਦਿਖਾਈ ਨਾ ਦਿੱਤੇ। ਖੰਡਰ ਬਣੀਆਂ ਇਮਾਰਤਾਂ ਦੇਖ ਕੇ ਉਸ ਹਉਕਾ ਲਿਆ। ਅੱਗੇ ਉਹ ਖੂਹ ਸੀ ਜਿਸ ਵਿਚ ਕੁੜੀਆਂ ਨੇ ਆਬਰੂ ਬਚਾਉਣ ਲਈ ਛਾਲਾਂ ਮਾਰੀਆਂ ਸਨ। ਦੋ ਮਿੰਟ ਦਾ ਮੌਨ ਧਾਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਉਹਨੂੰ ਆਪਣਾ ਵਿਹੜਾ ਲਾਸ਼ਾਂ ਨਾਲ ਭਰਿਆ ਦਿਖਿਆ। ਅਗਵਾ ਹੁੰਦੀਆਂ ਭੈਣਾਂ ਦਿਖੀਆਂ। ਲਹੂ ਵਿਚ ਤੈਰਦੀਆਂ ਬੱਤਖਾਂ। ਉਹ ‘ਆਪਣੇ ਘਰ’ ਸੁੰਨ ਹੋਈ ਖੜ੍ਹੀ ਸੀ। ਉਹਦੇ ਵੱਡੇ ਵਡਾਰੂਆਂ ਦੇ ਵਾਕਫ਼ ਮਰਦ ਔਰਤਾਂ ਉਹਦੇ ਨਾਲ ਯਾਦਾਂ ਸਾਂਝੀਆਂ ਕਰਦੇ ਰਹੇ। ਇਨ੍ਹਾਂ ਸਤਰਾਂ ਦਾ ਲੇਖਕ ਬੀਬੀ ਅਫ਼ਜ਼ਲ ਤੌਸੀਫ਼ ਦੇ ਪੰਜਾਬ ਦੇ ਘੱਟੋ-ਘੱਟ ਦਸ ਦੌਰਿਆਂ ਦੌਰਾਨ ਵੱਖ-ਵੱਖ ਥਾਵਾਂ ’ਤੇ ਉਹਨਾਂ ਦੇ ਨਾਲ ਰਿਹਾ ਹੈ। ਉਨ੍ਹਾਂ ਨਾਲ ਕੀਤੀ ਮੁਲਾਕਾਤ ਦੇ ਕੁਝ ਅੰਸ਼ ਪੇਸ਼ ਹਨ-

? **ਤੁਸੀਂ ਸਾਹਿਤ ਨੂੰ ਕਿੱਥੋਂ ਤੱਕ ਮਾਨਤਾ ਦਿੰਦੇ ਹੋ?**

\- ਸਾਹਿਤ ਹੀ ਮੇਰੀ ਪੂੰਜੀ ਹੈ। ਸਾਹਿਤ ਦੀ ਸ਼ਕਤੀ ਹੀ ਮੈਨੂੰ ਇਧਰ ਲੈ ਕੇ ਆਈ ਹੈ।

? **ਤੁਸੀਂ ਇਸ ਪਾਸੇ ਕਿਸ ਲੇਖਕ ਤੋਂ ਪ੍ਰਭਾਵਿਤ ਹੋ?**

\- ਅੰਮ੍ਰਿਤਾ ਪ੍ਰੀਤਮ ਤੋਂ। ਪਾਕਿਸਤਾਨ ਦਾ ਅਵਾਮ ‘ਅੱਜ ਆਖਾਂ ਵਾਰਿਸ ਸ਼ਾਹ ਨੂੰ...’ ਵਾਲੀ ਅੰਮ੍ਰਿਤਾ ਪ੍ਰੀਤਮ ਤੋਂ ਪ੍ਰਭਾਵਿਤ ਹੈ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਤੋਂ ਪ੍ਰਭਾਵਿਤ ਹਨ। ਉਨ੍ਹਾਂ ਨੂੰ ਚੰਗਾ ਸਮਝਦੇ ਹਨ।

? **ਪਾਕਿਸਤਾਨ ਵਿਚ ਕੀ ਲਿਖਿਆ ਜਾ ਰਿਹਾ ਹੈ?**

\- ਕਹਾਣੀ, ਕਵਿਤਾ, ਨਾਵਲ, ਨਾਟਕ ਸਕਰਿਪਟ। ਕੁਝ ਜ਼ਿਆਦਾ ਨਹੀਂ ਲਿਖਿਆ ਜਾ ਰਿਹਾ। ਕਿਉਂਕਿ ਕੋਈ ਇਨਕਲਾਬੀ ਲਹਿਰ ਨਹੀਂ ਹੈ। ਲਹਿਰਾਂ ਨੇ ਹੀ ਚੰਗਾ

ਸਾਹਿਤ ਅਵਾਮ ਨੂੰ ਦੇਣਾ ਹੁੰਦਾ ਹੈ। ਬੱਸ ਰਪੀਟ ਹੋ ਰਿਹਾ ਹੈ।

? **ਤੁਸੀਂ ਆਪਣੀ ਕਹਾਣੀ '25ਵਾਂ ਘੰਟਾ' ਨੂੰ ਸ਼ਾਹਕਾਰ ਰਚਨਾ ਮੰਨਦੇ ਹੋ ਜਾਂ ਅਜੇ ਲਿਖੀ ਜਾਣੀ ਹੈ?**

\- ਇਸ ਕਹਾਣੀ ਤੇ ਮਾਣ ਕਰ ਸਕਦੀ ਹਾਂ ਬਾਕੀ ਤਾਂ ਸਮਾਂ ਹੀ ਦੱਸੇਗਾ।

? **ਸੰਤਾਲੀ ਤੋਂ ਪਹਿਲਾਂ ਲਾਹੌਰ ਸਾਹਿਤ ਤੇ ਪ੍ਰੈਸ ਦਾ ਕੇਂਦਰ ਹੁੰਦਾ ਸੀ। ਸਾਰੀਆਂ ਅਖ਼ਬਾਰਾਂ ਇੱਧਰ ਆ ਗਈਆਂ ਉੱਧਰ ਕੀ ਹਾਲਤ ਹੈ?**

\- ਰਾਣਾ ਨਵੀਦ ਇਕਬਾਲ : ਨਵੀਆਂ ਅਖ਼ਬਾਰਾਂ ਛਪਣੀਆਂ ਸ਼ੁਰੂ ਹੋਈਆਂ ਨੇ। ਅਖ਼ਬਾਰਾਂ ਪੜ੍ਹਨ ਵਾਲਿਆਂ ਦੀ ਗਿਣਤੀ ਘੱਟ ਹੈ। ਅਖ਼ਬਾਰ ਮਹਿੰਗੇ ਹਨ। 8-10 ਰੁਪਏ ਉਰਦੂ ਦੇ ਤੇ 12 ਰੁਪਏ ਦਾ ਅੰਗਰੇਜ਼ੀ ਅਖ਼ਬਾਰ ਮਿਲਦਾ ਹੈ। ਜੇ ਅਖ਼ਬਾਰਾਂ ਜਾਂ ਕਿਤਾਬਾਂ ਨੂੰ ਮਹਿੰਗੇ ਕਰ ਦਿਓਗੇ ਤਾਂ ਲੋਕਾਂ ਤੱਕ ਨਹੀਂ ਪੁੱਜਣਗੇ।

? **ਤੁਹਾਨੂੰ ਭਾਰਤ ਅਤੇ ਪਾਕਿਸਤਾਨ ਵਿਚ ਕੀ ਅੰਤਰ ਲੱਗਦਾ ਹੈ?**

\- ਕੁਝ ਵੀ ਨਹੀਂ। ਦੋਨਾਂ ਪਾਸਿਆਂ ਦੇ ਲੋਕ ਇੱਕੋ ਜਿਹੇ ਨੇ। ਮਾਸੂਮ ਚਿੜੀਆਂ ਤੇ ਘੁੱਗੀਆਂ ਵਰਗੇ। ਦੋਹਾਂ ਮੁਲਕਾਂ ਦੀਆਂ ਸਰਕਾਰਾਂ ਦਾ ਰੂਪ ਇਕੋ ਜਿਹਾ ਹੈ। ਚਿਹਰੇ ਅਲੱਗ ਨੇ। ਪਹਿਰਾਵੇ ਅਲੱਗ ਨੇ। ਅੰਦਰੋਂ ਇੱਕ ਨੇ। ਦੋਨੋਂ ਪਾਸੇ ਅਵਾਮ ਨੂੰ ਪੁੱਛਣ ਦਾ, ਉਨ੍ਹਾਂ ਦੀ ਇੱਛਾ ਅਨੁਸਾਰ ਕੰਮ ਕਰਨ ਦਾ ਰਿਵਾਜ਼ ਨਹੀਂ ਹੈ। ਲੋਕਾਂ ਤੇ ਠੋਸਿਆ ਜਾਂਦਾ ਹੈ।

? **ਸੰਤਾਲੀ ਦੀ ਵੰਡ ਨਾਲ ਪੰਜਾਬ ਦਾ ਕੀ ਨੁਕਸਾਨ ਹੋਇਆ?**

\- ਪੰਜਾਬ ਨੂੰ ਖੂਹ ਬਣਾ ਦਿੱਤਾ ਗਿਆ। ਸਾਹਿਤ ਵੇਖੋ, ਫਿਲਮਾਂ ਵੇਖੋ, ਜਿਹੜਾ ਮਰਜ਼ੀ ਖੇਤਰ ਵੇਖੋ। ਪੰਜਾਬੀਆਂ ਨੇ ਡੋਮੀਨੇਟ ਕਰਨਾ ਸੀ। ਪਰ ਕੁਝ ਲੋਕਾਂ ਨੇ ਪੰਜਾਬ ਨੂੰ ਵੰਡ ਕੇ ਪੰਜਾਬ ਦੇ ਸੱਭਿਆਚਾਰ ਤੇ ਸਾਹਿਤ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਇਸ ਵੰਡ ਨੇ ਪੰਜਾਹ ਸਾਲ ਪੰਜਾਬ ਪਿੱਛੇ ਪਾ ਦਿੱਤਾ। ਹੁਣ ਮਿਲਣ ਨਹੀਂ ਦੇਣਾ ਚਾਹੁੰਦੇ। ਫਿਲਮਾਂ ਵਿਚ ਪੰਜਾਬ ਦਾ ਸਭਿਆਚਾਰ ਜਾਂ ਕਰੈਕਟਰ ਵਿਗਾੜ ਕੇ ਪੇਸ਼ ਕਰਦੇ ਨੇ।

? **ਤੁਸੀਂ ਵਿਆਹ ਕਿਉਂ ਨਹੀਂ ਕਰਵਾਇਆ?**

\- ਹੀਰ ਅਜੇ ਵੀ ਖੇੜਿਆਂ ਦੇ ਵੱਸ ਪਈ ਹੋਈ ਆ। ਆਦਮੀ ਦੇ ਬਣਾਏ ਹੋਏ ਸਮਾਜ ਵਿਚ ਜ਼ਨਾਨੀ ਦੇ ਖਵਾਬ ਅੰਨ੍ਹੇ ਨਿਆਂ ਵਰਗੇ ਹੁੰਦੇ ਨੇ।

? **'ਸੀਤੇ ਨੀ ਸੀਤੇ ! ਰਾਣੀ ਬਣਕੇ ਕੀ ਖੱਟਿਆ ਤੂੰ ਚੰਗਾ ਹੁੰਦਾ ਮਰੀਅਮ ਹੁੰਦੀ ਆਪਣੇ ਪੁੱਤਰ ਆਪੇ ਜੰਮ ਲੈਂਦੀ।' ਤੁਸੀਂ ਇਸ ਕਵਿਤਾ ਰਾਹੀਂ ਕੀ ਕਹਿਣਾ ਚਾਹੁੰਦੇ ਹੋ?**

\- ਮੈਨੂੰ ਸੀਤਾ ਵਰਗੀਆਂ ਜ਼ਨਾਨੀਆਂ ਮਰਦਾਂ ਦੀਆਂ ਜ਼ਨਾਨੀਆਂ ਲੱਗਦੀਆਂ ਨੇ। ਮੇਰ ਖਾਹਿਸ਼ ਹੈ ਮੈਂ ਮਰੀਅਮ ਹੁੰਦੀ। ਆਪਣਾ ਪੁੱਤਰ ਆਪੇ ਜੰਮ ਲੈਂਦੀ।

? **ਇਸ ਮਰਦ ਸਮਾਜੀ ਵਿਦਰੋਹ ਪਿੱਛੇ ਕਾਰਨ ਨਿਜੀ ਜਾਂ ਘਰੇਲੂ ਤਾਂ ਨਹੀਂ?**

\- ਸਾਡੇ ਘਰਾਂ ਵਿਚ ਔਰਤਾਂ ਤੇ ਬਹੁਤ ਸਾਰੀਆਂ ਪਾਬੰਦੀਆਂ ਸਨ। ਬੁਰਕੇ ਵਿਚ



ਰਹਿਣਾ। ਘਰੋਂ ਬਾਹਰ ਨਾ ਨਿਕਲਣਾ। ਮੈਂ ਜੇਠੀ ਸਾਂ ਤੇ ਆਪਣੇ ਨਾਨਕੇ ਪਿੰਡ ਕੂਮਕਲਾਂ (ਲੁਧਿਆਣਾ) ਵਿਖੇ ਜੰਮੀ। ਕੁੜੀ ਹੋਣ ਕਰਕੇ ਸਿੰਬਲੀ ਵਾਲੇ ਮੈਨੂੰ ਪਿੰਡ ਨਹੀਂ ਲੈ ਕੇ ਗਏ ਸੀ। ਨਾਨਕੇ ਪਿੰਡ ਇਕ ਵਿਧਵਾ ਬੇ-ਸਹਾਰਾ ਔਰਤ (ਘਰਾਂ ਵਿਚੋਂ ਮਾਸੀ ਲੱਗਦੀ ਸੀ) ਨੇ ਮੈਨੂੰ ਪਾਲਿਆ। ਉਹ ਮੇਰੀ ਕਾਕੀ ਮਾਂ ਸੀ। ਜਦੋਂ ਉਹ ਮਰੀ ਤੇ ਘਰ ਮੁੰਡੇ ਜੰਮੇ ਤਾਂ ਸਿੰਬਲੀ ਵਾਲੇ ਮੈਨੂੰ ਪਿੰਡ ਲੈ ਕੇ ਗਏ ਸਨ।

? **ਤੁਹਾਡੇ ਘਰਾਂ ਵਿਚ ਐਨੀਆਂ ਪਾਬੰਦੀਆਂ ਪਰ ਤੁਸੀਂ ਲੈਕਚਰਾਰ ਦੇ ਅਹੁਦੇ ਤੋਂ ਰਿਟਾਇਰ ਹੋਏ। ਇਥੋਂ ਤੱਕ ਕਿਵੇਂ ਪੁੱਜੇ?**

\- ਮੇਰੀ ਮਾਂ ਨੇ ਆਪਣੀ ਸ਼ਹਿਰਨ ਚਾਚੀ ਤਾਈ ਕੋਲੋਂ ਇਲਮ ਗ੍ਰਹਿਣ ਕੀਤਾ ਸੀ। ਉਹ ਮੈਨੂੰ ਚੋਰੀ ਪੜ੍ਹਾਉਂਦੇ। ਫੱਟੀ ਲਿਖਵਾਉਂਦੇ। ਇਹ ਕੰਮ ਘਰ ਵਿਚ ਦੁਪਹਿਰ ਸਮੇਂ ਜਾਂ ਰਾਤ ਨੂੰ ਲੁਕ ਕੇ ਹੁੰਦਾ ਸੀ। ਘਰ ਵਿਚ ਫੱਟੀ ਬਸਤੇ ਲੁਕਾ ਦਿੱਤੇ ਜਾਂਦੇ। ਮੇਰੇ ਅੱਬਾ ਕੋਇਟੇ ਪੁਲਿਸ ਅਫਸਰ ਸਨ। ਉਥੇ ਜਾ ਕੇ ਪੜ੍ਹਨ ਦਾ ਮੌਕਾ ਮਿਲਿਆ ਉਹ ਵੀ ਘਰਦਿਆਂ ਤੋਂ ਚੋਰੀ। ਮੇਰੇ ਅੱਬਾ ਨੇ ਪੜ੍ਹਾਈ ਕਰਾਈ।

? **ਇਕ ਪਾਸੇ ਸਿੰਬਲੀ ਦੀ ਧਰਤੀ 'ਤੇ ਸੁੰਦਰ ਸਿੰਘ, ਗੋਕਲ ਸਿੰਘ, ਗੇਂਦਾ ਸਿੰਘ ਵਰਗੇ ਗਦਰੀ ਦੇਸ਼ ਭਗਤਾਂ ਦਾ ਕਾਮਾਗਾਟਾਮਾਰੂ ਜਹਾਜ਼ ਵਿਚ ਆਉਣਾ ਤੇ ਜੇਲ੍ਹ ਜਾਣਾ। ਗੋਪਾਲ ਸਿੰਘ ਵਰਗੇ ਦੇਸ਼ ਭਗਤ ਗੁਰੂ ਕਾ ਬਾਗ ਮੋਰਚੇ ਵਿਚ ਦੁਨੀਆਂ ਨੂੰ ਅਲਵਿਦਾ ਕਹਿ ਜਾਣਾ। ਦੂਜੇ ਪਾਸੇ ਤੁਹਾਡੇ ਪਰਿਵਾਰ ਦਾ ਕਤਲੇਆਮ। ਪਿੰਡ ਦੇ ਲੋਕਾਂ ਬਾਰੇ ਕੀ ਰਾਇ ਬਣੀ?**

\- ਇਹ 'ਤੇ ਧਰਮ ਨਿਰਪੱਖ ਲੋਕ ਸਨ। ਪਰ ਸਾਰੇ ਲੋਕ ਨਾ ਧਰਮ ਨਿਰਪੱਖ ਹੁੰਦੇ ਹਨ ਤੇ ਨਾ ਹੀ ਦੇਸ਼ ਭਗਤ। ਹਰ ਥਾਂ ਹਰ ਤਰ੍ਹਾਂ ਦੇ ਲੋਕ ਮਿਲ ਜਾਂਦੇ ਹਨ। ਮਾਰਨ ਵਾਲੇ ਵੀ ਤੇ ਬਚਾਉਣ ਵਾਲੇ ਵੀ। ਬਾਕੀ ਇਹ ਸਿੰਬਲੀ ਵਾਲੇ ਹਮਲਾਵਰਾਂ ਅੱਗੇ ਬੇਬੱਸ ਹੋ ਗਏ ਹੋਣਗੇ।

? **ਸਿੰਬਲੀ ਆਉਣ ਤੋਂ ਬਾਅਦ 'ਮਨ ਦੀਆਂ ਬਸਤੀਆਂ' ਵਿਚ ਕੁਝ ਵਸਿਆ ਉਜੜਿਆ ਹੋਵੇ?**

\- 53 ਵਰ੍ਹਿਆਂ ਦਾ ਬੋਝ ਸਵੈ-ਜੀਵਨੀ ਲਿਖ ਕੇ ਲਾਹ ਦਿੱਤਾ ਸੀ। ਪਰ ਹੁਣ ਸਿੰਬਲੀ ਨੇ ਹੋਰ ਵੀ ਬਹੁਤ ਕੁਝ ਦਿੱਤਾ ਹੈ। ਨਵੇਂ ਐਡੀਸ਼ਨ ਵਿਚ ਤਬਦੀਲੀਆਂ ਕਰਾਂਗੀ।

? **ਤੁਹਾਡੇ ਪਰਿਵਾਰ ਤੇ ਕਤਲੇਆਮ ਦੀ ਪਿੰਡ ਵਾਸੀਆਂ ਤੇ ਸਾਹਿਤ ਸਭਾਵਾਂ ਨੇ ਮਾਫ਼ੀ ਮੰਗੀ ਹੈ। ਕੀ ਤੁਸੀਂ ਮਾਫ਼ ਕਰ ਦਿੱਤਾ ਹੈ?**

\- ਹਾਂ, ਮੇਰੇ ਅੰਦਰ ਇਕ ਜਵਾਲਾ ਭੜਕ ਰਹੀ ਸੀ। ਉਹ ਕੁਝ ਸ਼ਾਂਤ ਹੋਈ ਹੈ। ਇਹ ਇਕ ਅੱਛੀ ਪਿਰਤ ਹੈ। ਪਰ ਮਾਫ਼ੀ ਮੰਗਣ ਵਾਲੇ ਮੇਰੇ ਆਪਣੇ ਨੇ। ਜਿਨ੍ਹਾਂ ਕਤਲੇਆਮ ਕੀਤਾ ਜਾਂ ਕਰਵਾਇਆ ਉਨ੍ਹਾਂ ਥੋੜਾ ਮਾਫ਼ੀ ਮੰਗੀ ਹੈ।

? **ਪਿੰਡ ਆ ਕੇ ਕੀ ਮਿਲਿਆ?**

\- ਆਪਣੇ ਪੁਰਖਿਆਂ ਦੀ ਜਨਮ ਭੋਇੰ 'ਤੇ ਆ ਕੇ ਆਪਣੇ ਅੰਦਰਲਾ ਗੁਬਾਰ ਕੱਢ

ਲਿਆ। ਇਥੇ ਆ ਕੇ ਮੈਨੂੰ ਉਹ ਸਕੂਨ ਮਿਲਿਆ ਜਿਸਨੂੰ ਪ੍ਰਭਾਸ਼ਿਤ ਨਹੀਂ ਕੀਤਾ ਜਾ ਸਕਦਾ। ਜਦੋਂ ਇਥੋਂ ਉੱਜੜ ਕੇ ਗਏ ਸਾਂ ਤਦ 11-12 ਸਾਲਾਂ ਦੀ ਹੋਵਾਂਗੀ। ਜ਼ਿਹਨ ਤੇ ਜੋ ਨਕਸ਼ ਬਣੇ ਹੋਏ ਸਨ, ਉਹ ਦੇਖ ਕੇ ਪ੍ਰਸੰਨ ਹੋਈ ਹਾਂ। ਮੈਨੂੰ ਪਰਿਵਾਰ ਦੇ ਮੈਂਬਰ ਜਾਂ ਘਰ ਨਹੀਂ ਮਿਲਿਆ। ਪਰ ਘਰ ਵਰਗਾ ਮੋਹ ਜ਼ਰੂਰ ਮਿਲਿਆ। ਤੁਹਾਡੇ ਵਰਗੇ ਬੰਦੇ ਜਿਨ੍ਹਾਂ ਮੇਰੇ ਜੀਵਨ ਨਾਲ ਜੁੜੀਆਂ ਖੌਫ਼ਨਾਕ ਯਾਦਾਂ, ਗਲੀਆਂ, ਵਿਹੜੇ, ਚੁਬਾਰੇ, ਖੂਹ, ਮਸਜਿਦਾਂ, ਖੇਤ ਰੂ-ਬ-ਰੂ ਕਰਵਾ ਕੇ ਮੈਨੂੰ ਸ਼ਾਂਤ ਕੀਤਾ। ਤੁਹਾਨੂੰ ਜਾਂ ਸਾਰਾ ਕੁਝ ਦੇਖਕੇ ਲੱਗਾ ਕਿ ਧਾੜਵੀ ਮੇਰੇ ਘਰ ਦੇ ਜੀਆਂ ਨੂੰ ਵੱਢ ਨਹੀਂ ਸਕੇ। ਉਹ ਜਿਉਂਦੇ ਨੇ। ਤੁਸੀਂ ਜਿਉਂਦੇ ਹੋ ਨਾ। ਮਾਨਵਤਾ ਦਾ ਸੁਨੇਹਾ ਦੇਣ ਵਾਲੇ।

? **ਸਭ ਤੋਂ ਵੱਡੀ ਪ੍ਰਾਪਤੀ ਕੀ ਹੈ?**

- ਮੇਰੇ ਬਜ਼ੁਰਗਾਂ ਦਾਦਾ ਜਾਨ ਗੁਲਾਮ ਗੌਂਸ ਖਾਂ ਤੇ ਉਨ੍ਹਾਂ ਦੇ ਭਰਾ ਫਤਹਿ ਖਾਂ ਵਲੋਂ ਲਿਖੀ ਰਜਿਸਟਰੀ, ਰਜਿਸਟਰੀ 'ਤੇ ਉਨ੍ਹਾਂ ਦੇ ਲੱਗੇ ਹੋਏ ਅੰਗੂਠੇ ਬਜ਼ੁਰਗ ਸ. ਅਮਰ ਸਿੰਘ ਕੋਲੋਂ ਮਿਲੀ ਹੈ।

? **ਤੁਸੀਂ ਇਥੇ ਆ ਕੇ ਨਿਰਾਸ਼ ਤਾਂ ਨਹੀਂ ਹੋਏ, ਥੱਕੇ ਤਾਂ ਨਹੀਂ?**

- ਮੈਂ ਥੱਕੀ ਨਹੀਂ ਉਂਝ ਵਕਤ ਨੂੰ ਯਾਦ ਕੀਤਾ ਹੈ। ਕਿਤੇ ਨਾਨਕੇ-ਦਾਦਕੇ, ਕਿਤੇ ਨਹਿਰਾਂ, ਖੇਤ, ਹਵੇਲੀਆਂ, ਉਹ ਖੂਹ ਦੇਖੇ ਜਿਥੇ ਮਾਂ ਜਾਈਆਂ ਡੁੱਬੀਆਂ। ਚਾਚਿਆਂ, ਤਾਇਆਂ, ਭਰਾਵਾਂ, ਭੈਣਾਂ,ਚਾਚੀਆਂ, ਤਾਈਆਂ, ਮਾਵਾਂ ਤੇ ਬੱਚਿਆਂ ਦੇ ਖ਼ੂਨ ਦੇ ਨਿਸ਼ਾਨ ਲੱਭੇ ਨੇ।

? **ਜਦੋਂ ਕਾਰਗਿਲ ਦਾ ਯੁੱਧ ਚੱਲ ਰਿਹਾ ਸੀ ਤਾਂ ਲੋਕਾਂ ਵਿਚ ਕੀ ਪ੍ਰਤੀਕਿਰਿਆ ਸੀ?**

- ਕੋਈ ਖ਼ਾਸ ਨਹੀਂ। ਪਹਿਲੀਆਂ ਜੰਗਾਂ ਵੇਲੇ ਕੁੜੱਤਣ ਜ਼ਿਆਦਾ ਸੀ।

? **ਕਾਰਨ?**

- ਨਵੀਂ ਪੀੜ੍ਹੀ ਮਜ਼ੇ ਵਿਚ ਰਹਿਣਾ ਚਾਹੁੰਦੀ ਹੈ। ਉਂਝ ਵੀ ਅਵਾਮ ਨੂੰ ਨਾਹਰਿਆਂ ਦੀ ਅਸਲੀਅਤ ਪਤਾ ਲੱਗ ਗਈ ਹੈ।

? **ਪਾਕਿਸਤਾਨ ਦੇ ਲੋਕ ਭਾਰਤੀ ਲੋਕਾਂ ਬਾਰੇ ਕੀ ਸੋਚਦੇ ਹਨ?**

- ਅਵਾਮ ਵਿਚ ਮਿਲਣ ਦੀ ਬੜੀ ਚਾਹਤ ਹੈ। ਉਹ ਚਾਹੁੰਦੇ ਨੇ ਮਿਲਣ ਲਈ ਸਰਹੱਦਾਂ ਖੋਲ੍ਹ ਦੇਣੀਆਂ ਚਾਹੀਦੀਆਂ ਹਨ।

? **ਜੇ ਸਰਹੱਦਾਂ ਖੋਲ੍ਹ ਦਿੱਤੀਆਂ ਜਾਣ ਤਾਂ ਕੀ ਤਬਦੀਲੀ ਆਵੇਗੀ?**

- ਕਲਾਸ ਕਰੈਕਟਰ ਬਦਲੇਗਾ। ਧਾਰਮਿਕ ਅਸਹਿਣਸ਼ੀਲਤਾ ਘਟੇਗੀ। ਲੋਕੀ ਆਪਸ ਵਿਚ ਮਿਲਣਗੇ। ਭਾਈਚਾਰਾ ਵਧੇਗਾ। ਦੂਰੀਆਂ ਘਟਣਗੀਆਂ। ਆਪਸ ਵਿਚ ਵਿਆਹ ਹੋਣਗੇ।

? **ਜਿਵੇਂ ਲਾਹੌਰ ਦਿੱਲੀ ਬੱਸ ਸੇਵਾ ਸ਼ੁਰੂ ਹੋਈ ਹੈ। ਇਹ ਕਿਹੋ ਜਿਹਾ ਉਪਰਾਲਾ ਲੱਗਾ?**

- ਅਵਾਮ ਨੇ ਸਵਾਗਤ ਕੀਤਾ ਹੈ। ਪਰ ਇਹ ਬੱਸ ਪਹਿਲਾਂ ਦਿੱਲੀ ਪੁੱਜਦੀ ਹੈ। ਵੰਡ



ਤਾਂ ਪੰਜਾਬੀਆਂ ਦੀ ਹੋਈ ਹੈ। ਇਹ ਕਿੱਡੀ ਹਾਸੋਹੀਣੀ ਗੱਲ ਹੈ ਕਿ ਪਹਿਲਾਂ ਅਸੀਂ ਦਿੱਲੀ ਜਾਵਾਂਗੇ। ਮੁੜ ਕੇ ਪੰਜਾਬ ਆਈਏ। ਇਹ ਬੱਸ ਪਹਿਲਾਂ ਪੰਜਾਬ ਵਿਚ ਰੁਕਣੀ ਚਾਹੀਦੀ ਹੈ।

? **ਪਾਕਿਸਤਾਨ ਵਿਚ ਪ੍ਰੋਗ੍ਰੈਸਿਵ ਜਥੇਬੰਦੀਆਂ ਖ਼ਾਸ ਤੌਰ 'ਤੇ ਕਮਿਊਨਿਸਟਾਂ 'ਤੇ ਪਾਬੰਦੀ ਹੈ। ਕਿਵੇਂ ਜੂਝ ਰਹੇ ਨੇ ਉਹ ਲੋਕ?**

- ਸੰਸਾਰ ਪੱਧਰ 'ਤੇ ਪ੍ਰੋਗ੍ਰੈਸਿਵ ਫੋਰਸਜ਼ ਕਮਜ਼ੋਰ ਹੋ ਗਈਆਂ ਨੇ। ਪਰ ਐਨੀਆਂ ਵੀ ਨਹੀਂ। ਲੜਨਾ ਤੇ ਉਨ੍ਹਾਂ ਦੀ ਜ਼ਿੰਦਗੀ ਦਾ ਇਕ ਹਿੱਸਾ ਹੈ।

? **ਫੌਜੀ ਹਕੂਮਤ ਦੇ ਖਿਲਾਫ਼ ਪਾਕਿਸਤਾਨ ਦੇ ਲੋਕ ਜਥੇਬੰਦ ਕਿਉਂ ਨਹੀਂ ਹੋਏ?**

- ਇਕ ਤੇ ਇਹ ਮਾਰਸ਼ਲ ਫੌਜੀ ਰਾਜ ਨਹੀਂ ਹੈ। ਦੂਜਾ ਬੇਨਜ਼ੀਰ ਭੁੱਟੋ ਜਾਂ ਸ਼ਰੀਫ ਦੀਆਂ ਸਰਕਾਰਾਂ ਵਿਚ ਕਿਹੜੀ ਜਮਹੂਰੀਅਤ ਸੀ। ਉਨ੍ਹਾਂ ਨੇ ਲੋਕਾਂ ਨੂੰ ਮਾਯੂਸ ਕੀਤਾ। ਸਰਮਾਏਦਾਰੀ ਵਧੀ। ਜਮਹੂਰੀਅਤ ਦਾ ਕਤਲ ਹੋਇਆ। ਤੀਜਾ ਪ੍ਰੋਗ੍ਰੈਸਿਵ ਫੋਰਸਜ਼ ਜ਼ਿਆਦਾ ਕਮਜ਼ੋਰ ਨੇ।

? **ਫਿਰ ਵੀ ਜਮਹੂਰੀਅਤ ਅਤੇ ਫੌਜੀ ਰਾਜ ਵਿਚ ਫ਼ਰਕ ਤਾਂ ਹੋਏਗਾ ਹੀ?**

- ਲਿਹਾਜ਼ਾ ਜਮਹੂਰੀਅਤ ਅਵਾਮ ਨੂੰ ਇਲਮ ਨਹੀਂ ਦਿੰਦੀ। ਰੋਟੀ ਨਹੀਂ ਦਿੰਦੀ। ਐਟਮ ਬੰਬ ਬਣਾਉਣ ਨਾਲ ਸ਼ਾਂਤੀ ਨਹੀਂ ਹੁੰਦੀ। ਤੇ ਇਹ ਦੋਨਾਂ ਮੁਲਕਾਂ ਦੀ ਹੋਣੀ ਹੈ।

? **ਆਉਣ ਵਾਲੇ ਸਾਲਾਂ ਵਿਚ ਭਾਰਤ-ਪਾਕਿਸਤਾਨ ਜੰਗ ਲੱਗਣ ਦਾ ਖ਼ਤਰਾ ਹੈ?**

- ਕੋਈ ਜੰਗ ਨਹੀਂ ਲੱਗੇਗੀ। ਐਟਮ ਬੰਬ ਲੀਡਰਾਂ ਨੇ ਬਣਾਏ ਹਨ, ਲੋਕਾਂ ਨੇ ਨਹੀਂ। ਜਿੰਨਾ ਚਿਰ ਲੋਕ ਜਿਉਂਦੇ ਨੇ ਜੰਗਾਂ ਨਹੀਂ ਹੋਣਗੀਆਂ।

? **ਪਰ ਪਹਿਲਾਂ ਜੰਗਾਂ ਹੋਈਆਂ ਨੇ। ਕਾਰਗਿਲ ਦਾ ਯੁੱਧ ਹੋਇਆ ਹੈ?**

- ਉਹ ਲੋਕਾਂ ਦੀਆਂ ਜੰਗਾਂ ਨਹੀਂ ਸਨ। ਹਾਕਮਾਂ ਦੀ ਇੱਛਾ ਸੀ। ਜਦੋਂ ਲੋਕ ਲੜਨਗੇ ਤਾਂ ਰੋਟੀ ਤੇ ਵਧੀਆ ਜ਼ਿੰਦਗੀ ਦੀ ਮੰਗ ਲਈ ਲੜਨਗੇ। ਕਾਣੀ ਵੰਡ ਵਾਲੇ ਸਿਸਟਮ ਵਿਰੁੱਧ ਲੜਨਗੇ।

? **ਲੋਕ ਲੜੇ ਤਾਂ ਸਨ। ਸੰਤਾਲੀ ਦੇ ਦੰਗਿਆਂ ਵੇਲੇ 10 ਲੱਖ ਪੰਜਾਬੀਆਂ ਦਾ ਕਤਲ ਹੋਇਆ। ਤੁਹਾਡੇ ਘਰ ਦੇ 12 ਜੀਅ ਵੱਢ ਦਿੱਤੇ ਗਏ। ਹੁਣ ਵੀ ਸੰਘ ਪਰਿਵਾਰ ਵਲੋਂ ਧਾਰਮਿਕ ਅਤੇ ਸਭਿਆਚਾਰਕ ਦਹਿਸ਼ਤਗਰਦੀ ਹੇਠ ਦੰਗੇ ਭੜਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ?**

- ਸਾਡੇ ਲੋਕ ਭੋਲੇ ਨੇ। ਕਈ ਵਾਰ ਹਾਕਮਾਂ ਦੇ ਕਹਿਣੇ ਵਿਚ ਆ ਜਾਂਦੇ ਨੇ। ਧਰਮ ਤੇ ਰਾਜਨੀਤੀ ਦੀ ਰਲਗੱਡ ਵੀ ਪੰਗਾ ਪਾਉਂਦੀ ਹੈ। ਪਰ ਮੇਰਾ ਅਟੱਲ ਵਿਸ਼ਵਾਸ ਹੈ ਕਿ ਲੋਕ ਆਪਸ ਵਿਚ ਨਹੀਂ ਲੜਨਗੇ ਸਗੋਂ ਲੜਾਉਣ ਵਾਲਿਆਂ ਨਾਲ ਟੱਕਰ ਲੈਣਗੇ।

? **ਸਮਾਜਵਾਦੀ ਦਿਨੋਂ ਦਿਨ ਸੁੰਘੜੀ ਜਾ ਰਹੇ ਨੇ। ਤੁਸੀਂ ਸਮਾਜਵਾਦੀ ਹੋਣ ਦੇ ਨਾਤੇ ਕੀ ਕਹਿਣਾ ਚਾਹੁੰਦੇ ਹੋ?**

- ਵਕਤ ਸਭ ਕੁਝ ਬਦਲ ਦਿੰਦਾ ਹੈ। ਵਕਤ ਜ਼ਰੂਰ ਬਦਲੇਗਾ। ਕਮਿਊਨਿਸਟਾਂ 'ਤੇ ਬਹੁਤ ਸਾਰੀਆਂ ਭਾਰੀਆਂ ਪਈਆਂ। ਪਰ ਉਂਝ ਸੰਸਾਰ ਪੱਧਰ 'ਤੇ ਲੋਕਾਂ ਵਿਚ ਇਨਕਲਾਬ ਦੀ ਪਿਆਸ ਹੈ। ਇਨਕਲਾਬ ਤਾਂ ਸੂਰਜਾਂ ਦਾ ਨਾਂ ਹੈ। ਸੂਰਜਾਂ ਨੂੰ ਚੜ੍ਹਨੋਂ ਕੌਣ ਰੋਕੇਗਾ।

**? ਤੁਸੀਂ ਬਗਾਵਤੀ ਸੁਰ ਕਿਥੋਂ ਲਈ?**

- ਮੇਰੇ ਇਲਮ ਨੇ ਮੈਨੂੰ ਅਵਾਜ਼ ਦਿੱਤੀ। ਤਵਾਰੀਖ਼ ਦੀ ਚੇਤਨਾ ਨੇ ਦਿੱਤੀ। ਇਸ ਚੇਤਨਾ ਨਾਲ ਮਾੜੇ ਤੇ ਦੱਬੇ-ਕੁਚਲੇ ਲੜ ਸਕਦੇ ਨੇ। ਇਲਮ ਨੇ ਮੈਨੂੰ ਮਾਰਕਸ ਦੀ ਸ਼ਾਗਿਰਦਨੀ ਬਣਾਇਆ। ਮੈਂ ਜ਼ੁਲਮ, ਬਦੀ, ਬੇਇਨਸਾਫੀ ਤੇ ਝੂਠ ਦੇ ਖਿਲਾਫ਼ ਲੜਦੀ ਪਈ ਹਾਂ।

**? ਲੋਕਾਂ ਨੂੰ ਇਨਕਲਾਬੀ ਲਹਿਰ ਦੀ ਲੋੜ ਬੜੀ ਹੈ। ਪਰ ਲਹਿਰ ਕਿਉਂ ਨਹੀਂ ਹੈ?**

- ਲੀਡਰਸ਼ਿਪ ਨਹੀਂ ਹੈ।

**? ਪਾਕਿਸਤਾਨ ਵਿਚ ਪ੍ਰੈਸ 'ਤੇ ਹਮਲੇ ਬੜੇ ਹੋ ਰਹੇ ਨੇ?**

- ਤੁਸੀਂ ਮੈਨੂੰ ਦੱਸੋ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਪ੍ਰੈਸ ਨੂੰ ਕਿੰਨੀ ਕੁ ਆਜ਼ਾਦੀ ਹੈ। ਭਾਰਤ ਦੀ ਪ੍ਰੈਸ ਨੂੰ ਕਿੰਨੀ ਕੁ ਆਜ਼ਾਦੀ ਹੈ?

**? ਭਾਰਤ ਵਾਂਗ ਪਾਕਿਸਤਾਨ ਵਿਚ ਵੀ ਬਹੁ-ਕੌਮੀ ਵਿਦੇਸ਼ੀ ਕੰਪਨੀਆਂ ਨੂੰ ਖੁੱਲ੍ਹੀਆਂ ਬਾਰੀਆਂ ਦੀ ਰੋਸ਼ਨੀ ਕਿਹਾ ਜਾ ਰਿਹਾ ਹੈ?**

- ਬੁਰਜੂਆ ਕਲਾਸ ਹੀ ਵੈਲਕਮ ਕਰ ਰਹੀ ਹੈ। ਅਵਾਮ ਲਈ ਵਿੰਡੋ ਬੰਦ ਹੀ ਹੈ।

**? ਜਿਸ ਸ਼ਿੱਦਤ ਤੇ ਨਿਡਰਤਾ ਨਾਲ ਸੰਤਾਲੀ ਦੀ ਵੱਢ ਟੁੱਕ ਦੇ ਕਾਰਨਾਂ ਦਾ ਇਧਰ ਲਿਖਿਆ ਗਿਆ ਹੈ। ਉਧਰ ਨਹੀਂ। ਇਹਦਾ ਕਾਰਨ ਤਾਨਾਸ਼ਾਹੀ ਰਾਜ ਜਾਂ ਕੋਈ ਹੋਰ ਕਾਰਨ?**

- ਕਾਕਾ ਜੀ, ਲਿਖਿਆ ਗਿਆ ਹੈ ਪਰ ਤੁਹਾਡੇ ਤੱਕ ਪੁੱਜਾ ਨਹੀਂ ਹੈ। ਸਾਆਦਤ ਹਸਨ ਮੰਟੋ ਉਸ ਧਰਤੀ ਤੇ ਰਹਿ ਕੇ ਹੀ ਲਿਖਦਾ ਰਿਹਾ ਹੈ। ਹੁਣ ਤੂੰ ਸੰਤਾਲੀ 'ਤੇ ਬਥੇਰਾ ਕੰਮ ਕੀਤਾ ਹੈ। ਬਹੁਤ ਥੋੜ੍ਹਾ ਉਧਰ ਪੁੱਜਿਆ ਹੈ।

**? ਸਾਡੀ ਹਿੱਕ ਤੇ ਵਾਘੇ ਦੀ ਵਾਹੀ ਲੀਕ ਕਦੋਂ ਮਿਟੇਗੀ?**

- ਜਦੋਂ ਸਾਡੇ ਲੋਕ ਸੌੜੀ ਸਿਆਸਤ ਵਾਲੇ ਸਿਆਸਤਦਾਨਾਂ ਵਲੋਂ ਇਸਤੇਮਾਲ ਹੋਣ ਤੋਂ ਨਾਂਹ ਕਰ ਦੇਣਗੇ।

**? ਲੋਕਾਂ ਨੂੰ ਕੁੜੱਤਣ ਘਟਾਉਣ ਲਈ ਕੀ ਕਰਨਾ ਚਾਹੀਦਾ ਹੈ?**

- ਆਪਣੀ ਪੰਜਾਬੀ ਮਾਂ ਬੋਲੀ ਨੂੰ ਬਚਾਉਣਾ ਚਾਹੀਦਾ ਹੈ। ਬੋਲੀ ਦੀ ਸਾਂਝ ਹੀ ਲੋਕਾਂ ਨੂੰ ਮਿਲਾਏਗੀ।

**? ਤੁਹਾਨੂੰ ਇੰਡੀਆ ਦੇ ਕਿਹੜੇ ਲੋਕ ਚੰਗੇ ਲੱਗਦੇ ਨੇ?**

- ਪ੍ਰੋਗ੍ਰੈਸਿਵ। ਲਤਾ ਮੰਗੇਸ਼ਕਰ, ਮੀਨਾ ਕੁਮਾਰੀ ਚੰਗੀਆਂ ਲੱਗਦੀਆਂ ਹਨ। ਸ਼ਹੀਦ



ਭਗਤ ਸਿੰਘ ਮੇਰਾ ਖ਼ਾਸ ਹੀਰੋ ਹੈ।

**? ਪੰਜਾਬੀ ਸੱਥ ਲਾਂਬੜਾ (ਜਲੰਧਰ) ਵਲੋਂ ਬਾਬਾ ਫ਼ਰੀਦ ਪੁਰਸਕਾਰ (ਸਾਂਝਾ ਦਾ ਪੁਲ) ਲੈ ਕੇ ਕੀ ਮਹਿਸੂਸ ਕਰ ਰਹੇ ਹੋ?**

- ਇਹ ਤੇ ਮੇਰੇ ਆਪਣਿਆਂ ਨੇ ਮੇਰਾ ਮਾਣ ਕੀਤਾ ਹੈ। ਸਿੰਬਲੀ ਵਾਲਿਆਂ ਨੇ ਮੈਨੂੰ ਧੀ ਧਿਆਣੀ ਜਾਣ ਕੇ ਮੈਨੂੰ ਬਾਬਾ ਬੁੱਲ੍ਹੇ ਸ਼ਾਹ ਐਵਾਰਡ ਦਿੱਤਾ ਹੈ।

**? ਜੋ ਪਾਕਿਸਤਾਨ ਤੋਂ ਉੱਜੜ ਕੇ ਇੱਥੇ ਆਏ। ਉਹ ਅੱਜ ਵੀ ਪਨਾਹਗੀਰ, ਲਾਹੌਰੀਏ, ਸਿਆਲਕੋਟੀਏ ਕਹਾਉਂਦੇ ਨੇ। ਇਥੋਂ ਦੇ ਕਹਾ ਨਹੀਂ ਪਾਏ। ਤੁਸੀਂ ਲਾਹੌਰ ਰਹਿੰਦੇ ਹੋ। ਲਾਹੌਰ ਤੁਹਾਡਾ ਆਪਣਾ ਸ਼ਹਿਰ ਬਣ ਗਿਆ ਹੈ ਜਾਂ ਨਹੀਂ?**

- ਜਦੋਂ ਮੈਂ ਲਾਹੌਰ ਰਹਿਣ ਲੱਗੀ ਸਾਂ ਤਾਂ ਲੱਗਦਾ ਸੀ ਕਿਸੇ ਪਰਾਏ ਸ਼ਹਿਰ ਕਿਰਾਏ 'ਤੇ ਰਹਿ ਰਹੀ ਹਾਂ। ਕਈ ਸਾਲ ਉਹਨੂੰ ਬੇਗਾਨਾ ਸ਼ਹਿਰ ਕਹਿੰਦੀ ਰਹੀ। ਪਰ ਹੁਣ ਉਹ ਸ਼ਹਿਰ ਮੇਰਾ ਹੈ। ਜੇ ਉਸ ਸ਼ਹਿਰ ਨੇ ਇਨਕਲਾਬੀ ਹੋਣ ਕਰਕੇ ਕੈਦਾਂ ਕੋੜੇ ਬਖਸ਼ੇ ਤਾਂ ਉਸ ਸ਼ਹਿਰ ਨੇ ਮੇਰੇ ਦਰਦ ਵੀ ਵੰਡਾਏ। ਮੈਨੂੰ ਸਾਂਭਿਆ। ਘਰ ਦਿੱਤਾ। ਸਹਾਰਾ ਦਿੱਤਾ। ਪੀੜਾਂ ਸਾਂਝੀਆਂ ਕੀਤੀਆਂ। ਉਸ ਸ਼ਹਿਰ ਦੀ ਤਵਾਰੀਖ ਬੜੀ ਅਮੀਰ ਏ। ਸ਼ਹੀਦ ਭਗਤ ਸਿੰਘ ਤੇ ਦੁੱਲੇ ਭੱਟੀ ਵਰਗੇ ਯੋਧੇ ਮੇਰੇ ਅੰਗ-ਸੰਗ ਰਹਿੰਦੇ ਹਨ।

**? ਜ਼ਿੰਦਗੀ ਵਿਚ ਜਿੱਤਾਂ ਹਾਰਾਂ ਦਾ ਵਰਨਣ ਕਰੋ?**

- ਜਦੋਂ ਦਰੱਖਤ ਕੱਟੇ ਜਾਂਦੇ ਨੇ, ਜਾਨਵਰਾਂ ਦਾ ਸ਼ਿਕਾਰ ਹੁੰਦਾ ਏ, ਮੰਦਰ ਮਸਜਿਦਾਂ ਢਾਏ ਜਾਂਦੇ ਨੇ, ਬਾਲ ਮਜ਼ਦੂਰੀ ਕਰਦੇ ਨੇ, ਇਲਮ ਦੇਣ ਦੀ ਜਗ੍ਹਾ ਐਟਮ ਬੰਬ ਬਣਦੇ ਨੇ, ਭੁੱਖੇ ਢਿੱਡ ਮੰਗਦੇ ਫਿਰਦੇ ਨੇ, ਧੀਆਂ ਦੇ ਸੌਦੇ ਹੁੰਦੇ ਨੇ, ਜਾਤ ਤੇ ਧਰਮ ਦੇ ਨਾਂ ਤੇ ਸ਼ੋਸ਼ਣ ਹੁੰਦਾ ਹੈ, ਹੀਰ ਨੂੰ ਖੇੜੇ ਵਿਆਹ ਕੇ ਲੈ ਜਾਂਦੇ ਨੇ, ਤਿਤਲੀ ਕਿਸੇ ਦੇ ਪਰਾਂ ਥੱਲੇ ਮਧੋਲੀ ਜਾਂਦੀ ਹੈ, ਮਾਨਵ ਨੂੰ ਦਾਨਵ ਕਤਲ ਕਰਦੇ ਨੇ, ਤੇ ਬੰਦੇ ਨੂੰ ਬੰਦਾ ਨਹੀਂ ਸਮਝਿਆ ਜਾਂਦਾ, ਉਦੋਂ ਮੇਰੀ ਹਾਰ ਹੁੰਦੀ ਹੈ। ਜਿੱਤ ਮੇਰੀ ਇਹੀ ਹੈ ਕਿ ਮੈਂ ਮੋਰਚਾ ਨਹੀਂ ਛੱਡਦੀ। ਜੇਲ੍ਹ ਵਿਚ ਰਹਿ ਕੇ ਵੀ ਤੇ ਕੋੜੇ ਖਾ ਕੇ ਵੀ।

**? ਤੁਹਾਡੀ ਇੱਛਾ ਕੀ ਏ?**

- ਮੈਂ ਮਰਨ ਮਗਰੋਂ ਥਾਂ ਨਹੀਂ ਮੱਲਣਾ ਚਾਹੁੰਦੀ। ਜ਼ਮੀਨਾਂ ਘੱਟ ਰਹੀਆਂ ਨੇ। ਮੇਰਾ ਸਰੀਰ ਕਿਸੇ ਤਜ਼ਰਬਾਗਾਹ ਨੂੰ ਦਿੱਤਾ ਜਾਵੇ ਜਾਂ ਸਾੜ ਕੇ ਉਹਦੀ ਅੱਧੀ ਸੁਆਹ ਖਾਦ ਵਜੋਂ ਖਿਲਾਰ ਦਿੱਤੀ ਜਾਵੇ ਜਿਥੋਂ ਮੇਰੇ ਮਨ ਦੀਆਂ ਬਸਤੀਆਂ ਦੇ ਦਰਸ਼ਨ ਆਮ ਲੋਕ ਵੀ ਕਰਨ। ਪਰ ਇਹ ਅਸੰਭਵ ਹੈ। ਇਥੇ ਤਾਂ ਬੰਦਾ ਮਰਜ਼ੀ ਨਾਲ ਜੀਅ ਨਹੀਂ ਸਕਦਾ, ਮਰਜ਼ੀ ਦੀ ਮੌਤ ਤਾਂ ਦੂਰ ਦੀ ਗੱਲ ਹੈ। •

**ਅਜਮੇਰ ਸਿੱਧੂ c/o ਜੰਡੇ ਹੇਅਰ ਡਰੈਸਰਜ਼, ਚੰਡੀਗੜ੍ਹ ਰੋਡ, ਨਵਾਂਸ਼ਹਿਰ-144514**
ਫੋਨ: 94630-63990 E-mail :ajmersidhu@gmail.com

## ਪੁਸਤਕ ਪ੍ਰਾਪਤੀ

1. ਪੁਨਰਵਾਸ ਦੇ ਅੱਲੇ ਜ਼ਖ਼ਮ (ਯਾਦਾਂ ਵੰਡ ਦੀਆਂ) ਮਿਹਰ ਸਿੰਘ ਰੰਧਾਵਾ, ਦੂਸਰੀ ਐਡੀਸ਼ਨ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
2. ਚਾਮ੍ਹਲੀ ਹੋਈ ਬਦੀ (ਗ਼ਜ਼ਲ ਸੰਗ੍ਰਹਿ) ਭਜਨ ਸਿੰਘ ਵਿਰਕ, ਪੰਨੇ 104, ਮੁੱਲ 100/- ਪੰਜ-ਆਬ ਪ੍ਰਕਾਸ਼ਨ, ਜਲੰਧਰ।
3. ਸ਼ਬਦਾਂ ਦੀ ਸੰਸਦ (ਕਵਿਤਾ) ਲਖਵਿੰਦਰ ਜੌਹਲ, ਪੰਨੇ 92, ਮੁੱਲ 150/- ਚੇਤਨਾ ਪ੍ਰਕਾਸ਼ਨ, ਲੁਧਿਆਣਾ
4. ਅੰਮਾਂ (ਜੀਵਨੀ) (ਉਰਦੂ) ਸਈਦ ਪ੍ਰਵੇਜ਼ ਜਾਲਿਬ ਪਬਲੀਕੇਸ਼ਨ, ਕਰਾਚੀ
5. ਯਾਤਰੀ ਹਾਲੇ ਪਰਤੇ ਨਹੀਂ (ਕਵਿਤਾ) ਜੈਪਾਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
6. ਚਿਰਾਗ਼ ਉਲਫ਼ਤ ਦੇ (ਗ਼ਜ਼ਲਾਂ) ਅਮਰਨਾਥ ਕੌਸਤਵ ਪੰਨੇ 144, ਮੁੱਲ 150/- ਕੌਸਤਵ ਪ੍ਰਕਾਸ਼ਨ ਕਪੂਰਥਲਾ।
7. ਮੈਂ ਕਿਉਂ ਜੀ ਰਿਹਾਂ (ਕਹਾਣੀਆਂ) ਡਾ. ਕਰਮਜੀਤ ਸਿੰਘ ਆਹਲੂਵਾਲੀਆ, ਪੰਨੇ 144, ਮੁੱਲ 180/- ਪ੍ਰਵਾਜ਼ ਪ੍ਰਕਾਸ਼ਨ ਜਲੰਧਰ।
8. ਜੋ ਕਿਛੁ ਕਹਿਣਾ (ਕਵਿਤਾ) ਹਰਕੰਵਲ ਜੀਤ ਸਾਹਿਲ, ਮੁੱਲ 150/- ਪੰਨੇ 112, ਚੇਤਨਾ ਪ੍ਰਕਾਸ਼ਨ, ਲੁਧਿਆਣਾ
9. ਘੁਲਾਟੀਆ (ਨਾਵਲ) ਸੇਖੋਂ ਲੁਧਿਆਣਵੀ, ਮੁੱਲ 200/- ਆਰਸੀ ਪਬਲਿਸ਼ਰਜ਼, ਦਿੱਲੀ
10. ਅਮਨ ਦੀ ਘੁੱਗੀ (ਗ਼ਜ਼ਲਾਂ) ਕੁਲਬੀਰ ਸੱਗੂ ਮੁੱਲ 100/- ਪੰਨੇ 80, ਪ੍ਰੇਰਨਾ ਪ੍ਰਕਾਸ਼ਨ, ਅੰਮ੍ਰਿਤਸਰ
11. ਹਰਫ਼ਾਂ ਦੀ ਮਹਿਕ (ਸਾਂਝਾ ਕਾਵਿ-ਸੰਗ੍ਰਹਿ) ਸੰਪਾਦਕ ਮਦਨ ਵੀਰਾ/ ਕੁਲਤਾਰ ਸਿੰਘ, ਪੰਨੇ 160, ਮੁੱਲ 150/- ਸੰਗਮ ਪ੍ਰਕਾਸ਼ਨ, ਸਮਾਣਾ
12. ਝੱਖੜਾਂ ਵਿਚ ਬਲਦੀ ਮਸ਼ਾਲ (ਕਵਿਤਾ) ਸੁਖਦੇਵ ਸਿੰਘ ਪ੍ਰੇਮੀ, ਪੰਨੇ 128, ਮੁੱਲ 125/- ਪ੍ਰੇਰਨਾ ਪ੍ਰਕਾਸ਼ਨ, ਅੰਮ੍ਰਿਤਸਰ
13. ਕਦੇ ਕਦਾਈਂ ਹੀ ਸੀ (ਕਵਿਤਾ) ਹਰਬੰਸ ਚਾਹਲ, ਪੰਨੇ 96, ਮੁੱਲ 175/-, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
14. ਕਥਾਵਾਂ ਬਿਸਤ ਦੁਆਬ ਦੀਆਂ, ਪੰਨੇ 224, ਮੁੱਲ 250, ਦੇਸ਼ ਦੁਆਬਾ ਪ੍ਰਕਾਸ਼ਨ, ਯੂ. ਐਸ. ਏ.





ਆਪਣੀ ਕਿਤਾਬ 'ਹੱਥ ਨਾ ਲਾ ਕੰਸੁਭੜੇ' ਤੇ "ਖ਼ਦਰਪੋਸ਼ ਐਵਾਰਡ" ਲੈਂਦੇ ਹੋਏ



ਪਾਕਿਸਤਾਨ ਅਕਾਡਮੀ ਆਫ਼ ਲੈਟਰਜ਼ ਦੇ ਜਲਸੇ ਵਿਚ,
ਪਾਕਿਸਤਾਨ ਭਰ ਦੇ ਅਦੀਬਾਂ ਨੂੰ ਮੁਖਾਤਿਬ ਕਰਦੇ ਹੋਏ।

Chirag Quarterly July-December 2014
Registered with the Registrar of News-Papers of India No. PUN-PUN 0 2276/AL/TC94


# ਨਵੀਂ ਦੁਨੀਆਂ

ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਦੀਆਂ ਨਵੀਆਂ
ਪੈੜਾਂ ਪਾਉਣ ਵਾਲੀ ਅਖ਼ਬਾਰ

"ਨਵੀਂ ਦੁਨੀਆਂ"

ਤੀਸਰੇ ਵਰ੍ਹੇ ਵਿਚ ਪ੍ਰਵੇਸ਼ ਮੌਕੇ

**ਚਿਰਾਗ਼** ਦੇ ਪਾਠਕਾਂ ਲਈ

ਸ਼ੁੱਭ-ਇੱਛਾਵਾਂ

ਸੰਪਾਦਕੀ-ਮੰਡਲ ਜਸਵੀਰ ਦਿਓਲ,
ਨਵਤੇਜ ਰਾਣਾ, ਦਲਬੀਰ ਸਾਂਗਿਆਣ

**ਸਲਾਹਕਾਰ -**

ਕਿਰਤਮੀਤ ਕੁਹਾੜ,

ਜੈਸੀ ਸਿੰਘ ਕੈਲਗਰੀ (ਐਡਮਿੰਟਨ) ਕੈਨੇਡਾ

ਸੰਪਰਕ : 780-465-9118

ਐਡਮਿੰਟਨ (ਐਲਬਰਟਾ) ਕੈਨੇਡਾ

Info@naviduniya.com